
Mann Insurance Brokers, Inc.
Auto Home Business Worker Comp
Free Enrollment
Easy Appointment
Deadline: Now April 30
-Travelers
-Progressive
-Fidelity Access
-Safeco-Victoria
-Fidelity Access
-Mapfre -GMAC
-Kemper Preferred

Gurdawar Singh Mann
Phone: 510-487-1000 Email: mann@ggiausa.com
License # 0D74334
Certified Agent


ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
*ਵਧੀਆ, ਸਾਫ ਆਵਾਜ਼
*ਬਗੈਰ ਪਿੰਨ ਤੋਂ ਵਰਤੋ
*ਸਪੀਡ ਵਾਲੇ ਨੰਬਰ ਸੈਟ ਕਰੋ
*ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
$25 2800 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਦੁਨੀਆਂ ਦੇ ਕਿਸੇ ਫੋਨ 'ਚ ਅਸੀਂ ਪੈਸੇ ਪਾ ਸਕਦੇ ਹਾਂ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ
Limited Time Offer. Restrications & Additional Fees Apply.
800-914-1013 408-659-9400

ਓਬਾਮਾ ਕੇਅਰ
ਇੰਸ਼ੋਰੈਂਸ ਕਰਵਾਓ, 2015 ਦੇ ਟੈਕਸ ਵਿਚ ਜੁਰਮਾਨੇ ਤੋਂ ਬਚੋ
ਹੁਣ 30 ਅਪਰੈਲ ਤੱਕ
ਐਪਲੀਕੇਸ਼ਨ ਭਰਨ ਲਈ ਮਿਲੋ
ਗੁਰਚਰਨ ਸਿੰਘ ਮਾਨ
ਫੋਨ: 510-797-7989
Email: duabba1@gmail.com

License# OC70672
Certified Agent
ਐਪਲੀਕੇਸ਼ਨ ਦੀ ਕੋਈ ਫੀਸ ਨਹੀਂ

Sixteenth Year of Publication
ਕੈਲੀਫੋਰਨੀਆ ਐਡੀਸ਼ਨ Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@sbcglobal.net
www.punjabtimesusa.com

# ਪੰਜਾਬ ਟਾਈਮਜ਼


Punjab Times, Vol 16, Issue 15, April 11, 2015 20451 N Plum Grove Rd., Palatine, IL 60074 Ph:847-359-0746, Fax:847-705-9388

# 'ਆਪ' ਦੇ ਕਲੇਸ਼ ਦਾ ਸੇਕ ਪੰਜਾਬ ਪੁੱਜਾ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਦੀ ਕੇਂਦਰੀ ਲੀਡਰਸ਼ਿਪ ਵਿਚ ਚੱਲ ਰਹੇ ਕਲੇਸ਼ ਨੇ ਹੁਣ ਪੰਜਾਬ ਵੱਲ ਰੁਖ਼ ਕਰ ਲਿਆ ਹੈ। 'ਆਪ' ਦੇ ਪੰਜਾਬ ਤੋਂ ਚਾਰੇ ਸੰਸਦ ਮੈਂਬਰ ਅਤੇ ਸੂਬੇ ਦੇ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਧੜਿਆਂ ਵਿਚ ਵੰਡੇ ਗਏ ਹਨ। ਪਟਿਆਲਾ ਤੋਂ ਲੋਕ ਸਭਾ ਮੈਂਬਰ ਧਰਮਵੀਰ ਗਾਂਧੀ ਵਲੋਂ ਕੌਮੀ ਕਾਰਜਕਾਰਨੀ ਵਿਚੋਂ ਕੱਢੇ ਯੋਗੇਂਦਰ ਯਾਦਵ ਤੇ ਪ੍ਰਸ਼ਾਂਤ ਭੂਸ਼ਨ ਦੇ ਹੱਕ ਵਿਚ ਭੁਗਤਣ ਕਾਰਨ ਗਾਂਧੀ ਦੇ ਅਸਤੀਫੇ ਦੀ ਮੰਗ ਉਠ ਰਹੀ ਹੈ। ਸ੍ਰੀ ਗਾਂਧੀ ਨੂੰ 'ਆਪ' ਦੇ ਕੌਮੀ ਮੁੱਖ ਬੁਲਾਰੇ ਸੰਜੇ ਸਿੰਘ ਦੀ ਅਗਵਾਈ ਵਿਚ ਚੰਡੀਗੜ੍ਹ ਹੋਈ ਮੀਟਿੰਗ ਤੋਂ ਵੀ ਬਾਹਰ ਰੱਖਿਆ ਗਿਆ। ਮੀਟਿੰਗ ਵਿਚ ਡਾ. ਗਾਂਧੀ ਨੂੰ ਛੱਡ ਕੇ ਪੰਜਾਬ ਦੇ ਕਨੀਵਨਰ ਸੁੱਚਾ ਸਿੰਘ ਛੋਟੇਪੁਰ, ਸੰਗਰੂਰ ਤੋਂ ਸੰਸਦ ਮੈਂਬਰ ਭਗਵੰਤ ਮਾਨ, ਫਰੀਦਕੋਟ ਤੋਂ ਪ੍ਰੋ. ਸਾਧੂ ਸਿੰਘ ਤੇ ਫਤਹਿਗੜ੍ਹ ਸਾਹਿਬ ਤੋਂ ਹਰਿੰਦਰ ਸਿੰਘ ਖ਼ਾਲਸਾ ਸਮੇਤ 21 ਜ਼ਿਲ੍ਹਿਆਂ ਦੇ ਕਨਵੀਨਰ ਹਾਜ਼ਰ ਸਨ। ਦੂਜੇ ਪਾਸੇ ਚੰਡੀਗੜ੍ਹ ਵਿਚ ਮੀਟਿੰਗ ਦੌਰਾਨ ਆਮ ਆਦਮੀ ਪਾਰਟੀ ਦੇ ਬਾਗ਼ੀ ਧੜੇ ਦੇ ਨੇਤਾ ਯੋਗੇਂਦਰ ਯਾਦਵ ਨੇ ਕੌਮੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਰਵੱਈਏ ਨੂੰ ਤਾਨਾਸ਼ਾਹੀ ਦੱਸਿਆ ਹੈ।

ਬਾਗੀ ਧੜੇ ਦੀ ਮੀਟਿੰਗ ਵਿਚ ਪੰਜਾਬ ਯੂਨੀਵਰਸਿਟੀ ਦੇ ਅਧਿਆਪਕ ਤੇ 'ਆਪ' ਵਿਚੋਂ ਮੁਅੱਤਲ ਆਗੂ ਪ੍ਰੋ. ਮਨਜੀਤ ਸਿੰਘ ਵੀ ਪੁੱਜੇ। ਮੀਟਿੰਗ ਵਿਚ ਰਾਜੀਵ ਗੋਦਾਰਾ ਨੇ ਸੰਗਰੂਰ ਤੋਂ ਸੰਸਦ ਮੈਂਬਰ ਭਗਵੰਤ ਮਾਨ ਨੂੰ ਪੀਲੀ ਪੱਗ ਦੀ ਲਾਜ ਰੱਖਣ ਦੀ ਸਲਾਹ ਦਿੱਤੀ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਜੇ ਸ਼ਹੀਦ ਭਗਤ ਸਿੰਘ ਦੀ ਪੱਗ ਸਜਾਉਣ ਹੀ ਲੱਗੇ ਹਨ ਤਾਂ ਇਸ ਦਾ ਨਿਰਾਦਰ ਨਾ ਹੋਣ ਦੇਣ। ਉਨ੍ਹਾਂ ਦਿੱਲੀ ਦੀ ਮੀਟਿੰਗ ਵਿਚ ਕੁੱਟਮਾਰ ਦੀ ਘਟਨਾ ਦਾ ਜ਼ਿਕਰ ਕਰਦਿਆਂ ਕਿਹਾ

(ਬਾਕੀ ਸਫਾ 6 'ਤੇ)


ਅਰਵਿੰਦ ਕੇਜਰੀਵਾਲ

## ਨਵੀਂ ਪਾਰਟੀ ਦੀਆਂ ਤਿਆਰੀਆਂ?

'ਆਪ' ਦੇ ਬਾਗੀ ਆਗੂਆਂ ਦੀ 14 ਅਪਰੈਲ ਨੂੰ ਹੋਣ ਵਾਲੀ ਮੀਟਿੰਗ ਵਿਚ ਰਜਿਸਟਰੇਸ਼ਨ ਦੀ ਸ਼ੁਰੂਆਤ ਦੇ 24 ਘੰਟੇ ਦੇ ਅੰਦਰ ਹੀ ਢਾਈ ਹਜ਼ਾਰ ਤੋਂ ਵੱਧ ਨਾਂ ਦਰਜ ਹੋਣ ਦਾ ਦਾਅਵਾ ਕੀਤਾ ਜਾ ਰਿਹਾ ਹੈ। ਮੰਨਿਆ ਜਾ ਰਿਹਾ ਹੈ ਕਿ ਇਸ ਮੀਟਿੰਗ ਵਿਚ ਬਾਗੀ ਧੜਾ ਨਵੀਂ ਪਾਰਟੀ ਦਾ ਐਲਾਨ ਕਰੇਗਾ। ਪ੍ਰਬੰਧਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਮੀਟਿੰਗ ਵਿਚ ਇਕ ਹਜ਼ਾਰ ਤੋਂ ਵੱਧ ਲੋਕਾਂ ਦੇ ਪੁੱਜਣ ਦੀ ਉਮੀਦ ਹੈ ਜਿਨ੍ਹਾਂ ਢਾਈ ਹਜ਼ਾਰ ਲੋਕਾਂ ਨੇ ਮੀਟਿੰਗ ਵਿਚ ਸ਼ਾਮਲ ਹੋਣ ਲਈ ਨਾਂ ਦਰਜ ਕਰਵਾਏ ਹਨ, ਉਨ੍ਹਾਂ ਵਿਚ 600 ਤੋਂ ਵੱਧ ਦਿੱਲੀ ਦੇ ਦੱਸੇ ਜਾ ਰਹੇ ਹਨ। ਯੋਗੇਂਦਰ ਯਾਦਵ ਨੇ ਚੰਡੀਗੜ੍ਹ ਵਿਚ 14 ਅਪਰੈਲ ਦੇ 'ਸਵਰਾਜ ਸੰਵਾਦ' ਇਕੱਠ ਲਈ ਪੰਜਾਬ ਤੇ ਹਰਿਆਣਾ ਦੇ ਵਰਕਰਾਂ ਨੂੰ ਸੱਦਾ ਦਿੰਦਿਆਂ ਕਿਹਾ ਕਿ ਪਾਰਟੀ ਵਿਚਲੀ ਖਿੱਚੋਤਾਣ ਕਰ ਕੇ ਵਾਲੰਟੀਅਰਾਂ ਦੇ ਹੌਸਲੇ ਟੁੱਟੇ ਹਨ ਤੇ ਵਰਕਰਾਂ ਵਿਚ ਲੀਡਰਸ਼ਿਪ ਪ੍ਰਤੀ ਗੁੱਸਾ ਵਧਿਆ ਹੈ।


ਯੋਗੇਂਦਰ ਯਾਦਵ

## ਗਲੋਬਲ ਪੰਜਾਬ ਟੀ ਵੀ 'ਤੇ ਪੰਜਾਬ ਟਾਈਮਜ਼ ਨਾਈਟ ਬਾਰੇ ਵਿਸ਼ੇਸ਼ ਰਿਪੋਰਟ 11 ਨੂੰ

**ਸੈਕਰਾਮੈਂਟੋ (ਬਿਊਰੋ):** ਉਤਰੀ ਅਮਰੀਕਾ ਦੀ ਪ੍ਰਮੁੱਖ ਪੰਜਾਬੀ ਅਖ਼ਬਾਰ 'ਪੰਜਾਬ ਟਾਈਮਜ਼' ਵਲੋਂ ਪਿਛਲੇ ਦਿਨੀਂ ਸ਼ਿਕਾਗੋ 'ਚ ਮਨਾਈ ਗਈ ਆਪਣੀ 15ਵੀਂ ਵਰ੍ਹੇਗੰਢ ਬਾਰੇ ਇਕ ਵਿਸ਼ੇਸ਼ ਰਿਪੋਰਟ 'ਗਲੋਬਲ ਪੰਜਾਬ ਟੀ ਵੀ' ਡਿਸ਼ ਵਰਲਡ ਚੈਨਲ 739 'ਤੇ ਸਨਿਚਰਵਾਰ 11 ਅਪਰੈਲ ਸ਼ਾਮ ਕੈਲੀਫੋਰਨੀਆ ਟਾਈਮ 7 ਵਜੇ, ਸ਼ਿਕਾਗੋ ਟਾਈਮ 9 ਵਜੇ ਤੇ ਨਿਊ ਯਾਰਕ ਟਾਈਮ 10 ਵਜੇ ਪ੍ਰਸਾਰਤ ਕੀਤੀ ਜਾਵੇਗੀ।

ਇਸ ਦੇ ਨਿਰਮਾਤਾ ਤੇ ਸੰਚਾਲਕ ਐਸ ਅਸ਼ੋਕ ਭੌਰਾ ਅਤੇ ਵੀਡੀਓ ਸ਼ੂਟਿੰਗ ਸਿਆਨ ਵੀਡੀਓ, ਡਿਟਰਾਇਟ ਦੇ ਰਾਜਿੰਦਰ ਸਿਆਨ ਦੀ ਹੈ।

# ਪਾਣੀਆਂ ਦਾ ਮਾਮਲਾ ਫਿਰ ਭਖਿਆ

**ਚੰਡੀਗੜ੍ਹ:** ਕੇਂਦਰੀ ਜਲ ਸਰੋਤ ਮੰਤਰੀ ਉਮਾ ਭਾਰਤੀ ਵਲੋਂ ਸਤਲੁਜ-ਯਮੁਨਾ ਲਿੰਕ ਨਹਿਰ ਅਤੇ ਪੰਜਾਬ ਤੇ ਹਰਿਆਣਾ ਦਰਮਿਆਨ ਵਿਵਾਦ ਵਾਲੇ ਹੋਰ ਮੁੱਦਿਆਂ ਲਈ 45 ਦਿਨਾਂ ਦੇ ਅੰਦਰ ਕਾਰਜ ਯੋਜਨਾ ਤਿਆਰ ਕਰਨ ਦੀ ਤਜਵੀਜ਼ ਨਾਲ ਇਹ ਮਾਮਲਾ ਮੁੜ ਭਖ ਗਿਆ ਹੈ। ਕੇਂਦਰ ਦੀ ਹਾਮੀ ਪਿੱਛੋਂ ਪਾਣੀਆਂ ਦੇ ਮੁੱਦੇ 'ਤੇ ਮੋਰਚੇ ਲਾਉਣ ਵਾਲਾ ਅਕਾਲੀ ਦਲ ਬੁਰੀ ਤਰ੍ਹਾਂ ਘਿਰ ਗਿਆ ਹੈ ਕਿਉਂਕਿ ਇਸ ਤਜਵੀਜ਼ ਖਿਲਾਫ ਹੁਣ ਕਾਂਗਰਸ ਨੇ ਮੋਰਚਾ ਲਾਉਣ ਦੀ ਚਿਤਾਵਨੀ ਦੇ ਦਿੱਤੀ ਹੈ।

ਦੱਸਣਯੋਗ ਹੈ ਕਿ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਪਾਣੀਆਂ ਦੇ ਮੁੱਦੇ 'ਤੇ ਕਾਫੀ ਸਰਗਰਮੀ ਵਿਖਾ ਰਹੇ ਹਨ ਤੇ ਮੁੱਖ ਮੰਤਰੀ ਬਣਨ ਪਿੱਛੋਂ ਉਹ ਲਗਾਤਾਰ ਕੇਂਦਰ ਕੋਲ ਇਹ ਮੁੱਦਾ ਚੁੱਕ ਰਹੇ ਹਨ। ਕੇਂਦਰੀ ਮੰਤਰੀ ਉਮਾ ਭਾਰਤੀ ਵਲੋਂ ਤਾਜ਼ਾ ਮੁਲਾਕਾਤ ਵਿਚ ਸ੍ਰੀ ਖੱਟੜ ਨੂੰ ਭਰੀ ਹਾਮੀ ਤੋਂ ਜਾਪ ਰਿਹਾ ਹੈ ਕਿ ਮੋਦੀ ਸਰਕਾਰ ਇਸ ਮਾਮਲੇ ਦੇ ਨਿਬੇੜੇ ਦੀਆਂ

(ਬਾਕੀ ਸਫਾ 6 'ਤੇ)

## ਕੇਂਦਰ ਕੋਲ ਦਖਲ ਦਾ ਹੱਕ ਨਹੀਂ...

ਹਰਿਆਣਾ ਵੱਲੋਂ ਦਾਇਰ ਮੁਕੱਦਮੇ ਬਾਰੇ ਸੁਪਰੀਮ ਕੋਰਟ ਨੇ 2004 ਵਿਚ ਕੇਂਦਰ ਸਰਕਾਰ ਨੂੰ ਇਸ ਨਹਿਰ ਦੀ ਪੰਜਾਬ ਦੇ ਹਿੱਸੇ ਦੀ ਉਸਾਰੀ ਦਾ ਕੰਮ ਆਪਣੀ ਦੇਖ-ਰੇਖ ਵਿਚ ਕਰਵਾਉਣ ਦੀ ਹਦਾਇਤ ਕੀਤੀ ਸੀ ਤੇ ਪੰਜਾਬ ਤੋਂ ਸਾਰੇ ਦਸਤਾਵੇਜ਼ ਮੰਗੇ ਸਨ। ਉਸ ਵੇਲੇ ਵਿਰੋਧੀ ਧਿਰ ਦੇ ਨੇਤਾ ਵਜੋਂ ਤਾਈਦ ਪ੍ਰਕਾਸ਼ ਸਿੰਘ ਬਾਦਲ ਨੇ ਕੀਤੀ ਸੀ। ਕੈਪਟਨ ਅਮਰਿੰਦਰ ਸਿੰਘ ਦੇ ਨਿਰਣੇ ਦੇ ਹੱਕ ਵਿਚ ਭੁਗਤਣ ਵਾਲੇ ਕਾਂਗਰਸੀ ਆਗੂ ਬੀਰਦਵਿੰਦਰ ਸਿੰਘ ਦਾ ਕਹਿਣਾ ਹੈ ਕਿ ਇਹ ਮਾਮਲਾ ਹੁਣ ਸੁਪਰੀਮ ਕੋਰਟ ਵਿਚ ਸੁਣਵਾਈ ਅਧੀਨ ਹੈ ਜਿਸ ਤਹਿਤ ਕੇਂਦਰੀ ਮੰਤਰੀ ਇਸ ਬਾਰੇ ਅਜਿਹੀ ਮੀਟਿੰਗ ਨਹੀਂ ਸੱਦ ਸਕਦੀ।

Reo-Bankowned Properties
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill
510-207-9067

Jassi Gill
CA DRE Lic.#01180969
CA DRE# 00966763

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
Raja SWEETS & CATERING
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi
Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que
Additional Services:
- Warmers
- Chaffing Dishes
- China & Silverware
- Linen Rental
- Waiters & Bartenders
Call Makhan Bains or Ravinder Singh for your next Party 1-866-FOR RAJA www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)

Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

ੴ ਸਤਿਗੁਰ ਪ੍ਰਸਾਦਿ॥

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

# ਗੁਰਦੁਅਰਾ ਸਾਹਿਬ ਐਲ ਸਬਰਾਂਟੇ ਦੀ ਸਮੂਹ ਸਾਧ ਸੰਗਤ ਅਤੇ ਪ੍ਰਬੰਧਕ ਕਮੇਟੀ ਵਲੋਂ ਸਮੂਹ ਸਾਧ ਸੰਗਤ ਨੂੰ

# ਖਾਲਸਾ ਸਿਰਜਣਾ ਦਿਵਸ ਦੀ ਬੇਅੰਤ ਬੇਅੰਤ ਵਧਾਈ ਹੋਵੇ ਜੀ





ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਗੁਰਦੁਆਰਾ ਸਾਹਿਬ ਵਿਖੇ ਖਾਲਸਾ ਪੰਥ ਦਾ ਸਿਰਜਣਾ ਦਿਵਸ 19 ਅਪਰੈਲ 2015 ਨੂੰ ਬੜੀ ਧੂਮ ਧਾਮ ਨਾਲ ਮਨਾਇਆ ਜਾ ਰਿਹਾ ਹੈ। ਖਾਲਸਾ ਪੰਥ ਦੇ ਸਿਰਜਣਾ ਦਿਹਾੜੇ ‘ਤੇ 18 ਅਪਰੈਲ, ਸਨਿਚਰਵਾਰ ਨੂੰ ਸਵੇਰੇ 8 ਵਜੇ ਅੰਮ੍ਰਿਤ ਸੰਚਾਰ ਹੋਵੇਗਾ। ਬੇਨਤੀ ਹੈ ਕਿ ਵੱਧ ਤੋਂ ਵੱਧ ਸਿੰਘ ਤੇ ਸਿੰਘਣੀਆਂ ਸਜ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

17 ਅਪਰੈਲ, ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਸਤਨਾਮ ਸਿੰਘ ਅਤੇ ਸਮੂਹ ਪਰਿਵਾਰ ਵਲੋਂ ਹੋਵੇਗੀ। ਅਖੰਡ ਪਾਠ ਦਾ ਭੋਗ ਐਤਵਾਰ, 19 ਅਪਰੈਲ ਨੂੰ ਸਵੇਰੇ 9:30 ਵਜੇ ਪਵੇਗਾ। ਤਿੰਨੋ ਦਿਨ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

ਦਿਨ ਐਤਵਾਰ, 19 ਅਪਰੈਲ ਨੂੰ ਨਿਸ਼ਾਨ ਸਾਹਿਬ ਦੀ ਸੇਵਾ ਸਵੇਰੇ 8 ਵਜੇ ਹੋਵੇਗੀ। ਇਸ ਦਿਨ ਖਾਸ ਤੌਰ ‘ਤੇ ਦਸ਼ਮੇ ਪਾਤਸ਼ਾਹ ਵਲੋਂ ਪੀਰ ਬੁਧੂ ਸ਼ਾਹ ਦੇ ਪਰਿਵਾਰ ਨੂੰ ਬਖਸ਼ਿਸ਼ ਕੀਤੇ ਹੋਏ ਕੰਘਾ ਸਾਹਿਬ, ਕਿਰਪਾਨ ਸਾਹਿਬ, ਦਸਤਾਰ ਸਾਹਿਬ ਅਤੇ ਹਥ ਲਿਖਤ ਹੁਕਮਨਾਮਾ ਸਾਹਿਬ ਦੇ ਦਰਸ਼ਨ ਗੁਰੂ ਨਾਨਕ ਨਾਮ ਲੇਵਾ ਸਿੱਖ ਸੁਸਾਇਟੀ ਇੰਟਰਨੈਸ਼ਨਲ ਦੇ ਸਹਿਯੋਗ ਨਾਲ ਕਰਵਾਏ ਜਾਣਗੇ।

ਵਿਸਾਖੀ ਸਮਾਗਮ ਵਿਚ ਭਾਈ ਹਰਬਲਜੀਤ ਸਿੰਘ ਜੀ, ਭਾਈ ਬਲਵਿੰਦਰ ਸਿੰਘ ਜੀ, ਕਥਾਵਾਚਕ ਗਿਆਨੀ ਪੂਰਨ ਸਿੰਘ ਜੀ ਅਤੇ ਹੋਰ ਪੰਥ ਪ੍ਰਸਿਧ ਪ੍ਰਚਾਰਕ ਹਾਜ਼ਰੀ ਭਰਨਗੇ।

19 ਅਪਰੈਲ ਨੂੰ ਖਾਸ ਤੌਰ ‘ਤੇ ਗਤਕੇ ਦੇ ਜੌਹਰ ਵਿਖਾਏ ਜਾਣਗੇ ਜਿਸ ਵਿਚ ਵੱਖ ਵੱਖ ਟੀਮਾਂ ਗਤਕੇ ਦੇ ਜੌਹਰ ਵਿਖਾਉਣਗੀਆਂ ਅਤੇ ਬੱਚਿਆਂ ਨੂੰ ਇਨਾਮ ਵੰਡੇ ਜਾਣਗੇ। ਸਮੂਹ ਸੰਗਤਾਂ ਨੂੰ ਇਨ੍ਹਾਂ ਪ੍ਰੋਗਰਾਮਾਂ ਵਿਚ ਵੱਧ ਚੜ੍ਹ ਕੇ ਪਹੁੰਚਣ ਦੀ ਅਪੀਲ ਕੀਤੀ ਜਾਂਦੀ ਹੈ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ
ਭਾਈ ਇੰਦਰਜੀਤ ਸਿੰਘ 510-774-4118, ਭਾਈ ਵਰਿੰਦਰ ਸਿੰਘ 510-928-4625
ਭਾਈ ਕੁਲਵਿੰਦਰ ਸਿੰਘ 510-472-2749, ਨਿਹੰਗ ਬਾਬਾ ਜੀ 510-734-5277

## ਗੁਰਦੁਆਰਾ ਸਾਹਿਬ ਐਲ ਸਬਰਾਂਟੇ, ਕੈਲੀਫੋਰਨੀਆ

3550 Hillcrest Rd., El Sobrante, CA 94804

# ਪੀ ਸੀ ਐਸ ਸੈਕਰਾਮੈਂਟੋ ਦਾ ਵਿਸਾਖੀ ਮੇਲਾ 18 ਅਪਰੈਲ ਨੂੰ

**ਸੈਕਰਾਮੈਂਟੋ (ਬਿਊਰੋ):** ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ ਦਾ 26ਵਾਂ ਵਿਸਾਖੀ ਮੇਲਾ 18 ਅਪਰੈਲ, ਸਨਿਚਰਵਾਰ ਨੂੰ ਸ਼ਾਮੀਂ 3:00 ਵਜੇ ਐਸ ਈ ਐਸ ਹਾਲ (10427 ਈਸਟ ਸਟਾਕਟਨ ਬੁਲੇਵਾਰਡ) ਵਿਚ ਹੋਵੇਗਾ। ਤੀਰਥ ਸਿੰਘ ਸਹੋਤਾ ਦਾ ਸਨਮਾਨ ਕੀਤਾ ਜਾਵੇਗਾ। ਮੇਲਾ ਪ੍ਰਬੰਧਕਾਂ ਨੇ ਇਲਾਕਾ ਨਿਵਾਸੀਆਂ ਨੂੰ ਪਰਿਵਾਰਾਂ ਸਮੇਤ ਪਹੁੰਚਣ ਦੀ ਅਪੀਲ ਕੀਤੀ ਹੈ।

ਮੇਲੇ ਦੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਇਥੇ ਮੈਕ ਰੋਡ



ਮੇਲੇ ਦੀ ਕੋਈ ਦਾਖਲਾ ਫੀਸ ਨਹੀਂ ਹੈ ਅਤੇ ਸਕਿਊਰਿਟੀ ਦਾ ਵੀ ਉਚੇਚਾ ਪ੍ਰਬੰਧ ਹੋਵੇਗਾ।

ਸੰਸਥਾ ਵਲੋਂ ਜਾਰੀ ਬਿਆਨ ਅਨੁਸਾਰ ਮੇਲੇ ਵਿਚ ਕਈ ਸਕੂਲਾਂ ਅਤੇ ਕਾਲਜਾਂ ਦੀਆਂ ਟੀਮਾਂ ਆਪਣੀਆਂ ਨਿਵੇਕਲੀਆਂ ਆਈਟਮਾਂ ਲੈ ਕੇ ਪਹੁੰਚ ਰਹੀਆਂ ਹਨ। ਮੇਲੇ ਨੂੰ ਹੋਰ ਖੂਬਸੂਰਤ ਬਣਾਉਣ ਲਈ ਪੰਜਾਬੀ ਗਾਇਕ ਵੀ ਆਪਣੀ ਕਲਾ ਦੇ ਰੰਗ ਬਿਖੇਰਨਗੇ। ਮੇਲੇ ਦੌਰਾਨ ਪੱਤਰਕਾਰ ਪ੍ਰੇਮ ਕੁਮਾਰ ਚੁੰਬਰ ਤੇ ਸਤਨਾਮ ਸਿੰਘ ਖਾਲਸਾ ਅਤੇ ਇਸ ਸੰਸਥਾ ਦਾ ਲਗਾਤਾਰ 20 ਸਾਲਾਂ ਤੋਂ ਸਾਥ ਨਿਭਾਉਂਦੇ ਆ ਰਹੇ ਬਖਸ਼ੀਸ਼ ਸਿੰਘ ਗਿੱਲ ਤੇ

'ਤੇ ਸਥਿਤ 'ਮਾਊਂਟੇਨ ਮਾਈਕ ਪੀਜ਼ਾ' ਵਿਖੇ ਹੋਈ ਮੀਟਿੰਗ ਦਾ ਅਰੰਭ ਕਰਦਿਆਂ ਸੰਸਥਾ ਦੇ ਬਾਨੀ ਰਛਪਾਲ ਸਿੰਘ ਫਰਵਾਲਾ ਨੇ ਹਾਜ਼ਰ ਮੈਂਬਰਾਂ ਨੂੰ ਜੀ ਆਇਆਂ ਆਖਿਆ। ਉਪਰੰਤ ਰਾਜ ਸਿੰਘ ਬਰਾੜ ਦੀ ਪ੍ਰਧਾਨਗੀ ਹੇਠ ਚੱਲੀ ਇਸ ਮੀਟਿੰਗ ਵਿਚ ਮੇਲੇ ਦੇ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ। ਮੀਟਿੰਗ ਵਿਚ ਹਰਜਿੰਦਰ ਪੰਧੇਰ, ਤੀਰਥ ਸਿੰਘ ਸਹੋਤਾ, ਕਮਲ ਬੰਗਾ, ਜਸਵੰਤ ਸਿੰਘ ਸ਼ਾਦ, ਅਜੈਬ ਸਿੰਘ ਕਾਹਲੋਂ, ਪਰਮਿੰਦਰ ਵਿਰਕ, ਬਖਸ਼ੀਸ਼ ਸਿੰਘ ਗਿੱਲ, ਰਾਜ ਸਿੰਘ ਬਰਾੜ, ਗੁਰਨੇਕ ਸਿੰਘ ਢਿਲੋਂ ਅਤੇ ਸ਼ਿੰਗਾਰਾ ਰਾਮ ਵੀ ਹਾਜ਼ਰ ਸਨ।

# ਗੁਰਦੁਆਰਾ ਫਰੀਮਾਂਟ ਵਿਚ ਖਾਲਸਾ ਸਿਰਜਣਾ ਦਿਵਸ ਸਬੰਧੀ ਸੈਮੀਨਾਰ 18 ਨੂੰ

**ਫਰੀਮਾਂਟ (ਬਿਊਰੋ):** ਗੁਰਦੁਆਰਾ ਫਰੀਮਾਂਟ ਵਿਚ ਖਾਲਸਾ ਸਿਰਜਣਾ ਦਿਵਸ ਸਬੰਧੀ ਇਕ ਸੈਮੀਨਾਰ 18 ਅਪਰੈਲ, ਸਨਿਚਰਵਾਰ ਨੂੰ ਦੁਪਹਿਰ 12:00 ਵਜੇ ਤੋਂ ਸ਼ਾਮ 4:00 ਵਜੇ ਤੱਕ ਕਰਵਾਇਆ ਜਾਵੇਗਾ। ਸੈਮੀਨਾਰ ਦਾ ਵਿਸ਼ਾ 'ਖਾਲਸਾ ਅਕਾਲ ਪੁਰਖ ਕੀ ਫੌਜ, ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ' ਅਤੇ 'ਜਬ ਲਗ ਖਾਲਸਾ ਰਹੇ ਨਿਆਰਾ, ਤਬ ਲਗ ਤੇਜ ਦੀਉ ਮੈਂ ਸਾਰਾ' ਹੋਵੇਗਾ।

ਇਸ ਸੈਮੀਨਾਰ ਵਿਚ ਪੰਜ ਕੱਕਾਰਾਂ ਰਾਹੀਂ ਖਾਲਸੇ ਦੀ ਸ਼ਖਸੀਅਤ ਨੂੰ ਸਕਾਰ ਕਰਨ ਦੀ ਪਿਠ ਭੂਮੀ ਪਿਛੇ ਸਦੀਆਂ ਦੇ ਇਤਿਹਾਸ ਦੀ ਘਾਲ ਕਮਾਈ ਅਤੇ ਇਹ ਕੱਕਾਰ ਸਿੱਖ ਧਰਮ ਦੇ ਫਲਸਫੇ ਅਤੇ ਸੋਚ ਨੂੰ ਗੈਬੀ ਦਿਬ ਦ੍ਰਿਸ਼ਟੀ ਰਾਹੀਂ ਕਿਵੇਂ ਰੂਪਮਾਨ ਕਰਦੇ ਹਨ? ਸਵਾਲਾਂ ਦਾ ਜਵਾਬ ਢੂੰਡਣ ਦਾ ਯਤਨ ਕੀਤਾ ਜਾਵੇਗਾ। ਪੰਜਾਬੀ ਤੇ ਅੰਗਰੇਜ਼ੀ ਵਿਚ ਵੱਖ ਵੱਖ ਬੁਲਾਰੇ ਤਕਰੀਰਾਂ ਕਰਨਗੇ। ਗੁਰਦੁਆਰਾ ਫਰੀਮਾਂਟ ਦੀ ਸੁਪਰੀਮ ਕੌਂਸਲ ਦੇ ਸਾਬਕਾ ਮੈਂਬਰ ਭਾਈ ਰਾਮ ਸਿੰਘ ਇਸ ਸੈਮੀਨਾਰ ਦੇ ਇੰਚਾਰਜ ਹੋਣਗੇ।

# ਹਾਈ ਕੋਰਟ ਵਲੋਂ ਮੁਹੰਮਦ ਸਦੀਕ ਦੀ ਚੋਣ ਰੱਦ


**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਭਦੌੜ ਹਲਕੇ ਤੋਂ ਕਾਂਗਰਸੀ ਵਿਧਾਇਕ ਮੁਹੰਮਦ ਸਦੀਕ ਦੀ ਮੈਂਬਰੀ ਖਾਰਜ ਕਰ ਦਿੱਤੀ ਹੈ। ਇਸ ਨਾਲ 117 ਮੈਂਬਰੀ ਵਿਧਾਨ ਸਭਾ ਵਿਚ ਕਾਂਗਰਸ ਦੀ ਗਿਣਤੀ ਘਟ ਕੇ 42 ਰਹਿ ਗਈ ਹੈ। ਅਦਾਲਤ ਨੇ ਇਹ ਫੈਸਲਾ ਇਸ ਤੱਥ ਨੂੰ ਆਧਾਰ ਬਣਾ ਕੇ ਕੀਤਾ ਕਿ ਮੁਹੰਮਦ ਸਦੀਕ ਮੁਸਲਿਮ ਹੋਣ ਦੇ ਨਾਤੇ ਅਨੁਸੂਚਿਤ ਜਾਤੀਆਂ ਦੇ ਹੱਕ ਲੈਣ ਦਾ ਪਾਤਰ ਨਹੀਂ ਹੈ। ਸਦੀਕ ਨੇ 2012 ਦੀ ਵਿਧਾਨ ਸਭਾ ਚੋਣ ਭਦੌੜ ਰਾਖਵੇਂ ਹਲਕੇ ਤੋਂ ਲੜੀ ਸੀ ਅਤੇ ਉਨ੍ਹਾਂ ਅਕਾਲੀ ਦਲ ਦੇ ਉਮੀਦਵਾਰ ਦਰਬਾਰਾ ਸਿੰਘ ਗੁਰੂ ਨੂੰ 7000 ਤੋਂ ਵੱਧ ਵੋਟਾਂ ਨਾਲ ਹਰਾ ਕੇ ਜਿੱਤ ਹਾਸਲ ਕੀਤੀ ਸੀ। ਅਕਾਲੀ ਉਮੀਦਵਾਰ ਨੇ ਹੀ ਮੁਹੰਮਦ ਸਦੀਕ ਦੀ ਚੋਣ ਨੂੰ ਹਾਈ ਕੋਰਟ ਵਿਚ ਚੁਣੌਤੀ ਦਿੱਤੀ ਸੀ।

ਹਾਈ ਕੋਰਟ ਵਲੋਂ ਤੈਅ 5 ਮੁੱਦਿਆਂ ਮੁਤਾਬਕ ਮੁਸਲਿਮ ਹੋਣ ਦੇ ਨਾਤੇ ਮੁਹੰਮਦ ਸਦੀਕ ਨੂੰ ਅਨੁਸੂਚਿਤ ਜਾਤੀਆਂ ਲਈ ਰਾਖਵੇਂ ਹਲਕੇ ਤੋਂ ਚੋਣ ਲੜਨ ਦਾ ਹੱਕ ਨਹੀਂ ਸੀ। ਦਰਬਾਰਾ ਸਿੰਘ ਗੁਰੂ ਨੇ ਦਲੀਲ ਦਿੱਤੀ ਸੀ ਕਿ ਇਕ ਅਜਿਹਾ ਉਮੀਦਵਾਰ ਜੋ ਹਿੰਦੂ, ਸਿੱਖ ਜਾਂ ਬੁੱਧ ਮੱਤ ਨਾਲ ਸਬੰਧਤ ਨਹੀਂ ਹੈ, ਉਹ ਰਾਖਵੇਂ ਕੋਟੇ ਦੇ ਲਾਭ ਲੈਣ ਦਾ ਦਾਅਵਾ ਨਹੀਂ ਕਰ ਸਕਦਾ। ਅਦਾਲਤ ਦੇ ਫੈਸਲੇ ਅਨੁਸਾਰ ਸਦੀਕ ਮੁਸਲਿਮ ਹੋਣ ਦੇ ਨਾਤੇ ਰਾਖਵੇਂ ਹਲਕੇ ਤੋਂ ਚੋਣ ਨਹੀਂ ਲੜ ਸਕਦਾ। ਸਦੀਕ ਇਹ ਸਿੱਧ ਕਰਨ 'ਚ ਵੀ ਨਾਕਾਮ ਰਿਹਾ ਕਿ ਨਾਮਜ਼ਦਗੀ ਕਾਗਜ਼ਾਂ ਦੀ ਪੜਤਾਲ ਤੋਂ ਪਹਿਲਾਂ ਉਸ ਨੇ ਸਿੱਖ ਧਰਮ ਅਪਨਾ ਲਿਆ ਸੀ।

Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?

ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।



*We Accept Personal Injury (PI) Cases*

Medicare & Most Private Insurances Accepted


*Contact:* Dr. Baljit Jammu
*Doctor of Chiropractic*
Ph: 510-940-8236
1090 La Playa Dr., Hayward CA 94545



STATEN SOLAR
Affordable Energy For Everyone

Save with Solar

Commercial, Agricultural and Residential



Bye, bill

ਆਪਣੇ ਸਟੋਰ, ਬਿਜਨਸ, ਫਾਰਮ ਜਾਂ ਘਰ ਸੋਲਰ ਸਿਸਟਮ ਲਗਵਾਓ
ਬਿਜਲੀ ਦੇ ਬਿਲ ਤੋਂ ਸਦਾ ਲਈ ਛੁਟਕਾਰਾ ਪਾਓ ਅਤੇ ਪੈਸੇ ਬਚਾਓ



*Simran S. Deol*
*Solar Engineer*
1844-4 BYEBILL
661-412-4728 (Office)
661-427-0843 (Fax)

- ਫਰੀ, ਮਾਹਿਰਾਨਾ ਅਤੇ ਸਹੀ ਸਲਾਹ
- 7 ਸਾਲ ਤੋਂ ਵੀ ਵੱਧ ਸੋਲਰ ਇੰਜੀਨੀਅਰ ਵਜੋਂ ਤਜਰਬਾ

20 ਸਾਲ ਬਿਲਕੁਲ ਫਰੀ ਮੇਂਟੀਨੈਂਸ ਦੀ ਗਾਰੰਟੀ। ਹਰ ਤਰ੍ਹਾਂ ਦੀ ਦੇਖ-ਭਾਲ ਤੇ ਇੰਸ਼ੋਰੈਂਸ ਦੀ ਜ਼ਿੰਮੇਵਾਰੀ ਵੀ ਕੰਪਨੀ ਦੀ।

ਕੀ ਤੁਸੀਂ ਆਪਣੇ ਸਟੋਰ, ਬਿਜਨਸ, ਫਾਰਮ ਜਾਂ ਘਰ ਸੋਲਰ ਸਿਸਟਮ ਕਿਸੇ ਤਜਰਬੇਕਾਰ ਇੰਜੀਨੀਅਰ ਦੀ ਸਲਾਹ ਨਾਲ ਲਗਵਾਉਣਾ ਚਾਹੋਗੇ ਜਾਂ ਕਿਸੇ ਸੇਲਜ਼ਮੈਨ ਦੀ ਸਲਾਹ ਨਾਲ? ਤਕਨੀਕੀ ਗੱਲਾਂ ਨੂੰ ਨਜ਼ਰਅੰਦਾਜ਼ ਨਾ ਕਰੋ, ਜੋ ਤੁਹਾਨੂੰ ਇਕ ਇੰਜੀਨੀਅਰ ਹੀ ਦੱਸ ਸਕਦਾ ਹੈ

Receive $500 By Referring Friends
www.Statensolar.com

No One Can Beat Our Price Guaranteed!

No One Can Beat Our Price Guranteed!

- Top Quality Product
- 20 Year Performance Guarantee
- 25 Year Guarantee for Panels
- FREE Maintenance for 20 years
- No Need to Worry About Increasing Cost of Utility
- Professional Installation
- 24/7 Monitoring

# A & I Trucking Co.


123 E Lee Rd Watsonville, CA Ph: 831-763-7805

## ਗਾਖਲ ਭਰਾਵਾਂ ਵਲੋਂ ਪੰਜਾਬ ਟਾਈਮਜ਼ ਦੇ ਪਾਠਕਾਂ ਸਮੂਹ ਪੰਜਾਬੀ ਭਾਈਚਾਰੇ ਤੇ ਟਰੱਕਰ ਭਰਾਵਾਂ ਨੂੰ ਖਾਲਸਾ ਜੀ ਦੇ ਸਿਰਜਣਾ ਦਿਹਾੜੇ ਅਤੇ ਵਿਸਾਖੀ ਦੀ

# ਲੱਖ-ਲੱਖ ਵਧਾਈ ਹੋਵੇ



ਇਕਬਾਲ ਸਿੰਘ ਗਾਖਲ



ਪਲਵਿੰਦਰ ਸਿੰਘ ਗਾਖਲ



ਅਮੋਲਕ ਸਿੰਘ ਗਾਖਲ

ਹੋਰ ਜਾਣਕਾਰੀ ਲਈ ਸੰਪਰਕ ਕਰੋ

**ਫੋਨ:1-888-664-4004**

Fax: 831-724-2010, e-mail: aa@aitruckingllc.com

ਗਾਖਲ ਭਰਾਵਾਂ ਦੀ ਕੰਪਨੀ

**ਏ. ਐਂਡ ਆਈ. ਟਰਾਂਸਪੋਰਟ**

ਵਾਟਸਨਵਿਲ, ਕੈਲੀਫੋਰਨੀਆ

*11 ਵੈਸਟਰਨ ਸਟੇਟਾਂ ਅਤੇ ਲੋਕਲ (ਕੈਲੀਫੋਰਨੀਆ) ਵਾਸਤੇ*

**ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ**

- ਅਸੀਂ 1990 ਤੋਂ ਕੁਆਲਿਟੀ ਸੇਵਾਵਾਂ ਦੇ ਰਹੇ ਹਾਂ
- 22 ਸਾਲਾਂ ਤੋਂ ਸਮੇਂ ਸਿਰ ਪੇਮੈਂਟ

**Weekly Pay Roll**



# ਵੱਢੀ ਕੇਸ ਵਿਚ ਰਵੀ ਸਿੱਧੂ ਨੂੰ ਸੱਤ ਸਾਲ ਕੈਦ, ਇਕ ਕਰੋੜ ਜੁਰਮਾਨਾ

**ਪਟਿਆਲਾ:** ਪੰਜਾਬ ਲੋਕ ਸੇਵਾ ਕਮਿਸ਼ਨ (ਪੀ.ਪੀ.ਐਸ.ਸੀ.) ਭਰਤੀ ਘੁਟਾਲੇ ਸਬੰਧੀ ਕੇਸ ਵਿਚ ਅਦਾਲਤ ਨੇ ਕਮਿਸ਼ਨ ਦੇ ਸਾਬਕਾ ਚੇਅਰਮੈਨ ਰਵਿੰਦਰਪਾਲ ਸਿੰਘ (ਰਵੀ ਸਿੱਧੂ) ਨੂੰ ਸੱਤ ਸਾਲਾਂ ਦੀ ਬਾਮੁਸ਼ੱਕਤ ਕੈਦ ਦੀ ਸਜ਼ਾ ਅਤੇ ਇੱਕ ਕਰੋੜ ਰੁਪਏ ਤੋਂ ਵੀ ਵੱਧ ਜੁਰਮਾਨਾ ਕੀਤਾ ਹੈ। ਜੁਰਮਾਨਾ ਨਾ ਅਦਾ ਕਰਨ ਦੀ ਸੂਰਤ ਵਿਚ ਇੱਕ ਸਾਲ ਹੋਰ ਕੈਦ ਕੱਟਣੀ ਪਵੇਗੀ। ਕੇਸ ਦੇ ਦੋ ਹੋਰ ਮੁਜਰਮਾਂ ਵਿਚੋਂ ਦੋ ਨੂੰ ਚਾਰ-ਚਾਰ ਸਾਲ ਅਤੇ ਇੱਕ ਨੂੰ ਦੋ ਸਾਲ ਕੈਦ ਦੀ ਸਜ਼ਾ ਕੀਤੀ ਗਈ ਹੈ।

ਪੰਜ ਸਾਲ ਤੱਕ ਕਮਿਸ਼ਨ ਦੇ ਚੇਅਰਮੈਨ ਰਹੇ ਰਵੀ ਸਿੱਧੂ ਸਮੇਤ ਕਈ ਹੋਰਨਾਂ ਦੇ ਖ਼ਿਲਾਫ਼ ਕਈ ਉਮੀਦਵਾਰਾਂ ਤੋਂ ਮੋਟੀਆਂ ਰਕਮਾਂ ਲੈ ਕੇ ਭਰਤੀ ਕਰਨ ਦੇ ਦੋਸ਼ਾਂ ਅਧੀਨ ਇਹ ਮਾਮਲਾ ਵਿਜੀਲੈਂਸ ਨੇ 2002 ਵਿਚ ਦਰਜ ਕੀਤਾ ਸੀ। ਪਟਿਆਲਾ ਦੇ ਵਧੀਕ ਸੈਸ਼ਨ ਜੱਜ ਪੁਸ਼ਵਿੰਦਰ ਸਿੰਘ ਦੀ ਅਦਾਲਤ ਨੇ ਰਵੀ ਸਿੱਧੂ ਨੂੰ ਸੱਤ ਸਾਲ ਕੈਦ ਦੇ ਨਾਲ ਇੱਕ ਕਰੋੜ ਅੱਠ



*ਰਵੀ ਸਿੱਧੂ*

ਹਜ਼ਾਰ ਰੁਪਏ ਜੁਰਮਾਨਾ ਕੀਤਾ ਹੈ। ਉਹ ਇਸੇ ਮਾਮਲੇ ਵਿਚ ਪਹਿਲਾਂ ਵੀ ਸਵਾ ਦੋ ਸਾਲ ਜੇਲ੍ਹ ਵਿਚ ਰਹਿ ਚੁੱਕਾ ਹੈ ਤੇ ਇਹ ਸਮਾਂ ਵੀ ਕੈਦ ਵਿਚ ਕੱਟਿਆ ਮੰਨਿਆ ਜਾਵੇਗਾ। ਇਸ ਦੇ ਨਾਲ ਹੀ ਪੀ.ਪੀ.ਐਸ.ਸੀ. ਦੇ ਸਾਬਕਾ ਸਕੱਤਰ ਪ੍ਰਿਤਪਾਲ ਸਿੰਘ (ਪਟਿਆਲਾ) ਅਤੇ ਪਰਮਜੀਤ ਸਿੰਘ ਪੰਮੀ (ਚੰਡੀਗੜ੍ਹ) ਨੂੰ ਚਾਰ-ਚਾਰ ਸਾਲਾਂ ਦੀ ਕੈਦ ਦੀ ਸਜ਼ਾ ਮਿਲੀ ਹੈ। ਚੌਥੇ ਦੋਸ਼ੀ ਪਰਸ਼ੋਤਮ ਸਿੰਘ ਸੋਢੀ ਨੂੰ ਦੋ ਸਾਲ ਜੇਲ੍ਹ ਵਿਚ ਰਹਿਣਾ ਪਵੇਗਾ। ਇਨ੍ਹਾਂ ਤਿੰਨਾਂ ਨੂੰ ਕਰੀਬ 50 ਹਜ਼ਾਰ ਰੁਪਏ ਜੁਰਮਾਨਾ ਹੋਇਆ ਹੈ।

ਵਿਜੀਲੈਂਸ ਬਿਊਰੋ ਪਟਿਆਲਾ ਨੇ 30 ਅਪਰੈਲ 2002 ਨੂੰ ਇਹ ਕੇਸ ਦਰਜ ਕੀਤਾ ਸੀ ਜਿਸ ਵਿਚ ਦਰਜਨ ਦੇ ਕਰੀਬ ਵਿਅਕਤੀ ਨਾਮਜ਼ਦ ਕੀਤੇ ਗਏ ਸਨ। ਇਨ੍ਹਾਂ ਵਿਚੋਂ ਅਦਾਲਤ ਨੇ ਰਵੀ ਸਿੱਧੂ ਦੇ ਭਰਾ ਰੀਤਇੰਦਰ ਸਿੰਘ ਅਤੇ ਭਰਜਾਈ ਅਜਿੰਦਰ ਕੌਰ ਨੂੰ ਭਗੌੜੇ ਕਰਾਰ ਦਿੱਤਾ ਹੋਇਆ ਹੈ। ਉਸ ਦੀ ਮਾਤਾ ਪ੍ਰਿਤਪਾਲ ਕੌਰ ਸਮੇਤ ਜਗਦੀਸ਼ ਕਾਲੜਾ ਅਤੇ ਅਮਰਜੀਤ ਸਿੰਘ ਦੀ ਮੌਤ ਹੋ ਚੁੱਕੀ ਹੈ। ਰਣਧੀਰ ਸਿੰਘ ਧੀਰਾ ਅਤੇ ਪ੍ਰੇਮ ਸਾਗਰ ਸਮੇਤ ਤਿੰਨ ਜਣੇ ਸਰਕਾਰੀ ਗਵਾਹ ਬਣ ਗਏ ਸਨ। ਸ਼ਮਸ਼ੇਰ ਸਿੰਘ ਨੂੰ ਪਹਿਲਾਂ ਹੀ ਡਿਸਚਾਰਜ ਕਰ ਦਿੱਤਾ ਗਿਆ ਸੀ। ਅਦਾਲਤ ਨੇ ਪ੍ਰੋ. ਗੁਰਪਾਲ ਸਿੰਘ ਅਤੇ ਪ੍ਰੋ. ਜਸਪਾਲ ਸਿੰਘ ਨੂੰ ਬਰੀ ਕਰ ਦਿੱਤਾ ਹੈ।

ਯਾਦ ਰਹੇ, ਰਵੀ ਸਿੱਧੂ ਨੂੰ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠਲੀ ਕਾਂਗਰਸ ਸਰਕਾਰ ਬਣਨ 'ਤੇ ਭੂਪਜੀਤ ਸਿੰਘ ਨਾਮੀ ਵਿਅਕਤੀ ਕੋਲੋਂ 5 ਲੱਖ ਰੁਪਏ ਰਿਸ਼ਵਤ ਲੈਂਦਿਆਂ ਗ੍ਰਿਫ਼ਤਾਰ ਕੀਤਾ ਗਿਆ ਸੀ। ਇਸ ਪਿਛੋਂ ਕਮਿਸ਼ਨ ਦਾ ਦਫ਼ਤਰ ਪਟਿਆਲਾ 'ਚ ਹੋਣ ਕਰ ਕੇ ਵਿਜੀਲੈਂਸ ਬਿਊਰੋ ਪਟਿਆਲਾ ਤੋਂ ਭਰਤੀ ਘੁਟਾਲੇ ਦੀ ਜਾਂਚ ਕਰਵਾਈ ਗਈ। ਡੀ.ਐਸ.ਪੀ. ਜੈਪਾਲ ਸਿੰਘ ਵਲੋਂ ਕੀਤੀ ਜਾਂਚ ਦੌਰਾਨ ਭਰਤੀ ਸਬੰਧੀ ਵੱਡੀਆਂ ਧਾਂਦਲੀਆਂ ਸਾਹਮਣੇ ਆਈਆਂ। ਇਨ੍ਹਾਂ ਵਿਚ ਸੌਦਾ ਤੈਅ ਹੋਣ ਉਪਰੰਤ ਉਮੀਦਵਾਰਾਂ ਨੂੰ ਪਹਿਲਾਂ ਹੀ ਉਤਰ ਕਾਪੀਆਂ ਦੇਣਾ ਤੇ ਫਿਰ ਪੇਪਰਾਂ ਸਮੇਤ ਇੰਟਰਵਿਊ ਦੌਰਾਨ ਅੰਕ ਵੀ ਮਰਜ਼ੀ ਮੁਤਾਬਕ ਦੇਣੇ ਆਦਿ ਸ਼ਾਮਲ ਸੀ। ਸਾਹਮਣੇ ਆਈ।

ਰਵੀ ਸਿੱਧੂ ਦੇ ਖ਼ਿਲਾਫ਼ ਕੁੱਲ ਤਿੰਨ ਕੇਸ ਦਰਜ ਹੋਏ ਸਨ। ਇੱਕ ਕੇਸ ਵਿਚ ਉਸ ਨੂੰ ਹੁਣ ਸੱਤ ਸਾਲ ਤੇ ਇੱਕ ਹੋਰ ਵਿਚ ਪਹਿਲਾਂ ਛੇ ਸਾਲ ਕੈਦ ਦੀ ਸਜ਼ਾ ਹੋ ਚੁੱਕੀ ਹੈ। ਆਮਦਨੀ ਨਾਲੋਂ ਵੱਧ ਜਾਇਦਾਦ ਦਾ ਇੱਕ ਹੋਰ ਮਾਮਲਾ ਅਜੇ ਸੁਣਵਾਈ ਅਧੀਨ ਹੈ। ਉਸ ਵੇਲੇ ਵਿਜੀਲੈਂਸ ਨੇ ਰਵੀ ਸਿੱਧੂ ਦੇ ਲਾਕਰਾਂ ਵਿਚੋਂ 8.16 ਕਰੋੜ ਰੁਪਏ ਤੋਂ ਵੱਧ ਨਕਦੀ ਸਮੇਤ ਕੁੱਲ ਪੱਚੀ ਕਰੋੜ ਰੁਪਏ ਦੀ ਜਾਇਦਾਦ ਦੀ ਮਾਲਕੀ ਦੇ ਦਸਤਾਵੇਜ਼ ਤੇ ਗਹਿਣੇ ਬਰਾਮਦ ਕੀਤੇ ਸਨ। ਹੁਣ ਰਵੀ ਸਿੱਧੂ ਨੇ ਅਦਾਲਤ ਨੂੰ ਬੇਨਤੀ ਕੀਤੀ ਹੈ ਕਿ ਉਸ ਦੀ ਇਸ ਸਜ਼ਾ ਨੂੰ ਉਸ ਨੂੰ ਪਹਿਲਾਂ ਰੋਪੜ ਅਦਾਲਤ ਵਲੋਂ ਸੁਣਾਈ 6 ਸਾਲਾਂ ਦੀ ਕੈਦ ਦੀ ਸਜ਼ਾ ਦੇ ਬਰਾਬਰ ਚਲਾਇਆ ਜਾਵੇ। ਅਦਾਲਤ ਨੇ ਇਹ ਬੇਨਤੀ ਮੌਕੇ 'ਤੇ ਹੀ ਖਾਰਜ ਕਰ ਦਿੱਤੀ। ਹੁਣ ਸਿੱਧੂ ਨੂੰ ਦੋਵੇਂ ਸਜ਼ਾਵਾਂ ਵੱਖੋ-ਵੱਖਰੀਆਂ ਕੱਟਣੀਆਂ ਪੈਣਗੀਆਂ।


ਭਾਰਤੀ ਰੈਸਟੋਰੈਂਟ ਵਿਕਾਊ ਹੈ

ਇੰਡੀਅਨਐਪੋਲਿਸ, ਇੰਡੀਆਨਾ ਵਿਚ
ਵਧੀਆ ਲੋਕੇਸ਼ਨ 'ਤੇ ਸਥਿਤ 80 ਸੀਟਾਂ ਵਾਲਾ
ਭਾਰਤੀ ਰੈਸਟੋਰੈਂਟ ਵਿਕਾਊ ਹੈ

New India Restaurant For Sale
■80 Seats ■Cater Large/Small Parties
■Liquor Licenses ■Free Parking For Customers

ਸੰਪਰਕ ਕਰੋ: 317-313-9651

15-16



Upgrade your Security Cameras to High Definition at very reasonable prices




*For a Free Demo of our new HD Cameras Please Contact us*
Balbir S Sidhu
209-495-3905 (Cell)
www.dvrunlimited.com
Toll Free (888) 233-4566

DVRunlimited Inc.
Installation Available



Pinnacle Carriers, Inc

Now Hiring Drivers

ਡਰਾਈਵਰਾਂ ਦੀ ਲੋੜ ਹੈ



*Team or Solo*
$2000 starting to Midwest
$300 quarterly driver safety bonus
$50 dot inspection bonus
$1000 sign in bonus (1 year)

*Requirements:*
*2 year old licensee *Reefer experience
*Clean DMV printout
Year round dedicated 1 pick 1 drop
Make $6000 - $7000 per month
$70,000 to $80,000 per year
Brand new equipment

Please Contact
Ph: (916) 833-5022

April



*"Ask us about the...*
**AARP® Auto Insurance Program from The Hartford."**

*NOW AVAILABLE IN YOUR AREA!*

Find out more about the Special Benefits of The Hartford's Program for AARP members and our Competitive Rates!



*Satwant Singh*

You'll also enjoy a Six-Point Claim Commitment– designed to exceed your expectations from the moment you report your claim, to the moment your settlement check is issued! This auto insurance is designed exclusively for AARP members – and is now available through.
*-Satwant Singh!*

Call today for your FREE, no-obligation quote:
+1-408-771-2438
Satwant Singh: 2774 Aborn Rd, San Jose, CA 95121
satwant@satwantins.com
www.satwantins.com
CA License# 0H11256

AARP® | Auto Insurance Program from THE HARTFORD

The AARP Automobile Insurance Program from The Hartford is underwritten by Hartford Fire Insurance Company and its affiliates, One Hartford Plaza, Hartford CT 06155. CA license number 5152. In Washington, the Program is underwritten by Trumbull Insurance Company. AARP does not employ or endorse agents or brokers. AARP and its affiliates are not insurers. Paid endorsement. The Hartford pays royalty fees to AARP for the use of its intellectual property. These fees are used for the general purposes of AARP. AARP membership is required for Program eligibility in most states. Applicants are individually underwritten and some may not qualify. Specific features, credits, and discounts may vary and may not be available in all states in accordance with state filings and applicable law. You have the option of purchasing a policy directly from The Hartford. Your price, however, could vary, and you will not have the advice, counsel or services of your independent agent.
*107792 2nd Rev*

**Punjab Times**

**Established in 2000**
**16th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।


**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸਰਕਾਰ ਨੇ ਲੱਚਰ ਗਾਇਨ ਰੋਕਣ ਤੋਂ ਹੱਥ ਕੀਤੇ ਖੜ੍ਹੇ



**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਪੰਜਾਬੀ ਲੱਚਰ ਗਾਇਨ ਰੋਕਣ ਤੋਂ ਹੱਥ ਖੜ੍ਹੇ ਕਰ ਦਿੱਤੇ ਹਨ। ਪੰਜਾਬ ਸਰਕਾਰ ਦੇ ਏਜੰਡੇ 'ਤੇ ਸਭਿਆਚਾਰਕ ਨੀਤੀ ਬਣਾਉਣ ਦਾ ਮੁੱਦਾ ਵੀ ਨਹੀਂ ਹੈ। ਸਭਿਆਚਾਰਕ ਵਿਭਾਗ ਦੇ ਡਾਇਰੈਕਟਰ ਨਵਜੋਤ ਪਾਲ ਸਿੰਘ ਰੰਧਾਵਾ ਵੱਲੋਂ ਸੂਚਨਾ ਦਾ ਅਧਿਕਾਰ ਐਕਟ ਤਹਿਤ ਦਿੱਤੀ ਜਾਣਕਾਰੀ ਅਨੁਸਾਰ ਇੰਟਰਨੈੱਟ ਦਾ ਯੁੱਗ ਹੋਣ ਕਾਰਨ ਪੰਜਾਬੀ ਗਾਇਨ ਵਿਚ ਫੈਲੀ ਲੱਚਰਤਾ ਨੂੰ ਰੋਕਣ ਲਈ ਨੀਤੀ ਤਿਆਰ ਨਹੀਂ ਕੀਤੀ ਜਾ ਸਕੀ।

ਦੱਸਣਯੋਗ ਹੈ ਕਿ ਭਾਰਤੀ ਦੰਡਾਵਲੀ ਦੀਆਂ ਕੁਝ ਧਾਰਾਵਾਂ ਤਹਿਤ ਜਨਤਕ ਥਾਵਾਂ 'ਤੇ ਅਸ਼ਲੀਲ ਇਸ਼ਾਰੇ ਕਰਨ ਜਾਂ ਬੋਲ-ਕਬੋਲ ਬੋਲਣ 'ਤੇ ਹੀ ਐਫ.ਆਈ.ਆਰ. ਦਰਜ ਕੀਤੀ ਜਾ ਸਕਦੀ ਹੈ, ਪਰ ਸਰਕਾਰ ਨੇ ਜਨਤਕ ਇਕੱਠਾਂ ਵਿਚ ਗਾਇਨ ਰਾਹੀਂ ਲੱਚਰਤਾ ਫੈਲਾਉਣ ਵਾਲਿਆਂ ਨੂੰ ਰੋਕਣ ਤੋਂ ਅਸਮਰੱਥਤਾ ਜ਼ਾਹਰ ਕਰ ਦਿੱਤੀ ਹੈ। ਸਰਕਾਰ ਦਾ ਪੰਜਾਬੀ ਰਵਾਇਤੀ ਗਾਇਨ ਪ੍ਰਫੁੱਲਤ ਕਰਨ ਦੀ ਵੀ ਕੋਈ ਠੋਸ ਨੀਤੀ ਨਹੀਂ ਹੈ। ਰਵਾਇਤੀ ਗਾਇਨ ਨੂੰ ਪ੍ਰਫੁੱਲਤ ਕਰਨ ਲਈ ਪਿਛਲੇ ਚਾਰ ਸਾਲਾਂ ਦੌਰਾਨ ਪੰਜਾਬ ਕਲਾ ਪ੍ਰੀਸ਼ਦ ਨੂੰ ਸਵਾ ਦੋ ਕਰੋੜ ਰੁਪਏ ਤੇ ਉੱਤਰੀ ਖੇਤਰੀ ਸੱਭਿਆਚਾਰਕ ਕੇਂਦਰ ਨੂੰ ਇੱਕ ਕਰੋੜ ਰੁਪਏ ਮੁਹੱਈਆ ਕੀਤੇ ਹਨ, ਪਰ ਇਸ ਰਾਸ਼ੀ ਰਾਹੀਂ ਹੀ ਪ੍ਰੀਸ਼ਦ ਵੱਲੋਂ ਮੁਲਾਜ਼ਮਾਂ ਦੀਆਂ ਤਨਖਾਹਾਂ ਤੇ ਇਮਾਰਤਾਂ ਦੀ ਦੇਖ-ਰੇਖ ਕੀਤੀ ਜਾਂਦੀ ਹੈ। ਬਾਦਲ ਸਰਕਾਰ ਵਿਚ ਸਭਿਆਚਾਰਕ ਮੰਤਰੀ ਰਹੇ ਚੌਧਰੀ ਸਵਰਨਾ ਰਾਮ ਨੇ 1997-2002 ਦੇ ਰਾਜਕਾਲ ਦੌਰਾਨ ਸਭਿਆਚਾਰਕ ਨੀਤੀ ਬਣਾਉਣ ਅਤੇ ਲੱਚਰ ਗਾਇਨ ਨੂੰ ਠੱਲ੍ਹਣ ਦਾ ਬੀੜਾ ਚੁੱਕਿਆ ਸੀ। ਸਾਬਕਾ ਸਭਿਆਚਾਰਕ ਮੰਤਰੀ ਹੀਰਾ ਸਿੰਘ ਗਾਬੜੀਆ ਨੇ ਵੀ 2007-2012 ਦੌਰਾਨ ਸਭਿਆਚਾਰਕ ਨੀਤੀ ਬਣਾਉਣ ਦੀ ਮੁਹਿੰਮ ਚਲਾਈ ਸੀ, ਪਰ ਸਰਕਾਰ ਅੱਜ ਤੱਕ ਇਨ੍ਹਾਂ ਦੋਵਾਂ ਮੁੱਦਿਆਂ ਨੂੰ ਕਿਸੇ ਸਿਰੇ ਲਾਉਣ ਤੋਂ ਅਸਮਰੱਥ ਰਹੀ ਹੈ।

ਸਭਿਆਚਾਰ ਵਿਭਾਗ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਸਾਬਕਾ ਸਭਿਆਚਾਰਕ ਮੰਤਰੀ ਹੀਰਾ ਸਿੰਘ ਗਾਬੜੀਆ ਨੇ 22 ਅਪਰੈਲ 2010 ਨੂੰ ਸਭਿਆਚਾਰਕ ਨੀਤੀ ਬਣਾਉਣ ਦਾ ਕੰਮ ਪੰਜਾਬ ਕਲਾ ਪ੍ਰੀਸ਼ਦ ਨੂੰ ਸੌਂਪ ਦਿੱਤਾ ਸੀ ਜਿਸ ਤਹਿਤ ਬਣਾਈ ਕਮੇਟੀ ਵੱਲੋਂ ਬਾਦਲ ਸਰਕਾਰ ਦੇ ਹੋਂਦ ਵਿਚ ਆਉਣ ਤੋਂ ਬਾਅਦ ਤਿੰਨ ਮੀਟਿੰਗਾਂ ਕੀਤੀਆਂ ਗਈਆਂ ਹਨ। ਵਿਭਾਗ ਵੱਲੋਂ ਹਾਲੇ ਤੱਕ ਪੰਜਾਬੀ ਸਭਿਆਚਾਰਕ ਨੀਤੀ ਦਾ ਖਰੜਾ ਤੱਕ ਵੀ ਤਿਆਰ ਨਹੀਂ ਕੀਤਾ ਗਿਆ। ਵਿਭਾਗ ਅਨੁਸਾਰ ਹਾਲੇ ਨੀਤੀ ਤਿਆਰ ਕਰਨ ਦੀ ਪ੍ਰਕਿਰਿਆ ਵਿਚਾਰ ਅਧੀਨ ਹੈ। ਪੰਜਾਬ ਕਲਾ ਪ੍ਰੀਸ਼ਦ ਦੀ ਚੇਅਰਪਰਸਨ ਹਰਜਿੰਦਰ ਕੌਰ ਨੇ ਦੱਸਿਆ ਕਿ ਪਿਛਲੇ ਮੰਤਰੀ ਨੇ ਸਭਿਆਚਾਰਕ ਨੀਤੀ ਬਣਾਉਣ ਦੀ ਪ੍ਰੀਸ਼ਦ ਦੇ ਵਾਈਸ ਚੇਅਰਮੈਨ ਦੀ ਜ਼ਿੰਮੇਵਾਰੀ ਲਾਈ ਸੀ ਅਤੇ ਉਨ੍ਹਾਂ ਵੱਲੋਂ ਬੁੱਧੀਜੀਵੀਆਂ ਦੀ ਰਾਏ ਲਈ ਗਈ ਸੀ।

ਇਸੇ ਦੌਰਾਨ ਸਭਿਆਚਾਰਕ ਵਿਭਾਗ ਦੇ ਮੰਤਰੀ ਸੋਹਣ ਸਿੰਘ ਠੰਡਲ ਨੇ ਦੱਸਿਆ ਕਿ ਫਿਲਹਾਲ ਉਹ ਸ਼ਹੀਦਾਂ ਦੀਆਂ ਯਾਦਗਾਰਾਂ ਬਣਾ ਰਹੇ ਹਨ, ਸਭਿਆਚਾਰਕ ਨੀਤੀ ਬਣਾਉਣ ਅਤੇ ਲੱਚਰ ਗਾਇਕੀ ਨੂੰ ਰੋਕਣ ਲਈ ਅਜੇ ਕੋਈ ਫ਼ੈਸਲਾ ਨਹੀਂ ਕੀਤਾ ਗਿਆ।

# ਪਾਣੀਆਂ ਦਾ ਮਾਮਲਾ ਫਿਰ ਭਖਿਆ

*(ਸਫਾ ਇਕ ਦੀ ਬਾਕੀ)*

ਤਿਆਰੀਆਂ ਕਰ ਰਹੀ ਹੈ। ਕੇਂਦਰ ਦਾ ਇਹ ਫੈਸਲਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਲਈ ਨਮੋਸ਼ੀ ਬਣ ਗਿਆ ਹੈ।

ਸ. ਬਾਦਲ ਭਾਵੇਂ ਹਰਿਆਣੇ ਨੂੰ ਇਕ ਬੂੰਦ ਵੀ ਪਾਣੀ ਨਾ ਦੇਣ ਦੀ ਗੱਲ ਆਖ ਰਹੇ ਹਨ, ਪਰ ਉਹ ਕੇਂਦਰ ਦਾ ਆਖਾ ਵੀ ਨਵੀਂ ਮੋੜ ਸਕਦੇ ਜਿਸ ਦੀ ਤਾਜ਼ਾ ਮਿਸਾਲ ਐਨ.ਡੀ.ਏ. ਸਰਕਾਰ ਵੱਲੋਂ ਭੋਂ ਪ੍ਰਾਪਤੀ ਬਾਰੇ ਪੇਸ਼ ਕੀਤੇ ਨਵੇਂ ਬਿੱਲ ਤੋਂ ਮਿਲਦੀ ਹੈ। ਅਕਾਲੀ ਦਲ ਨੇ ਇਸ ਬਿੱਲ ਦਾ ਵਿਰੋਧ ਕਰਨ ਦਾ ਐਲਾਨ ਤਾਂ ਕੀਤਾ ਸੀ, ਪਰ ਜਦ ਸੰਸਦ ਵਿਚ ਵੋਟਿੰਗ ਹੋਈ, ਤਾਂ ਅਕਾਲੀ ਦਲ ਚੁੱਪ-ਚਾਪ ਬਿੱਲ ਦੇ ਹੱਕ ਵਿਚ ਭੁਗਤ ਗਿਆ।

ਜ਼ਿਕਰਯੋਗ ਹੈ ਕਿ ਪਾਣੀਆਂ ਦੀ ਵੰਡ ਦਾ ਮਾਮਲਾ ਸਤਲੁਜ, ਬਿਆਸ ਤੇ ਰਾਵੀ ਦਰਿਆਵਾਂ ਉਤੇ ਆਧਾਰਤ ਹੈ ਪਰ ਪੰਜਾਬ ਦਾ ਤਰਕ ਹੈ ਕਿ ਰਿਪੇਰੀਅਨ ਕਾਨੂੰਨ ਮੁਤਾਬਕ ਰਾਜਸਥਾਨ ਤੇ ਹਰਿਆਣਾ ਪੰਜਾਬ ਵਿਚੋਂ ਵਗਦੇ ਪਾਣੀ ਦੇ ਹੱਕਦਾਰ ਨਹੀਂ ਹਨ ਤੇ 1948 ਤੱਕ ਰਾਜਸਥਾਨ ਪੰਜਾਬ ਤੋਂ ਪਾਣੀ ਮੁੱਲ ਲੈਂਦਾ ਰਿਹਾ ਹੈ। ਦਰਿਆਈ ਪਾਣੀਆਂ ਦੀ ਵੰਡ, ਚੰਡੀਗੜ੍ਹ ਤੇ ਪੰਜਾਬੀ ਬੋਲਦੇ ਇਲਾਕਿਆਂ ਦੇ ਮੁੱਦੇ ਤਕਰੀਬਨ ਪੰਜ ਦਹਾਕਿਆਂ ਤੋਂ ਅਣਸੁਲਝੇ ਪਏ ਹਨ। ਐਸ.ਵਾਈ.ਐਲ. ਦਾ ਮੁੱਦਾ ਸਿਰਫ ਸਿਆਸੀ ਹੀ ਨਹੀਂ ਬਲਕਿ ਕਾਨੂੰਨੀ ਤੇ ਜਜ਼ਬਾਤੀ ਮੁੱਦਾ ਵੀ ਹੈ। ਪਾਣੀ ਦੇ ਮੁੱਦੇ ਉਤੇ ਸ਼ੁਰੂ ਹੋਏ ਧਰਮ ਯੁੱਧ ਮੋਰਚੇ ਕਾਰਨ ਪੰਜਾਬ ਨੂੰ ਭਾਰੀ ਕੀਮਤ ਚੁਕਾਉਣੀ ਪਈ ਤੇ ਦਹਾਕਿਆਂ ਤੱਕ ਸਿਆਸੀ ਤੇ ਸਮਾਜਕ ਉਥਲ-ਪੁਥਲ ਦਾ ਸੰਤਾਪ ਹੰਢਾਉਣਾ ਪਿਆ ਹੈ। ਪੰਜਾਬ ਸਰਕਾਰ ਨੇ 1979 ਵਿਚ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਇਰ ਕਰ ਕੇ ਪੰਜਾਬ ਪੁਨਰਗਠਨ ਕਾਨੂੰਨ 1966 ਦੀ ਧਾਰਾ 78 ਤੇ 79 ਨੂੰ ਚੁਣੌਤੀ ਦਿੰਦੇ ਹੋਏ ਇਸ ਨੂੰ ਗ਼ੈਰ-ਸੰਵਿਧਾਨਕ ਕਰਾਰ ਦੇਣ ਦੀ ਮੰਗ ਕੀਤੀ ਸੀ।

ਇਨ੍ਹਾਂ ਧਾਰਾਵਾਂ ਅਨੁਸਾਰ ਦੋਵੇਂ ਸੂਬਿਆਂ ਦੀ ਪਾਣੀ ਦੀ ਵੰਡ ਵਿਚ ਕੇਂਦਰ ਸਰਕਾਰ ਦਖ਼ਲ ਦੇ ਸਕਦੀ ਹੈ ਜਦੋਂਕਿ ਸੰਵਿਧਾਨਕ ਤੌਰ ਉਤੇ ਅਜਿਹਾ ਕੋਈ ਪ੍ਰਬੰਧ ਨਹੀਂ ਹੈ। ਦਸੰਬਰ 1981 ਵਿਚ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਪੰਜਾਬ, ਹਰਿਆਣਾ ਤੇ ਰਾਜਸਥਾਨ ਦੇ ਮੁੱਖ ਮੰਤਰੀਆਂ ਦੀ ਮੀਟਿੰਗ ਕਰ ਕੇ ਪੰਜਾਬ ਸਰਕਾਰ ਤੋਂ ਕੇਸ ਵਾਪਸ ਕਰਵਾ ਦਿੱਤਾ ਸੀ ਤੇ ਐਮਰਜੈਂਸੀ ਦੇ ਸਮੇਂ ਦੌਰਾਨ 24 ਅਕਤੂਬਰ 1976 ਨੂੰ ਕੀਤੀ ਪਾਣੀ ਦੀ ਵੰਡ ਉਤੇ ਇਕ ਤਰ੍ਹਾਂ ਮੁੜ ਮੋਹਰ ਲਗਵਾ ਲਈ ਸੀ। ਅਪਰੈਲ 1982 ਨੂੰ ਸ੍ਰੀਮਤੀ ਇੰਦਰਾ ਗਾਂਧੀ ਵੱਲੋਂ ਐਸ.ਵਾਈ.ਐਲ. ਦਾ ਨੀਂਹ ਪੱਥਰ ਰੱਖਣ ਬਾਅਦ ਅਕਾਲੀ ਦਲ ਵਲੋਂ ਮੋਰਚਾ ਸ਼ੁਰੂ ਕਰ ਦਿੱਤਾ ਗਿਆ ਸੀ।

ਐਸ.ਵਾਈ.ਐਲ. ਦੀ ਖੁਦਾਈ ਤਾਂ ਹੋਈ ਪਰ ਅਜੇ ਤੱਕ ਇਸ ਨੂੰ ਅੱਗੇ ਨਹੀਂ ਵਧਾਇਆ ਜਾ ਸਕਿਆ। ਸੁਪਰੀਮ ਕੋਰਟ ਵਲੋਂ ਪੰਜਾਬ ਨੂੰ ਐਸ.ਵਾਈ.ਐਲ. ਬਣਾਉਣ ਦੇ ਦਿੱਤੇ ਹੁਕਮ ਤੋਂ ਬਾਅਦ 2004 ਵਿਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਮੌਕੇ ਪੰਜਾਬ ਵਿਧਾਨ ਸਭਾ ਨੇ ਸਰਬਸੰਮਤੀ ਨਾਲ ਜਲ ਸਮਝੌਤੇ ਰੱਦ ਕਰਨ ਵਾਲਾ ਕਾਨੂੰਨ, 2004 ਪਾਸ ਕਰਕੇ ਇਸ ਮਾਮਲੇ 'ਤੇ ਵਿਰਾਮ ਲਗਾ ਦਿੱਤਾ ਸੀ। ਵਿਧਾਨ ਸਭਾ ਦਾ ਮੰਨਣਾ ਸੀ ਕਿ ਡ੍ਰੇਨੇਜ ਦੇ ਮਾਮਲੇ ਵਿਚ ਸਾਰੇ ਅਧਿਕਾਰ ਰਾਜ ਸੂਚੀ ਦਾ ਵਿਸ਼ਾ ਹਨ। ਕੇਂਦਰ ਤੇ ਰਾਜਾਂ ਦੇ ਅਧਿਕਾਰ ਖੇਤਰ ਨੂੰ ਪ੍ਰੀਭਾਸ਼ਿਤ ਕਰਨ ਦੇ ਲਈ ਇਹ ਮੁੱਦਾ ਰਾਸ਼ਟਰਪਤੀ ਰੈਫਰੈਂਸ ਲਈ ਚਲਾ ਗਿਆ ਤੇ ਰਾਸ਼ਟਰਪਤੀ ਨੇ ਇਸ ਉਤੇ ਸੁਪਰੀਮ ਕੋਰਟ ਦੀ ਰਾਇ ਮੰਗੀ। ਮਾਮਲਾ ਹੁਣ ਸੁਪਰੀਮ ਕੋਰਟ ਦੇ ਵਿਚਾਰ ਅਧੀਨ ਹੈ। ਹਰਿਆਣਾ ਸਰਕਾਰ ਇਸ ਮਾਮਲੇ ਦਾ ਛੇਤੀ ਹੱਲ ਚਾਹੁੰਦੀ ਹੈ। ਪੰਜਾਬ ਸਰਕਾਰ ਨੇ ਪਾਣੀਆਂ ਦੀ ਮੌਜੂਦਾ ਉਪਲਬਧਤਾ ਦੇ ਅਨੁਸਾਰ ਤੇ ਰਿਪੇਰੀਅਨ ਸਿਧਾਂਤ ਦੀ ਰੌਸ਼ਨੀ ਵਿਚ ਮੁੜ ਪੈਮਾਇਸ਼ ਦੀ ਮੰਗ ਕੀਤੀ ਹੈ।

ਪਾਣੀ ਦੀ ਲਗਾਤਾਰ ਵਧ ਰਹੀ ਕਿੱਲਤ ਕਰ ਕੇ ਰਾਜਾਂ ਦੇ ਦੌਰਾਨ ਟਕਰਾਅ ਵਧ ਰਹੇ ਹਨ। ਹਰਿਆਣਾ ਦੇ ਮੁੱਖ ਮੰਤਰੀ ਨੇ ਸਪਸ਼ਟ ਕੀਤਾ ਹੈ ਕਿ ਦਿੱਲੀ ਨੂੰ ਦੇਣ ਲਈ ਉਨ੍ਹਾਂ ਕੋਲ ਵਾਧੂ ਪਾਣੀ ਨਹੀਂ ਹੈ। ਪੰਜਾਬ ਦੇ ਮੁੱਖ ਮੰਤਰੀ ਨੇ ਕੇਂਦਰ ਦੀ ਨਦੀਆਂ ਨੂੰ ਜੋੜਨ ਵਾਲੀ ਤਜਵੀਜ਼ ਦਾ ਵਿਰੋਧ ਕੀਤਾ ਹੈ ਤੇ ਵਾਧੂ ਪਾਣੀ ਨਾ ਹੋਣ ਦੀ ਗੱਲ ਦੁਹਰਾਈ ਹੈ। ਅਜਿਹੇ ਮੌਕੇ ਘੱਟ ਆਏ ਹਨ ਕਿ ਜਦੋਂ ਦੋਵੇਂ ਰਾਜਾਂ ਤੇ ਕੇਂਦਰ ਵਿਚ ਇਕ ਹੀ ਪਾਰਟੀ ਦੀ ਸਰਕਾਰ ਹੋਵੇ। ਹੁਣ ਭਾਜਪਾ ਤੇ ਅਕਾਲੀ ਦਲ ਤੋਂ ਇਨ੍ਹਾਂ ਲੰਬੇ ਸਮੇਂ ਤੋਂ ਉਲਝੇ ਮੁੱਦਿਆਂ ਦੇ ਹੱਲ ਦੀ ਉਮੀਦ ਕੀਤੀ ਜਾਂਦੀ ਹੈ।

ਕੈਪਟਨ ਅਮਰਿੰਦਰ ਸਿੰਘ ਦਾ ਕਹਿਣਾ ਹੈ ਕਿ ਮੁੱਖ ਮੰਤਰੀ ਪ੍ਰਕਾਸ਼ ਬਾਦਲ ਨੇ ਪਾਣੀਆਂ ਦੇ ਮਾਮਲੇ ਉਤੇ ਹਰਿਆਣਾ ਨਾਲ ਕੋਈ ਗੱਲ ਸ਼ੁਰੂ ਕੀਤੀ ਤਾਂ ਉਹ ਤੁਰੰਤ ਅੰਦੋਲਨ ਸ਼ੁਰੂ ਕਰ ਦੇਣਗੇ। ਉਨ੍ਹਾਂ ਕਿਹਾ ਕਿ ਅਕਾਲੀ ਬਹੁਕਰੋੜੀ ਨਸ਼ਾ ਤਸਕਰੀ ਵਿਚ ਸ਼ਮੂਲੀਅਤ ਦੇ ਮੁੱਦੇ ਉਤੇ ਖੁੱਡੇ ਲੱਗ ਚੁੱਕੇ ਹਨ ਤੇ ਈ.ਡੀ. ਹੱਥ ਪੱਕੇ ਸਬੂਤ ਆ ਚੁੱਕੇ ਹਨ।

ਹੁਣ ਅਕਾਲੀ ਆਪਣੀ ਚਮੜੀ ਬਚਾਉਣ ਖ਼ਾਤਰ ਸਮਝੌਤਾ ਕਰਨ ਤੇ ਐਸ.ਵਾਈ.ਐਲ. ਉਤੇ ਸ਼ਰਤਾਂ ਮੰਨਣ ਲਈ ਤਿਆਰ ਹੋ ਚੁੱਕੇ ਹਨ ਜੋ ਪੰਜਾਬ ਨੂੰ ਮੁਸ਼ਕਿਲ ਹਾਲਾਤ ਵਿਚ ਪਹੁੰਚਾ ਸਕਦਾ ਹੈ। ਕਾਂਗਰਸ ਆਗੂ ਨੇ ਕਿਹਾ ਕਿ ਪਾਰਟੀ ਨੇ ਆਪਣੀ ਸਰਕਾਰ ਦੀ ਪਰਵਾਹ ਨਾ ਕਰਦਿਆਂ ਪੰਜਾਬ ਦੇ ਪਾਣੀਆਂ ਨੂੰ ਬਚਾਉਣ ਲਈ ਪੰਜਾਬ ਟਰਮੀਨੇਸ਼ਨ ਆਫ ਵਾਟਰ ਐਗਰੀਮੈਂਟ ਐਕਟ, 2004 ਪਾਸ ਕੀਤਾ ਸੀ। ਹੁਣ ਸ. ਬਾਦਲ ਉਪਰੋਕਤ ਕਾਰਨਾਂ ਕਰ ਕੇ ਸੂਬੇ ਦੇ ਹਿੱਤਾਂ ਨੂੰ ਗਹਿਣੇ ਰੱਖ ਰਹੇ ਹਨ ਜੋ ਕਿਸੇ ਵੀ ਕੀਮਤ 'ਤੇ ਨਹੀਂ ਹੋਣ ਦਿੱਤਾ ਜਾਵੇਗਾ।

# 'ਆਪ' ਦੇ ਕਲੇਸ਼ ਦਾ ਸੇਕ ਪੰਜਾਬ ਪੁੱਜਾ

*(ਸਫਾ ਇਕ ਦੀ ਬਾਕੀ)*

ਕਿ ਭਗਵੰਤ ਮਾਨ ਨੇ ਬਾਊਂਸਰਾਂ ਦੇ ਧੱਫਿਆਂ ਨਾਲ ਜ਼ਖ਼ਮੀ ਹੋਏ ਵਰਕਰ ਨੂੰ ਇਸ ਕਰ ਕੇ ਹਸਪਤਾਲ ਜਾਣ ਤੋਂ ਰੋਕੀ ਰੱਖਿਆ ਤਾਂ ਕਿ ਮੀਡੀਆ ਵਿਚ ਗੱਲ ਨਾ ਪੁੱਜੇ। ਪਟਿਆਲਾ ਤੋਂ ਸੰਸਦ ਮੈਂਬਰ ਡਾ. ਗਾਂਧੀ ਦੋਵਾਂ ਧੜਿਆਂ ਦੀ ਮੀਟਿੰਗਾਂ ਵਿਚ ਹੀ ਨਾ ਪੁੱਜੇ। ਦੱਸਣਯੋਗ ਹੈ ਕਿ ਡਾ. ਗਾਂਧੀ ਨੇ 28 ਮਾਰਚ ਨੂੰ ਹੋਈ ਪਾਰਟੀ ਦੀ ਰਾਸ਼ਟਰੀ ਕਾਰਜਕਾਰਨੀ ਕਮੇਟੀ ਵਿਚੋਂ ਪ੍ਰਸ਼ਾਂਤ ਭੂਸ਼ਨ ਤੇ ਯੋਗੇਂਦਰ ਯਾਦਵ ਨੇ ਕੱਢੇ ਜਾਣ ਦੇ ਵਿਰੋਧ ਕੀਤਾ ਸੀ ਤੇ ਦੋਹਾਂ ਬਾਗੀ ਨੇਤਾਵਾਂ ਵਲੋਂ ਕੀਤੀ ਪ੍ਰੈੱਸ ਕਾਨਫਰੰਸ ਵਿਚ ਵੀ ਹਿੱਸਾ ਲਿਆ ਸੀ ਤੇ ਕਿਹਾ ਸੀ ਕਿ ਜੇ ਯਾਦਵ ਤੇ ਭੂਸ਼ਨ ਨਾਲ ਕੀਤੇ ਵਤੀਰੇ ਬਾਰੇ ਕੋਈ ਨਾ ਵੀ ਬੋਲਦਾ ਤਾਂ ਉਨ੍ਹਾਂ ਨੇ ਇਹ ਮੁੱਦਾ ਚੁੱਕਣਾ ਸੀ। 28 ਮਾਰਚ ਨੂੰ ਨਾ ਸਿਰਫ ਯਾਦਵ ਤੇ ਭੂਸ਼ਣ ਨੂੰ ਪਾਰਟੀ ਦੀ ਰਾਸ਼ਟਰੀ ਕਾਰਜਕਾਰਨੀ ਵਿਚੋਂ ਬਾਹਰ ਕੱਢਿਆ ਗਿਆ ਸੀ, ਸਗੋਂ ਉਨ੍ਹਾਂ ਦੀ ਹਮਾਇਤ ਕਰਨ ਵਾਲੇ ਪ੍ਰੋ. ਆਨੰਦ ਕੁਮਾਰ ਤੇ ਅਜਿਤ ਝਾਅ ਨੂੰ ਵੀ ਬਾਹਰ ਕੱਢ ਦਿੱਤਾ ਗਿਆ ਸੀ। ਫਿਰ ਵੀ ਰੁਖਸਤੀਆਂ ਦਾ ਸਿਲਸਿਲਾ ਜਾਰੀ ਹੈ ਤੇ ਹੁਣ ਕੇਜਰੀਵਾਲ ਦਾ ਸਮਰਥਕ ਧੜਾ ਡਾ. ਗਾਂਧੀ ਦੁਆਲੇ ਹੋ ਗਿਆ।

ਦੂਜੇ ਪਾਸੇ ਲੋਕ ਸਭਾ ਹਲਕਾ ਫਤਿਹਗੜ੍ਹ ਸਾਹਿਬ ਤੋਂ ਸੰਸਦ ਮੈਂਬਰ ਹਰਿੰਦਰ ਸਿੰਘ ਖਾਲਸਾ ਨੇ ਪਾਰਟੀ ਦੇ ਪੰਜਾਬ ਦੇ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਦੀ ਕਾਰਜਸ਼ੈਲੀ 'ਤੇ ਸਵਾਲੀਆ ਨਿਸ਼ਾਨ ਲਗਾਉਂਦਿਆਂ ਕਿਹਾ ਕਿ ਪਾਰਟੀ ਵਿਚ ਕਿਸੇ ਨੂੰ ਸ਼ਾਮਲ ਕਰਨ ਤੇ ਕੱਢਣ ਦਾ ਫੈਸਲਾ ਲੈਣ ਦਾ ਸ. ਛੋਟੇਪੁਰ ਕੋਲ ਕੋਈ ਅਧਿਕਾਰ ਨਹੀਂ, ਕਿਉਂਕਿ ਉਹ ਪਾਰਟੀ ਦੇ ਆਰਜ਼ੀ ਕਨਵੀਨਰ ਹਨ।

# ਪੰਚਾਇਤੀ ਜ਼ਮੀਨ 'ਤੇ ਕੀਤੀ ਜਾ ਰਹੀ ਹੈ ਪੋਸਤ ਦੀ ਖੇਤੀ

**ਫਿਰੋਜ਼ਪੁਰ:** ਪੁਲਿਸ ਨੇ ਪਿੰਡ ਬਸਤੀ ਭਾਗ ਸਿੰਘ ਵਾਲੀ ਵਿਚ ਪੰਚਾਇਤੀ ਜ਼ਮੀਨ 'ਤੇ ਪੋਸਤ ਦੀ ਖੇਤੀ ਕੀਤੇ ਜਾਣ ਦਾ ਮਾਮਲਾ ਸਾਹਮਣੇ ਲਿਆਂਦਾ ਹੈ। ਪਿੰਡ ਦੀ ਕਰੀਬ ਦੋ ਕਨਾਲ ਜ਼ਮੀਨ 'ਤੇ ਪੋਸਤ ਦੀ ਖੇਤੀ ਕੀਤੀ ਜਾ ਰਹੀ ਸੀ। ਜ਼ਿਲ੍ਹਾ ਪੁਲਿਸ ਕਪਤਾਨ ਹਰਦਿਆਲ ਸਿੰਘ ਮਾਨ ਨੇ ਪੁਸ਼ਟੀ ਕੀਤੀ ਕਿ ਇਹ ਜ਼ਮੀਨ ਮਾਰਕੀਟ ਕਮੇਟੀ ਛਾਉਣੀ ਦੇ ਸਾਬਕਾ ਚੇਅਰਮੈਨ ਮੇਹਰ ਸਿੰਘ ਸੰਧੂ ਕੋਲ ਠੇਕੇ 'ਤੇ ਸੀ। ਪੁਲਿਸ ਦੇ ਵਿਸ਼ੇਸ਼ ਸੈੱਲ ਸੀ.ਆਈ.ਏ. ਦੇ ਇੰਚਾਰਜ ਕਿੱਕਰ ਸਿੰਘ ਦੀ ਅਗਵਾਈ ਵਿਚ ਗਈ ਟੀਮ ਨੇ ਫਿਰੋਜ਼ਪੁਰ-ਮੋਗਾ ਮੁੱਖ ਮਾਰਗ 'ਤੇ ਸਥਿਤ ਬਸਤੀ ਭਾਗ ਸਿੰਘ ਵਿਚ ਰਹਿੰਦੇ ਮਿਹਰ ਸਿੰਘ ਸੰਧੂ ਦੇ ਖੇਤਾਂ ਵਿਚ ਛਾਪਿਆ ਮਾਰਿਆ ਅਤੇ ਪੋਸਤ ਦੇ ਪੌਦੇ ਬਰਾਮਦ ਕੀਤੇ। ਇੰਸਪੈਕਟਰ ਕਿੱਕਰ ਸਿੰਘ ਨੇ ਦੱਸਿਆ ਕਿ ਇਹ ਜ਼ਮੀਨ ਫਿਰੋਜ਼ਪੁਰ ਛਾਉਣੀ ਮਾਰਕੀਟ ਕਮੇਟੀ ਦੇ ਸਾਬਕਾ ਚੇਅਰਮੈਨ ਮਿਹਰ ਸਿੰਘ ਕੋਲ ਠੇਕੇ 'ਤੇ ਹੈ। ਐਸ.ਐਸ.ਪੀ. ਹਰਦਿਆਲ ਸਿੰਘ ਮਾਨ ਨੇ ਦੱਸਿਆ ਕਿ ਬਰਾਮਦ ਕੀਤੇ ਪੋਸਤ ਦੇ ਪੌਦਿਆਂ ਦੀ ਜਾਂਚ ਖੇਤੀ ਫਾਰੈਂਸਿਕ ਮਾਹਿਰਾਂ ਤੋਂ ਕਰਵਾਈ ਜਾਵੇਗੀ।

# ਨਾਮਧਾਰੀ ਆਗੂ ਨੂੰ ਬਚਾਉਣ ਵਾਲੇ ਦਾ ਕੀਤਾ ਸਨਮਾਨ

**ਲੰਡਨ:** ਬ੍ਰਿਟਿਸ਼ ਪੁਲਿਸ ਨੇ ਨਾਮਧਾਰੀ ਆਗੂ ਸਤਿਗੁਰੂ ਉਦੈ ਸਿੰਘ 'ਤੇ ਹਮਲੇ ਦੌਰਾਨ ਉਨ੍ਹਾਂ ਦਾ ਬਚਾਅ ਕਰਨ ਵਾਲੇ ਬਲਦੇਵ ਸਿੰਘ (51) ਨੂੰ ਸਨਮਾਨਤ ਕੀਤਾ ਹੈ। ਸਤਿਗੁਰੂ ਉਦੈ ਸਿੰਘ 'ਤੇ 2013 ਵਿਚ ਨਾਮਧਾਰੀ ਸਿੱਖ ਗੁਰਦੁਆਰੇ ਸਪਿੰਨੀ ਹਿਲਸ, ਲੈਸਟਰ ਵਿਚ ਹਮਲਾ ਹੋਇਆ ਸੀ। ਸ੍ਰੀ ਬਲਦੇਵ ਸਿੰਘ ਬਹਾਦਰੀ ਪੁਰਸਕਾਰ ਲੈਣ ਲਈ ਭਾਰਤ ਤੋਂ ਉਚੇਚੇ ਤੌਰ 'ਤੇ ਇੰਗਲੈਂਡ ਪਹੁੰਚੇ ਸਨ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# ਪੰਜਾਬੀਆਂ ਦੀ ਪ੍ਰਾਹੁਣਾਚਾਰੀ ਤੋਂ ਗਦ-ਗਦ ਹੋਏ ਮਰਾਠੀ

**ਬਟਾਲਾ:** ਗੁਰਦਾਸਪੁਰ ਜ਼ਿਲ੍ਹੇ ਦੇ ਕਸਬਾ ਘੁਮਾਣ ਵਿਚ ਭਗਤ ਨਾਮਦੇਵ ਜੀ ਦੀ ਯਾਦ ਨੂੰ ਸਮਰਪਤ ਤਿੰਨ ਰੋਜ਼ਾ ਅਖਿਲ ਭਾਰਤੀ ਮਰਾਠੀ ਸਾਹਿਤ ਸੰਮੇਲਨ, ਮਰਾਠੀ ਤੇ ਪੰਜਾਬੀਆਂ ਦੀ ਭਾਈਚਾਰਕ ਸਾਂਝ ਦੀਆਂ ਤੰਦਾਂ ਮਜ਼ਬੂਤ ਕਰਦਿਆਂ ਤੇ ਅਮਨ-ਸ਼ਾਂਤੀ ਦਾ ਸੁਨੇਹਾ ਦਿੰਦਿਆਂ ਸੰਪਨ ਹੋਇਆ। ਸੰਮੇਲਨ ਦੌਰਾਨ ਮਰਾਠੀ ਸਭਿਆਚਾਰ ਦੇ ਨਾਲ-ਨਾਲ ਪੰਜਾਬੀ ਸਭਿਆਚਾਰ, ਲੋਕ ਗੀਤ, ਲੋਕ ਸਾਜ਼, ਲੋਕ ਨਾਚ, ਪਹਿਰਾਵੇ ਤੇ ਪੰਜਾਬੀ ਰਵਾਇਤਾਂ ਨੂੰ ਬਾਖ਼ੂਬੀ ਪੇਸ਼ ਕੀਤਾ ਗਿਆ। ਪ੍ਰਸਿੱਧ ਪੰਜਾਬੀ ਗਾਇਕਾਂ ਨੇ ਲੋਕ ਗੀਤਾਂ ਦੇ ਨਾਲ ਲੋਕ ਗਾਥਾਵਾਂ ਤੇ ਅਦਾਵਾਂ ਨਾਲ ਮਰਾਠੀ ਔਰਤਾਂ ਤੇ ਮਰਦਾਂ ਨੂੰ ਨੱਚਣ ਲਈ ਮਜਬੂਰ ਕਰ ਦਿੱਤਾ। ਮਰਾਠੀ ਮਹਿਮਾਨਾਂ ਨੂੰ ਪੰਜਾਬ ਦੀ ਅਮੀਰ ਵਿਰਾਸਤ ਤੋਂ ਜਾਣੂ ਕਰਾਉਣ ਲਈ ਪੰਜਾਬ ਸਰਕਾਰ ਦੇ ਲੋਕ ਸੰਪਰਕ ਵਿਭਾਗ ਤੇ ਸੈਰ-ਸਪਾਟਾ ਵਿਭਾਗ ਵੱਲੋਂ ਵਿਸ਼ੇਸ਼ ਤੌਰ 'ਤੇ ਪੰਜਾਬੀ ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ।

ਇਸ ਮੌਕੇ ਕੇਂਦਰ ਮੰਤਰੀ ਨਿਤਿਨ ਗਡਕਰੀ, ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸਾਬਕਾ ਕੇਂਦਰੀ ਮੰਤਰੀ ਸ਼ਰਦ ਪਵਾਰ ਸਮੇਤ ਹੋਰਨਾਂ ਨੇ ਬਾਬਾ ਨਾਮਦੇਵ ਡਿਗਰੀ ਕਾਲਜ ਦਾ ਰਸਮੀ ਨੀਂਹ ਪੱਥਰ ਰੱਖਿਆ ਤੇ ਘੁਮਾਣ ਵਿਕਾਸ ਬੋਰਡ ਬਣਾਉਣ ਦਾ ਐਲਾਨ ਵੀ ਕੀਤਾ। ਇਸ ਮੌਕੇ ਰਾਜਪਾਲ ਰਾਮਨਾਇਕ ਨੇ ਪੰਜਾਬ ਦੇ ਕਸਬਾ ਘੁਮਾਣ ਵਿਚ ਹੋਏ ਮਰਾਠੀ ਸਾਹਿਤ ਸੰਮੇਲਨ ਲਈ



ਪੰਜਾਬੀਆਂ ਦੀ ਦਰਿਆਦਿਲੀ ਤੇ ਪ੍ਰਾਹੁਣਾਚਾਰੀ ਨੂੰ ਖ਼ੂਬ ਸਲਾਹਿਆ। 13ਵੀਂ ਸਦੀ ਵਿਚ ਮਹਾਰਾਸ਼ਟਰ ਵਿਚ ਜਨਮੇ ਭਗਤ ਨਾਮਦੇਵ ਜੀ ਨੇ ਆਪਣੇ ਜੀਵਨ ਦੇ ਆਖ਼ਰੀ ਵਰ੍ਹੇ ਘੁਮਾਣ ਵਿਖੇ ਬਿਤਾਏ ਸਨ। ਉਨ੍ਹਾਂ ਦੇ ਪੈਰੋਕਾਰਾਂ ਦਾ ਦਾਅਵਾ ਹੈ ਕਿ ਉਹ 20 ਸਾਲਾਂ ਤੋਂ ਵੱਧ ਸਮਾਂ ਪੰਜਾਬ ਵਿਚ ਰਹੇ। ਉਨ੍ਹਾਂ ਦੀ ਵਿਚਾਰਧਾਰਾ, ਸੁਹਜ ਤੇ ਦਰਸ਼ਨ ਸਿੱਖੀ ਦੇ ਸਿਧਾਂਤਾਂ, ਸੰਕਲਪ ਤੇ ਫ਼ਲਸਫ਼ੇ ਨਾਲ ਏਨੇ ਮਿਲਦੇ ਸਨ ਕਿ ਉਨ੍ਹਾਂ ਦੇ 61 ਅਭੰਗਾਂ (ਸ਼ਬਦਾਂ) ਨੂੰ ਪੰਜਵੀਂ ਪਾਤਸ਼ਾਹੀ ਗੁਰੂ ਅਰਜਨ ਦੇਵ ਜੀ ਨੇ ਗੁਰੂ ਗਰੰਥ ਸਾਹਿਬ ਵਿਚ ਸ਼ਾਮਲ ਕੀਤਾ। ਇਹ ਮੰਨਿਆ ਜਾਂਦਾ ਹੈ ਕਿ ਭਗਤ ਨਾਮਦੇਵ ਦੀ ਜਿੰਨੀ ਮਾਨਤਾ ਮਹਾਰਾਸ਼ਟਰ ਵਿਚ ਹੈ, ਘੱਟੋ-ਘੱਟ ਓਨੀ ਹੀ ਪੰਜਾਬ ਵਿਚ ਹੈ। ਲਿਹਾਜ਼ਾ, ਪੰਜਾਬ ਸਰਕਾਰ ਨੇ ਤਿੰਨ ਰੋਜ਼ਾ ਸੰਮੇਲਨ ਨੂੰ ਸੂਬਾਈ ਸਮਾਗਮ ਦਾ ਦਰਜਾ ਤੇ ਇਸ ਦੇ ਖ਼ਰਚ ਲਈ ਇਕ ਕਰੋੜ ਰੁਪਏ ਦੀ ਰਕਮ ਅਲਾਟ ਕਰ ਦਿੱਤੀ।

ਅਖਿਲ ਭਾਰਤੀ ਮਰਾਠੀ ਸਾਹਿਤ ਸੰਮੇਲਨ ਇਕ ਸਾਲਾਨਾ ਉਤਸਵ ਹੈ ਜੋ ਕਿ ਆਮ ਤੌਰ 'ਤੇ ਮਹਾਰਾਸ਼ਟਰ ਵਿਚ ਹੀ ਇੰਤਜ਼ਾਮਿਆ ਜਾਂਦਾ ਹੈ। ਇਸ ਵਿਚ ਮਰਾਠੀ ਲੇਖਕ, ਕਵੀ, ਨਾਟਕਕਾਰ, ਕੀਰਤਨਕਾਰ, ਬੁੱਧੀਜੀਵੀ, ਪਾਠਕ ਤੇ ਨੇਤਾਗਣ ਆਪਣੀਆਂ ਸਿਆਸੀ ਵਲਗਣਾਂ ਤੇ ਵਿਚਾਰਧਾਰਕ ਮੱਤਭੇਦ ਤਿਆਗ ਕੇ ਹਿੱਸਾ ਲੈਂਦੇ ਹਨ। ਸੰਮੇਲਨ ਵਿਚ ਨਾ ਸਿਰਫ਼ ਸਾਹਿਤਕ, ਸਮਾਜਿਕ ਤੇ ਸੱਭਿਆਚਾਰਕ ਮੁੱਦੇ ਵਿਚਾਰੇ ਜਾਂਦੇ ਹਨ ਸਗੋਂ ਭਾਸ਼ਾਈ ਵਿਕਾਸ ਬਾਰੇ ਵੀ ਅਹਿਮ ਫ਼ੈਸਲੇ ਲਏ ਜਾਂਦੇ ਹਨ। ਅਤੀਤ ਵਿਚ ਅਜਿਹੇ ਸੰਮੇਲਨ ਬੜੋਦਾ ਜਾਂ ਕੋਲਕਾਤਾ ਵਿਚ ਹੋ ਚੁੱਕੇ ਹਨ। ਇਸ ਨੂੰ ਪੰਜਾਬ ਤਕ ਪਹੁੰਚਾਉਣ ਦਾ ਉਪਰਾਲਾ ਪਹਿਲੀ ਵਾਰ ਹੋਇਆ ਹੈ। ਸਮਾਗਮ ਨੂੰ ਸੰਬੋਧਨ ਕਰਦਿਆਂ ਕੇਂਦਰੀ ਵਾਤਾਵਰਨ ਮੰਤਰੀ ਪ੍ਰਕਾਸ਼ ਜਾਵੜੇਕਰ ਨੇ ਕਿਹਾ ਕਿ ਸ਼੍ਰੋਮਣੀ ਭਗਤ ਨਾਮਦੇਵ ਜੀ ਨੇ ਸਦੀਆਂ ਪਹਿਲਾਂ ਪੰਜਾਬੀਆਂ ਤੇ ਮਰਾਠੀਆਂ ਵਿਚ ਜੋ ਰਿਸ਼ਤਾ ਕਾਇਮ ਕੀਤਾ ਸੀ, ਉਹ ਅੱਜ ਵੀ ਬਰਕਰਾਰ ਹੈ ਤੇ ਇਹੀ ਕਾਰਨ ਹੈ ਕਿ ਅੱਜ ਮਰਾਠੀ ਸਮਾਜ ਪੰਜਾਬ ਦੀ ਧਰਤੀ ਘੁਮਾਣ ਵਿਖੇ ਆਪਣਾ 88ਵਾਂ ਮਰਾਠੀ ਸਾਹਿਤ ਉਤਸਵ ਮਨਾ ਰਿਹਾ ਹੈ। ਉਹ ਇਸ ਸੰਮੇਲਨ ਵਿਚ ਬਤੌਰ ਕੇਂਦਰੀ ਵਾਤਾਵਰਨ ਮੰਤਰੀ ਨਹੀਂ, ਬਲਕਿ ਇਕ ਸਾਹਿਤ ਪ੍ਰੇਮੀ ਵਜੋਂ ਸ਼ਾਮਲ ਹੋਏ ਹਨ। ਇਸ ਮੌਕੇ ਮੁੱਖ ਮੰਤਰੀ ਮਹਾਂਰਾਸ਼ਟਰ ਦੇਵੇਂਦਰ ਫੜਨਵੀਸ ਨੇ ਆਪਣੇ ਭਾਸ਼ਣ ਦੀ ਸ਼ੁਰੂਆਤ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ' ਨਾਲ ਕੀਤੀ ਤੇ ਪੰਜਾਬੀ ਵਿਚ ਬੋਲਦਿਆਂ ਕਿਹਾ ਕਿ ਮੈਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਨਾਲ ਸਿੰਜੀ ਪੰਜਾਬ ਦੀ ਧਰਤੀ ਨੂੰ ਕੋਟਿਨ-ਕੋਟਿ ਪ੍ਰਣਾਮ ਕਰਦਾ ਹਾਂ ਤੇ ਉਨ੍ਹਾਂ ਭਗਤ ਨਾਮਦੇਵ ਜੀ ਦੇ ਜੀਵਨ 'ਤੇ ਵੀ ਕੁਝ ਸਤਰਾਂ ਪੰਜਾਬੀ ਭਾਸ਼ਾ ਵਿਚ ਹੀ ਚਾਨਣਾ ਪਾਇਆ। ਉਨ੍ਹਾਂ ਮਹਾਂਰਾਸ਼ਟਰ ਤੇ ਪੰਜਾਬ ਦੀ ਆਪਸੀ ਭਾਈਚਾਰਕ ਸਾਝ ਨੂੰ ਮਜ਼ਬੂਤ ਦੱਸਿਆ। ਸ੍ਰੀ ਫੜਨਵੀਸ ਨੇ ਮਰਾਠਵਾੜਾ ਵਿਖੇ ਸਵਾਮੀ ਰਾਮਾਨੰਦ ਤੀਰਥ ਯੂਨੀਵਰਸਿਟੀ ਵਿਖੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ 'ਤੇ ਚੇਅਰ ਸਥਾਪਤ ਕਰਨ ਦਾ ਵੀ ਐਲਾਨ ਕੀਤਾ।

ਇਸ ਮੌਕੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਉਹ ਪੰਜਾਬ ਸਰਕਾਰ ਤੇ ਸਮੂਹ ਪੰਜਾਬੀਆਂ ਦੀ ਤਰਫੋਂ ਮਹਾਰਾਸ਼ਟਰ ਤੋਂ ਆਏ ਸਾਰੇ ਮਹਿਮਾਨਾਂ ਦਾ ਸਵਾਗਤ ਕਰਦਾ ਹਾਂ ਤੇ ਤੁਹਾਡੀ ਪ੍ਰਾਹੁਣਾਚਾਰੀ ਵਿਚ ਜੇਕਰ ਕੋਈ ਕਮੀ ਰਹਿ ਗਈ ਹੋਵੇ ਤਾਂ ਉਸ ਲਈ ਸਰਕਾਰ ਦੀ ਤਰਫੋਂ ਮੁਆਫੀ ਮੰਗਦਿਆਂ ਇਹ ਭਰੋਸਾ ਦਿੰਦਾ ਹੈ ਕਿ ਜੇਕਰ ਮੁੜ ਪੰਜਾਬ ਵਿਚ ਅਜਿਹਾ ਸੰਮੇਲਨ ਹੋਇਆ ਤਾਂ ਅਗਲੀ ਵਾਰ ਇਸ ਤੋਂ ਵੀ ਵਧੀਆ ਢੰਗ ਨਾਲ ਕਰਵਾਇਆ ਜਾਵੇਗਾ।

## ਬਾਦਲ ਵਲੋਂ ਐਲਾਨੀ ਭਗਤ ਨਾਮਦੇਵ ਚੇਅਰ ਪਹਿਲਾਂ ਹੀ ਮੌਜੂਦ

**ਅੰਮ੍ਰਿਤਸਰ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪਿੰਡ ਘੁਮਾਣ ਵਿਚ ਹੋਏ ਮਰਾਠੀ ਸਾਹਿਤ ਸੰਮੇਲਨ ਦੌਰਾਨ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਭਗਤ ਨਾਮਦੇਵ ਚੇਅਰ ਸਥਾਪਤ ਕਰਨ ਦਾ ਐਲਾਨ ਕੀਤਾ ਹੈ, ਜਦੋਂ ਕਿ ਯੂਨੀਵਰਸਿਟੀ ਵਿਚ ਇਹ ਚੇਅਰ 1997 ਵਿਚ ਵੀ ਪੰਜਾਬ ਸਰਕਾਰ ਨੇ ਸਥਾਪਤ ਕੀਤੀ ਸੀ, ਜਿਹੜੀ ਫੰਡਾਂ ਦੀ ਘਾਟ ਕਾਰਨ ਨੌਂ ਸਾਲਾਂ ਤੋਂ ਬੰਦ ਪਈ ਹੈ। ਪੰਜਾਬ ਸਰਕਾਰ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਸੱਤ ਵੱਖ-ਵੱਖ ਚੇਅਰਾਂ ਸਥਾਪਤ ਕੀਤੀਆਂ ਸਨ। ਇਨ੍ਹਾਂ ਚੇਅਰਾਂ ਵਿਚ ਨਾਮਧਾਰੀ ਗੁਰੂ ਰਾਮ ਸਿੰਘ ਚੇਅਰ, ਗੁਰੂ ਗੋਬਿੰਦ ਸਿੰਘ ਚੇਅਰ, ਸੰਤ ਕਬੀਰ ਚੇਅਰ, ਡਾ. ਬੀ.ਆਰ. ਅੰਬੇਦਕਰ ਚੇਅਰ, ਭਗਤ ਨਾਮਦੇਵ ਚੇਅਰ, ਗੁਰੂ ਰਵੀਦਾਸ ਚੇਅਰ ਤੇ ਹਜ਼ਰਤ ਮੀਆਂ ਮੀਰ ਚੇਅਰ ਸ਼ਾਮਲ ਸਨ। ਇਨ੍ਹਾਂ ਵਿਚ ਨਾਮਧਾਰੀ ਗੁਰੂ ਰਾਮ ਸਿੰਘ ਚੇਅਰ ਹੀ ਚੱਲ ਰਹੀ ਹੈ, ਜਿਸ ਦਾ ਫੰਡ ਹਰ ਸਾਲ ਯੂਨੀਵਰਸਿਟੀ ਕੋਲ ਪੁੱਜਦਾ ਹੈ। 2001 ਵਿਚ ਸਥਾਪਤ ਹੋਈ ਇਸ ਚੇਅਰ ਦੇ ਮੁਖੀ ਵਜੋਂ ਡਾ. ਜੋਗਿੰਦਰ ਸਿੰਘ 2006 ਤੋਂ ਕਾਰਜਸ਼ੀਲ ਹਨ। ਭਗਤ ਨਾਮਦੇਵ ਚੇਅਰ 1997 ਵਿਚ ਸਥਾਪਤ ਹੋਈ ਸੀ ਪਰ ਇਹ ਚੇਅਰ ਸਰਕਾਰ ਦੀ ਬੇਰੁਖ਼ੀ ਦਾ ਸ਼ਿਕਾਰ ਹੋ ਗਈ। ਯੂਨੀਵਰਸਿਟੀ ਦੇ ਰਜਿਸਟਰਾਰ ਡਾ. ਸ਼ਰਨਜੀਤ ਸਿੰਘ ਢਿੱਲੋਂ ਦਾ ਕਹਿਣਾ ਹੈ ਕਿ ਫੰਡ ਨਾ ਆਉਣ ਕਰਕੇ ਚੇਅਰਾਂ ਬੰਦ ਪਈਆਂ ਹਨ।

## ਫੈਜ਼ ਦੀ ਧੀ ਸਲੀਮਾ ਹਾਸ਼ਮੀ ਵਲੋਂ ਅਮਨ ਦਾ ਸੁਨੇਹਾ

**ਬਟਾਲਾ:** ਅਜ਼ੀਮ ਸ਼ਾਇਰ ਫੈਜ਼ ਅਹਿਮਦ ਫੈਜ਼ ਦੀ ਧੀ ਤੇ ਪ੍ਰਸਿਧ ਪਾਕਿਸਤਾਨੀ ਲੇਖਕਾ ਸਲੀਮਾ ਹਾਸ਼ਮੀ ਨੇ ਵੀ ਕਸਬਾ ਘੁਮਾਣ ਵਿਖੇ ਮਰਾਠੀ ਸਾਹਿਤ ਸੰਮੇਲਨ ਵਿਚ ਸ਼ਿਰਕਤ ਕੀਤੀ ਤੇ ਕਿਹਾ ਕਿ ਭਾਰਤ ਤੇ ਪਾਕਿਸਤਾਨ ਦੇਸ਼ ਜ਼ਰੂਰ ਬਣ ਗਏ ਪਰ ਦੋਵਾਂ ਦੇਸ਼ਾਂ ਦੀ ਅਵਾਮ ਦੇ ਦੁੱਖ-ਸੁੱਖ ਸਾਂਝੇ ਹਨ। ਸੱਭਿਆਚਾਰ, ਪਹਿਰਾਵਾ, ਬੋਲੀ, ਸਾਹਿਤ ਤੇ ਭਾਵਨਾਵਾਂ ਵੀ ਇਕੋ ਜਿਹੀਆਂ ਹਨ। ਉਨ੍ਹਾਂ ਕਿਹਾ ਕਿ ਫੈਜ਼ ਸਾਹਿਬ ਦਾ ਜ਼ਿਆਦਾ ਸਮਾਂ ਅੰਮ੍ਰਿਤਸਰ ਵਿਚ ਬੀਤਿਆ। ਭਾਵੇਂ ਵੰਡ ਸਮੇਂ ਉਹ ਪਾਕਿਸਤਾਨ ਚਲੇ ਗਏ ਪਰ ਉਨ੍ਹਾਂ ਦਾ ਅੰਮ੍ਰਿਤਸਰ ਨਾਲ ਮੋਹ ਭੰਗ ਨਾ ਹੋਇਆ। ਜਦੋਂ ਵੀ ਉਹ ਅੰਮ੍ਰਿਤਸਰ ਆਉਂਦੀ ਹੈ ਤਾਂ ਆਬੂ ਦੀਆਂ ਯਾਦਾਂ ਨਾਲ ਜੁੜੇ ਸਥਾਨਾਂ 'ਤੇ ਜ਼ਰੂਰ ਜਾਂਦੀ ਹੈ। ਸਰਹੱਦ ਦੋਵਾਂ ਦੇਸ਼ਾਂ ਦੇ ਲੋਕਾਂ ਨੂੰ ਦੂਰ ਨਹੀਂ ਕਰ ਸਕਦੀ। ਸਲੀਮਾ ਹਾਸ਼ਮੀ ਨੇ ਕਿਹਾ ਕਿ ਸਾਹਿਤਕਾਰਾਂ ਤੇ ਕਲਾਕਾਰਾਂ ਨੂੰ ਦੇਸ਼ ਦੀਆਂ ਹੱਦਾਂ ਦੇ ਬੰਧੇਜ ਤੋਂ ਮੁਕਤ ਹੋ ਕੇ ਆਪਣੀਆਂ ਕਲਮਾਂ ਅਵਾਮ ਨੂੰ ਜੋੜਨ ਲਈ ਪੁਲਾਂ ਵਜੋਂ ਵਰਤਣੀਆਂ ਚਾਹੀਦੀਆਂ ਹਨ। ਉਨ੍ਹਾਂ ਆਪਣੇ ਪਿਤਾ ਫੈਜ਼ ਅਹਿਮਦ ਫੈਜ਼ ਦੇ ਜੀਵਨ ਤੇ ਉਨ੍ਹਾਂ ਦੀਆਂ ਰਚਨਾਵਾਂ ਬਾਰੇ ਜਾਣਕਾਰੀ ਵੀ ਸਾਂਝੀ ਕੀਤੀ। ਉਨ੍ਹਾਂ ਆਪਣੇ ਮਸ਼ਹੂਰ ਸ਼ੇਅਰ ਸੁਣਾ ਕੇ ਮਰਾਠੀਆਂ ਦੀ ਖ਼ੂਬ ਵਾਹ-ਵਾਹ ਖੱਟੀ।



*ਸਲੀਮਾ ਹਾਸ਼ਮੀ ਨੂੰ ਸਨਮਾਨਤ ਕਰਨ ਦੀ ਝਲਕ।*

## ਭਾਰਤ ਤੋਂ ਚੋਰੀ ਪੁਰਾਤਨ ਵਸਤਾਂ ਵਾਪਸ ਕਰੇਗਾ ਅਮਰੀਕਾ

**ਨਿਊ ਯਾਰਕ:** ਹੋਨੋਲੂਲੂ ਦੇ ਇਕ ਅਜਾਇਬ ਘਰ ਨੇ ਅਮਰੀਕੀ ਅਧਿਕਾਰੀਆਂ ਨੂੰ ਸੱਤ ਅਜਿਹੀਆਂ ਦੁਰਲੱਭ ਵਸਤਾਂ ਸੌਂਪੀਆਂ ਹਨ ਜਿਨ੍ਹਾਂ ਬਾਰੇ ਮੰਨਿਆ ਜਾ ਰਿਹਾ ਹੈ ਕਿ ਕਲਾ ਡੀਲਰ ਸੁਭਾਸ਼ ਕਪੂਰ ਉਨ੍ਹਾਂ ਨੂੰ ਭਾਰਤ ਤੋਂ ਚੁਰਾ ਕੇ ਅਮਰੀਕਾ ਲਿਆਇਆ ਸੀ।

ਹੋਨੋਲੂਲੂ ਕਲਾ ਅਜਾਇਬ ਘਰ ਨੇ ਅਮਰੀਕੀ ਇਮੀਗਰੇਸ਼ਨ ਤੇ ਕਸਟਮਸ ਇਨਫੋਰਸਮੈਂਟ ਵਿਭਾਗ ਦੇ ਹੋਮਲੈਂਡ ਸਕਿਊਰਿਟੀ ਜਾਂਚ ਦੇ ਜਵਾਨਾਂ ਨੂੰ ਸੱਤ ਪੁਰਾਤਨ ਵਸਤਾਂ ਸੌਂਪੀਆਂ। ਜਾਂਚ ਵਿਚ ਇਹ ਗੱਲ ਸਾਹਮਣੇ ਆਈ ਕਿ ਇਨ੍ਹਾਂ ਵਸਤਾਂ ਨੂੰ ਭਾਰਤ ਦੇ ਪ੍ਰਾਚੀਨ ਮੰਦਰਾਂ ਤੇ ਬੁੱਧ ਥਾਵਾਂ ਤੋਂ ਚੋਰੀ ਕਰਕੇ ਗ਼ੈਰ ਕਾਨੂੰਨੀ ਢੰਗ ਨਾਲ ਅਮਰੀਕਾ ਲਿਆਂਦਾ ਗਿਆ ਸੀ। ਅਧਿਕਾਰੀਆਂ ਨੇ ਕਿਹਾ ਕਿ ਅਜਾਇਬ ਘਰ ਨੇ ਜਦ 1991 ਤੋਂ 2003 ਵਿਚਕਾਰ ਇਨ੍ਹਾਂ ਵਸਤਾਂ ਦੀ ਆਪਣੇ ਸੰਗ੍ਰਹਿ ਵਿਚ ਸ਼ਾਮਲ ਕੀਤਾ ਸੀ ਤਾਂ ਉਨ੍ਹਾਂ ਨੂੰ ਇਸ ਗੱਲ ਦੀ ਜਾਣਕਾਰੀ ਨਹੀਂ ਸੀ ਕਿ ਇਨ੍ਹਾਂ ਬੇਸ਼ਕੀਮਤੀ ਵਸਤਾਂ ਨੂੰ ਚੋਰੀ ਕੀਤਾ ਗਿਆ ਹੈ।

ਨਿਊ ਯਾਰਕ ਵਿਚ ਵਿਸ਼ੇਸ਼ ਏਜੰਟਾਂ ਨੇ ਪਾਇਆ ਸੀ ਕਿ ਕਪੂਰ ਦੀ ਐਨਵਾ ਈਸੀ ਗੈਲਰੀ ਵਿਚ 2000 ਸਾਲ ਪੁਰਾਣਾ ਟੈਰਾਕੋਟਾ ਦਾ ਛੁਣਛੁਣਾ ਹੈ ਜਿਸ ਤੋਂ ਬਾਅਦ ਹੋਨੋਲੂਲੂ ਵਿਚ ਸੁਰੱਖਿਆ ਅਧਿਕਾਰੀਆਂ ਨੇ ਪਿਛਲੇ ਸਾਲ ਅਜਾਇਬ ਘਰ ਨਾਲ ਸੰਪਰਕ ਕੀਤਾ ਸੀ। ਇਸ ਤੋਂ ਬਾਅਦ ਸ਼ੱਕ ਹੋ ਗਿਆ ਕਿ ਕਪੂਰ ਦਾ ਛੇ ਹੋਰ ਵਸਤਾਂ ਨਾਲ ਵੀ ਸਬੰਧ ਹੋ ਸਕਦਾ ਹੈ। ਕਪੂਰ ਨੂੰ 2011 ਵਿਚ ਜਰਮਨੀ ਤੋਂ ਇੰਟਰਪੋਲ ਦੇ ਰੈੱਡ ਨੋਟਿਸ ਤੋਂ ਬਾਅਦ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸ ਨੂੰ ਭਾਰਤ ਹਵਾਲੇ ਕਰ ਦਿੱਤਾ ਗਿਆ ਸੀ ਜਿਥੇ ਉਸ ਖ਼ਿਲਾਫ਼ ਕੇਸ ਦੀ ਸੁਣਵਾਈ ਚੱਲ ਰਹੀ ਹੈ।

## ਅਰਵਿੰਦ ਖੰਨਾ ਦੀ ਕਾਂਗਰਸ 'ਚੋਂ ਛੁੱਟੀ?

**ਸੰਗਰੂਰ:** ਧੂਰੀ ਤੋਂ ਅਸਤੀਫ਼ਾ ਦੇ ਚੁੱਕੇ ਕਾਂਗਰਸੀ ਵਿਧਾਇਕ ਅਰਵਿੰਦ ਖੰਨਾ ਨੂੰ ਪਾਰਟੀ ਵਿਚੋਂ 6 ਸਾਲ ਲਈ ਬਾਹਰ ਕਰ ਦਿੱਤਾ ਗਿਆ ਹੈ। ਪਾਰਟੀ ਦੇ ਸੂਬਾ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਦੱਸਿਆ ਕਿ ਧੂਰੀ ਦੀ ਜ਼ਿਮਨੀ ਚੋਣ ਸਾਜਿਸ਼ ਤਹਿਤ ਕਰਵਾਈ ਗਈ ਹੈ ਕਿਉਂਕਿ ਅਰਵਿੰਦ ਖੰਨਾ ਵਪਾਰੀ ਆਦਮੀ ਹੈ ਅਤੇ ਇਸ ਨੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਸੌਦਾ ਕਰ ਕੇ ਅਸਤੀਫਾ ਦਿੱਤਾ ਸੀ। ਇਸ ਸੌਦੇ ਅਧੀਨ 2016 ਵਿਚ ਅਕਾਲੀ ਦਲ ਵਲੋਂ ਅਰਵਿੰਦ ਖੰਨਾ ਨੂੰ ਰਾਜ ਸਭਾ ਵਿਚ ਭੇਜਿਆ ਜਾਵੇਗਾ। ਉਂਝ ਬਾਅਦ ਵਿਚ ਸ. ਬਾਜਵਾ, ਅਰਵਿੰਦ ਖੰਨਾ ਨੂੰ ਪਾਰਟੀ ਵਿਚੋਂ ਕੱਢਣ ਦੇ ਬਿਆਨ ਤੋਂ ਮੁੱਕਰ ਗਏ।


## Matrimonial

*ਕੰਨਿਆ ਦੀ ਲੋੜ*

Wanted match for Sikh clean shaven boy, working as software engineer 28/5' 10" making six figures. Caste no bar. Please contact (425)773-9030 or garys4351@gmail.com.

Wanted suitable match for US born, handsome Sikh clean shaven Bachelor, MBA, 37, 6'-0", runs his own business. Contact: 513-546-7246, e-mail: sunjeet1@hotmail.com 14-17

Looking suitable match for Jat Sikh, Dhillon, 26, 5'-11" handsome, athlete, very sober, clean shaven, boy running a gas station business with father in USA. Contact, Cell: 812-664-4021, Email: Dhillonzfamily@gmail.com 11-14

**Prince's Barber Shop**

**37477 Fremont Blvd, suite C, Fremont, CA 94536**

**Men & Children's Hair Cut**

*Threading *Custom Text
*Men's Facials *Hair Coler
*Custom Designing *Shave &
*Line-ups *Head Massage

*ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ*



**Business hours:**
**Mon thru Thursday 9am to 8pm**
**Friday, Sat- Sunday- 9am to 7pm**
**(Tuesday Closed)**



**Cell: (510)-677-9942**
**Shop: (510)-505-9605**
*www.princebarbershop.com*

# ਕੱਰੀ ਕੁੱਕ ਤੇ ਵੇਟਰ ਦੀ ਫੌਰੀ ਲੋੜ ਹੈ

ਇੰਡੀਆਨਾ ਵਿਚ ਵਧੀਆ ਚਲਦੇ ਭਾਰਤੀ ਰੈਸਟੋਰੈਂਟ ਲਈ ਕੱਰੀ ਕੁੱਕ ਤੇ ਵੇਟਰ ਦੀ ਫੌਰੀ ਤੌਰ 'ਤੇ ਲੋੜ ਹੈ
*ਚੰਗੀ ਤਨਖਾਹ ਅਤੇ ਮੁਫਤ ਰਿਹਾਇਸ਼ *ਸਹੀ ਵਿਅਕਤੀ ਨੂੰ ਸਪਾਂਸਰ ਵੀ ਕੀਤਾ ਜਾ ਸਕਦਾ ਹੈ

**Restaurant Help**

**Immediately hiring CURRY COOK & WAITER for Indian restaurant in Indiana.**

***Good salary and free accommodation.***
***Sponsorship is available for right candidate.***

**ਟੋਨੀ, ਫੋਨ: 317-340-1470** 14-16

# ਧੂਰੀ ਚੋਣ ਅਖਾੜਾ: ਲੋਕ ਮੁੱਦਿਆਂ ਦੀ ਥਾਂ ਤੋਹਮਤਾਂ ਦਾ ਦੌਰ

**ਧੂਰੀ:** ਵਿਧਾਨ ਸਭਾ ਹਲਕਾ ਧੂਰੀ ਦੀ ਜ਼ਿਮਨੀ ਚੋਣ ਲਈ ਪਾਰਟੀਆਂ ਨੇ ਪੂਰੀ ਤਾਕਤ ਝੋਕ ਦਿੱਤੀ ਹੈ। ਸਾਰੀਆਂ ਪਾਰਟੀਆਂ ਦੇ ਵੱਡੇ ਆਗੂ ਇਸ ਮੌਕੇ ਧੂਰੀ ਦੇ ਵੋਟਰਾਂ ਨੂੰ ਕਾਇਲ ਕਰਨ ਲਈ ਜ਼ੋਰ-ਅਜ਼ਮਾਈ ਕਰ ਰਹੇ ਹਨ। ਹਲਕੇ ਦੇ ਵੋਟਰਾਂ ਅੰਦਰ ਇਕ ਲੱਖ 48 ਹਜ਼ਾਰ ਵੋਟਰਾਂ ਵਿਚੋਂ ਪਾਰਟੀਆਂ ਨੂੰ ਕੋਈ ਉਮੀਦਵਾਰ ਨਾ ਮਿਲਣ ਦਾ ਮਲਾਲ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਦੀ ਅਗਵਾਈ ਵਿਚ ਮੰਤਰੀ ਤੇ ਵਿਧਾਇਕ ਹਲਕੇ ਦੇ ਚੱਪੇ-ਚੱਪੇ 'ਤੇ ਮੌਜੂਦ ਹਨ। ਸਿਆਸੀ ਧਿਰਾਂ ਲੋਕ ਮੁੱਦੇ ਵਿਸਾਰ ਕੇ ਇਕ-ਦੂਜੇ ਖਿਲਾਫ ਦੂਸ਼ਣਬਾਜ਼ੀ ਕਰਨ ਵਿਚ ਜੁਟੀਆਂ ਹੋਈਆਂ ਹਨ।

ਅਕਾਲੀ-ਭਾਜਪਾ ਦੇ ਉਮੀਦਵਾਰ ਗੋਬਿੰਦ ਸਿੰਘ ਲੌਂਗੋਵਾਲ ਦੇ ਪੱਖ ਵਿਚ ਅਗਲੇ ਦੋ ਸਾਲਾਂ ਦੇ ਵਿਕਾਸ ਤੇ ਬਰਨਾਲਾ ਪਰਿਵਾਰ ਵੱਲੋਂ ਅਕਾਲੀ ਦਲ ਦੀਆਂ ਨਿਆਮਤਾਂ ਦੀ ਬੇਕਦਰੀ ਕਰ ਕੇ ਕਾਂਗਰਸ ਵਿਚ ਚਲੇ ਜਾਣ ਨੂੰ ਮੁੱਦਾ ਬਣਾਇਆ ਜਾ ਰਿਹਾ ਹੈ। ਕੈਪਟਨ ਅਮਰਿੰਦਰ ਸਿੰਘ ਦੀਆਂ ਰੈਲੀਆਂ ਨਾਲ ਠੰਢੀ ਚੱਲ ਰਹੀ ਕਾਂਗਰਸ ਦੇ ਉਮੀਦਵਾਰ ਸਿਮਰਪ੍ਰਤਾਪ ਸਿੰਘ ਦੀ ਮੁਹਿੰਮ ਵਿਚ ਸਰਗਰਮੀ ਆਈ ਹੈ। ਕੈਪਟਨ ਨੇ ਆਪਣੇ ਵਿਧਾਇਕਾਂ ਦੇ ਲਾਮ-ਲਸ਼ਕਰ ਸਮੇਤ ਹਮਲਾਵਰ ਰੁਖ ਅਖ਼ਤਿਆਰ ਕਰਦਿਆਂ ਧੂਰੀ ਚੋਣ ਨੂੰ 2017 ਦੀਆਂ ਚੋਣਾਂ ਲਈ ਸੈਮੀ-ਫਾਈਨਲ ਦਾ ਨਾਂ ਦੇ ਦਿੱਤਾ ਹੈ। ਅਕਾਲੀ ਦਲ (ਅੰਮ੍ਰਿਤਸਰ) ਦੇ ਉਮੀਦਵਾਰ ਸੁਰਜੀਤ ਸਿੰਘ ਕਾਲਾਬੂਲਾ ਦੀ ਚੋਣ ਮੁਹਿੰਮ ਲੋਕਾਂ ਨਾਲ ਨਿੱਜੀ ਤਾਲਮੇਲ ਕਾਰਨ ਅੱਗੇ ਵਧ ਰਹੀ ਹੈ। ਦੋ ਵਾਰ ਸ਼੍ਰੋਮਣੀ ਕਮੇਟੀ ਦੀ ਚੋਣ ਜਿੱਤਣ ਵਾਲੇ ਕਾਲਾਬੂਲਾ ਨੂੰ ਕਾਂਗਰਸ ਦੇ ਸਾਬਕਾ ਵਿਧਾਇਕ ਧਨਵੰਤ ਸਿੰਘ ਦਾ ਸਮਰਥਨ ਮਿਲਣ ਦੀ ਸੰਭਾਵਨਾ ਹੈ। ਧਨਵੰਤ ਸਿੰਘ ਨੇ 1992 ਵਿਚ ਕਾਂਗਰਸ ਤੇ 1997 ਵਿਚ ਟਿਕਟ ਨਾ ਮਿਲਣ ਕਰਕੇ ਆਜ਼ਾਦ ਤੌਰ ਉਤੇ ਚੋਣ ਜਿੱਤੀ ਸੀ। ਆਪਣੇ ਪਿੰਡ ਮਾਨਾਂ ਵਿਚ ਰਹਿ ਰਹੇ ਧਨਵੰਤ ਦਾ ਬਹੁਤ ਸਾਰੇ ਪਿੰਡਾਂ ਵਿਚ ਨਿੱਜੀ ਅਸਰ-ਰਸੂਖ ਹੈ। ਉਹ ਇਸ ਵਾਰ ਟਿਕਟ ਦੇ ਚਾਹਵਾਨ ਸਨ।

ਅਕਾਲੀ ਦਲ ਦੇ ਇਕ ਮੰਤਰੀ ਨੇ ਦੱਸਿਆ ਕਿ ਪਾਰਟੀ ਦਾ ਕੰਮ ਭਾਜਪਾ ਤੋਂ ਬਿਨਾਂ ਹੀ ਚੱਲ ਜਾਣਾ ਹੈ। ਭਾਜਪਾ ਦੇ ਸ਼ਹਿਰ ਵਿਚ ਤਿੰਨ ਗਰੁੱਪ ਬਣ ਗਏ ਹਨ। ਸਾਰੇ ਆਪੋ-ਆਪਣੇ ਦਫ਼ਤਰ ਖੋਲ੍ਹ ਕੇ ਅਕਾਲੀ-ਭਾਜਪਾ ਉਮੀਦਵਾਰ ਦੇ ਸਮਰਥਨ ਦੀ ਰਸਮ ਨਿਭਾਅ ਰਹੇ ਹਨ। ਸ਼ਹਿਰ ਦੀ 38 ਹਜ਼ਾਰ ਵੋਟ ਉਤੇ ਅਕਾਲੀ ਦਲ ਦਾ ਵਿਸ਼ੇਸ਼ ਜ਼ੋਰ ਲੱਗ ਰਿਹਾ ਹੈ। ਪਾਰਟੀ ਨੇ ਆਪਣੇ ਹਿੰਦੂ ਚਿਹਰਿਆਂ ਨੂੰ ਸ਼ਹਿਰ ਦੀ ਜ਼ਿੰਮੇਵਾਰੀ ਸੌਂਪੀ ਹੈ। ਅਕਾਲੀ ਦਲ ਵੱਲੋਂ ਨਵੀਂ ਰਣਨੀਤੀ ਤਹਿਤ ਕਾਂਗਰਸ ਨੂੰ ਨਜ਼ਰਅੰਦਾਜ਼ ਕਰਕੇ ਚੋਣ ਮੁਹਿੰਮ ਨੂੰ ਅਕਾਲੀ ਪਰਿਵਾਰਾਂ ਦੀ ਪਾਰਟੀ ਨਾਲ ਵਫ਼ਾਦਾਰੀ ਜਾਂ ਗੱਦਾਰੀ ਦੇ ਰੂਪ ਵਿਚ ਪੇਸ਼ ਕੀਤਾ ਜਾ ਰਿਹਾ ਹੈ। ਕਾਂਗਰਸ ਤੇ ਅਕਾਲੀ ਦਲ (ਮਾਨ) ਆਪਣੀ ਬੇੜੀ ਇਸ ਸੱਤਾ-ਵਿਰੋਧੀ ਭਾਵਨਾ ਨਾਲ ਪਾਰ ਲਗਾਉਣ ਦੀ ਕੋਸ਼ਿਸ਼ ਵਿਚ ਹਨ, ਜਦੋਂਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਆਪਣੇ ਚੋਣ ਲੜਨ ਦੇ ਤਜਰਬੇ ਤੇ ਪ੍ਰਬੰਧਕੀ ਯੋਗਤਾ ਦੇ ਸਹਾਰੇ ਚੋਣ ਜਿੱਤਣ ਦੀ ਰਣਨੀਤੀ ਘੜੀ ਹੋਈ ਹੈ। ਕੁੱਲ 74 ਪਿੰਡਾਂ ਵਿਚੋਂ ਪੰਜ-ਪੰਜ ਪਿੰਡਾਂ ਦਾ ਇੰਚਾਰਜ ਲਗਾ ਦਿੱਤਾ ਗਿਆ ਹੈ ਤੇ ਅੱਗੇ ਜ਼ਿੰਮੇਵਾਰੀ ਵਿਧਾਇਕਾਂ ਨੂੰ ਸੌਂਪੀ ਗਈ ਹੈ। ਅਕਾਲੀ ਦਲ ਵੀ ਧੜੇਬੰਦੀ ਤੋਂ ਰਹਿਤ ਨਹੀਂ ਹੈ। ਖਾਸ ਤੌਰ 'ਤੇ ਧੂਰੀ ਸ਼ਹਿਰ ਵਿਚ ਪਾਰਟੀ ਨੂੰ ਕਾਫ਼ੀ ਮੁਸ਼ੱਕਤ ਕਰਨੀ ਪੈ ਰਹੀ ਹੈ। ਧੜੇਬੰਦੀ ਕਾਰਨ ਹੀ ਸ਼ਨਿੱਚਰਵਾਰ ਨੂੰ ਮੁੱਖ ਮੰਤਰੀ ਨੂੰ ਪਲਾਸੌਰ ਤੇ ਭਲਵਾਨ ਵਿਚ ਵੱਖ-ਵੱਖ ਆਗੂਆਂ ਦੀ ਸੰਤੁਸ਼ਟੀ ਲਈ ਦੋ-ਦੋ ਮੀਟਿੰਗਾਂ ਕਰਨੀਆਂ ਪਈਆਂ। ਲੋਕਾਂ ਨੇ ਮੂਲੋਵਾਲ, ਰਾਜੋਮਾਜਰਾ ਤੇ ਬੁਗਰਾ ਸਮੇਤ ਕਈ ਪਿੰਡਾਂ ਵਿਚ ਮਨਰੇਗਾ ਦਾ ਪੈਸਾ ਨਾ ਮਿਲਣ, ਪੈਨਸ਼ਨਾਂ, ਆਟਾ-ਦਾਲ ਵਰਗੀਆਂ ਹੋਰ ਸਕੀਮਾਂ ਦਾ ਲਾਹਾ ਨਾ ਮਿਲਣ ਦਾ ਜ਼ਿਕਰ ਕੀਤਾ, ਜਦੋਂਕਿ ਮੁੱਖ ਮੰਤਰੀ ਨੇ ਆਪਣੇ ਭਾਸ਼ਣ ਦੌਰਾਨ ਇਨ੍ਹਾਂ ਸਮੱਸਿਆ ਦਾ ਜ਼ਿਕਰ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਇਲਾਕੇ ਦਾ ਵਿਕਾਸ ਸੱਤਾਧਾਰੀ ਪਾਰਟੀ ਦਾ ਵਿਧਾਇਕ ਹੀ ਕਰਵਾ ਸਕਦਾ ਹੈ ਤੇ ਇਹ ਗੱਲ ਸਮਝਣੀ ਚਾਹੀਦੀ ਹੈ। ਉਨ੍ਹਾਂ ਬਰਨਾਲਾ ਪਰਿਵਾਰ 'ਤੇ ਅਕਾਲੀ ਦਲ ਵੱਲੋਂ ਦਿੱਤੇ ਅਹਿਮ ਅਹੁਦਿਆਂ ਦੇ ਬਾਵਜੂਦ ਪਾਰਟੀ ਵਿਰੋਧੀ ਖੜ੍ਹਨ ਦਾ ਦੋਸ਼ ਲਾਇਆ।

## ਵੋਟਰਾਂ ਨੂੰ ਕੀਲਣ 'ਚ ਲੱਗਿਆ ਉਮੀਦਵਾਰਾਂ ਦਾ ਪੂਰਾ ਜ਼ੋਰ



### ਕੈਪਟਨ ਧੜਾ ਵੀ ਚੋਣ ਮੁਹਿੰਮ ਵਿਚ ਕੁੱਦਿਆ

**ਸ਼ੇਰਪੁਰ:** ਧੂਰੀ ਤੋਂ ਕਾਂਗਰਸ ਤੇ ਸਾਂਝੇ ਮੋਰਚੇ ਦੇ ਉਮੀਦਵਾਰ ਸਿਮਰ ਪ੍ਰਤਾਪ ਸਿੰਘ ਬਰਨਾਲਾ ਦੀ ਚੋਣ ਮੁਹਿੰਮ ਨੂੰ ਉਸ ਸਮੇਂ ਵੱਡਾ ਹੁੰਗਾਰਾ ਮਿਲਿਆ ਜਦੋਂ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੱਖ-ਵੱਖ ਪਿੰਡਾਂ ਵਿਚ ਚੋਣ ਪ੍ਰਚਾਰ ਕੀਤਾ। ਉਨ੍ਹਾਂ ਅਕਾਲੀ-ਭਾਜਪਾ ਸਰਕਾਰ 'ਤੇ ਵਰ੍ਹਦਿਆਂ ਕਿਹਾ ਕਿ ਅੱਠ ਸਾਲਾਂ ਦੇ ਰਾਜ ਦੌਰਾਨ ਸੂਬੇ ਵਿਚ ਭੁੱਖਮਰੀ, ਬੇਰੁਜ਼ਗਾਰੀ, ਨਸ਼ਾਖੋਰੀ, ਰਿਸ਼ਵਤਖੋਰੀ ਭਾਰੂ ਰਹੀ। ਉਨ੍ਹਾਂ ਦੋਸ਼ ਲਾਇਆ ਕਿ ਬਾਦਲ ਦੇ ਵਿਕਾਸ ਤੋਂ ਸਿਵਾਏ ਕਿਸੇ ਵੀ ਹੋਰ ਖੇਤਰ ਦਾ ਵਿਕਾਸ ਹੋਇਆ ਨਜ਼ਰ ਨਹੀਂ ਆਉਂਦਾ। ਉਨ੍ਹਾਂ ਦਾਅਵਾ ਕੀਤਾ ਕਿ 2017 ਵਿਚ ਕਾਂਗਰਸ ਦੀ ਹਕੂਮਤ ਹੋਵੇਗੀ ਤੇ ਧੂਰੀ ਹਲਕੇ ਦੇ ਲੋਕ ਸਿਮਰ ਪ੍ਰਤਾਪ ਸਿੰਘ ਬਰਨਾਲਾ ਨੂੰ ਜਿਤਾ ਕੇ ਕਾਂਗਰਸ ਦੇ ਰਾਜ ਦੀ ਸੂਬੇ ਵਿਚ ਸਥਾਪਤੀ ਦਾ ਮੁੱਢ ਬੰਨ੍ਹਣ।

## ਖੱਬੇ ਪੱਖੀਆਂ ਦੀ ਰੈਲੀ ਨੇ ਵਿਰੋਧੀਆਂ ਨੂੰ ਪਾਇਆ ਵਖਤ

**ਧੂਰੀ:** ਚਾਰ ਕਮਿਊਨਿਸਟ ਪਾਰਟੀਆਂ ਵੱਲੋਂ ਧੂਰੀ ਹਲਕੇ ਤੋਂ ਚੋਣ ਲੜ ਰਹੇ ਉਮੀਦਵਾਰ ਕਾ. ਸੁਖਦੇਵ ਸ਼ਰਮਾ ਦੇ ਹੱਕ ਵਿਚ ਕ੍ਰਾਂਤੀ ਚੌਕ ਵਿਖੇ ਚੋਣ ਰੈਲੀ ਕੀਤੀ ਗਈ। ਇਸ ਮੌਕੇ ਕਮਿਊਨਿਸਟ ਪਾਰਟੀਆਂ ਦੀ ਆਸ ਤੋਂ ਵੱਧ ਇਕੱਠ ਨੇ ਸੱਤਾਧਾਰੀ ਧਿਰ ਤੇ ਹੋਰ ਵਿਰੋਧੀਆਂ ਨੂੰ ਵਖਤ ਪਾ ਦਿੱਤਾ। ਰੈਲੀ ਦੀ ਪ੍ਰਧਾਨਗੀ ਸੀ.ਪੀ.ਆਈ. ਦੇ ਸੁਖਵਿੰਦਰ ਸਿੰਘ, ਸੀ.ਪੀ.ਆਈ. (ਐਮ ਐਲ) ਜਗਸੀਰ ਸਿੰਘ ਘਨੌਰੀ ਤੇ ਸੀ.ਪੀ.ਐਮ. ਮੇਜਰ ਸਿੰਘ ਪੁੰਨਾਂਵਾਲ ਨੇ ਕੀਤੀ। ਇਸ ਰੈਲੀ ਨੂੰ ਸੰਬੋਧਨ ਕਰਦਿਆਂ ਸੀ.ਪੀ.ਆਈ. ਦੇ ਸੂਬਾ ਸਕੱਤਰ ਕਾਮਰੇਡ ਹਰਦੇਵ ਅਰਸ਼ੀ ਨੇ ਕਿਹਾ ਕਿ ਕਾਂਗਰਸ ਨੂੰ ਵੋਟਾਂ ਮੰਗਣ ਦਾ ਕੋਈ ਹੱਕ ਨਹੀਂ ਹੈ ਕਿਉਂਕਿ ਪਾਰਟੀ ਦੇ ਐਮਐਲਏ ਅਸਤੀਫ਼ਾ ਦੇ ਕੇ ਲੋਕਾਂ ਤੇ ਰਾਜਨੀਤਕ ਪਾਰਟੀਆਂ ਨੂੰ ਜ਼ਿਮਨੀ ਚੋਣ ਵੱਲ ਧੱਕਿਆ ਹੈ ਜਿਸ ਵਿਚ ਕਰੋੜਾਂ ਦਾ ਨਾਜਾਇਜ਼ ਖਰਚਾ ਲੋਕਾਂ ਦੇ ਗਲ ਪਿਆ ਹੈ।

## ਧੂਰੀ ਜ਼ਿਮਨੀ ਚੋਣ ਤੋਂ ਭਾਰਤੀ ਜਨਤਾ ਪਾਰਟੀ ਦੂਰ

**ਧੂਰੀ:** ਧੂਰੀ ਜ਼ਿਮਨੀ ਚੋਣ ਤੋਂ ਪੰਜਾਬ ਭਾਜਪਾ ਨੇ ਅਜੇ ਤੱਕ ਦੂਰੀ ਬਣਾਈ ਹੋਈ ਹੈ। ਦੇਖਣ ਵਿਚ ਆਇਆ ਹੈ ਕਿ ਧੂਰੀ ਹਲਕੇ ਵਿਚ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਵੱਲੋਂ ਕੀਤੇ ਜਲਸਿਆਂ ਵਿਚ ਵੀ ਹੁਣ ਤੱਕ ਭਾਜਪਾ ਤੇ ਸੂਬਾਈ ਆਗੂਆਂ ਨੇ ਸ਼ਿਰਕਤ ਨਹੀਂ ਕੀਤੀ। ਇਕ ਪਾਸੇ ਜਿਥੇ ਕਾਂਗਰਸ ਦੇ ਧੜਿਆਂ ਵਿਚ ਵੰਡੀ ਹੋਈ ਹੈ, ਤਾਂ ਦੂਜੇ ਪਾਸੇ ਸੱਤਾਧਾਰੀ ਅਕਾਲੀ ਭਾਜਪਾ ਵਿਚਕਾਰ ਵੀ ਤਰੇੜਾਂ ਵੇਖਣ ਨੂੰ ਮਿਲ ਰਹੀਆਂ ਹਨ। ਸ਼੍ਰੋਮਣੀ ਅਕਾਲੀ ਦਲ ਭਾਜਪਾ ਨੇ ਉਪ ਚੋਣ ਵਿਚ ਗੋਬਿੰਦ ਸਿੰਘ ਲੌਂਗੋਵਾਲ ਨੂੰ ਇਸ ਵਾਰ ਟਿਕਟ ਦਿੱਤੀ ਹੋਈ ਹੈ। ਦੂਜੇ ਪਾਸੇ ਭਾਜਪਾ ਦਾ ਧੂਰਾ ਧਿਆਨ ਆਪਣੇ ਮੈਂਬਰਸ਼ਿਪ ਅਭਿਆਨ ਵੱਲ ਹੈ।

# ਭਾਜਪਾ ਨੇ ਪੰਜਾਬ ਦੇ ਪੇਂਡੂ ਹਲਕਿਆਂ ਵਿਚ ਵੀ ਪੈਰ ਪਸਾਰੇ

**ਜਲੰਧਰ:** ਭਾਜਪਾ ਨੇ ਪੰਜਾਬ ਵਿਚ ਜਿਥੇ 18 ਲੱਖ ਰਿਕਾਰਡ ਮੈਂਬਰਸ਼ਿਪ ਕੀਤੀ ਹੈ ਉਥੇ ਨਾਲ ਹੀ ਪੇਂਡੂ ਹਲਕਿਆਂ ਵਿਚ ਭਾਜਪਾ ਨੇ ਅੱਠ ਲੱਖ ਤੋਂ ਜ਼ਿਆਦਾ ਮੈਂਬਰਸ਼ਿਪ ਕਰਕੇ ਆਪਣੇ ਪੈਰ ਪਸਾਰ ਲਏ ਹਨ। ਭਾਜਪਾ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਨੇ ਅੱਠ ਲੱਖ ਤੋਂ ਜ਼ਿਆਦਾ ਮੈਂਬਰਸ਼ਿਪ ਕਰਕੇ ਪੇਂਡੂ ਹਲਕਿਆਂ ਵਿਚ ਪੈਰ ਪਸਾਰਨ ਲਈ ਪੰਜਾਬ ਭਾਜਪਾ ਪ੍ਰਧਾਨ ਸਮੇਤ ਪੂਰੀ ਟੀਮ ਦੀ ਸ਼ਲਾਘਾ ਕੀਤੀ ਹੈ। ਦਿੱਲੀ ਵਿਚ ਸ੍ਰੀ ਅਮਿਤ ਸ਼ਾਹ ਨਾਲ ਹੋਈ ਮੀਟਿੰਗ ਵਿਚ ਪੰਜਾਬ ਭਾਜਪਾ ਪ੍ਰਧਾਨ ਕਮਲ ਸ਼ਰਮਾ, ਕੌਮੀ ਸਕੱਤਰ ਤਰੁਣ ਚੁੱਘ ਸਮੇਤ ਪੰਜਾਬ ਦੇ ਆਰ.ਐਸ.ਐਸ. ਦੇ ਸੀਨੀਅਰ ਆਗੂ ਸ਼ਾਮਲ ਹੋਏ ਦੱਸੇ ਜਾਂਦੇ ਹਨ। ਮੀਟਿੰਗ ਵਿਚ ਸ੍ਰੀ ਅਮਿਤ ਸ਼ਾਹ ਨੇ ਜਾਣਕਾਰੀ ਦਿੱਤੀ ਕਿ ਪੰਜਾਬ ਯੂਨਿਟ ਨੇ 18 ਲੱਖ ਮੈਂਬਰਸ਼ਿਪ ਵਿਚੋਂ ਅੱਠ ਲੱਖ ਤੋਂ ਜ਼ਿਆਦਾ ਮੈਂਬਰਸ਼ਿਪ ਪੇਂਡੂ ਹਲਕਿਆਂ ਵਿਚ ਕੀਤੀ ਹੈ। ਮੀਟਿੰਗ ਵਿਚ ਦੱਸਿਆ ਗਿਆ ਕਿ ਪੰਜਾਬ ਲਈ ਮੈਂਬਰਸ਼ਿਪ ਦਾ ਟੀਚਾ 15 ਲੱਖ ਦੇ ਕਰੀਬ ਰੱਖਿਆ ਗਿਆ ਸੀ।31 ਮਾਰਚ ਨੂੰ ਚਾਹੇ ਦੇਸ਼ ਭਰ ਵਿਚ ਮੈਂਬਰਸ਼ਿਪ ਕਰਨ ਦਾ ਕੰਮ ਖਤਮ ਹੋ ਗਿਆ ਹੈ ਪਰ ਸ੍ਰੀ ਅਮਿਤ ਸ਼ਾਹ ਨੇ ਦੱਸਿਆ ਕਿ ਜਿਨ੍ਹਾਂ ਨਿਗਮਾਂ ਤੇ ਕੌਂਸਲਾਂ ਵਿਚ ਮਿਊਂਸਪਲ ਚੋਣਾਂ ਹੋਈਆਂ ਸਨ, ਉਥੇ ਵਰਕਰਾਂ ਤੇ ਆਗੂਆਂ ਤੋਂ ਇਕ ਮਹੀਨਾ ਮੈਂਬਰਸ਼ਿਪ ਕਰਨ ਦਾ ਕੰਮ ਨਹੀਂ ਹੋਇਆ ਜਿਸ ਕਰਕੇ ਇਨ੍ਹਾਂ ਇਲਾਕਿਆਂ ਵਿਚ ਮੈਂਬਰਸ਼ਿਪ ਕਰਨ ਦਾ ਸਮਾਂ ਇਕ ਮਹੀਨਾ ਹੋਰ ਵਧਾ ਦਿੱਤਾ ਹੈ।

# ਬਰਤਾਨੀਆ ਵਿਚ ਗੈਰਕਾਨੂੰਨੀ ਪਰਵਾਸੀਆਂ ਖਿਲਾਫ ਮੁਹਿੰਮ

**ਲੰਡਨ:** ਗੈਰਕਾਨੂੰਨੀ ਪਰਵਾਸੀਆਂ ਉਤੇ ਨਕੇਲ ਕਸਣ ਲਈ ਬਰਤਾਨੀਆ ਦੇ ਅਧਿਕਾਰੀਆਂ ਨੇ ਦੇਸ਼ ਭਰ ਵਿਚ ਕਈ ਵਪਾਰਕ ਅਦਾਰਿਆਂ ਉਤੇ ਛਾਪੇ ਮਾਰੇ ਹਨ। ਇਨ੍ਹਾਂ ਵਿਚ ਭਾਰਤੀ ਤੇ ਚੀਨੀ ਰੈਸਤਰਾਂ ਸ਼ਾਮਲ ਹਨ। ਰੈਸਤਰਾਂ ਤੋਂ ਇਲਾਵਾ ਪੈਟਰੋਲ ਸਟੇਸ਼ਨਾਂ ਤੇ ਕਾਰ ਧੋਣ ਵਾਲੀਆਂ ਥਾਵਾਂ 'ਤੇ ਮਾਰੇ ਛਾਪਿਆਂ ਦੌਰਾਨ 40 ਦੇ ਕਰੀਬ ਗ਼ੈਰ ਕਾਨੂੰਨੀ ਪਰਵਾਸੀ ਰੋਜ਼ਾਨਾ ਫੜੇ ਗਏ। ਬਰਤਾਨੀਆ ਵਿਚ ਭਾਰਤੀ ਉਪ ਮਹਾਂਦੀਪ ਨਾਲ ਸਬੰਧਤ ਖਾਣੇ ਵਰਤਾਉਣ ਵਾਲੇ ਸਾਰੇ ਰੈਸਤਰਾਂ ਨੂੰ 'ਇੰਡੀਅਨ ਕਰੀ' ਦੇ ਨਾਂ ਨਾਲ ਸੰਬੋਧਨ ਕੀਤਾ ਜਾਂਦਾ ਹੈ। ਇਨ੍ਹਾਂ ਵਿਚੋਂ ਬਹੁਤੇ ਰੈਸਤਰਾਂ ਗ਼ੈਰ ਕਾਨੂੰਨੀ ਮੁਲਾਜ਼ਮਾਂ ਨੂੰ ਨੌਕਰੀਆਂ ਦੇਣ ਦੇ ਦੋਸ਼ੀ ਹਨ। ਗ਼ੈਰ ਕਾਨੂੰਨੀ ਪਰਵਾਸੀਆਂ ਵਿਚ ਬੰਗਲਾਦੇਸ਼ੀ ਤੇ ਪਾਕਿਸਤਾਨੀ ਮੂਲ ਦੇ ਲੋਕ ਸ਼ਾਮਲ ਹਨ।

'ਦਿ ਡੇਲੀ ਟੈਲੀਗ੍ਰਾਫ' ਦੀ ਰਿਪੋਰਟ ਮੁਤਾਬਕ ਬਰਤਾਨੀਆ ਦੇ ਗ੍ਰਹਿ ਵਿਭਾਗ ਦੇ ਅੰਕੜੇ ਦੱਸਦੇ ਹਨ ਕਿ ਗ਼ੈਰ ਕਾਨੂੰਨੀ ਪਰਵਾਸੀ ਕੰਮ ਕਰਦੇ ਮਿਲਣ ਉਤੇ ਭਾਰਤੀ, ਪਾਕਿਸਤਾਨੀ ਤੇ ਸ੍ਰੀਲੰਕਾ ਦੇ ਰੈਸਤਰਾਵਾਂ ਵੱਲ 10 ਲੱਖ ਤੇ ਚੀਨ ਦੇ ਰੈਸਤਰਾਵਾਂ ਵੱਲ 5 ਲੱਖ ਪੌਂਡ ਦਾ ਜੁਰਮਾਨਾ ਬਕਾਇਆ ਹੈ। ਫੜੇ ਗਏ ਪਰਵਾਸੀਆਂ ਵਿਚੋਂ ਬਹੁਤੇ ਵਿਜ਼ੀਟਰ ਵੀਜ਼ਾ 'ਤੇ ਆਏ ਤੇ ਵੀਜ਼ਾ ਖਤਮ ਹੋਣ ਮਗਰੋਂ ਇਥੇ ਹੀ ਰਹਿ ਗਏ। ਇਨ੍ਹਾਂ ਵਿਚੋਂ ਕਈ ਮਨੁੱਖੀ ਤਸਕਰੀ ਰਾਹੀਂ ਵੀ ਇਥੇ ਲਿਆਂਦੇ ਗਏ। ਇਸ ਬਾਰੇ ਮੁਹਿੰਮ 2010 ਵਿਚ ਸ਼ੁਰੂ ਕੀਤੀ ਗਈ ਸੀ ਤੇ ਪਿਛਲੇ ਚਾਰ ਸਾਲਾਂ ਵਿਚ ਮੁਲਜ਼ਮਾਂ ਨੂੰ ਫੜਨ ਦੀ ਗਿਣਤੀ ਦੁੱਗਣੀ ਹੋ ਗਈ ਹੈ। 2010 ਦੇ ਅੰਕੜਿਆਂ ਮੁਤਾਬਕ ਔਸਤਨ 20 ਗ਼ੈਰ ਕਾਨੂੰਨੀ ਪਰਵਾਸੀ ਹਰ ਰੋਜ਼ ਫੜੇ ਗਏ, ਜਦੋਂ ਕਿ ਬੀਤੇ ਸਾਲ 40 ਮੁਲਜ਼ਮ ਰੋਜ਼ਾਨਾ ਕਾਬੂ ਕੀਤੇ ਗਏ। ਸੂਚਨਾ ਕਾਨੂੰਨਾਂ ਦੀ ਆਜ਼ਾਦੀ ਤਹਿਤ ਗ੍ਰਹਿ ਵਿਭਾਗ ਤੋਂ ਹਾਸਲ ਜਾਣਕਾਰੀ ਮੁਤਾਬਕ ਪਿਛਲੇ ਸਾਲ 14,338 ਗ਼ੈਰ ਕਾਨੂੰਨੀ ਪਰਵਾਸੀ ਕਾਬੂ ਕੀਤੇ ਗਏ। ਕਿਸੇ ਮੁਲਾਜ਼ਮ ਨੂੰ ਨੌਕਰੀ ਦੇਣ ਤੋਂ ਪਹਿਲਾਂ ਉਸ ਦੇ ਪਿਛੋਕੜ ਬਾਰੇ ਪੜਤਾਲ ਨਾ ਕਰਨ ਵਾਲੇ ਵਪਾਰਕ ਅਦਾਰਿਆਂ ਨੂੰ ਪ੍ਰਤੀ ਵਰਕਰ 20 ਹਜ਼ਾਰ ਪੌਂਡ ਦਾ ਜੁਰਮਾਨਾ ਹੋ ਸਕਦਾ ਹੈ।

# 'ਆਪ' ਦੇ ਕਲੇਸ਼ ਤੋਂ ਬਹੁਤ ਦੁਖੀ ਨੇ ਵਰਕਰ

**ਜਲੰਧਰ:** ਆਮ ਆਦਮੀ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਵਿਚ ਚੱਲ ਰਹੇ ਕਲੇਸ਼ ਤੋਂ ਪੰਜਾਬ ਦੇ ਆਗੂ ਤੇ ਵਰਕਰ ਚਿੰਤਤ ਤਾਂ ਹਨ, ਪਰ ਕੁਝ ਇਕ ਨੂੰ ਛੱਡ ਕੇ ਪਾਰਟੀ ਪ੍ਰਤੀ ਸਾਰੇ ਹੀ ਸਮਰਪਿਤ ਨਜ਼ਰ ਆ ਰਹੇ ਹਨ। ਪਾਰਟੀ ਦੇ ਪਟਿਆਲਾ ਤੋਂ ਲੋਕ ਸਭਾ ਮੈਂਬਰ ਡਾ. ਧਰਮਵੀਰ ਗਾਂਧੀ ਦਿੱਲੀ ਵਿਚ ਹੋਈ ਕੌਮੀ ਕਾਰਜਕਾਰਨੀ ਦੀ ਮੀਟਿੰਗ ਦਾ ਬਾਈਕਾਟ ਕਰ ਗਏ ਸਨ ਤੇ ਉਨ੍ਹਾਂ ਵੱਲੋਂ ਜੋਗਿੰਦਰ ਯਾਦਵ ਤੇ ਪ੍ਰਸ਼ਾਂਤ ਭੂਸ਼ਣ ਨੂੰ ਅਹੁਦਿਆਂ ਤੋਂ ਹਟਾਏ ਜਾਣ ਦਾ ਵਿਰੋਧ ਵੀ ਕੀਤਾ ਗਿਆ ਸੀ। ਪਾਰਟੀ ਦੇ ਅੰਦਰੂਨੀ ਸੂਤਰਾਂ ਮੁਤਾਬਕ ਪਟਿਆਲਾ ਹਲਕੇ ਦੇ ਪਾਰਟੀ ਵਰਕਰਾਂ ਤੇ ਆਗੂਆਂ ਨੇ ਉਨ੍ਹਾਂ ਦੀ ਇਸ ਕਾਰਵਾਈ ਨੂੰ ਪਸੰਦ ਨਹੀਂ ਕੀਤਾ ਤੇ ਪਾਰਟੀ ਦੇ ਦੋ ਦਰਜਨ ਦੇ ਕਰੀਬ ਆਗੂਆਂ ਵੱਲੋਂ ਪੰਜਾਬ ਦੇ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਨੂੰ ਮਿਲ ਕੇ ਭਰੋਸਾ ਦਿਵਾਇਆ ਹੈ ਕਿ ਹਲਕੇ ਦੇ ਆਗੂ ਤੇ ਵਰਕਰ ਕੇਜਰੀਵਾਲ ਦੀ ਅਗਵਾਈ ਵਿਚ ਭਰੋਸਾ ਰੱਖਦੇ ਹਨ।

ਪਾਰਟੀ ਸੂਤਰਾਂ ਅਨੁਸਾਰ ਡਾ. ਧਰਮਵੀਰ ਗਾਂਧੀ ਨੇ ਕੌਮੀ ਕਾਰਜਕਾਰਨੀ ਦੀ ਮੀਟਿੰਗ ਵਿਚ ਹੋਏ ਫ਼ੈਸਲੇ ਨਾਲ ਵਿਰੋਧ ਤਾਂ ਪ੍ਰਗਟਾਇਆ ਹੈ, ਪਰ ਉਹ ਗੱਲ ਨੂੰ ਅੱਗੇ ਵਧਾਉਣ ਦੇ ਹਾਮੀ ਨਹੀਂ ਦੱਸੇ ਜਾ ਰਹੇ। 'ਆਪ' ਦੇ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਦਾ ਵੀ ਦਾਅਵਾ ਹੈ ਕਿ ਪੰਜਾਬ ਅੰਦਰ ਸਾਰੇ ਪਾਰਟੀ ਆਗੂ ਤੇ ਵਰਕਰ ਲੀਡਰਸ਼ਿਪ ਤੇ ਪਾਰਟੀ ਪ੍ਰਤੀ ਸਮਰਪਤ ਹਨ। ਪਾਰਟੀ ਦੇ ਆਗੂ ਐਡਵੋਕੇਟ ਐਚ.ਐਸ. ਫੂਲਕਾ ਦਾ ਕਹਿਣਾ ਹੈ ਕਿ ਦਿੱਲੀ ਦੇ ਪਾਰਟੀ ਮੈਂਬਰਾਂ ਤੇ ਆਗੂਆਂ ਦੇ ਗੁੱਸੇ ਦਾ ਸੇਕ ਯਾਦਵ-ਭੂਸ਼ਣ ਨੂੰ ਲੱਗ ਰਿਹਾ ਹੈ। ਅਰਵਿੰਦ ਕੇਜਰੀਵਾਲ ਦਾ ਇਸ ਵਿਚ ਕੋਈ ਕਸੂਰ ਨਹੀਂ। ਦਿੱਲੀ ਚੋਣਾਂ ਵਿਚ ਇਕ ਪਾਸੇ ਪਾਰਟੀ ਵਰਕਰ ਤੇ ਆਗੂ 18-18 ਘੰਟੇ ਕੰਮ ਕਰਦੇ ਰਹੇ, ਦੂਜੇ ਪਾਸੇ ਅਜਿਹੇ ਲੋਕ ਪਾਰਟੀ ਨੂੰ ਹਰਾਉਣ ਦੀਆਂ ਵਿਉਂਤਾਂ ਵਿਚ ਲੱਗੇ ਰਹੇ। ਜੇ ਕੋਈ ਹੋਰ ਪਾਰਟੀ ਹੁੰਦੀ ਤਾਂ ਉਸੇ ਵੇਲੇ ਇਨ੍ਹਾਂ ਨੂੰ ਪਾਰਟੀ ਵਿਚੋਂ ਬਾਹਰ ਕੀਤਾ ਹੁੰਦਾ ਪਰ 'ਆਪ' ਨੇ ਤਾਂ ਜਮਹੂਰੀ ਪ੍ਰਕਿਰਿਆ ਰਾਹੀਂ ਅਹੁਦਿਆਂ ਤੋਂ ਹਟਾਇਆ ਹੈ।

ਫਤਹਿਗੜ੍ਹ ਸਾਹਿਬ ਤੋਂ ਲੋਕ ਸਭਾ ਮੈਂਬਰ ਹਰਿੰਦਰ ਸਿੰਘ ਖ਼ਾਲਸਾ ਤੇ ਫਰੀਦਕੋਟ ਦੇ ਲੋਕ ਸਭਾ ਮੈਂਬਰ ਪ੍ਰੋ. ਸਾਧੂ ਸਿੰਘ 'ਆਪ' ਦੀਆਂ ਨੀਤੀਆਂ ਨਾਲ ਦਮ ਭਰਦੇ ਹਨ। ਲੱਗਦਾ ਹੈ ਕਿ ਪਾਰਟੀ ਅੰਦਰ ਪੈਦਾ ਹੋਇਆ ਮੌਜੂਦਾ ਟਕਰਾਅ ਇਕ ਪਾਸੇ ਖੱਬੇ ਪੱਖੀਆਂ ਤੋਂ ਬਦਜ਼ਨ ਹੋ ਕੇ 'ਆਪ' ਵਿਚ ਰਲੇ ਆਗੂਆਂ ਤੇ ਦੂਜੇ ਪਾਸੇ ਕਾਰਪੋਰੇਟ ਸੈਕਟਰ ਦੀ ਧੌਂਸ ਤੇ ਲੁੱਟ ਤੋਂ ਅੱਕੇ ਮੱਧ ਵਰਗ ਦੇ ਆਗੂਆਂ ਵਿਚਕਾਰ ਹੈ। ਪਾਰਟੀ ਤੋਂ ਮੁਅੱਤਲ ਕੀਤੇ ਪ੍ਰੋ. ਮਨਜੀਤ ਸਿੰਘ ਨੇ ਇਸ ਕਾਰਵਾਈ ਨੂੰ ਮੰਦਭਾਗੀ ਕਰਾਰ ਦਿੰਦਿਆਂ ਕਿਹਾ ਕਿ 'ਆਪ' ਸਵਰਾਜ ਦੇ ਨਾਂ ਉੱਪਰ ਬਣੀ ਸੀ। ਇਸ ਦਾ ਅਰਥ ਸੀ, ਹਰ ਬੰਦੇ ਨੂੰ ਜਮਹੂਰੀਅਤ ਦੇਣਾ, ਪਰ ਹੋ ਇਹ ਰਿਹਾ ਹੈ ਕਿ ਪਾਰਟੀ ਆਗੂਆਂ ਨੂੰ ਸਜ਼ਾ ਦੇਣ ਵੇਲੇ ਜੁਆਬਤਲਬੀ ਵੀ ਨਹੀਂ ਹੋ ਰਹੀ।



## ਵਰਕਰਾਂ ਵਿਚ ਕੋਈ ਭੰਬਲਭੂਸਾ ਨਹੀਂ: ਮਾਨ

ਸੰਗਰੂਰ ਤੋਂ ਲੋਕ ਸਭਾ ਮੈਂਬਰ ਭਗਵੰਤ ਮਾਨ ਨੇ ਕਿਹਾ ਕਿ 'ਆਪ' ਦੇ ਕੇਂਦਰੀ ਨੇਤਾਵਾਂ ਵਿਚ ਉੱਠੇ ਕਲੇਸ਼ ਤੋਂ ਪੰਜਾਬ ਦੇ ਪਾਰਟੀ ਵਰਕਰਾਂ ਵਿਚ ਚਿੰਤਾ ਤਾਂ ਹੈ ਪਰ ਸ੍ਰੀ ਅਰਵਿੰਦ ਕੇਜਰੀਵਾਲ ਦੀ ਲੀਡਰਸ਼ਿਪ ਬਾਰੇ ਉਨ੍ਹਾਂ ਵਿਚ ਕੋਈ ਭੰਬਲਭੂਸਾ ਜਾਂ ਦੁਚਿੱਤੀ ਨਹੀਂ। ਸ੍ਰੀ ਮਾਨ ਨੇ ਕਿਹਾ ਕਿ ਅਸੀਂ ਬਿਆਨਬਾਜ਼ੀ ਵਿਚ ਯਕੀਨ ਨਹੀਂ ਰੱਖਦੇ ਸਗੋਂ ਕੰਮ ਕਰਕੇ ਪਾਰਟੀ ਨੂੰ ਨੁਕਸਾਨ ਪਹੁੰਚਾਉਣ ਵਾਲਿਆਂ ਨੂੰ ਜੁਆਬ ਦਿਆਂਗੇ। ਦਿੱਲੀ ਦੇ ਟਰਾਂਸਪੋਰਟ ਮੰਤਰੀ ਨੂੰ ਜਲਦੀ ਹੀ ਸੰਗਰੂਰ ਸੱਦਾਂਗੇ ਤੇ ਉਥੇ ਟੈਕਸੀਆਂ ਤੇ ਟਰੱਕਾਂ ਵਾਲਿਆਂ ਨਾਲ ਮੀਟਿੰਗਾਂ ਕਰਵਾ ਕੇ ਦਿੱਲੀ ਵਿਚ ਉਨ੍ਹਾਂ ਨੂੰ ਆਉਣ ਵਾਲੀਆਂ ਸਮੱਸਿਆਵਾਂ ਦਾ ਹੱਲ ਕਰਵਾਵਾਂਗੇ।

## ਜੰਡਾਲੀ ਸਾਥੀਆਂ ਸਮੇਤ 'ਆਪ' ਵਿਚ ਸ਼ਾਮਲ

**ਚੰਡੀਗੜ੍ਹ:** ਬਹੁਜਨ ਸਮਾਜ ਪਾਰਟੀ ਦੇ ਸਾਬਕਾ ਪ੍ਰਧਾਨ ਪ੍ਰਕਾਸ਼ ਸਿੰਘ ਜੰਡਾਲੀ ਆਪਣੇ ਚਾਰ ਦਰਜਨ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਏ ਹਨ। ਉਨ੍ਹਾਂ ਨੇ ਇਹ ਐਲਾਨ ਇਥੇ 'ਆਪ' ਦੀ ਪੰਜਾਬ ਇਕਾਈ ਦੇ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਦੀ ਹਾਜ਼ਰੀ ਵਿਚ ਕੀਤਾ ਹੈ। ਉਨ੍ਹਾਂ ਦੇ ਨਾਲ ਹੀ ਬਸਪਾ ਦੇ ਕਈ ਹੋਰ ਆਗੂ ਵੀ 'ਆਪ' ਵਿਚ ਆ ਗਏ ਹਨ। ਇਨ੍ਹਾਂ ਆਗੂਆਂ ਵਿਚ ਬਸਪਾ ਦੇ ਕੌਮੀ ਸਾਬਕਾ ਜਨਰਲ ਸਕੱਤਰ ਸੋਮ ਨਾਥ ਹੁਸ਼ਿਆਰਪੁਰ, ਸਾਬਕਾ ਦਫ਼ਤਰ ਸਕੱਤਰ ਅਮਰੀਕ ਸਿੰਘ ਘੁਲਾੜ ਤੇ ਯੂਥ ਵਿੰਗ ਦੇ ਪ੍ਰਧਾਨ ਰਹੇ ਰਸਪਾਲ ਸਿੰਘ ਮੋਗਾ ਸ਼ਾਮਲ ਹਨ। ਦੱਸਣਯੋਗ ਹੈ ਕਿ ਸਾਬਕਾ ਪ੍ਰਧਾਨ ਜੰਡਾਲੀ ਨੂੰ ਬਸਪਾ ਹਾਈਕਮਾਨ ਵੱਲੋਂ ਨੌਂ ਸਤੰਬਰ ਨੂੰ ਪਾਰਟੀ ਵਿਚੋਂ ਬਾਹਰ ਦਾ ਰਸਤਾ ਦਿਖਾ ਦਿੱਤਾ ਗਿਆ ਸੀ।

# ਭਾਰਤ 2050 ਤੱਕ ਬਣ ਜਾਵੇਗਾ ਸਭ ਤੋਂ ਵੱਧ ਮੁਸਲਿਮ ਆਬਾਦੀ ਵਾਲਾ ਦੇਸ਼

**ਵਾਸ਼ਿੰਗਟਨ:** ਸਾਲ 2050 ਤੱਕ ਭਾਰਤ ਦੁਨੀਆਂ ਦਾ ਸਭ ਤੋਂ ਵੱਧ ਮੁਸਲਿਮ ਆਬਾਦੀ ਵਾਲਾ ਮੁਲਕ ਬਣ ਜਾਵੇਗਾ ਤੇ ਇਸ ਮਾਮਲੇ ਵਿਚ ਇਹ ਇੰਡੋਨੇਸ਼ੀਆ ਨੂੰ ਪਛਾੜ ਦੇਵੇਗਾ, ਜਿਥੇ ਇਸ ਵਕਤ ਸਭ ਤੋਂ ਵੱਧ ਮੁਸਲਮਾਨ ਰਹਿੰਦੇ ਹਨ। ਇਸ ਦੇ ਨਾਲ ਹੀ ਉਦੋਂ ਤੱਕ ਹਿੰਦੂ ਵੀ ਧਾਰਮਿਕ ਪੱਖੋਂ ਦੁਨੀਆਂ ਦੀ ਤੀਜੀ ਵੱਡੀ ਆਬਾਦੀ ਬਣ ਜਾਣਗੇ। ਇਹ ਗੱਲ ਅਮਰੀਕਾ ਦੇ ਨਾਮੀ ਖੋਜ ਅਦਾਰੇ ਪਿਊ ਰਿਸਰਚ ਸੈਂਟਰ ਵੱਲੋਂ ਜਾਰੀ ਰਿਪੋਰਟ ਤੋਂ ਸਾਹਮਣੇ ਆਈ ਹੈ। ਇਸ ਵਿਚ ਕਿਹਾ ਗਿਆ ਹੈ ਕਿ ਮੁਸਲਮਾਨਾਂ ਦੀ ਆਬਾਦੀ, ਸੰਸਾਰ ਦੀ ਬਾਕੀ ਆਬਾਦੀ ਦੀ ਵਿਕਾਸ ਦਰ ਤੋਂ ਕਿਤੇ ਵੱਧ ਤੇਜ਼ੀ ਨਾਲ ਵਧਦੀ ਰਹੇਗੀ। ਦੂਜੇ ਪਾਸੇ ਹਿੰਦੂਆਂ ਤੇ ਈਸਾਈਆਂ ਦੀ ਆਬਾਦੀ ਦੇ ਵਾਧੇ ਦੀ ਦਰ ਕੁੱਲ ਮਿਲਾ ਕੇ ਸੰਸਾਰ ਦੀ ਔਸਤ ਵਿਕਾਸ ਦਰ ਜਿੰਨੀ ਹੀ ਰਹੇਗੀ।

ਭਾਰਤ ਬਾਰੇ ਗੱਲ ਕਰਦਿਆਂ ਪਿਊ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਭਾਰਤ ਵਿਚ ਹਿੰਦੂ ਬਹੁਗਿਣਤੀ ਤਾਂ ਰਹਿਣਗੇ, ਪਰ ਉਥੇ ਮੁਸਲਮਾਨਾਂ ਦੀ ਆਬਾਦੀ ਦੁਨੀਆਂ ਦੇ ਹੋਰ ਕਿਸੇ ਮੁਲਕ ਤੋਂ ਵੱਧ ਹੋ ਜਾਵੇਗੀ। ਪਿਊ ਦੀ 2011 ਦੀ ਰਿਪਰੋਟ ਮੁਤਾਬਕ ਇੰਡੋਨੇਸ਼ੀਆ ਵਿਚ ਮੁਸਲਿਮ ਆਬਾਦੀ 20.5 ਕਰੋੜ ਤੇ ਭਾਰਤ ਵਿਚ 17.7 ਕਰੋੜ ਸੀ। ਹਿੰਦੂਆਂ ਦੀ ਆਬਾਦੀ ਦੁਨੀਆਂ ਭਰ ਵਿਚ 34 ਫ਼ੀਸਦੀ ਵਧਣ ਦੇ ਆਸਾਰ ਹਨ ਤੇ ਇਹ 2050 ਤੱਕ ਇਕ ਅਰਬ ਤੋਂ ਲੈ ਕੇ 1.4 ਅਰਬ ਤੱਕ ਹੋ ਸਕਦੀ ਹੈ। ਇਹ ਸੰਸਾਰ ਦੀ ਕੁੱਲ ਆਬਾਦੀ ਦਾ 14.9 ਫ਼ੀਸਦੀ ਹੋਵੇਗੀ, ਜੋ ਧਾਰਮਿਕ ਪੱਖੋਂ ਦੁਨੀਆਂ ਦੀ ਤੀਜੀ ਸਭ ਤੋਂ ਵੱਡੀ ਆਬਾਦੀ ਹੋਵੇਗੀ। ਇਸ ਤੋਂ ਬਾਅਦ ਅਜਿਹੇ ਲੋਕਾਂ ਦੀ ਆਬਾਦੀ (13.2 ਫ਼ੀਸਦੀ) ਹੋਵੇਗੀ, ਜਿਹੜੇ ਕਿਸੇ ਧਰਮ ਨੂੰ ਨਹੀਂ ਮੰਨਦੇ। ਇਸ ਵੇਲੇ ਕਿਸੇ ਧਰਮ ਨੂੰ ਨਾ ਮੰਨਣ ਵਾਲੇ ਲੋਕ ਤੀਜੀ ਸਭ ਤੋਂ ਵੱਡੀ ਆਬਾਦੀ ਮੰਨੇ ਜਾਂਦੇ ਹਨ। ਰਿਪੋਰਟ ਮੁਤਾਬਕ ਅਗਲੇ ਚਾਰ ਦਹਾਕਿਆਂ ਦੌਰਾਨ ਈਸਾਈ ਧਰਮ ਦੀ ਆਬਾਦੀ ਤਾਂ ਸੰਸਾਰ ਵਿਚ ਸਭ ਤੋਂ ਵੱਧ ਬਣੀ ਰਹੇਗੀ ਪਰ ਇਸਲਾਮ ਦੀ ਆਬਾਦੀ ਹੋਰ ਵੱਡੇ ਧਰਮਾਂ ਦੇ ਮੁਕਾਬਲੇ ਵੱਧ ਤੇਜ਼ੀ ਨਾਲ ਵਧੇਗੀ। ਉਦੋਂ ਤੱਕ ਈਸਾਈਆਂ ਤੇ ਮੁਸਲਮਾਨਾਂ ਦੀ ਆਬਾਦੀ ਦਾ ਪਾੜਾ ਵੀ ਬੜਾ ਮਾਮੂਲੀ ਰਹਿ ਜਾਵੇਗਾ। ਸਾਲ 2050 ਤੱਕ ਮੁਸਲਮਾਨਾਂ ਦੀ ਗਿਣਤੀ ਤਕਰੀਬਨ 2.8 ਅਰਬ ਜਾਂ ਸੰਸਾਰ ਦੀ ਕੁੱਲ ਆਬਾਦੀ ਦਾ 30 ਫ਼ੀਸਦੀ ਹੋ ਜਾਵੇਗੀ, ਜਦੋਂ ਕਿ ਈਸਾਈਆਂ ਦੀ ਗਿਣਤੀ 2.9 ਅਰਬ ਜਾਂ 31 ਫ਼ੀਸਦੀ ਹੋਵੇਗੀ। ਸਾਲ 2010 ਵਿਚ ਮੁਸਲਮਾਨਾਂ ਦੀ ਆਬਾਦੀ 1.6 ਅਰਬ ਤੇ ਈਸਾਈਆਂ ਦੀ 2.17 ਅਰਬ ਸੀ। ਇਸ ਤਰ੍ਹਾਂ ਜੇ ਇਹੋ ਰੁਝਾਨ ਜਾਰੀ ਰਿਹਾ ਤਾਂ ਸਾਲ 2070 ਤੱਕ ਦੁਨੀਆਂ ਵਿਚ ਮੁਸਲਮਾਨਾਂ ਦੀ ਆਬਾਦੀ ਪਹਿਲੇ ਨੰਬਰ ਉਤੇ ਆ ਜਾਵੇਗੀ।

### ਸਿੱਖਾਂ ਦੀ ਆਬਾਦੀ ਛੇ ਫੀਸਦੀ ਵਧੇਗੀ

ਰਿਪੋਰਟ ਵਿਚ ਸਿੱਖ ਧਰਮ ਨੂੰ ਹੋਰਨਾਂ ਧਰਮਾਂ ਦੀ ਸ਼੍ਰੇਣੀ ਵਿਚ ਬਹਾਈ, ਜੈਨ ਤੇ ਹੋਰ ਕਈ ਧਰਮਾਂ ਨਾਲ ਰੱਖਿਆ ਗਿਆ ਹੈ ਜਿਨ੍ਹਾਂ ਵਿਚ 2050 ਤੱਕ ਛੇ ਫ਼ੀਸਦੀ ਵਾਧਾ ਹੋਣ ਦੀ ਭਵਿੱਖਬਾਣੀ ਕੀਤੀ ਗਈ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ 2010 ਤੱਕ ਦੁਨੀਆ ਵਿਚ ਢਾਈ ਕਰੋੜ ਸਿੱਖ ਸਨ। ਹਿੰਦੂਆਂ ਤੇ ਈਸਾਈਆਂ ਦੀ ਗਿਣਤੀ ਵਿਸ਼ਵ ਵਿਆਪੀ ਜਨਸੰਖਿਆ ਵਾਧੇ ਦੀ ਗਤੀ ਅਨੁਸਾਰ ਰਹੇਗੀ। ਇਸ ਵਿਚ ਕਿਹਾ ਗਿਆ ਹੈ ਕਿ ਭਾਰਤ ਵਿਚ ਹਿੰਦੂ ਦੀ ਬਹੁਗਿਣਤੀ ਰਹੇਗੀ, ਪਰ ਇਹ ਸਭ ਤੋਂ ਜ਼ਿਆਦਾ ਮੁਸਲਮਾਨ ਵਸੋਂ ਵਾਲਾ ਦੇਸ਼ ਵੀ ਬਣ ਜਾਵੇਗਾ ਤੇ ਇੰਡੋਨੇਸ਼ੀਆ ਨੂੰ ਪਿੱਛੇ ਛੱਡ ਦੇਵੇਗਾ। ਬੁੱਧ ਧਰਮ ਇਕੋ-ਇਕ ਅਜਿਹਾ ਧਰਮ ਹੈ, ਜਿਸ ਨੂੰ ਮੰਨਣ ਵਾਲਿਆਂ ਦੀ ਗਿਣਤੀ ਵਧਣ ਦੀ ਉਮੀਦ ਨਹੀਂ ਹੈ। ਅਜਿਹਾ ਇਸ ਧਰਮ ਦੇ ਵੱਡੀ ਉਮਰ ਦੇ ਲੋਕਾਂ ਤੇ ਬੁੱਧ ਦੇਸ਼ਾਂ (ਚੀਨ, ਜਾਪਾਨ ਤੇ ਥਾਈਲੈਂਡ) ਵਿਚ ਜਨਮ ਦਰ ਘੜੀ ਹੋਣ ਕਾਰਨ ਹੈ। ਇਸ ਭਵਿੱਖਬਾਣੀ ਵਿਚ ਜਨਮ ਦਰਾਂ, ਨੌਜਵਾਨਾਂ ਵਸੋਂ ਵਾਧਾ ਤੇ ਧਰਮ ਤਬਦੀਲੀ ਦੇ ਅੰਕੜਿਆਂ ਨੂੰ ਧਿਆਨ ਵਿਚ ਰੱਖਿਆ ਗਿਆ ਹੈ।

# ਭਾਰਤ ਵਿਚੋਂ ਹੁਣ ਵਾਪਸ ਪਰਤ ਜਾਣ ਵਿਦੇਸ਼ੀ ਈਸਾਈ ਮਿਸ਼ਨਰੀ: ਆਰ.ਐਸ.ਐਸ.

**ਨਵੀਂ ਦਿੱਲੀ:** ਰਾਸ਼ਟਰੀ ਸਵੈਮ ਸੇਵਕ ਸੰਘ (ਆਰ.ਐਸ.ਐਸ.) ਨੇ ਆਪਣੇ ਇਕ ਪ੍ਰੋਗਰਾਮ ਵਿਚ ਕਿਹਾ ਹੈ ਕਿ ਇਕ ਹਜ਼ਾਰ ਸਾਲਾਂ ਬਾਅਦ ਹਿੰਦੂਆਂ ਦੀ ਚੜ੍ਹਤ ਦਾ ਸਮਾਂ ਆ ਗਿਆ ਹੈ ਤੇ ਈਸਾਈ ਮਿਸ਼ਨਰੀ ਕ੍ਰਿਪਾ ਕਰਕੇ ਇਸ ਦੇਸ਼ ਵਿਚੋਂ ਵਾਪਸ ਚਲੇ ਜਾਣ। ਅਜਿਹਾ ਆਰ.ਐਸ.ਐਸ. ਦੇ ਰਾਸ਼ਟਰੀ ਸੇਵਾ ਭਾਰਤੀ ਵੱਲੋਂ ਸਮਾਜ ਦੇ ਵੱਖੋ-ਵੱਖ ਵਰਗਾਂ ਵਿਚ ਕੰਮ ਕਰ ਰਹੇ ਸੰਘ ਨਾਲ ਜੁੜੀਆਂ ਤਕਰੀਬਨ 800 ਸੰਸਥਾਵਾਂ ਦੇ ਪੰਜ ਸਾਲਾਂ ਬਾਅਦ ਹੋਣ ਵਾਲੇ ਸੰਮੇਲਨ 'ਰਾਸ਼ਟਰੀ ਸੇਵਾ ਸੰਗਮ' ਵਿਚ ਕਿਹਾ ਗਿਆ।

ਪ੍ਰੋਗਰਾਮ ਵਿਚ ਵੰਡੇ ਗਏ 'ਰਾਸ਼ਟਰੀ ਸਵੈਮ ਸੇਵਕ ਸੰਘ ਦਾ ਦ੍ਰਿਸ਼ਟੀਕੋਣ' ਨਾਮ ਦੇ ਕਿਤਾਬਚੇ ਵਿਚ 'ਈਸਾਈਅਤ ਤੇ ਕੌਮੀ ਏਕਤਾ' ਨਾਮਕ ਪਾਠ ਵਿਚ ਕਿਹਾ ਗਿਆ ਹੈ ਕਿ ਵਿਦੇਸ਼ੀ ਮਿਸ਼ਨਰੀ ਕ੍ਰਿਪਾ ਕਰਕੇ ਤੁਸੀਂ ਵਾਪਸ ਚਲੇ ਜਾਓ। ਹੁਣ ਸਮਾਂ ਆ ਗਿਆ ਹੈ ਕਿ ਉਹ ਆਪਣੇ ਘਰ ਵਾਪਸ ਚਲੇ ਜਾਣ। ਉਨ੍ਹਾਂ ਨੂੰ ਵੇਲੇ ਸਿਰ ਪਰਤ ਜਾਣਾ ਚਾਹੀਦਾ ਹੈ।

ਸੰਘ ਦੇ ਆਗੂ ਕ੍ਰਿਸ਼ਨ ਗੋਪਾਲ ਨੇ ਆਜ਼ਾਦੀ ਤੋਂ ਪਹਿਲਾਂ ਇਕ ਹਜ਼ਾਰ ਸਾਲ ਦੇ ਵਿਦੇਸ਼ੀ ਰਾਜ ਵੱਲ ਇਸ਼ਾਰਾ ਕਰਦਿਆਂ ਕਿਹਾ ਕਿ ਇਕ ਹਜ਼ਾਰ ਸਾਲ ਦਾ ਮੁਸ਼ਕਲ ਸਮਾਂ ਸਮਾਜਕ, ਧਾਰਮਕ ਤੇ ਆਰਥਕ ਤਬਦੀਲੀਆਂ ਦਾ ਦੌਰ ਸੀ ਤੇ ਅਜਿਹਾ ਲੱਗ ਰਿਹਾ ਸੀ ਕਿ ਹਿੰਦੂ ਸਮਾਜ ਤਿਤਰ-ਬਿਤਰ ਹੋ ਗਿਆ ਹੈ, ਬਹੁਤ ਕੁੱਝ ਟੁੱਟ ਗਿਆ ਹੈ ਤੇ ਛੁੱਟ ਗਿਆ ਹੈ। ਹਜ਼ਾਰ ਸਾਲਾਂ ਦੀ ਇਹ ਯਾਤਰਾ ਲੰਮੀ ਤੇ ਬਹੁਤ ਸੰਘਰਸ਼ਮਈ ਰਹੀ ਤੇ ਆਰ.ਐਸ.ਐਸ. ਦੀ ਸਥਾਪਨਾ ਹਿੰਦੂ ਸਮਾਜ ਦੀ ਸਿਹਤ ਨੂੰ ਬਦਲਣ ਲਈ ਹੋਈ। ਉਨ੍ਹਾਂ ਕਿ ਸਾਡੇ ਸਾਹਮਣੇ ਇਕ ਹਜ਼ਾਰ ਸਾਲ ਦਾ 'ਬੈਕਲਾਗ' ਹੈ ਜਿਸ ਨੂੰ ਹੁਣ ਪੂਰਾ ਕਰਨਾ ਹੈ। ਹੁਣ ਹਿੰਦੂ ਸਮਾਜ ਆਪਣੀ ਸੁਭਾਵਕ ਤਾਕਤ ਤੇ ਮਾਣ ਨਾਲ ਖੜ੍ਹਾ ਹੈ। ਕ੍ਰਿਸ਼ਨ ਗੋਪਾਲ ਨੇ ਕਿਹਾ ਕਿ ਭਾਰਤ ਤੋਂ ਬਾਹਰੋਂ ਜੋ ਦਾਨ ਹੁੰਦਾ ਹੈ ਉਸ ਵਿਚ ਨਿੱਜੀ ਹਿੱਤ ਜੁੜੇ ਹੁੰਦੇ ਹਨ ਤੇ ਜਦੋਂ ਦਾਨ ਵਿਚ ਨਿੱਜੀ ਹਿਤ ਲੁਕੇ ਹੁੰਦੇ ਹਨ ਤਾਂ ਸੇਵਾ ਭਾਵ ਨਹੀਂ ਰਹਿ ਜਾਂਦਾ। ਸੰਘ ਨੇ ਕਿਹਾ ਕਿ ਉਸ ਨੂੰ ਮਿਸ਼ਨਰੀਆਂ ਦੇ ਭਾਰਤ ਵਿਚ ਆ ਕੇ ਸੇਵਾ ਕਰਨ 'ਤੇ ਇਤਰਾਜ਼ ਨਹੀਂ ਹੈ, ਪਰ ਜੇ ਉਹ ਆਪਣੇ ਸਵਾਰਥ ਲਈ ਸਾਡੇ ਸਮਾਜ ਨੂੰ ਤੋੜਦੇ ਹਨ ਤਾਂ ਇਹ ਠੀਕ ਨਹੀਂ। ਯਾਦ ਰਹੇ ਕਿ ਘੱਟ-ਗਿਣਤੀਆਂ ਪ੍ਰਤੀ ਸੰਘ ਦੀ ਪਹੁੰਚ ਦੀ ਬੜੀ ਤਿੱਖੀ ਨੁਕਤਾਚੀਨੀ ਹੁੰਦੀ ਆਈ ਹੈ ਕਿ ਇਸ ਜਥੇਬੰਦੀ ਦੀ ਜ਼ਿਦ ਹੈ ਹਰ ਭਾਰਤੀ ਖੁਦ ਨੂੰ ਹਿੰਦੂ ਸਵੀਕਾਰ ਕਰੇ।


ਪੰਜਾਬੀ ਰੇਡੀਓ ਯੂ.ਐਸ.ਏ.
Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200



Golden State Realty
9912 Kapalua Ln., Elk Grove, CA 95624

Please Contact For
Commercial
or
Residential
Needs
Sohanpreet (Sam) Chahal
CA Lic. 01504071
Realtor/CEO
CRE Group Inc.
Multi Million Dollar Producers
2009 to 2014
ਅਸੀਂ ਲੋਨ ਲੈਣ ਵਿਚ ਤੁਹਾਡੀ ਮਦਦ ਕਰਦੇ ਹਾਂ
Call: Sohanpreet 'Sam' Chahal
Ph: 916-612-5773
email: samchahal@hotmail.com
Serving all over California



Reliable and Experienced Real Estate Professional
ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ, ਫੋਨ: 209-815-1869
*Bay Area *Tracy *Manteca * Lathrop * Weston Ranch
*Stockton *Lodi *Elk Grove *Sacramento *Modesto *Turlock
*Brentwood *Antioch *Oakley *Discovery Bay
We Specialize in Bankowned, Foreclosure and Short Sale Homes
For Sale & Purchase of Residential, Commercial Property and AG-Land
Rent 'ਤੇ ਘਰ ਲੈਣਾ ਹੋਵੇ ਜਾਂ ਦੇਣਾ ਹੋਵੇ

Gurbans Singh Gill
Realtor
DRE#01227109
COLDWELL BANKER VALLEY CENTRAL
EQUAL HOUSING OPPORTUNITY
REALTOR
Gurbans Gill
Office 209-835-4545
Direct 209-815-1869
15 Years Experiance in Real Estate
e-mail: gurbans@gotracy.com
Fax: 209-836-0706
www.gotracy.com
1486 W 11th Street, Tracy, CA 95376

# ਕੇਬਲ ਤੇ ਰੇਤ ਮਾਫੀਆ ਦੇ ਮੁੱਦੇ 'ਤੇ ਸਰਕਾਰ ਨੂੰ ਪਿਆ ਘੇਰਾ

**ਚੰਡੀਗੜ੍ਹ:** ਪੰਜਾਬ ਵਿਚ ਕੇਬਲ ਤੇ ਰੇਤ ਮਾਫੀਆ ਦੇ ਮੁੱਦੇ 'ਤੇ ਸੂਬਾ ਸਰਕਾਰ ਘਿਰ ਗਈ ਹੈ। ਜੱਜਾਂ ਸਾਹਮਣੇ ਜ਼ਹਿਰ ਪੀ ਕੇ ਖ਼ੁਦਕੁਸ਼ੀ ਕਰਨ ਵਾਲੇ ਕੇਬਲ ਅਪਰੇਟਰ ਜਸਵਿੰਦਰ ਸਿੰਘ ਜੱਸੀ ਦੇ ਮਾਮਲੇ ਵਿਚ ਕਈ ਅਕਾਲੀ ਆਗੂ ਵੀ ਘੇਰੇ ਵਿਚ ਆ ਗਏ ਹਨ। ਵਿਰੋਧੀ ਧਿਰ ਕਾਂਗਰਸ ਨੇ ਇਸ ਮਾਮਲੇ ਦੀ ਸੀ.ਬੀ.ਆਈ. ਜਾਂਚ ਦੀ ਮੰਗ ਕੀਤੀ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਕਾਰਜਕਾਰੀ ਮੁੱਖ ਜੱਜ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਅੰਮ੍ਰਿਤਸਰ ਵਿਚ ਵਾਪਰੇ ਕੇਬਲ ਅਪਰੇਟਰ ਖ਼ੁਦਕੁਸ਼ੀ ਮਾਮਲੇ ਦੀ ਸਿਟਿੰਗ ਜੱਜ ਕੋਲੋਂ ਨਿਆਇਕ ਜਾਂਚ ਕਰਵਾਈ ਜਾਵੇ। ਸ੍ਰੀ ਬਾਜਵਾ ਨੇ ਆਪਣੇ ਪੱਤਰ ਵਿਚ ਸਪਸ਼ਟ ਕੀਤਾ ਕਿ ਕੇਬਲ ਅਪਰੇਟਰ ਜਸਵਿੰਦਰ ਸਿੰਘ ਨੇ ਸੁਪਰੀਮ ਕੋਰਟ ਦੇ ਮੌਜੂਦਾ ਜੱਜ ਤੇ ਇਕ ਸੇਵਾਮੁਕਤ ਜੱਜ ਦੀ ਹਾਜ਼ਰੀ ਵਿੱਚ ਜ਼ਹਿਰੀਲਾ ਪਦਾਰਥ ਨਿਗਲਿਆ ਸੀ। ਇਹ ਕਦਮ ਚੁੱਕਣ ਤੋਂ ਪਹਿਲਾਂ ਪੀੜਤ ਕੇਬਲ ਅਪਰੇਟਰ ਨੇ ਆਪਣੀ ਦੁੱਖ ਭਰੀ ਕਹਾਣੀ ਸੁਣਾਈ ਸੀ। ਇਸ ਤੋਂ ਇਲਾਵਾ ਮ੍ਰਿਤਕ ਦਾ ਖ਼ੁਦਕੁਸ਼ੀ ਨੋਟ ਅਕਾਲੀ ਦਲ ਦੇ ਆਗੂਆਂ ਦੇ ਕੇਬਲ ਟੀਵੀ ਦੇ ਕਾਰੋਬਾਰ ਵਿਚ ਸ਼ਮੂਲੀਅਤ ਨੂੰ ਵੀ ਪ੍ਰਗਟ ਕਰਦਾ ਹੈ।

ਦੂਜੇ ਪਾਸੇ ਪੰਜਾਬ ਦੇ ਦੋ ਆਜ਼ਾਦ ਵਿਧਾਇਕ ਬਲਵਿੰਦਰ ਸਿੰਘ ਬੈਂਸ ਤੇ ਸਿਮਰਜੀਤ ਸਿੰਘ ਬੈਂਸ (ਬੈਂਸ ਭਰਾਵਾਂ) ਨੇ ਰੇਤਾ ਤੇ ਰੇਤ-ਬਜ਼ਰੀ ਦੀ ਕਾਲਾ ਬਾਜ਼ਾਰੀ ਦੇ ਮੁੱਦੇ 'ਤੇ ਸਰਕਾਰ ਵਿਰੁੱਧ ਮੋਰਚਾ ਖੋਲ੍ਹਦਿਆਂ 20 ਅਪਰੈਲ ਤੋਂ ਲੋੜਵੰਦ ਲੋਕਾਂ ਨੂੰ ਰੇਤੇ ਦੀਆਂ ਟਰਾਲੀਆਂ ਮੁਫ਼ਤ ਭਰਾਉਣ ਦਾ ਐਲਾਨ ਕੀਤਾ ਹੈ।

ਲੁਧਿਆਣਾ ਦੇ ਇਨ੍ਹਾਂ ਵਿਧਾਇਕ ਭਰਾਵਾਂ ਨੇ ਚੰਡੀਗੜ੍ਹ ਵਿਚ ਪ੍ਰੈਸ ਕਾਨਫਰੰਸ ਕਰਕੇ ਆਪਣੇ ਸਮਰਥਕਾਂ ਸਮੇਤ ਆਖਿਆ ਕਿ ਰੇਤੇ ਦੀਆਂ ਟਰਾਲੀਆਂ ਭਰਨ ਦੀ ਸ਼ੁਰੂਆਤ ਲੁਧਿਆਣਾ ਤੋਂ ਕੀਤੀ ਜਾਵੇਗੀ ਤੇ ਉਸ ਤੋਂ ਬਾਅਦ ਇਸ ਮੁਹਿੰਮ ਨੂੰ ਉਨ੍ਹਾਂ 14 ਜ਼ਿਲ੍ਹਿਆਂ ਤੱਕ ਲਿਜਾਇਆ ਜਾਵੇਗਾ, ਜਿਥੇ ਰੇਤਾ ਉਪਲਬਧ ਹੈ। ਉਨ੍ਹਾਂ ਆਖਿਆ ਕਿ ਰੇਤ ਤੇ ਬਜਰੀ ਦੇ ਧੰਦੇ ਨੂੰ ਸਰਕਾਰੀ ਸਰਪ੍ਰਸਤੀ ਹੇਠ ਮਾਫੀਆ ਨੇ ਕੰਟਰੋਲ ਕੀਤਾ ਹੋਇਆ ਹੈ, ਜਿਸ ਦਾ ਖਮਿਆਜ਼ਾ ਲੋਕਾਂ ਨੂੰ ਭੁਗਤਣਾ ਪੈ ਰਿਹਾ ਹੈ। ਵਿਧਾਇਕ ਭਰਾਵਾਂ ਨੇ ਆਖਿਆ ਕਿ ਉਨ੍ਹਾਂ ਨੇ ਰੇਤ ਦਾ ਮੁੱਦਾ ਇਸ ਲਈ ਚੁੱਕਿਆ ਹੈ ਕਿਉਂਕਿ ਇਹ ਮੁੱਦਾ ਲੋਕਾਂ ਦੀ ਜ਼ਰੂਰਤ ਨਾਲ ਜੁੜਿਆ ਹੋਇਆ ਹੈ। ਆਮ ਬੰਦੇ ਨੂੰ ਪੰਜਾਬ ਵਿਚ ਘਰ ਬਣਾਉਣਾ ਔਖਾ ਹੋਇਆ ਪਿਆ ਹੈ। ਰੇਤ ਦੀ ਕਿੱਲਤ ਕਾਰਨ ਉਸਾਰੀ ਦੇ ਕੰਮਾਂ ਨੂੰ ਬਰੇਕਾਂ ਲੱਗੀਆਂ ਪਈਆਂ ਹਨ, ਜਿਸ ਕਾਰਨ ਮਜ਼ਦੂਰਾਂ ਨੂੰ ਦਿਹਾੜੀ ਨਹੀਂ ਮਿਲ ਰਹੀ ਤੇ ਮਿਸਤਰੀ ਵੀ ਵਿਹਲੇ ਫਿਰਦੇ ਹਨ।

ਉਨ੍ਹਾਂ ਆਖਿਆ ਕਿ ਰੇਤ ਦੇ ਮੁੱਦੇ 'ਤੇ ਸ਼ੁਰੂ ਕੀਤੀ ਮੁਹਿੰਮ ਸ਼ਾਂਤਮਈ ਹੋਵੇਗੀ ਤੇ ਫਿਰ ਵੀ ਜੇਕਰ ਸਰਕਾਰ ਵੱਲੋਂ ਪੁਲਿਸ ਸ਼ਕਤੀ ਨਾਲ ਦਬਾਉਣ ਦੀ ਕੋਸ਼ਿਸ਼ ਕੀਤੀ ਗਈ ਜਾਂ ਝੂਠੇ ਮੁਕੱਦਮੇ ਦਰਜ ਕੀਤੇ ਗਏ ਤਾਂ ਡਟ ਕੇ ਮੁਕਾਬਲਾ ਕੀਤਾ ਜਾਵੇਗਾ। ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਵਿਚ ਰੇਤ ਮਾਫੀਆ ਨੇ ਕਈ ਲੋਕਾਂ ਦਾ ਕਤਲ ਵੀ ਕੀਤਾ ਹੈ। ਵਿਧਾਇਕ ਭਰਾਵਾਂ ਨੇ ਕਿਹਾ ਕਿ ਕਾਂਗਰਸ ਨੇ ਰੇਤ ਦੇ ਮੁੱਦੇ 'ਤੇ ਲੋਕਾਂ ਲਈ ਲੜਾਈ ਨਹੀਂ ਲੜੀ ਸਿਰਫ਼ ਮਗਰਮੱਛ ਦੇ ਹੰਝੂ ਹੀ ਵਹਾਏ ਹਨ। ਕਾਂਗਰਸੀ ਆਗੂਆਂ ਨੇ ਬਿਆਨਬਾਜ਼ੀ ਤੋਂ ਸਿਵਾਏ ਕੱਖ ਵੀ ਨਹੀਂ ਕੀਤਾ ਸਗੋਂ ਵਿਧਾਨ ਸਭਾ ਅੰਦਰ ਬਾਦਲ ਪਰਿਵਾਰ ਨਾਲ ਘਿਓ ਖਿਚੜੀ ਹੋਏ ਦਿਖਾਈ ਦੇ ਰਹੇ ਹਨ।

ਇਸ ਮੌਕੇ ਵਿਧਾਇਕਾਂ ਦੇ ਸਮਰਥਨ ਵਿਚ ਲੁਧਿਆਣਾ ਲਾਲ ਸਬੰਧਤ ਕੌਂਸਲਰ ਤੇ ਹੋਰ ਆਗੂ ਵੀ ਮੌਜੂਦ ਸਨ। ਜ਼ਿਕਰਯੋਗ ਹੈ ਕਿ ਇਹ ਦੋਵੇਂ ਭਰਾ ਸ਼੍ਰੋਮਣੀ ਅਕਾਲੀ ਦਲ ਨਾਲੋਂ ਬਾਗੀ ਹੋ ਕੇ 2012 ਦੀਆਂ ਵਿਧਾਨ ਸਭਾ ਚੋਣਾਂ ਲੜੇ ਸਨ। ਵਿਧਾਨ ਸਭਾ ਦੇ ਬਜਟ ਸੈਸ਼ਨ ਦੌਰਾਨ ਵੀ ਇਨ੍ਹਾਂ ਵਿਧਾਇਕਾਂ ਨੇ ਸਰਕਾਰ 'ਤੇ ਨਿਸ਼ਾਨਾ ਸਾਧਿਆ ਸੀ।

### ਬੈਂਸ ਭਰਾਵਾਂ ਨੇ ਖੋਲ੍ਹਿਆ ਸਰਕਾਰ ਖਿਲਾਫ ਮੋਰਚਾ



### ਪੰਜਾਬ ਵਿਚ 'ਮਾਫੀਆ' ਦੀ ਸਰਕਾਰ: ਬਾਜਵਾ

**ਧੂਰੀ:** ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਦੋਸ਼ ਹੈ ਲਾਇਆ ਕਿ ਅਕਾਲੀ-ਭਾਜਪਾ ਸਰਕਾਰ 'ਮਾਫੀਆ' ਦੀ ਸਰਕਾਰ ਹੈ। ਇਸ ਲਈ ਪੰਜਾਬ ਵਿਚ ਸ਼ਰਾਬ, ਰੇਤਾ-ਬਜਰੀ ਤੇ ਕੇਬਲ ਨੈਟਵਰਕ ਤੋਂ ਲੈ ਕੇ ਹਰ ਕਾਰੋਬਾਰ 'ਤੇ ਸੱਤਾਧਾਰੀ ਆਗੂਆਂ ਦਾ ਕਬਜ਼ਾ ਹੈ। ਨਸ਼ਾਖੋਰੀ ਵਿਚ ਵਾਧੇ ਲਈ ਵੀ ਇਹ ਸਰਕਾਰ ਜ਼ਿੰਮੇਵਾਰ ਹੈ। ਉਨ੍ਹਾਂ ਆਖਿਆ ਕਿ ਧੂਰੀ ਧਰਨਿਆਂ ਦਾ ਅਖਾੜਾ ਬਣ ਚੁੱਕਾ ਹੈ ਜਿਥੇ ਹਰ ਵਰਗ ਆਪਣੀਆਂ ਮੰਗਾਂ ਮੰਨਵਾਉਣ ਲਈ ਪ੍ਰਦਰਸ਼ਨ ਕਰ ਰਿਹਾ ਹੈ। ਇਨ੍ਹਾਂ ਵਿਚ ਆਂਗਣਵਾੜੀ ਵਰਕਰ, ਮਿਡ-ਡੇਅ ਮੀਲ ਸਕੀਮ, ਮਨੋਜ ਕਾਜਲਾ ਕਤਲ ਕਾਂਡ ਸੰਘਰਸ਼ ਕਮੇਟੀ, ਨੈਸ਼ਨਲ ਰੂਰਲ ਹੈਲਥ ਮਿਸ਼ਨ ਵਰਕਰਾਂ ਤੇ ਹੋਰ ਕਈ ਜਥੇਬੰਦੀਆਂ ਵੀ ਸ਼ਾਮਲ ਹਨ। ਉਨ੍ਹਾਂ ਨੇ ਮੁੱਖ ਮੰਤਰੀ ਨੂੰ ਵਾਅਦਿਆਂ ਦੀ ਸੂਚੀ ਪੇਸ਼ ਕਰਨ ਨੂੰ ਆਖਿਆ, ਜਿਹੜੇ ਉਨ੍ਹਾਂ ਦੀ ਸਰਕਾਰ ਨੇ ਸੱਤਾ ਵਿਚ ਆਉਣ ਤੋਂ ਬਾਅਦ ਪੂਰੇ ਕੀਤੇ ਹਨ।



## ਦਸਮ ਗੁਰੂ ਦੀਆਂ ਨਿਸ਼ਾਨੀਆਂ ਦੀ 'ਰਿਹਾਈ' ਲਈ ਸੰਘਰਸ਼

**ਪਟਿਆਲਾ:** ਪੰਜਾਬ ਸਿੱਖ ਕੌਂਸਲ ਵੱਲੋਂ ਦਸਵੇਂ ਗੁਰੂ ਸਾਹਿਬ ਦੀਆਂ ਇਥੇ ਕਿਲਾ ਮੁਬਾਰਕ ਵਿਚ ਰੱਖੀਆਂ ਹੋਈਆਂ ਨਿਸ਼ਾਨੀਆਂ ਦੀ ਪੰਥਕ ਮਰਿਆਦਾ ਤਹਿਤ ਰਿਹਾਈ ਦੀ ਮੰਗ ਨੂੰ ਲੈ ਕੇ ਰੋਸ ਧਰਨਾ ਦਿੱਤਾ ਗਿਆ। ਕਿਲਾ ਮੁਬਾਰਕ ਦੇ ਵਿਹੜੇ ਵਿਚ ਸਿੱਖ ਕੌਂਸਲ ਦੇ ਪ੍ਰਧਾਨ ਜਥੇਦਾਰ ਮੋਹਨ ਸਿੰਘ ਕਰਤਾਰਪੁਰ ਦੀ ਅਗਵਾਈ ਹੇਠ ਦਿੱਤੇ ਗਏ ਇਸ ਧਰਨੇ ਦੌਰਾਨ ਚਿਤਾਵਨੀ ਦਿੱਤੀ ਗਈ ਕਿ ਜੇਕਰ 30 ਅਪਰੈਲ ਤੱਕ ਗੁਰੂ ਸਾਹਿਬ ਦੇ ਸ਼ਸਤਰ ਤੇ ਵਸਤਰ ਰਿਹਾਅ ਕਰਕੇ ਸੰਗਤ ਦੇ ਦੀਦਾਰ ਲਈ ਕਿਸੇ ਢੁੱਕਵੀਂ ਜਗ੍ਹਾ ਨਾ ਲਿਜਾਏ ਗਏ ਤਾਂ ਪਹਿਲੀ ਮਈ ਨੂੰ ਜਬਰੀ ਇਨ੍ਹਾਂ ਨੂੰ ਲਿਜਾਣ ਦੀ ਕੋਸ਼ਿਸ਼ ਕੀਤੀ ਜਾਵੇਗੀ।

ਦੱਸਣਯੋਗ ਹੈ ਕਿ ਗੁਰੂ ਗੋਬਿੰਦ ਸਿੰਘ ਦੀਆਂ ਨਿਸ਼ਾਨੀਆਂ ਜਿਨ੍ਹਾਂ ਵਿਚ ਗੁਰੂ ਸਾਹਿਬ ਦੇ ਸ਼ਸਤਰ, ਵਸਤਰ ਤੇ ਕੰਘੇ ਸਮੇਤ ਕੇਸ ਤੇ ਹੱਥ ਲਿਖਤ ਗੁੱਟਕਾ ਤੇ ਤਲਵਾਰ ਸ਼ਾਮਲ ਹਨ, ਇਥੇ ਕਿਲਾ ਮੁਬਾਰਕ ਦੇ ਬੁਰਜ ਦੀ ਇਕ ਅਲਮਾਰੀ ਵਿਚ ਪੰਜਾਬ ਸਰਕਾਰ ਨੇ ਜਿੰਦਰੇ ਵਿਚ ਬੰਦ ਕਰਕੇ ਰੱਖੀਆਂ ਹੋਈਆਂ ਹਨ। ਸਰਕਾਰ ਕਈ ਸਾਲਾਂ ਤੋਂ ਕਹਿ ਰਹੀ ਹੈ ਕਿ ਇਨ੍ਹਾਂ ਨਿਸ਼ਾਨੀਆਂ ਨੂੰ ਸੰਗਤ ਦੇ ਦੀਦਾਰ ਲਈ ਰੱਖਿਆ ਜਾਵੇਗਾ। ਸ਼੍ਰੋਮਣੀ ਕਮੇਟੀ ਵੱਲੋਂ ਵੀ ਅਜਿਹੇ ਲਾਰੇ ਲਗਾਏ ਗਏ ਹਨ ਪਰ ਪੰਜਾਬ ਸਿੱਖ ਕੌਂਸਲ ਦਾ ਸ਼ਿਕਵਾ ਹੈ ਕਿ ਸਰਕਾਰ ਜਾਂ ਸ਼੍ਰੋਮਣੀ ਕਮੇਟੀ ਵੱਲੋਂ ਪਵਿੱਤਰ ਨਿਸ਼ਾਨੀਆਂ ਪ੍ਰਤੀ ਜ਼ਰਾ ਵੀ ਸੰਜੀਦਗੀ ਨਹੀਂ ਦਿਖਾਈ ਜਾ ਰਹੀ ਹੈ, ਜਿਸ ਕਾਰਨ ਇਹ ਅਮੁੱਲ ਵਿਰਾਸਤ ਜਿਥੇ ਮਰਿਆਦਾ ਤੋਂ ਸੱਖਣੀ ਪਈ ਹੈ ਉਥੇ ਹੀ ਯੋਗ ਸੇਵਾ ਸੰਭਾਲ ਤੋਂ ਵਿਰਵੀ ਹੋਣ ਕਾਰਨ ਖ਼ਰਾਬ ਵੀ ਹੋ ਰਹੀ ਹੈ।

ਕੌਂਸਲ ਦੇ ਪ੍ਰਧਾਨ ਮੋਹਨ ਸਿੰਘ ਕਰਤਾਰਪੁਰ ਨੇ ਐਲਾਨ ਕੀਤਾ ਕਿ ਜੇਕਰ ਇਨ੍ਹਾਂ ਨਿਸ਼ਾਨੀਆਂ ਦੀ ਪਵਿੱਤਰਤਾ ਬਹਾਲੀ ਵਜੋਂ 30 ਅਪਰੈਲ ਤੱਕ ਰਿਹਾਈ ਸੰਭਵ ਨਾ ਹੋ ਸਕੀ ਤਾਂ ਉਹ ਪਹਿਲੀ ਮਈ ਨੂੰ ਖੁਦ ਅਗਵਾਈ ਕਰਕੇ ਬੰਦ ਅਲਮਾਰੀ ਵਿਚੋਂ ਨਿਸ਼ਾਨੀਆਂ ਨੂੰ ਜਬਰੀ ਸ੍ਰੀ ਆਨੰਦਪੁਰ ਸਾਹਿਬ ਲੈ ਜਾਣਗੇ ਤੇ ਕਿਸੇ ਦੀ ਕੋਈ ਪ੍ਰਵਾਹ ਨਹੀਂ ਕੀਤੀ ਜਾਵੇਗੀ। ਉਨ੍ਹਾਂ ਆਖਿਆ ਕਿ ਅਜਿਹੇ ਵਿਚ ਜੇਕਰ ਕੋਈ ਜਾਨੀ ਜਾਂ ਮਾਲੀ ਨੁਕਸਾਨ ਹੋਵੇਗਾ ਤਾਂ ਉਸ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਤੇ ਸ਼੍ਰੋਮਣੀ ਕਮੇਟੀ ਦੀ ਹੋਵੇਗੀ।


ਧਰਨੇ ਵਿਚ ਪਿੰਗਲਾ ਆਸ਼ਰਮ ਦੇ ਮੁਖੀ ਬਾਬਾ ਬਲਬੀਰ ਸਿੰਘ, ਪੰਚ ਪ੍ਰਧਾਨੀ ਦੇ ਜ਼ਿਲ੍ਹਾ ਪ੍ਰਧਾਨ ਗੁਰਮੀਤ ਸਿੰਘ ਕਾਨਗੜ੍ਹ, ਬਾਬਾ ਦੀਪ ਸਿੰਘ ਸੇਵਾ ਸੁਸਾਇਟੀ ਦੇ ਆਗੂ ਅਮਨਦੀਪ ਸਿੰਘ ਲਵਲੀ, ਗੁਰਚਰਨ ਸਿੰਘ, ਸੰਤੋਖ ਸਿੰਘ ਮੱਵੀ ਸੱਪਾਂ ਤੇ ਸਤਪਾਲ ਸਿੰਘ ਬਲਬੇੜਾ ਸਮੇਤ ਹੋਰ ਨੁਮਾਇੰਦੇ ਵੀ ਸ਼ਾਮਲ ਸਨ। ਉਧਰ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਗੁਰੂ ਸਾਹਿਬ ਦੀਆਂ ਪਵਿੱਤਰ ਨਿਸ਼ਾਨੀਆਂ ਨੂੰ ਜੂਨ ਮਹੀਨੇ ਮਨਾਏ ਜਾਣ ਵਾਲੇ ਸ੍ਰੀ ਆਨੰਦਪੁਰ ਸਾਹਿਬ ਦੇ 350 ਸਾਲਾ ਸਥਾਪਨਾ ਦਿਵਸ ਤੋਂ ਪਹਿਲਾਂ ਪਹਿਲਾਂ ਸ੍ਰੀ ਆਨੰਦਪੁਰ ਸਾਹਿਬ ਵਿਖੇ ਸੁਸ਼ੋਭਿਤ ਕਰ ਦਿੱਤਾ ਜਾਵੇਗਾ। ਸ਼੍ਰੋਮਣੀ ਕਮੇਟੀ ਵੱਲੋਂ ਬਕਾਇਦਾ ਇਕ ਬਹੁਮੁੱਲੀ ਬੱਸ ਤਿਆਰ ਕਰਵਾਈ ਗਈ ਹੈ ਜਿਸ ਵਿਚ ਇਹ ਨਿਸ਼ਾਨੀਆਂ ਲਿਜਾਈਆਂ ਜਾਣਗੀਆਂ ਤੇ ਰਸਤੇ ਵਿਚ ਗੁਰੂ ਸਾਹਿਬ ਦੀਆਂ ਇਨ੍ਹਾਂ ਵਸਤਾਂ ਦੇ ਸੰਗਤ ਨੂੰ ਦਰਸ਼ਨ ਕਰਵਾਏ ਜਾਣ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ ਤੇ ਸ੍ਰੀ ਆਨੰਦਪੁਰ ਸਾਹਿਬ ਵਿਖੇ ਖੁੱਲ੍ਹੇ ਦਰਸ਼ਨਾਂ ਵਾਸਤੇ ਸੁਸ਼ੋਭਿਤ ਕੀਤੀਆਂ ਜਾਣਗੀਆਂ।

## ਡਰੱਗ ਕੇਸ: ਨਿਰੰਜਣ ਸਿੰਘ ਵੀ ਬਦਲੀ ਖਿਲਾਫ ਅੜੇ

**ਚੰਡੀਗੜ੍ਹ:** ਛੇ ਹਜ਼ਾਰ ਕਰੋੜ ਰੁਪਏ ਦੇ ਡਰੱਗ ਰੈਕੇਟ ਕੇਸ ਵਿਚ ਪੰਜਾਬ ਦੇ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਤੋਂ ਪੁੱਛ ਪੜਤਾਲ ਕਰਨ ਵਾਲੇ ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਦੇ ਅਧਿਕਾਰੀ ਨਿਰੰਜਣ ਸਿੰਘ ਨੇ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਦੱਸਿਆ ਕਿ ਇਸ ਮਾਮਲੇ ਦੀ ਜਾਂਚ ਹਾਲੇ ਮੁਕੰਮਲ ਨਹੀਂ ਹੋਈ ਤੇ ਜਾਂਚ ਮੁਕੰਮਲ ਹੋਣ ਬਾਰੇ ਕੀਤੇ ਜਾ ਰਹੇ ਦਾਅਵੇ ਕੋਰਾ ਝੂਠ ਹਨ।

ਉਨ੍ਹਾਂ ਅਜਿਹੇ ਸਮੇਂ ਖ਼ਾਮੋਸ਼ੀ ਤੋੜੀ ਹੈ ਜਦੋਂ ਈ.ਡੀ. ਵੱਲੋਂ ਅਦਾਲਤ ਨੂੰ ਇਸ ਗੱਲ ਲਈ ਰਾਜ਼ੀ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਕਿ ਨਿਰੰਜਣ ਸਿੰਘ ਦੀ ਜਲੰਧਰ ਦੇ ਜ਼ੋਨਲ ਦਫ਼ਤਰ ਤੋਂ ਹੋਈ ਬਦਲੀ ਨਾਲ ਚੱਲ ਰਹੇ ਕੇਸਾਂ ਦੀ ਜਾਂਚ ਉਤੇ ਕੋਈ ਅਸਰ ਨਹੀਂ ਪਵੇਗਾ।

ਨਿਰੰਜਣ ਸਿੰਘ ਵੱਲੋਂ ਪੇਸ਼ ਹੋਏ ਇਕ ਸੀਨੀਅਰ ਵਕੀਲ ਨੇ ਹਾਈਕੋਰਟ ਦੇ ਜਸਟਿਸ ਏ.ਕੇ. ਮਿੱਤਲ ਤੇ ਜਸਟਿਸ ਰੇਖਾ ਮਿੱਤਲ ਦੇ ਡਿਵੀਜ਼ਨ ਬੈਂਚ ਅੱਗੇ ਜ਼ੁਬਾਨੀ ਤੌਰ 'ਤੇ ਇਹ ਦਾਅਵਾ ਕੀਤਾ, ਹਾਲਾਂਕਿ ਇਸ ਬਾਰੇ ਕੋਈ ਰਸਮੀ ਅਰਜ਼ੀ ਦਾਇਰ ਨਹੀਂ ਕੀਤੀ ਗਈ। ਜਦੋਂ ਇਸ ਬਦਲੀ ਬਾਰੇ ਅਦਾਲਤ ਵਿਚ ਈ.ਡੀ. ਵੱਲ ਨਿਸ਼ਾਨਾ ਸਾਧਿਆ ਜਾ ਰਿਹਾ ਸੀ ਤਾਂ ਉਸ ਸਮੇਂ ਨਿਰੰਜਣ ਸਿੰਘ ਅਦਾਲਤ ਵਿਚ ਹਾਜ਼ਰ ਸਨ।



ਕੇਸ ਦੀ ਮੁੜ ਸ਼ੁਰੂ ਹੋਈ ਸੁਣਵਾਈ ਦੌਰਾਨ ਭਾਰਤ ਦੇ ਸਹਾਇਕ ਸਾਲਿਸਟਰ ਜਨਰਲ ਚੇਤਨ ਮਿੱਤਲ ਨੇ ਅਦਾਲਤ ਨੂੰ ਅਪੀਲ ਕੀਤੀ ਕਿ ਨਿਰੰਜਣ ਸਿੰਘ ਦੀ ਬਦਲੀ ਦੇ ਹੁਕਮਾਂ ਦੀ ਤਾਮੀਲ ਦੀ ਇਜਾਜ਼ਤ ਦਿੱਤੀ ਜਾਵੇ ਕਿਉਂਕਿ ਇਸ ਨਾਲ ਈ.ਡੀ. ਦੇ ਜਲੰਧਰ ਦਫ਼ਤਰ ਦਾ ਕੰਮਕਾਜ ਪ੍ਰਭਾਵਿਤ ਹੋ ਰਿਹਾ ਹੈ। ਉਨ੍ਹਾਂ ਅਦਾਲਤ ਨੂੰ ਇਹ ਵੀ ਦੱਸਿਆ ਕਿ ਜਾਂਚ ਮੁਕੰਮਲ ਹੋ ਗਈ ਹੈ।

ਇਸ ਦੇ ਜਵਾਬ ਵਿਚ ਨਿਰੰਜਣ ਸਿੰਘ ਵੱਲੋਂ ਪੇਸ਼ ਇਕ ਸੀਨੀਅਰ ਵਕੀਲ ਨੇ ਦਾਅਵਾ ਕੀਤਾ ਕਿ ਈ.ਡੀ. ਦੀ ਬੇਨਤੀ ਕੋਰਾ ਝੂਠ ਹੈ। ਉਨ੍ਹਾਂ ਦਾਅਵਾ ਕੀਤਾ ਕਿ ਜਾਂਚ ਹਾਲੇ ਚੱਲ ਰਹੀ ਹੈ। ਈ.ਡੀ. ਵੱਲੋਂ ਨਿਰੰਜਣ ਸਿੰਘ ਦੀ ਥਾਂ ਲਾਏ ਦੋਵੇਂ ਅਫ਼ਸਰਾਂ ਕੋਲ ਹਵਾਲਾ ਕੇਸਾਂ ਦੀ ਜਾਂਚ ਦਾ ਕੋਈ ਤਜਰਬਾ ਨਹੀਂ ਹੈ।

ਈ.ਡੀ. ਵੱਲੋਂ ਉਨ੍ਹਾਂ ਦੀ ਥਾਂ ਤਬਦੀਲ ਅਧਿਕਾਰੀ ਅਜੇ ਸਿੰਘ ਨੂੰ ਸਹਾਇਕ ਡਾਇਰੈਕਟਰ ਵਜੋਂ ਸਿਰਫ਼ 10 ਦਿਨਾਂ ਦਾ ਤਜਰਬਾ ਹੈ, ਜਦੋਂ ਕਿ ਦੂਜੇ ਅਧਿਕਾਰੀ ਰਾਜਕੁਮਾਰ ਨੇ ਸਹਾਇਕ ਡਾਇਰੈਕਟਰ ਦੇ ਤੌਰ 'ਤੇ ਤਿੰਨ ਮਹੀਨੇ ਹੀ ਕੰਮ ਕੀਤਾ ਹੈ। ਦੂਜੇ ਪਾਸੇ ਨਿਰੰਜਣ ਸਿੰਘ ਕੋਲ ਇਸ ਅਹੁਦੇ ਦਾ ਚਾਰ ਸਾਲਾਂ ਦਾ ਤਜਰਬਾ ਹੈ ਤੇ ਉਹ ਇਸ ਕੇਸ ਦੀ ਪਹਿਲੇ ਦਿਨ ਤੋਂ ਹੀ ਜਾਂਚ ਕਰ ਰਹੇ ਹਨ।

## ਚੰਗੀਆਂ ਸਿਹਤ ਸਹੂਲਤਾਂ ਦੇਣ ਤੋਂ ਵੱਟ ਲਿਆ ਟਾਲਾ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਚੰਗੀਆਂ ਸਿਹਤ ਸਹੂਲਤਾਂ ਦੇਣ ਤੋਂ ਲਗਾਤਾਰ ਟਾਲਾ ਵੱਟਿਆ ਜਾ ਰਿਹਾ ਹੈ। ਸਿਹਤ ਸੇਵਾਵਾਂ ਲਈ ਖ਼ਜ਼ਾਨੇ ਦਾ ਗਲ਼ਾ ਘੁੱਟਣਾ ਸਰਕਾਰ ਨੂੰ ਮਹਿੰਗਾ ਪੈਣ ਲੱਗਾ ਹੈ ਤੇ ਮੈਡੀਕਲ ਅਫਸਰਾਂ ਦੀਆਂ ਸੀਟਾਂ ਦੀ ਖਾਲੀ ਰਹਿਣ ਦਾ ਡਰ ਬਣ ਗਿਆ ਹੈ। ਨਵੇਂ ਫੈਸਲੇ ਮੁਤਾਬਕ ਮੈਡੀਕਲ ਅਫ਼ਸਰਾਂ ਦੀ ਤਨਖਾਹ ਐਮ.ਬੀ.ਬੀ.ਐਸ. ਦੀ ਮਾਸਿਕ ਫ਼ੀਸ ਨਾਲੋਂ ਘਟ ਗਈ ਹੈ। ਐਮ.ਬੀ.ਬੀ.ਐਸ. ਲਈ ਪੰਜ ਸਾਲ ਲਈ ਸਰਕਾਰੀ ਫ਼ੀਸ ਸਾਢੇ ਤੇਰਾਂ ਲੱਖ ਤੇ ਮੈਨੇਜਮੈਂਟ ਕੋਟੇ ਦੀ ਫ਼ੀਸ 49 ਲੱਖ ਤੋਂ ਜ਼ਿਆਦਾ ਹੈ। ਐਨ.ਆਰ.ਆਈ. ਕੋਟੇ ਦੀ ਫ਼ੀਸ ਇਸ ਤੋਂ ਵੀ ਵੱਧ ਹੈ।

ਸਰਕਾਰ ਨੇ ਐਮ.ਬੀ.ਬੀ.ਐਸ. ਡਾਕਟਰਾਂ ਦਾ 'ਕੌਡੀ ਮੁੱਲ' ਪਾਇਆ ਹੈ ਤੇ 404 ਮੈਡੀਕਲ ਅਫ਼ਸਰਾਂ ਦੀ ਭਰਤੀ 15600 ਰੁਪਏ ਮੁੱਢਲੀ ਤਨਖ਼ਾਹ 'ਤੇ ਕਰਨ ਦਾ ਫੈਸਲਾ ਕੀਤਾ ਹੈ। ਸਰਕਾਰ ਵੱਲੋਂ ਭਰਤੀ ਲਈ ਦਿੱਤੇ ਇਸ਼ਤਿਹਾਰ ਅਨੁਸਾਰ ਮੈਡੀਕਲ ਅਫਸਰਾਂ ਦੀ ਨਿਯੁਕਤੀ ਤਿੰਨ ਸਾਲਾਂ ਵਾਸਤੇ ਪ੍ਰੋਬੇਸ਼ਨ ਪੀਰੀਅਡ 'ਤੇ ਕੀਤੀ ਜਾਵੇਗੀ ਤੇ ਇਸ ਅਹੁਦੇ ਵਾਸਤੇ ਯੋਗਤਾ ਐਮ.ਬੀ.ਬੀ.ਐਸ. ਰੱਖੀ ਗਈ ਹੈ। ਪ੍ਰੋਬੇਸ਼ਨ ਪੀਰੀਅਡ ਵਿਚ ਵਾਧਾ ਵੀ ਸੰਭਵ ਹੈ। ਸਰਕਾਰ ਦੇ ਫੈਸਲੇ ਵਿਚ ਇਹ ਵੀ ਕਿਹਾ ਗਿਆ ਹੈ ਕਿ ਸਰਕਾਰੀ ਟੂਰ ਛੱਡ ਕੇ ਮੈਡੀਕਲ ਅਫਸਰਾਂ ਨੂੰ ਕੋਈ ਭੱਤਾ ਨਹੀਂ ਦਿੱਤਾ ਜਾਵੇਗਾ। ਸਰਕਾਰ ਵੱਲੋਂ ਮੈਡੀਕਲ ਅਫਸਰਾਂ ਦੀ ਨਿਰਧਾਰਤ ਕੀਤੀ ਤਨਖਾਹ ਪੂਰੇ ਸਾਲ ਦੀ ਇਕ ਲੱਖ ਅੱਸੀ ਹਜ਼ਾਰ ਰੁਪਏ ਬਣਦੀ ਹੈ ਜਦੋਂ ਕਿ ਐਮ.ਬੀ.ਬੀ.ਐਸ. ਦੀ ਸਰਕਾਰੀ ਕੋਟੇ ਦੀ ਪੰਜ ਸਾਲਾਂ ਦੀ ਫ਼ੀਸ 13 ਲੱਖ 44 ਹਜ਼ਾਰ ਤੋਂ ਵੱਧ ਹੈ।

ਸਰਕਾਰੀ ਕਾਲਜ ਵਿਚ ਸਭ ਤੋਂ ਘੱਟ ਫੀਸ ਹੈ ਜਦਕਿ ਪ੍ਰਾਈਵੇਟ ਕਾਲਜਾਂ ਵਿਚ ਫੀਸਾਂ ਬਹੁਤ ਜ਼ਿਆਦਾ ਹਨ ਪਰ ਰਾਜ ਵਿਚ ਸਰਕਾਰੀ ਮੈਡੀਕਲ ਕਾਲਜਾਂ ਦੀ ਗਿਣਤੀ ਸਿਰਫ਼ ਤਿੰਨ ਹੈ। ਇਸ ਕਰਕੇ ਵਧੇਰੇ ਵਿਦਿਆਰਥੀ ਨਿੱਜੀ ਮੈਡੀਕਲ ਕਾਲਜਾਂ ਵਿਚ ਹੀ ਪੜ੍ਹਾਈ ਕਰਕੇ ਡਾਕਟਰ ਬਣਦੇ ਹਨ। ਪ੍ਰਾਈਵੇਟ ਮੈਡੀਕਲ ਕਾਲਜਾਂ ਦੀ ਗਿਣਤੀ ਨੌਂ ਤੋਂ ਵੱਧ ਹੈ। ਹੋਰ ਤਾਂ ਹੋਰ ਸਰਕਾਰੀ ਤੇ ਪ੍ਰਾਈਵੇਟ ਕਾਲਜਾਂ ਵਿਚ ਵਿਦਿਆਰਥੀਆਂ ਨੂੰ ਹੋਸਟਲ ਤੇ ਖਾਣੇ ਦੇ ਪੈਸੇ ਵੱਖਰੇ ਦੇਣੇ ਪੈ ਰਹੇ ਹਨ।

ਐਮ.ਬੀ.ਬੀ.ਐਸ. ਦੀ ਪੜ੍ਹਾਈ ਦੀ ਫ਼ੀਸ ਛੱਡ ਕੇ ਜੇਕਰ ਦੂਜੇ ਖ਼ਰਚਿਆਂ ਦੀ ਗੱਲ ਕਰੀਏ ਤਾਂ ਵੀ ਉਹ ਮੈਡੀਕਲ ਅਫਸਰਾਂ ਦੀ ਨਵੀਂ ਤਨਖਾਹ ਤੋਂ ਪ੍ਰਤੀ ਮਹੀਨਾ ਵੱਧ ਬਣਦੇ ਹਨ। ਇਸ ਤਰ੍ਹਾਂ ਮਹਿੰਗੀ ਪੜ੍ਹਾਈ ਕਰਕੇ ਘੱਟ ਤਨਖਾਹ 'ਤੇ ਡਾਕਟਰੀ ਕਰਨਾ ਇਕ ਮਜ਼ਾਕ ਜਾਪ ਰਿਹਾ ਹੈ। ਸਿਹਤ ਵਿਭਾਗ ਪਹਿਲਾਂ ਹੀ ਡਾਕਟਰਾਂ ਦੀ ਘਾਟ ਨਾਲ ਜੂਝ ਰਿਹਾ ਹੈ। ਇਸ ਦਾ ਖਮਿਆਜ਼ਾ ਮਰੀਜ਼ਾਂ ਨੂੰ ਭੁਗਤਣਾ ਪੈ ਰਿਹਾ ਹੈ। ਸਰਕਾਰੀ ਹਸਪਤਾਲਾਂ ਵਿਚ ਡਾਕਟਰ ਨਹੀਂ ਹਨ ਤੇ ਲੋਕ ਪ੍ਰਾਈਵੇਟ ਡਾਕਟਰਾਂ ਕੋਲ ਜਾਣ ਲਈ ਮਜਬੂਰ ਹਨ। ਮਾਹਰ ਡਾਕਟਰ ਤਾਂ ਮਿਲਣੇ ਮੁਸ਼ਕਲ ਹੋ ਰਹੇ ਹਨ। ਸਰਕਾਰ ਵੱਲੋਂ ਮਾਹਿਰਾਂ ਦੀ ਭਰਤੀ ਵਾਸਤੇ ਪੰਜਾਬ ਤੋਂ ਬਾਹਰਲੇ ਉਮੀਦਵਾਰਾਂ ਨੂੰ ਭਰਮਾਉਣ ਦਾ ਯਤਨ ਕੀਤਾ ਸੀ, ਜਿਹੜਾ ਕੋਈ ਰੰਗ ਨਹੀਂ ਲਿਆ ਸਕਿਆ ਹੈ। ਉਹ ਐਮਡੀ ਜਾਂ ਐਮਐਸ ਡਿਗਰੀ ਹੋਲਡਰ ਹੋਣ ਦੇ ਬਾਵਜੂਦ ਐਮ.ਬੀ.ਬੀ.ਐਸ. ਡਾਕਟਰਾਂ ਦੇ ਬਰਾਬਰ ਤਨਖਾਹ ਲੈ ਰਹੇ ਹਨ। ਐਮ. ਬੀ. ਬੀ. ਐਸ. ਪਾਸ ਮੈਡੀਕਲ ਅਫਸਰ ਤੇ ਐਮਡੀ ਡਿਗਰੀ ਹੋਲਡਰ ਮਾਹਰ ਡਾਕਟਰਾਂ ਨੂੰ ਘੱਟ ਤਨਖਾਹ ਕਾਰਨ ਸਰਕਾਰੀ ਨੌਕਰੀ ਛੱਡਣੀ ਪੈ ਰਹੀ ਹੈ।

ਸਰਕਾਰ ਨੇ ਮਾਹਿਰਾਂ ਲਈ ਵੱਖਰਾ ਕੇਡਰ ਬਣਾਉਣ ਦਾ ਨੋਟੀਫਿਕੇਸ਼ਨ 25 ਸਤੰਬਰ 1989 ਨੂੰ ਜਾਰੀ ਕੀਤਾ ਸੀ ਪਰ ਇਸ ਨੂੰ ਅਜੇ ਅਡਾਪਟ ਨਹੀਂ ਕੀਤਾ ਗਿਆ ਹੈ। ਪੰਜਾਬ ਮੰਤਰੀ ਮੰਡਲ ਨੇ ਇਕ ਫੈਸਲਾ ਕਰਕੇ ਸਾਰੇ ਸਰਕਾਰੀ ਮੁਲਾਜ਼ਮਾਂ ਦੀ ਭਰਤੀ ਤਿੰਨ ਸਾਲਾਂ ਲਈ ਪ੍ਰੋਬੇਸ਼ਨ ਪੀਰੀਅਡ 'ਤੇ ਕਰਕੇ ਬੇਸਿਕ ਤਨਖਾਹ ਦੇਣ ਦਾ ਫੈਸਲਾ ਕੀਤਾ ਹੈ ਤੇ ਡਾਕਟਰਾਂ ਦੀ ਭਰਤੀ ਲਈ ਇਸ਼ਤਿਹਾਰ ਵੀ ਇਸੇ ਤਹਿਤ ਦਿੱਤਾ ਗਿਆ ਹੈ। ਸਿਹਤ ਮੰਤਰੀ ਸੁਰਜੀਤ ਕੁਮਾਰ ਜਿਆਣੀ ਨੇ ਆਖਿਆ ਹੈ ਕਿ ਮਾਹਿਰ ਡਾਕਟਰਾਂ ਨੂੰ ਮੰਤਰੀ ਮੰਡਲ ਦੇ ਮੁੱਢਲੀ ਤਨਖਾਹ 'ਤੇ ਰੱਖਣ ਦੇ ਫੈਸਲੇ ਤੋਂ ਮੁਕਤ ਕਰਵਾ ਲਿਆ ਗਿਆ ਹੈ। ਮੈਡੀਕਲ ਅਫਸਰਾਂ ਨੂੰ ਵੀ ਇਸ ਤੋਂ ਛੋਟ ਦੁਆਉਣ ਲਈ ਜ਼ੋਰ ਪਾਇਆ ਜਾਵੇਗਾ।

## ਖੱਟਰ ਸਰਕਾਰ ਦੀ ਪੰਜਾਬੀ ਬਾਰੇ ਬੇਰੁਖ਼ੀ


**ਚੰਡੀਗੜ੍ਹ:** ਹਰਿਆਣਾ ਦੀ ਪਹਿਲੀ ਭਾਜਪਾ ਸਰਕਾਰ ਨੇ ਰਾਜ ਦੀ ਦੂਜੀ ਸਰਕਾਰੀ ਭਾਸ਼ਾ ਪੰਜਾਬੀ ਪ੍ਰਤੀ ਬੇਰੁਖ਼ੀ ਵਾਲਾ ਵਤੀਰਾ ਧਾਰਨ ਕਰ ਲਿਆ ਹੈ। ਮੁੱਖ ਮੰਤਰੀ ਮਨੋਹਰ ਲਾਲ ਖੱਟਰ ਭਾਵੇਂ ਆਮ ਤੌਰ 'ਤੇ ਪੰਜਾਬੀ ਵਿਚ ਹੀ ਗੱਲਬਾਤ ਕਰਦੇ ਹਨ ਤੇ ਸਿਵਲ ਸਕੱਤਰੇਤ ਵਿਚ ਸਾਰੇ ਮੰਤਰੀਆਂ ਤੇ ਹੇਠਾਂ ਤੋਂ ਲੈ ਕੇ ਉੱਤੇ ਤੱਕ ਜੂਨੀਅਰ ਤੇ ਸੀਨੀਅਰ ਐਚ.ਸੀ.ਐਸ. ਤੇ ਆਈ.ਏ.ਐਸ. ਅਧਿਕਾਰੀਆਂ ਦੇ ਦਫ਼ਤਰਾਂ ਦੇ ਬਾਹਰ ਅੰਗਰੇਜ਼ੀ ਤੇ ਹਿੰਦੀ ਦੇ ਨਾਲ-ਨਾਲ ਪੰਜਾਬੀ ਵਿਚ ਵੀ ਨਾਂ ਦੀਆਂ ਪਲੇਟਾਂ ਲੱਗੀਆਂ ਹੋਈਆਂ ਹਨ, ਪਰ ਪੰਜਾਬੀ ਵਿਚ ਚਿੱਠੀ ਪੱਤਰ ਨਾਮਾਤਰ ਹੀ ਚੱਲ ਰਿਹਾ ਹੈ।

ਸਿਵਲ ਸਕੱਤਰੇਤ 'ਚ ਕਿਸੇ ਵੀ ਸਰਕਾਰੀ ਦਫ਼ਤਰ ਵਿਚ ਪੱਤਰ ਵਿਹਾਰ ਪੰਜਾਬੀ ਵਿਚ ਕਰਨ ਦਾ ਪ੍ਰਬੰਧ ਨਹੀਂ ਹੈ। ਪੰਜਾਬੀ ਨੂੰ ਦੂਜੀ ਸਰਕਾਰੀ ਭਾਸ਼ਾ ਦਾ ਕਾਨੂੰਨੀ ਦਰਜਾ ਦੇਣ ਦਾ ਕਾਨੂੰਨ ਕਈ ਸਾਲ ਪਹਿਲਾਂ ਚੌਟਾਲਾ ਸਰਕਾਰ ਨੇ ਬਣਾਇਆ ਸੀ ਪਰ ਅਮਲੀ ਤੌਰ 'ਤੇ ਇਸ ਨੂੰ ਲਾਗੂ ਪਿਛਲੀ ਹੁੱਡਾ ਸਰਕਾਰ ਨੇ ਕੀਤਾ ਸੀ। 'ਉੱਭਰਦਾ ਹਰਿਆਣਾ' ਮਾਸਿਕ ਪੱਤਰ ਚੁੱਪ-ਚੁਪੀਤੇ ਦੋ ਮਹੀਨਿਆਂ ਪਿੱਛੋਂ ਛਾਪਿਆ ਜਾ ਰਿਹਾ ਹੈ।

# ਡੋਪਿੰਗ ਸਕੈਂਡਲ: ਖਿਡਾਰੀਆਂ ਨੂੰ ਵੀ ਨਸ਼ਿਆਂ ਨੇ ਪੱਟਿਆ

**ਨਵੀਂ ਦਿੱਲੀ:** ਭਾਰਤ ਦੇ ਇਤਿਹਾਸ ਵਿਚ ਹੁਣ ਤੱਕ ਦੇ ਸਭ ਤੋਂ ਵੱਡੇ ਡੋਪਿੰਗ ਸਕੈਂਡਲ ਵਿਚ 21 ਵੇਟਲਿਫਟਰਾਂ ਨੂੰ ਕੌਮੀ ਐਂਟੀ ਡੋਪਿੰਗ ਏਜੰਸੀ (ਨਾਡਾ) ਨੇ ਤਾਕਤ ਵਧਾਊ ਦਵਾਈਆਂ ਲੈਣ ਦਾ ਦੋਸ਼ੀ ਪਾਇਆ ਹੈ। ਇਨ੍ਹਾਂ ਵਿਚੋਂ ਬਹੁਤੇ ਵੇਟਲਿਫਟਰ ਪੰਜਾਬ, ਹਰਿਆਣਾ ਤੇ ਦਿੱਲੀ ਨਾਲ ਸਬੰਧਤ ਹਨ। ਪੰਜ ਚੈਂਪੀਅਨਸ਼ਿਪਾਂ ਦੌਰਾਨ ਨਾਡਾ ਵੱਲੋਂ ਡੋਪਿੰਗ ਦੇ ਦੋਸ਼ ਵਿਚ ਫੜੇ ਇਨ੍ਹਾਂ ਵੇਟਲਿਫਟਰਾਂ ਦੇ 'ਬੀ' ਸੈਂਪਲ ਦੀ ਰਿਪੋਰਟ ਆਉਣ ਤੱਕ ਭਾਰਤੀ ਵੇਟਲਿਫਟਿੰਗ ਫੈਡਰੇਸ਼ਨ (ਆਈ.ਡਬਲਯੂ.ਐਫ.) ਨੇ ਇਨ੍ਹਾਂ ਨੂੰ ਆਰਜ਼ੀ ਤੌਰ 'ਤੇ ਮੁਅੱਤਲ ਕੀਤਾ ਹੋਇਆ ਸੀ। ਹੁਣ 'ਬੀ' ਸੈਂਪਲ ਦੀ ਰਿਪੋਰਟ ਵਿਚ ਇਸ ਦੀ ਪੁਸ਼ਟੀ ਹੋ ਗਈ। ਵਿਸ਼ਵ ਐਂਟੀ ਡੋਪਿੰਗ ਏਜੰਸੀ (ਵਾਡਾ) ਦੇ ਨਵੇਂ ਨਿਯਮਾਂ ਅਨੁਸਾਰ ਇਨ੍ਹਾਂ ਵੇਟਲਿਫਟਰਾਂ ਉਤੇ ਚਾਰ ਸਾਲ ਦੀ ਪਾਬੰਦੀ ਲੱਗ ਸਕਦੀ ਹੈ।

### 21 ਵੇਟਲਿਫਟਰ ਨਸ਼ੀਲੀਆਂ ਦਵਾਈਆਂ ਲੈਣ ਦੇ ਦੋਸ਼ੀ




ਹਾਲੀਆ ਚੈਂਪੀਅਨਸ਼ਿਪਾਂ ਵਿਚ ਪੰਜਾਬ, ਹਰਿਆਣਾ ਤੇ ਦਿੱਲੀ ਦੇ ਜ਼ਿਆਦਾਤਰ ਵੇਟਲਿਫਟਰਾਂ ਦੇ ਡੋਪਿੰਗ ਦਾ ਦੋਸ਼ੀ ਪਾਏ ਜਾਣ ਉਤੇ ਆਈ.ਡਬਲਯੂ.ਐਫ. ਨੇ ਇਨ੍ਹਾਂ ਰਾਜਾਂ ਉਤੇ ਵੀ ਇਕ ਸਾਲ ਦੀ ਪਾਬੰਦੀ ਲਾਉਣ ਦਾ ਫੈਸਲਾ ਕੀਤਾ ਹੈ। ਇਸ ਦਾ ਮਤਲਬ ਹੈ ਕਿ ਹੁਣ ਇਹ ਸੂਬੇ ਪਾਬੰਦੀ ਦੇ ਸਮੇਂ ਦੌਰਾਨ ਸਬੰਧਤ ਉਮਰ ਵਰਗਾਂ ਤੇ ਸੀਨੀਅਰ ਪੱਧਰੀ ਵੇਟਲਿਫਟਿੰਗ ਮੁਕਾਬਲਿਆਂ ਲਈ ਆਪਣੇ ਖਿਡਾਰੀ ਨਹੀਂ ਭੇਜ ਸਕਣਗੇ। ਆਈ.ਡਬਲਯੂ.ਐਫ. ਦੇ ਨਿਯਮਾਂ ਮੁਤਾਬਕ ਇਕ ਸਾਲ ਦੇ ਸਮੇਂ ਦੌਰਾਨ ਡੋਪਿੰਗ ਦੇ ਦੋ ਜਾਂ ਵੱਧ ਮਾਮਲੇ ਸਾਹਮਣੇ ਆਉਣ ਉਤੇ ਸਬੰਧਤ ਰਾਜ ਦੀ ਐਸੋਸੀਏਸ਼ਨ ਉਤੇ ਫੈਡਰੇਸ਼ਨ ਦੀ ਕਿਸੇ ਵੀ ਗਤੀਵਿਧੀ ਵਿਚ ਹਿੱਸਾ ਲੈਣ ਉਤੇ ਦੋ ਸਾਲ ਤੱਕ ਦੀ ਰੋਕ ਲਾਈ ਜਾ ਸਕਦੀ ਹੈ। ਆਰਜ਼ੀ ਮੁਅੱਤਲੀ ਤੋਂ ਇਲਾਵਾ ਸਬੰਧਤ ਸੂਬਿਆਂ ਤੇ ਖਿਡਾਰੀਆਂ ਨੂੰ ਵੱਖਰੇ ਤੌਰ ਉਤੇ 50-50 ਹਜ਼ਾਰ ਰੁਪਏ ਜੁਰਮਾਨਾ ਵੀ ਦੇਣਾ ਹੋਵੇਗਾ। ਜੁਰਮਾਨੇ ਦੀ ਅਦਾਇਗੀ ਦਾ ਫੈਸਲਾ ਕੌਮੀ ਫੈਡਰੇਸ਼ਨ ਵੱਲੋਂ ਕੀਤਾ ਜਾਵੇਗਾ। ਇਹ ਕੁੱਲ ਰਾਸ਼ੀ, ਜਿਸ ਵਿਚ ਖਿਡਾਰੀਆਂ ਦਾ ਜੁਰਮਾਨਾ ਵੀ ਸ਼ਾਮਲ ਹੈ, ਦਾ ਭੁਗਤਾਨ ਸਬੰਧਤ ਰਾਜ ਫੈਡਰੇਸ਼ਨਾਂ ਨੂੰ ਕਰਨਾ ਹੋਵੇਗਾ। ਆਈ.ਡਬਲਯੂ.ਐਫ. ਦੇ ਸਕੱਤਰ ਜਨਰਲ ਸਹਿਦੇਵ ਯਾਦਵ ਨੇ ਕਿਹਾ ਕਿ ਮੁਅੱਤਲੀ ਝੱਲ ਰਹੇ ਵੇਟਲਿਫਟਰਾਂ ਦੇ ਕੋਚਾਂ ਉਤੇ ਵੀ ਦੋ ਸਾਲ ਦੀ ਪਾਬੰਦੀ ਤੇ ਜੁਰਮਾਨਾ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ 'ਏ' ਸੈਂਪਲ ਦੀ ਰਿਪੋਰਟ ਵਿਚ ਪੁਸ਼ਟੀ ਹੋਣ ਮਗਰੋਂ 'ਬੀ' ਸੈਂਪਲ ਦੀ ਰਿਪੋਰਟ ਦੀ ਲੰਮੇ ਸਮੇਂ ਤੋਂ ਉਡੀਕ ਕੀਤੀ ਜਾ ਰਹੀ ਸੀ। ਹੁਣ ਇਨ੍ਹਾਂ ਦੇ ਕੇਸ ਡੋਪਿੰਗ ਵਿਰੋਧੀ ਅਨੁਸ਼ਾਸਨੀ ਕਮੇਟੀ ਕੋਲ ਭੇਜੇ ਜਾਣਗੇ, ਜੋ ਇਨ੍ਹਾਂ ਉਤੇ ਪਾਬੰਦੀਆਂ ਦਾ ਫੈਸਲਾ ਕਰੇਗੀ। ਡੋਪਿੰਗ ਦੇ ਦੋਸ਼ ਵਿਚ ਜ਼ਿਆਦਾਤਰ ਵੇਟਲਿਫਟਰ 16 ਤੋਂ 18 ਜਨਵਰੀ ਤੱਕ ਯਮੁਨਾਨਗਰ ਵਿਚ ਹੋਈਆਂ ਕੌਮੀ ਯੂਥ ਤੇ ਜੂਨੀਅਰ ਵੇਟਲਿਫਟਿੰਗ ਚੈਂਪੀਅਨਸ਼ਿਪਾਂ ਦੌਰਾਨ ਫੜੇ ਗਏ। ਇਥੇ ਅੱਠ ਖਿਡਾਰੀ ਪਾਬੰਦੀਸ਼ੁਦਾ ਦਵਾਈਆਂ ਲੈਣ ਦੇ ਦੋਸ਼ੀ ਪਾਏ ਗਏ। ਇਨ੍ਹਾਂ ਵਿਚ ਸਭ ਤੋਂ ਵੱਡਾ ਨਾਂ ਸੰਗਰੂਰ ਦੀ ਸਿਮਰਨਪ੍ਰੀਤ ਕੌਰ ਦਾ ਹੈ। 63 ਕਿਲੋ ਵਜ਼ਨ ਵਰਗ ਵਿਚ ਇਸ ਖਿਡਾਰਨ ਨੇ ਯੂਥ ਤੇ ਜੂਨੀਅਰ ਵਰਗ ਦੇ ਦੋਵਾਂ ਮੁਕਾਬਲਿਆਂ ਵਿਚ ਸੋਨੇ ਦਾ ਤਗ਼ਮਾ ਜਿੱਤਿਆ ਸੀ। ਉਸ ਨੇ ਕੌਮੀ ਰਿਕਾਰਡ ਵੀ ਬਣਾ ਦਿੱਤਾ ਸੀ। ਉਸ ਨੂੰ ਐਨਆਈਐਸ ਨੇ ਕੌਮੀ ਕੈਂਪ ਵਿਚੋਂ ਜਾਣ ਲਈ ਕਹਿ ਦਿੱਤਾ ਹੈ। ਡੋਪਿੰਗ ਦੇ ਦੋਸ਼ੀ ਪੰਜਾਬ ਨਾਲ ਸਬੰਧਤ ਹੋਰ ਖਿਡਾਰੀਆਂ ਵਿਚ ਅਰਸ਼ਦੀਪ ਕੌਰ (58 ਕਿੱਲੋ ਵਰਗ, ਚਾਂਦੀ ਦਾ ਤਗਮਾ ਜੇਤੂ), ਅੰਮ੍ਰਿਤਪਾਲ ਸਿੰਘ (85 ਕਿੱਲੋ ਵਰਗ, ਸੋਨੇ ਦਾ ਤਗਮਾ ਜੇਤੂ), ਜੁਗਰਾਜ ਸਿੰਘ ਤੇ ਨਵਨੀਤ ਸਿੰਘ ਸ਼ਾਮਲ ਹਨ। ਜੁਗਰਾਜ ਤੇ ਨਵਨੀਤ ਨੂੰ ਪਠਾਨਕੋਟ ਵਿਚ ਜਨਵਰੀ ਵਿਚ ਹੋਈ ਆਲ ਇੰਡੀਆ ਅੰਤਰ ਯੂਨੀਵਰਸਿਟੀ ਚੈਂਪੀਅਨਸ਼ਿਪ ਦੌਰਾਨ ਪਾਬੰਦੀਸ਼ੁਦਾ ਦਵਾਈ ਲੈਣ ਦਾ ਦੋਸ਼ੀ ਪਾਇਆ ਗਿਆ ਸੀ।

ਡੋਪਿੰਗ ਦੇ ਦੋਸ਼ੀ ਖਿਡਾਰੀਆਂ ਵਿਚ ਉੱਤਰ ਪ੍ਰਦੇਸ਼ ਦਾ ਅਤੁਲ ਕੁਮਾਰ, ਹਰਿਆਣਾ ਦਾ ਰਵੀਸ਼ ਮਲਿਕ, ਦਿੱਲੀ ਦੇ ਗੋਵਿੰਦ ਤੇ ਪਰਮਜੀਤ ਸਿੰਘ ਸ਼ਾਮਲ ਹਨ। ਨਾਡਾ ਨੇ ਪਿਛਲੇ ਮਹੀਨੇ ਕੇਰਲਾ ਵਿਚ ਹੋਈਆਂ ਕੌਮੀ ਖੇਡਾਂ ਦੌਰਾਨ ਵੀ ਕਈ ਖਿਡਾਰੀਆਂ ਨੂੰ ਡੋਪਿੰਗ ਦੇ ਦੋਸ਼ ਵਿਚ ਫੜਿਆ। ਇਸ ਕਾਰਨ 2006 ਦੀਆਂ ਰਾਸ਼ਟਰਮੰਡਲ ਖੇਡਾਂ ਦੀ ਸੋਨ ਤਗਮਾ ਜੇਤੂ ਗੀਤਾ ਰਾਣੀ (ਪੰਜਾਬ), ਹਰਜੀਤ ਕੌਰ (ਹਰਿਆਣਾ) ਤੇ ਮਾਂਗਤੇ ਪੀ ਕੋਮ (ਚੰਡੀਗੜ੍ਹ) ਨੂੰ ਮੁਅੱਤਲ ਕਰ ਦਿੱਤਾ ਗਿਆ। ਹੈਮਰ ਥ੍ਰੋਅਰ ਕੇ.ਐਮ. ਰਚਨਾ (ਪੰਜਾਬ) ਵੀ ਡੋਪ ਟੈਸਟ ਵਿਚ ਫੇਲ੍ਹ ਹੋਈ।


ਤੰਦੂਰੀਏ ਅਤੇ ਕੱਰੀ ਕੁੱਕ ਦੀ ਲੋੜ ਹੈ

ਅਟਲਾਂਟਾ, ਜਾਰਜੀਆ 'ਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਤਜ਼ਰਬੇਕਾਰ ਤੰਦੂਰੀਏ ਤੇ ਕੱਰੀ ਕੁੱਕ ਦੀ ਲੋੜ ਹੈ।

ਚੰਗੀ ਤਨਖਾਹ, ਮੁਫਤ ਰਿਹਾਇਸ਼

ਸੰਪਰਕ ਕਰੋ: ਜਸਵੀਰ ਸਿੰਘ ਢੀਂਡਸਾ

ਫੋਨ: 757-240-9348

15-16



Are You Tired Of All Treatments?

Try Homeopathic Natural Medicines (HNM)

Gurdip Singh Sandhu
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116

Homeopathic natural medicines supply



Gurdip Singh Sandhu

Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

Ph:(408) 687-1899
(408) 729-6691
Fax:(408)292-6200

EX Member:
The California Homeopathic Society
National Center For Homeopathy- USA

Email: Homeomdicine@yahoo.com
Website: www.Homeopathyatoz.com

Toll Free: 1-877-OK-HOMEO (1-877-654-6636)


## ਰਿਜ਼ਰਵ ਬੈਂਕ ਵਲੋਂ ਪੰਜਾਬ ਨੂੰ 14,640 ਕਰੋੜ ਜਾਰੀ

**ਚੰਡੀਗੜ੍ਹ:** ਭਾਰਤੀ ਰਿਜ਼ਰਵ ਬੈਂਕ ਨੇ ਪੰਜਾਬ ਵਿਚ ਕਣਕ ਦੀ ਖ਼ਰੀਦ ਲਈ 14, 640 ਕਰੋੜ ਰੁਪਏ ਦਾ ਕਰਜ਼ਾ ਜਾਰੀ ਕਰ ਦਿੱਤਾ ਹੈ। ਖ਼ਰੀਦ ਦੀ ਪ੍ਰਕਿਰਿਆ ਇਕ ਅਪ੍ਰੈਲ ਤੋਂ ਸ਼ੁਰੂ ਹੋਣੀ ਸੀ ਤੇ ਇਸ ਲਈ ਸਰਕਾਰ ਪੂਰੀ ਤਰ੍ਹਾਂ ਤਿਆਰ ਸੀ, ਪਰ ਖ਼ਰਾਬ ਮੌਸਮ ਤੇ ਬੇਮੌਸਮੇ ਮੀਂਹ ਕਾਰਨ ਇਸ ਵਿਚ ਦੇਰੀ ਹੋ ਸਕਦੀ ਹੈ ਤੇ ਇਹ 15 ਅਪ੍ਰੈਲ ਤੱਕ ਸ਼ੁਰੂ ਹੋ ਜਾਣ ਦੀ ਆਸ ਹੈ ਕਿਉਂਕਿ ਆਉਂਦੇ ਕੁਝ ਦਿਨਾਂ ਦੌਰਾਨ ਮੰਡੀਆਂ ਵਿਚ ਕਣਕ ਦੀ ਆਮਦ ਦੀ ਸੰਭਾਵਨਾ ਨਹੀਂ ਲੱਗ ਰਹੀ। ਬੁਲਾਰੇ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਸੂਬਾ ਸਰਕਾਰ ਵੱਲੋਂ 125 ਲੱਖ ਮੀਟ੍ਰਿਕ ਟਨ ਕਣਕ ਦੇ ਨਿਰਧਾਰਤ ਕੀਤੇ ਟੀਚੇ ਅਨੁਸਾਰ ਖ਼ਰੀਦ ਲਈ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ।

ਆਦੇਸ਼ ਪ੍ਰਤਾਪ ਸਿੰਘ ਕੈਰੋਂ ਨੇ ਕੇਂਦਰੀ ਮੰਤਰੀ ਰਾਮ ਵਿਲਾਸ ਪਾਸਵਾਨ ਨਾਲ ਮੁਲਾਕਾਤ ਕਰਕੇ ਉਨ੍ਹਾਂ ਪਾਸੋਂ ਸੂਬੇ ਦੇ ਕਿਸਾਨਾਂ ਲਈ ਖ਼ਾਸ ਵਿੱਤੀ ਪੈਕੇਜ ਦੀ ਮੰਗ ਕੀਤੀ ਸੀ ਕਿਉਂਕਿ ਬੇਮੌਸਮੇ ਮੀਂਹ ਕਾਰਨ ਫਸਲਾਂ ਦਾ ਕਾਫੀ ਨੁਕਸਾਨ ਹੋਣ ਕਾਰਨ ਕਿਸਾਨਾਂ ਨੂੰ ਕਾਫ਼ੀ ਨੁਕਸਾਨ ਪਹੁੰਚਿਆ ਸੀ। ਸ੍ਰੀ ਪਾਸਵਾਨ ਨੇ ਸੂਬੇ ਦੇ ਕਿਸਾਨਾਂ ਦੀ ਔਖੀ ਘੜੀ ਵਿਚ ਮਦਦ ਕਰਨ ਦੀ ਗੱਲ ਕਹਿੰਦਿਆਂ ਇਹ ਭਰੋਸਾ ਦਿਵਾਇਆ ਕਿ ਮੰਡੀਆਂ ਵਿਚ ਕਣਕ ਦੀ ਆਮਦ ਹੋਣ 'ਤੇ ਸਥਿਤੀ ਦਾ ਜਾਇਜ਼ਾ ਲੈਣ ਤੋਂ ਬਾਅਦ ਕਣਕ ਦੀ ਖ਼ਰੀਦ ਬਾਰੇ ਨਮੀ ਤੇ ਬਦਰੰਗ ਦਾਣਿਆਂ ਦੇ ਨਿਯਮਾਂ ਵਿਚ ਛੋਟ ਦੇਣ ਬਾਰੇ ਫ਼ੈਸਲਾ ਲਿਆ ਜਾਵੇਗਾ। ਇਸੇ ਦੌਰਾਨ ਖੇਤੀਬਾੜੀ ਤੇ ਪੇਂਡੂ ਵਿਕਾਸ ਲਈ ਕੌਮੀ ਬੈਂਕ (ਨਾਬਾਰਡ) ਨੇ ਕਿਹਾ ਕਿ ਉਸ ਨੇ 2014-15 ਵਿੱਤੀ ਵਰ੍ਹੇ ਦੇ ਲਈ ਪੰਜਾਬ ਨੂੰ ਮਾਲੀ ਮਦਦ ਵਧਾ ਕੇ 10,248.77 ਕਰੋੜ ਕਰ ਦਿੱਤੀ ਹੈ। ਇਹ ਪਿਛਲੇ ਵਿੱਤੀ ਵਰ੍ਹੇ ਦੌਰਾਨ ਸੂਬੇ ਨੂੰ ਦਿੱਤੀ ਗਈ ਮਾਲੀ ਮਦਦ ਤੋਂ 10.09 ਫੀਸਦੀ ਵੱਧ ਹੈ।

## ਸਿੱਖਾਂ ਬਾਰੇ ਫਿਲਮਾਂ ਲਈ ਸ਼੍ਰੋਮਣੀ ਕਮੇਟੀ ਦੀ ਪ੍ਰਵਾਨਗੀ ਜ਼ਰੂਰੀ ਕਰਾਰ

**ਚੰਡੀਗੜ੍ਹ:** ਫਿਲਮ 'ਨਾਨਕ ਸ਼ਾਹ ਫਕੀਰ' ਨੂੰ ਲੈ ਕੇ ਸ਼੍ਰੋਮਣੀ ਕਮੇਟੀ ਨੇ ਆਪਣੀ ਚੁੱਪ ਤੋੜਦਿਆਂ ਇਸ ਫਿਲਮ ਨੂੰ ਸਿੱਖ ਪ੍ਰੰਪਰਾਵਾਂ ਦੇ ਖ਼ਿਲਾਫ਼ ਕਰਾਰ ਦਿੰਦਿਆਂ ਕੇਂਦਰ ਸਰਕਾਰ ਅਤੇ ਫਿਲਮ ਸੈਂਸਰ ਬੋਰਡ ਤੋਂ ਇਸ ਫਿਲਮ 'ਤੇ ਤੁਰੰਤ ਪਾਬੰਦੀ ਲਾਉਣ ਦੀ ਮੰਗ ਕੀਤੀ ਹੈ। ਨਾਲ ਹੀ ਫਿਲਮ ਨਿਰਮਾਤਾਵਾਂ ਨੂੰ ਤਾਕੀਦ ਕੀਤੀ ਕਿ ਭਵਿੱਖ ਵਿਚ ਉਹ ਸਿੱਖ ਮਸਲਿਆਂ ਬਾਰੇ ਫਿਲਮ ਬਣਾਉਣ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਦੀ ਪ੍ਰਵਾਨਗੀ ਲੈਣ।

ਕਮੇਟੀ ਦੀ ਚੰਡੀਗੜ੍ਹ ਵਿਚ ਅੰਤ੍ਰਿੰਗ ਕਮੇਟੀ ਬੈਠਕ ਵਿਚ ਇਸ ਮਸਲੇ 'ਤੇ ਸਹਿਮਤੀ ਬਣੀ। ਕਮੇਟੀ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਦੱਸਿਆ ਕਿ ਉਪਰੋਕਤ ਫਿਲਮ ਵਿਚ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਪਰਿਵਾਰ ਬਾਰੇ ਨਿਭਾਈ ਗਈ ਮਨੁੱਖੀ ਭੂਮਿਕਾ ਸਿੱਖੀ ਪ੍ਰੰਪਰਾਵਾਂ ਦੇ ਉਲਟ ਹੈ। ਸ਼੍ਰੋਮਣੀ ਕਮੇਟੀ ਇਸ ਦੀ ਨਿਖੇਧੀ ਕਰਦੀ ਹੈ ਅਤੇ ਕੇਂਦਰ ਸਰਕਾਰ ਤੇ ਫਿਲਮ ਸੈਂਸਰ ਬੋਰਡ ਤੋਂ ਮੰਗ ਕਰਦੀ ਹੈ ਕਿ ਫ਼ਿਲਮ 'ਤੇ ਤੁਰੰਤ ਪਾਬੰਦੀ ਲਾਈ ਜਾਵੇ। ਉਨ੍ਹਾਂ ਕਿਹਾ ਕਿ ਅੱਗੇ ਤੋਂ ਜੇ ਕਿਸੇ ਨੇ ਕੋਈ ਵੀ ਧਾਰਮਿਕ ਫ਼ਿਲਮ ਬਣਾਉਣੀ ਹੋਵੇ ਤਾਂ ਉਸ ਦੀ ਪਟਕਥਾ/ ਕਹਾਣੀ ਪਹਿਲਾਂ ਸ਼੍ਰੋਮਣੀ ਕਮੇਟੀ ਨੂੰ ਚੈੱਕ ਕਰਵਾਈ ਜਾਵੇ ਤੇ ਫ਼ਿਲਮ ਬਣਨ ਉਪਰੰਤ ਰਿਲੀਜ਼ ਕਰਨ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਨੂੰ ਦਿਖਾਈ ਜਾਵੇ। ਉਨ੍ਹਾਂ ਇਹ ਮੰਗ ਵੀ ਕੀਤੀ ਕਿ ਫ਼ਿਲਮ ਸੈਂਸਰ ਬੋਰਡ ਵਿਚ ਸ਼੍ਰੋਮਣੀ ਕਮੇਟੀ ਦੇ 2 ਨੁਮਾਇੰਦੇ ਸ਼ਾਮਿਲ ਕੀਤੇ ਜਾਣ। ਇਸੇ ਦੌਰਾਨ ਬੈਠਕ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 170 ਸਰੂਪ ਬੈਂਕਾਕ ਭੇਜਣ ਨੂੰ ਪ੍ਰਵਾਨਗੀ ਦੇ ਦਿੱਤੀ ਗਈ।




# ਪੰਜਾਬ ਟਾਈਮਜ਼

*ਸਨਿਚਰਵਾਰ, 11 ਅਪਰੈਲ 2015*


## *ਇਸ ਵਾਰ ਵਿਸਾਖੀ...*

ਵਿਸਾਖੀ ਦਾ ਸਿੱਧਾ ਸਬੰਧ ਫਸਲਾਂ ਦੀ ਸਾਂਭ-ਸੰਭਾਲ ਅਤੇ ਨਵੇਂ ਸਾਲ ਦੀ ਆਮਦ ਨਾਲ ਜੁੜਿਆ ਹੋਇਆ ਹੈ। ਭਾਰਤ ਦੇ ਹੋਰ ਕਈ ਹਿੱਸਿਆਂ ਵਿਚ ਵੀ ਵਿਸਾਖ ਦੇ ਮਹੀਨੇ ਤਿਉਹਾਰਾਂ ਦੀ ਛਿੰਝ ਪੈਂਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਇਸ ਮਹੀਨੇ ਦੀ ਵਡਿਆਈ ਕੀਤੀ ਗਈ ਹੈ ਅਤੇ ਇਸ ਮਹੀਨੇ ਦੇ ਸੁਹਾਵਣੇ ਮੌਸਮ ਦੇ ਚਿੱਤਰ ਖਿੱਚੇ ਗਏ ਹਨ ਜਿਨ੍ਹਾਂ ਤੋਂ ਮੌਲਦੀ ਧਰਤ ਦੇ ਦਰਸ਼ਨ-ਦੀਦਾਰ ਹੁੰਦੇ ਹਨ। ਪਹਿਲੇ ਪਾਤਿਸ਼ਾਹ ਗੁਰੂ ਨਾਨਕ ਨੇ 'ਨਾਨਕ ਵੈਸਾਖੀ ਪ੍ਰਭੁ ਪਾਵੈ ਸੁਰਤਿ ਸਬਦਿ ਮਨੁ ਮਾਨਾ॥' ਅਤੇ ਪੰਜਵੇਂ ਪਾਤਿਸ਼ਾਹ ਗੁਰੂ ਅਰਜਨ ਨੇ 'ਵੈਸਾਖੁ ਸੁਹਾਵਾ ਤਾ ਲਗੈ ਜਾ ਸੰਤੁ ਭੇਟੈ ਹਰਿ ਸੋਇ॥' ਨਾਲ ਇਸ ਸੁਹਾਵਣੇ ਮੌਸਮ ਦੀ ਮਹਿਮਾ ਕੀਤੀ ਹੈ। ਸਤਾਰਵੀਂ ਸਦੀ ਦੇ ਅਖੀਰ ਤੱਕ ਇਸ ਤਿਉਹਾਰ ਦਾ ਰੰਗ ਦੇਸ ਵਿਚ ਇਸੇ ਮਹੀਨੇ ਦੌਰਾਨ ਮਨਾਏ ਜਾਂਦੇ ਤਿਉਹਾਰਾਂ ਵਰਗਾ ਹੀ ਸੀ, ਪਰ 1699 ਦੀ ਵਿਸਾਖੀ ਨੂੰ ਪੰਜਾਬ ਦੀ ਧਰਤੀ ਅਨੰਦਪੁਰ ਵਿਚ ਗੁਰੂ ਗੋਬਿੰਦ ਰਾਏ ਨੇ 33 ਵਰ੍ਹਿਆਂ ਦੀ ਉਮਰ ਵਿਚ ਇਸ ਤਿਉਹਾਰ ਨੂੰ ਵੱਖਰੇ ਹੀ ਰੰਗ ਵਿਚ ਰੰਗ ਦਿੱਤਾ। ਉਨ੍ਹਾਂ ਉਸ ਦਿਨ ਉਹ ਖਾਲਸਾ ਸਾਜਿਆ ਜਿਸ ਦਾ ਮੁੱਖ ਮਕਸਦ ਅਨਿਆਂ ਦੀ ਹਨੇਰੀ ਖਿਲਾਫ ਹੌਸਲੇ ਦਾ ਬੁਰਜ ਉਸਾਰਨਾ ਸੀ। ਇਸ ਤੋਂ ਬਾਅਦ ਪੰਜਾਬ ਵਿਚ ਅਨਿਆਂ ਖਿਲਾਫ ਲੜਾਈ ਦਾ ਆਪਣਾ ਇਤਿਹਾਸ ਬਣਿਆ ਜਿਹੜਾ ਅੱਜ ਤੱਕ ਜੁਝਾਰੂਆਂ ਲਈ ਪ੍ਰੇਰਨਾ ਦਾ ਸਰੋਤ ਬਣਿਆ ਹੋਇਆ ਹੈ। ਸਾਲ 1699 ਵਾਲੀ ਵਿਸਾਖੀ ਤੋਂ ਤਕਰੀਬਨ ਸਵਾ ਤਿੰਨ ਸਦੀਆਂ ਬਾਅਦ ਅੰਮ੍ਰਿਤਸਰ ਦੀ ਧਰਤੀ ਉਤੇ ਅੰਗਰੇਜ਼ ਹਾਕਮਾਂ ਨੇ ਜੱਲਿਆਂਵਾਲੇ ਬਾਗ ਦਾ ਸਾਕਾ ਕੀਤਾ ਜਿਥੇ ਵਿਸਾਖੀ ਮੌਕੇ ਲੋਕ ਵੱਡੀ ਗਿਣਤੀ ਵਿਚ ਜੁੜੇ ਹੋਏ ਸਨ। ਉਦੋਂ ਪਹਿਲਾ ਸੰਸਾਰ ਯੁੱਧ ਅਜੇ ਹੋ ਕੇ ਹਟਿਆ ਹੀ ਸੀ। ਇਸ ਯੁੱਧ ਵਿਚ ਭਾਰਤ ਦੇ ਬ੍ਰਿਟਿਸ਼ ਪ੍ਰਸ਼ਾਸਨ ਅਤੇ ਵੱਖ-ਵੱਖ ਰਿਆਸਤਾਂ ਦੇ ਰਾਜਿਆਂ ਨੇ ਅੰਗਰੇਜ਼ਾਂ ਦੀ ਡਟ ਕੇ ਮਦਦ ਕੀਤੀ ਸੀ। ਭਾਰਤ ਦੇ ਸਿਰਫ ਦੋ ਹੀ ਸੂਬੇ- ਪੰਜਾਬ ਤੇ ਬੰਗਾਲ ਹੀ ਸਨ ਜਿਥੇ ਅੰਗਰੇਜ਼ਾਂ ਖਿਲਾਫ ਇਨਕਲਾਬੀ ਕਾਰਵਾਈਆਂ ਦੀ ਡਾਰ ਬੰਨ੍ਹੀ ਗਈ ਸੀ। ਪਰਦੇਸੀਂ ਵੱਸਦੇ ਭਾਰਤੀਆਂ ਨੇ ਤਾਂ ਉਦੋਂ ਯੁੱਧ ਵਿਚ ਬੁਰੀ ਤਰ੍ਹਾਂ ਫਸੇ ਅੰਗਰੇਜ਼ਾਂ ਤੋਂ ਆਜ਼ਾਦੀ ਖੋਹਣ ਦਾ ਮਤਾ ਵੀ ਪਕਾਇਆ ਸੀ। ਇਤਿਹਾਸ ਵਿਚ ਪਰਦੇਸੀਆਂ ਦਾ ਇਹ ਹੰਭਲਾ ਗਦਰ ਲਹਿਰ ਦੇ ਰੂਪ ਵਿਚ ਦਰਜ ਹੈ। ਇਨ੍ਹਾਂ ਗਦਰੀਆਂ ਨੇ ਹਥਿਆਰਬੰਦ ਹੱਲੇ ਰਾਹੀਂ ਦੇਸ ਨੂੰ ਆਜ਼ਾਦ ਕਰਵਾਉਣ ਦੀ ਸੋਚੀ। ਇਕ ਲਿਹਾਜ਼ ਨਾਲ ਜੱਲਿਆਂਵਾਲੇ ਬਾਗ ਵਾਲਾ ਸਾਕਾ ਅੰਗਰੇਜ਼ ਹਾਕਮਾਂ ਲਈ ਵੀ ਕਹਿਰ ਬਣ ਕੇ ਵਰ੍ਹਿਆ ਸੀ, ਕਿਉਂਕਿ ਇਸ ਸਾਕੇ ਤੋਂ ਬਾਅਦ ਪੰਜਾਬ ਵਿਚ ਸਿਆਸੀ ਸਰਗਰਮੀਆਂ ਨੇ ਵੱਡੀ ਕਰਵਟ ਲਈ ਅਤੇ ਅਕਾਲੀ ਲਹਿਰ, ਬੱਬਰ ਅਕਾਲੀ ਲਹਿਰ, ਭਗਤ ਸਿੰਘ ਤੇ ਸਾਥੀਆਂ ਦੀ ਲਹਿਰ, ਇਕ ਵਾਰ ਫਿਰ ਗਦਰ ਲਹਿਰ ਲਈ ਪੂਰਾ ਪਿੜ ਬੱਝਿਆ। ਇਹ ਪੰਜਾਬ ਹੀ ਸੀ ਜਿਸ ਨੇ ਅੰਗਰੇਜ਼ ਹਾਕਮਾਂ ਨੂੰ ਫਿਰ ਚੈਨ ਨਾਲ ਬੈਠਣ ਨਹੀਂ ਸੀ ਦਿੱਤਾ। ਪੰਜਾਬ ਦਾ ਇਹ ਇਤਿਹਾਸ ਦਰਜਾ-ਬ-ਦਰਜਾ ਅੱਜ ਤੱਕ ਪੈੜਾਂ ਪਾ ਰਿਹਾ ਹੈ। ਸੱਚ ਦਾ ਕਾਰਵਾਂ, ਹੱਥਾਂ ਦੀਆਂ ਪੀਡੀਆਂ ਕੜਿੰਗੜੀਆਂ ਨਾਲ ਸਦਾ ਅੱਗੇ ਵਧਿਆ ਹੈ।

ਉਂਜ, ਐਤਕੀਂ ਵਿਸਾਖ ਦਾ ਇਹ ਸੁਹਾਵਣਾ ਮੌਸਮ ਕੁਝ ਕੁ ਕਹਿਰੀ ਹੋ ਕੇ ਟੱਕਰਿਆ ਹੈ। ਪਿਛਲੇ ਕੁਝ ਸਮੇਂ ਤੋਂ ਬੇਮੌਸਮੇ ਮੀਂਹਾਂ ਨੇ ਫਸਲਾਂ ਤਬਾਹ ਕਰ ਕੇ ਰੱਖ ਦਿੱਤੀਆਂ ਹਨ। ਮੌਸਮ ਦੇ ਇਸ ਮਿਜਾਜ਼ ਨੇ ਕਿਸਾਨਾਂ ਦੇ ਚਿਹਰਿਆਂ 'ਤੇ ਉਦਾਸੀ ਦਾ ਛੱਟਾ ਦੇ ਦਿੱਤਾ ਹੈ। ਆਏ ਸਾਲ ਮੌਸਮ ਦੇ ਬਦਲ ਰਹੇ ਮਿਜਾਜ਼ ਬਾਰੇ ਅਕਸਰ ਵਿਚਾਰ-ਚਰਚਾ ਤੁਰਦੀ ਰਹੀ ਹੈ। ਇਸ ਚਰਚਾ ਦੇ ਕੇਂਦਰ ਵਿਚ ਵਿਗਿਆਨੀਆਂ ਦੀਆਂ ਖੋਜਾਂ ਦੇ ਆਧਾਰ ਉਤੇ ਕੱਢੇ ਸਿੱਟਿਆਂ ਬਾਰੇ ਵੀ ਗੱਲਾਂ ਹੁੰਦੀਆਂ ਹਨ ਅਤੇ ਆਮ ਲੋਕਾਂ ਦੇ ਤਜਰਬੇ ਵਿਚੋਂ ਨਿਕਲੇ ਤੱਥ ਵੀ ਇਸ ਵਿਚਾਰ-ਚਰਚਾ ਦਾ ਹਿੱਸਾ ਬਣਦੇ ਹਨ। ਇਸ ਬਾਬਤ ਸਾਂਝੀ ਰਾਏ ਇਹੀ ਹੁੰਦੀ ਹੈ ਕਿ ਕੁਦਰਤ ਦੀ ਕਰੋਪੀ ਦਾ ਵੱਡਾ ਕਾਰਨ, ਮਨੁੱਖ ਦਾ ਕੁਦਰਤ ਵੱਲ ਪਿੱਠ ਕਰ ਕੇ ਖਲੋਣਾ ਹੀ ਹੈ। ਵਿਗਿਆਨ ਦੀ ਤਰੱਕੀ ਕਰ ਕੇ ਅੱਜ ਵਾਯੂਮੰਡਲ ਦੀ ਤਪਸ਼ ਸੰਸਾਰ ਦਾ ਵੱਡਾ ਮੁੱਦਾ ਬਣੀ ਹੋਈ ਹੈ। ਹੜ੍ਹ ਵਰਗੀਆਂ ਆਫਤਾਂ ਤਾਂ ਪਹਿਲਾਂ ਵੀ ਆਉਂਦੀਆਂ ਸਨ, ਪਰ ਆਪਾ-ਧਾਪੀ ਅਤੇ ਲਾਲਚ ਕਾਰਨ ਜਿੰਨਾ ਨੁਕਸਾਨ ਹੁਣ ਹੋ ਜਾਂਦਾ ਹੈ, ਉਸ ਦਾ ਸਿੱਧਾ ਸਬੰਧ ਬਿਨਾਂ ਸ਼ੱਕ ਮਨੁੱਖ ਦਾ ਕੁਦਰਤ ਵੱਲ ਪਿੱਠ ਕਰਨ ਨਾਲ ਹੀ ਹੈ। ਪਿੰਡਾਂ, ਕਸਬਿਆਂ, ਸ਼ਹਿਰਾਂ ਵਿਚ ਜਲ ਨਿਕਾਸੀ ਦਾ ਹਰ ਰਸਤਾ ਡੱਕਿਆ ਗਿਆ ਹੈ। ਕੁਦਰਤ ਨਾਲ ਮਨੁੱਖ ਦੀ ਇਸ ਨਹੱਕੀ ਲੜਾਈ ਨੇ ਅੱਜ ਮਨੁੱਖ ਨੂੰ ਚੌਰਾਹੇ ਵਿਚ ਲਿਆ ਖਲਾਰਿਆ ਹੈ। ਸਿਤਮਜ਼ਰੀਫੀ ਇਹ ਹੈ ਕਿ ਅਜੇ ਵੀ ਮਨੁੱਖ ਨੂੰ ਆਪਣੇ ਇਨ੍ਹਾਂ ਕਾਲੇ ਕਾਰਨਾਮਿਆਂ ਬਾਰੇ ਇਲਮ ਨਹੀਂ ਹੋ ਰਿਹਾ। ਮਨੁੱਖ ਨੇ ਆਪਣੇ ਸਦੀਆਂ ਤੱਕ ਦੇ ਇਤਿਹਾਸ ਦੌਰਾਨ ਹਰ ਬਹਿਰੂਨੀ ਲੜਾਈ ਉਤੇ ਜਿੱਤ ਹਾਸਲ ਕੀਤੀ ਹੈ, ਪਰ ਅੱਜ ਅੰਦਰੂਨੀ ਲੜਾਈ ਨੂੰ ਸਮਝਣ ਵਿਚ ਇਹ ਬੁਰੀ ਤਰ੍ਹਾਂ ਨਾਕਾਮ ਰਿਹਾ ਹੈ, ਤੇ ਜਿੰਨੀ ਦੇਰ ਤੱਕ ਅੰਦਰੂਨੀ ਲੜਾਈ ਨੂੰ ਸਮਝਿਆ ਨਹੀਂ ਜਾਂਦਾ, ਜਿੱਤ ਦੀ ਆਸ ਰੱਖਣਾ ਫਜ਼ੂਲ ਹੀ ਜਾਪਦਾ ਹੈ। ਇਹ ਨਾਸਮਝੀ ਫਿਰ ਬੇਚੈਨੀ ਵਿਚ ਵਟਦੀ ਚਲੀ ਜਾਂਦੀ ਹੈ। ਪੰਜਵੇਂ ਪਾਤਸ਼ਾਹ ਗੁਰੂ ਅਰਜਨ ਨੇ ਇਸ ਦਾ ਜ਼ਿਕਰ ਇਉਂ ਕੀਤਾ ਹੋਇਆ ਹੈ: ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ॥ ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ॥ ਮਾਇਆ ਅੱਜ ਅਜਿਹਾ ਮਸਲਾ ਬਣਿਆ ਹੈ ਕਿ ਮਨੁੱਖ ਨੂੰ ਸਭ ਕੁਝ ਭੁੱਲ-ਭੁਲਾ ਗਿਆ ਹੈ। ਆਪਣਾ ਪੰਜਾਬ, ਹਰੇ ਇਨਕਲਾਬ ਦੌਰਾਨ ਕੁਦਰਤ ਨਾਲ ਕੀਤੇ ਖਿਲਵਾੜ ਦਾ ਨਤੀਜਾ ਅੱਜ ਖੁਦਕੁਸ਼ੀਆਂ ਦੇ ਰੂਪ ਵਿਚ ਭੁਗਤ ਰਿਹਾ ਹੈ ਅਤੇ ਵੱਡੀ ਕੀਮਤ ਤਾਰ ਰਿਹਾ ਹੈ। ਇਸ ਲਈ ਵਿਸਾਖੀ ਦਾ ਖੇੜਾ ਤਾਂ ਹੀ ਬਰਕਰਾਰ ਰਹਿ ਸਕਦਾ ਹੈ, ਜੇ ਸਿਰ ਪਈ ਮੁਸੀਬਤ ਦੇ ਟਾਕਰੇ ਲਈ ਕੋਈ ਤਰੱਦਦ ਕੀਤਾ ਜਾਵੇ। ਇਹੀ ਵਿਸਾਖੀ ਦਾ ਸੁਨੇਹਾ ਹੈ। ਕੁਦਰਤ ਨਾਲ ਆਢਾ ਲਾਉਣਾ ਆਪਣੇ ਆਪ ਨਾਲ ਅਨਿਆਂ ਹੈ। ਇਸ ਅਦਿਸ ਅਨਿਆਂ ਦੀ ਮਾਰ ਬੜੀ ਡਾਢੀ ਹੈ। ਇਸ ਲਈ ਹੋਰ ਅਨਿਆਂਵਾਂ ਖਿਲਾਫ ਲੜਾਈ ਵਿਚ ਇਹ ਲੜਾਈ ਵੀ ਸ਼ਾਮਲ ਹੋਣੀ ਚਾਹੀਦੀ ਹੈ, ਤਾਂ ਹੀ ਵੱਡੀਆਂ ਲੜਾਈਆਂ ਲਈ ਬੱਝਵਾਂ ਪਿੜ ਬੱਝ ਸਕੇਗਾ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਦੁਖਾਂਤ ਆਮ ਬੰਦੇ ਦਾ!*

'ਆਪ' ਦਾ ਹਸ਼ਰ ਦੇਖ ਹੋ ਕੇ ਪ੍ਰੇਸ਼ਾਨ ਬੜਾ, ਮੱਥੇ ਹੱਥ ਰੱਖ ਦੇਖੋ ਆਮ ਬੰਦਾ ਰੋ ਰਿਹਾ।
ਈਰਖਾ ਤੇ ਸ਼ੋਹਰਤਾਂ ਨੇ ਢਾਂਚਾ ਹੀ ਵਿਗਾੜ ਦਿੱਤਾ, ਬੱਝਦਾ ਨਹੀਂ ਕਿਸੇ 'ਤੇ ਯਕੀਨ ਹੁਣ ਖੋ ਰਿਹਾ।
ਗਿਣਤੀ ਦੀ ਧੌਂਸ ਵਿਚ 'ਬਹੁਤੇ' ਨੇ ਹੰਕਾਰ ਜਾਂਦੇ, ਲੋਕ-ਰਾਜ ਦੇਸ਼ ਦਾ ਹਨੇਰਾ ਈ ਏ ਢੋ ਰਿਹਾ।
ਮੱਝ ਥੱਲੇ ਜਾਵੇ ਆਸ ਦੁੱਧ ਵਾਲੀ ਧਾਰ ਕੇ ਤੇ ਮਗਰੋਂ ਮਾਲੂਮ ਹੋਵੇ ਝੋਟੇ ਨੂੰ ਉਹ ਚੋ ਰਿਹਾ।
ਬੰਦਾ ਆਮ ਜਾਣਦਾ ਨ੍ਹੀਂ 'ਖਾਸਾਂ' ਦੀਆਂ 'ਗੁੱਝੀਆਂ' ਨੂੰ ਪਾਟੋ-ਧਾੜੀ ਵਾਲੇ ਬੀਜ 'ਨਾਗਪੁਰ' ਬੋ ਰਿਹਾ।
ਹੂੰਝ ਕੇ ਸੀ ਰੱਖ ਦਿੱਤਾ ਜਿਹਨੇ 'ਫੁੱਲ-ਪੰਜੇ' ਤਾਈਂ, ਉਹੋ ਝਾੜੂ ਦੇਖੋ ਹੁਣ ਤੀਲ੍ਹਾ ਤੀਲ੍ਹਾ ਹੋ ਰਿਹਾ।

# ਨਿਜ਼ਾਮ ਅਤੇ ਅਤਿਵਾਦ ਦੀ ਘੇਰਾਬੰਦੀ ਵਿਚ ਫਸੇ ਮਨੁੱਖੀ ਸਰੋਕਾਰ

*ਜੇ ਅਤਿਵਾਦੀ ਮੁਹਿੰਮਾਂ ਹਰ ਤਰ੍ਹਾਂ ਦੀ ਕਿਆਸੀ-ਅਣਕਿਆਸੀ ਨਾਬਰੀ ਦੇ ਆਹੂ ਲਾਹ ਰਹੀਆਂ ਹਨ ਤਾਂ ਨਿਜ਼ਾਮ, ਆਵਾਮ ਨੂੰ ਸੀਲ ਕਰਨ ਦੇ ਕਾਨੂੰਨੀ ਦੰਦ ਤਿੱਖੇ ਕਰ ਰਿਹਾ ਹੈ। ਨਿਜ਼ਾਮ ਅਤੇ ਅਤਿਵਾਦ ਐਲਾਨ ਕਰ ਰਿਹਾ ਹੈ ਕਿ ਖੌਲਣ ਵਾਲਾ ਖ਼ੂਨ ਡੋਲ੍ਹ ਦਿੱਤਾ ਜਾਵੇਗਾ, ਜਾਂ ਬੁੜ੍ਹਾਂ ਰਾਹੀਂ ਸੁਕਾ ਦਿੱਤਾ ਜਾਵੇਗਾ। ਸੀਲ ਖ਼ਪਤਕਾਰ ਲਈ ਸ਼ਰਧਾਮਈ ਸਹੂਲਤਾਂ ਦੀ ਜ਼ਾਮਨੀ ਨਿਜ਼ਾਮ ਭਰ ਰਿਹਾ ਹੈ ਅਤੇ ਅਤਿਵਾਦ ਹੂਰਾਂ, ਜੰਨਤ ਅਤੇ ਤਹੂਰ ਦਾ ਵਾਅਦਾ ਕਰ ਰਿਹਾ ਹੈ। ਮਨੁੱਖੀ ਜ਼ਿੰਦਗੀ ਦਾ ਸੁਆਲ ਇੱਕੋ ਹੈ ਕਿ ਇਸ ਫ਼ਾਨੀ ਸੰਸਾਰ ਦੀ ਬਿਹਤਰੀ ਦਾ ਰਾਹ ਕਿਹੜਾ ਹੈ?*

ਰਾਸ਼ਟਰਪਤੀ ਵਲੋਂ 3 ਵਾਰ (2004, 2008 ਤੇ 2009 ਵਿਚ) ਪਰਤਾਇਆ ਗਿਆ ਬਿੱਲ ਗੁਜਰਾਤ ਵਿਧਾਨ ਸਭਾ ਨੇ ਚੌਥੀ ਵਾਰ ਪ੍ਰਵਾਨ ਕਰ ਲਿਆ ਹੈ। ਹੁਣ ਇਹ ਹੁਣ ਬਿੱਲ ਕੇਂਦਰ ਸਰਕਾਰ ਦੀ ਪ੍ਰਵਾਨਗੀ ਲਈ ਜਾਣ ਵਾਲਾ ਹੈ ਅਤੇ ਕੇਂਦਰੀ ਗ੍ਰਹਿ ਮੰਤਰਾਲੇ ਮੁਤਾਬਕ 'ਬਦਲੇ ਹਾਲਾਤ' ਵਿਚ 'ਨਵੀਂ ਸਰਕਾਰ ਦੀ ਸਖ਼ਤ ਨੀਤੀ' ਤਹਿਤ ਇਸ ਦੇ ਰਾਹ ਵਿਚ ਕੋਈ ਅੜਿੱਕਾ ਨਹੀਂ ਆਵੇਗਾ। 'ਗੁਜਰਾਤ ਕੰਟਰੋਲ ਆਫ਼ ਟੈਰਰਿਜ਼ਮ ਐਂਡ ਆਰਗੇਨਾਈਜ਼ਡ ਕਰਾਈਮ ਬਿੱਲ' ਬਾਰੇ ਬਹਿਸ ਹੈ ਕਿ ਇਹ ਪਹਿਲਾਂ ਖ਼ਤਮ ਕੀਤੇ ਗਏ 'ਪੋਟਾ' ਅਤੇ 'ਟਾਡਾ' ਵਰਗੇ ਕਾਨੂੰਨਾਂ ਦਾ ਸਖ਼ਤ ਰੂਪ ਹੈ। 'ਪੋਟਾ' ਅਤੇ 'ਟਾਡਾ' ਨੂੰ ਮਨੁੱਖੀ ਹਕੂਕ ਦੇ ਉਲੰਘਣ ਅਤੇ ਲਾਗੂ ਕਰਨ ਵਾਲੇ ਅਦਾਰਿਆਂ ਦੇ ਆਪਹੁਦਰੇਪਣ ਕਾਰਨ ਖ਼ਤਮ ਕੀਤਾ ਗਿਆ ਸੀ। ਇਹ ਸੁਆਲ ਤਾਂ ਪੁੱਛਣਾ




**ਦਲਜੀਤ ਅਮੀ**
ਫੋਨ: 91-97811-21873


ਬਣਦਾ ਹੀ ਹੈ ਕਿ ਆਖ਼ਰ ਗੁਜਰਾਤ ਸਰਕਾਰ ਇਸ ਬਿੱਲ ਨੂੰ ਕਾਨੂੰਨੀ ਜਾਮਾ ਪਹਿਨਾਉਣ ਲਈ ਇੰਨੀ ਤਹੂ ਕਿਉਂ ਹੈ? ਪਹਿਲਾਂ ਇਹ ਬਿੱਲ ਨਰੇਂਦਰ ਮੋਦੀ ਦੇ ਮੁੱਖ ਮੰਤਰੀ ਹੁੰਦਿਆਂ ਰਾਸ਼ਟਰਪਤੀ ਨੂੰ ਪ੍ਰਵਾਨਗੀ ਲਈ ਭੇਜਿਆ ਜਾਂਦਾ ਸੀ। ਹੁਣ ਮੋਦੀ ਨੇ ਪ੍ਰਧਾਨ ਮੰਤਰੀ ਵਜੋਂ ਇਸ ਨੂੰ ਕਾਨੂੰਨੀ ਰੁਤਬਾ ਬਣਾਉਣ ਲਈ ਅਸਰਅੰਦਾਜ਼ ਹੋਣਾ ਹੈ। ਮੋਦੀ ਦੀ ਅਸਰਅੰਦਾਜ਼ੀ ਤੋਂ ਕੋਈ ਧਿਰ ਮੁਨਕਰ ਨਹੀਂ ਹੈ, ਪਰ ਪੇਸ਼ਕਾਰੀ ਵਿਚ ਇਸ ਨੂੰ 'ਤਾਕਤ ਦੀ ਦੁਰਵਰਤੋਂ' ਤੋਂ ਲੈ ਕੇ 'ਏਕਤਾ, ਅਖੰਡਤਾ, ਸੁਰੱਖਿਆ ਅਤੇ ਖ਼ੁਦਮੁਖ਼ਤਿਆਰੀ ਦੇ ਸੁਆਲਾਂ ਸਾਹਮਣੇ ਅਣਸਰਦੀ ਲੋੜ' ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਦਰਅਸਲ ਮੁੱਦਾ ਮੋਦੀ ਤੋਂ ਵੱਡਾ ਹੈ।

ਗੁਜਰਾਤ ਸਰਕਾਰ ਦੀ ਇਸ ਪਹਿਲਕਦਮੀ ਨੂੰ ਮੋਦੀ ਦੀ ਸੂਬਾ ਸਰਕਾਰ ਦੀ ਕਾਰਗੁਜ਼ਾਰੀ ਨਾਲ ਜੋੜ ਕੇ ਵੇਖਿਆ ਜਾ ਸਕਦਾ ਹੈ। ਸ਼ੱਕੀ ਪੁਲਿਸ ਮੁਕਾਬਲਿਆਂ, ਸਿਆਸਤਦਾਨਾਂ ਉਤੇ ਲੱਗੇ ਇਲਜ਼ਾਮਾਂ ਤੇ ਦਰਜ ਮੁਕੱਦਮਿਆਂ ਅਤੇ ਅਦਾਲਤੀ ਫ਼ੈਸਲਿਆਂ ਦੇ ਨਾਲ-ਨਾਲ ਕਈ ਪੁਲਿਸ ਅਫ਼ਸਰਾਂ ਦੇ ਬਿਆਨ ਚਰਚਾ ਵਿਚ ਆਉਂਦੇ ਰਹੇ ਹਨ। ਅਮਿਤ ਸ਼ਾਹ, ਮਾਇਆ ਕੋਦਨਾਨੀ ਤੋਂ ਲੈ ਕੇ ਡੀ.ਜੀ. ਵੰਜ਼ਾਰਾ ਅਤੇ ਸੰਜੀਵ ਭੱਟ ਦੇ ਮਾਮਲੇ ਵੱਖ-ਵੱਖ ਹੋਣ ਦੇ ਨਾਲ-ਨਾਲ ਇੱਕ ਰੁਝਾਨ ਦੀਆਂ ਕੜੀਆਂ ਜਾਪਦੇ ਹਨ। ਮੌਜੂਦਾ ਕੌਮਾਂਤਰੀ ਹਾਲਾਤ ਅਤੇ ਕੇਂਦਰੀ ਸਰਕਾਰ ਦੇ ਝੁਕਾਅ ਦੇ ਨਾਲ-ਨਾਲ ਵਿੱਤੀ ਪੂੰਜੀ, ਵਿਕਾਸ ਅਤੇ ਵਿਦੇਸ਼ੀ ਨਿਵੇਸ਼ ਵਰਗੀਆਂ ਧਾਰਨਾਵਾਂ ਨੂੰ ਅਤਿਵਾਦ ਦੇ ਖ਼ਤਰੇ ਨਾਲ ਜੋੜ ਕੇ ਸਮਝਿਆ ਜਾਣਾ ਜ਼ਰੂਰੀ ਹੈ। ਇਹ ਪੇਚੀਦਾ ਮਾਮਲਾ ਹੈ ਅਤੇ ਕੁਝ ਚੋਣਵੇਂ ਤੱਥਾਂ ਨਾਲ ਹਰ ਤਰ੍ਹਾਂ ਦੀ ਸਮਝ ਦੀ ਤਸਦੀਕ ਕੀਤੀ ਜਾ ਸਕਦੀ ਹੈ। ਇਸ ਵੇਲੇ ਸਮੁੱਚੀਆਂ ਸਿਆਸੀ ਪਾਰਟੀਆਂ ਚੋਣਵੇਂ ਤੱਥਾਂ ਰਾਹੀਂ ਹੀ ਆਪਣੀ ਦਲੀਲ ਪੇਸ਼ ਕਰ ਰਹੀਆਂ ਹਨ। ਜ਼ਿਆਦਾਤਰ ਸਿਆਸੀ ਪਾਰਟੀਆਂ ਲਈ ਇਹ ਸੁਆਲ 'ਹਾਲਾਤ (ਸਰਕਾਰ) ਬਦਲਣ ਨਾਲ ਬਦਲ' ਜਾਂਦੇ ਹਨ ਪਰ ਕਾਨੂੰਨ ਦੇ ਨਾਮ ਅਤੇ ਸਰਕਾਰ ਤੋਂ ਇਲਾਵਾ ਇਸ ਰੁਝਾਨ ਉਤੇ ਅਸਰ-ਅੰਦਾਜ਼ ਹਾਲਾਤ, ਸੋਚ ਅਤੇ ਤੱਥ ਇੱਕਸਾਰ ਰਹਿੰਦੇ ਹਨ। ਸੋ, ਇਸ ਕਾਨੂੰਨ ਦੀਆਂ ਕੁਝ ਧਾਰਾਵਾਂ ਦਾ ਜ਼ਿਕਰ ਜ਼ਰੂਰੀ ਹੈ।

ਇਸ ਕਾਨੂੰਨ ਮੁਤਾਬਕ ਹਰ ਤਰ੍ਹਾਂ ਦੇ ਸੰਚਾਰ ਸਬੂਤ ਨੂੰ ਅਦਾਲਤ ਵਿਚ ਸਬੂਤ ਵਜੋਂ ਦਰਜ ਕੀਤਾ ਜਾ ਸਕੇਗਾ। ਸੰਚਾਰ ਤਕਨੀਕ ਰਾਹੀਂ ਹੁੰਦਾ ਰਾਬਤਾ ਜੇ ਸਬੂਤ ਵਜੋਂ ਦਰਜ ਕੀਤਾ ਜਾ ਸਕੇਗਾ ਤਾਂ ਨਿਗਰਾਨੀ ਦੇ ਨਾਮ ਉਤੇ ਇਸ ਨੂੰ ਸਰਕਾਰ ਦੇ ਘੇਰੇ ਵਿਚ ਲਿਆਉਣਾ ਜ਼ਰੂਰੀ ਮੰਨਿਆ ਜਾਵੇਗਾ। 'ਸਬੂਤ' ਜਾਂ 'ਕਾਰਵਾਈ ਯੋਗ ਜਾਣਕਾਰੀ' ਦੇ ਨਾਮ ਉਤੇ ਸਮੁੱਚੇ ਸੰਚਾਰ ਪ੍ਰਬੰਧ ਨੂੰ ਸੁਰੱਖਿਆ 'ਮਾਹਰਾਂ' ਦੇ ਹਵਾਲੇ ਕੀਤਾ ਜਾਣਾ ਗੂਗਲ ਵਰਗੀ ਕੰਪਨੀ ਰਾਹੀਂ ਅਮਰੀਕੀ ਵਿਦੇਸ਼ ਨੀਤੀ ਦਾ ਝੰਡਾ-ਬਰਦਾਰ ਹੋਣ ਨਾਲ ਜਾ ਜੁੜਦਾ ਹੈ। ਜੇ ਅਮਰੀਕਾ ਦਾ ਪੈਟਰੀਆਟ ਐਕਟ ਦੂਜੇ ਮੁਲਕਾਂ ਲਈ ਮਿਸਾਲੀ ਹੈ ਤਾਂ ਗੂਗਲ ਅਤੇ ਅਮਰੀਕੀ ਵਿਦੇਸ਼ ਨੀਤੀ ਦੀ ਸਾਂਝ ਵੀ ਰਾਹ ਦਰਸਾਵਾ ਹੈ। ਜੂਲੀਅਨ ਅਸਾਂਜ ਆਪਣੀ ਕਿਤਾਬ 'ਵੈੱਨ ਗੂਗਲ ਮੈੱਟ ਵਿੱਕੀਲੀਕਜ਼' ਵਿਚ ਗੂਗਲ ਦੀ ਕਾਰਗੁਜ਼ਾਰੀ ਦੀਆਂ ਤਫ਼ਸੀਲਾਂ ਦਿੰਦਾ ਹੈ ਜੋ ਅਮਰੀਕੀ ਵਿਦੇਸ਼ ਨੀਤੀ ਦੀ ਥਾਹ ਪਾਉਣ ਦਾ ਵਸੀਲਾ ਬਣਦੀਆਂ ਹਨ।

ਨਵੇਂ ਕਾਨੂੰਨ ਦੀ ਤਜਵੀਜ਼ ਮੁਤਾਬਕ ਸੁਪਰਡੈਂਟ ਤੋਂ ਸ਼ੁਰੂ ਕਰ ਕੇ ਉਪਰਲੇ ਪੁਲਿਸ ਅਫ਼ਸਰਾਂ ਕੋਲ ਦਿੱਤਾ ਗਿਆ ਬਿਆਨ ਅਦਾਲਤੀ ਸਬੂਤ ਵਜੋਂ ਪ੍ਰਵਾਨ ਕੀਤਾ ਜਾਵੇਗਾ। ਹੁਣ ਤੱਕ ਕਾਨੂੰਨ ਤਹਿਤ ਸਬੂਤ ਇਕੱਠੇ ਕਰਨ ਲਈ ਮੁਲਜ਼ਮ ਦਾ ਪੁਲਿਸ ਕੋਲ ਦਿੱਤਾ ਬਿਆਨ ਅਦਾਲਤੀ ਕਾਰਵਾਈ ਵਿਚ ਸਬੂਤ ਵਜੋਂ ਪ੍ਰਵਾਨ ਕੀਤਾ ਜਾਂਦਾ ਹੈ। ਹਰ ਕਾਨੂੰਨ ਵਿਚ ਇਹੋ ਤਜਵੀਜ਼ ਲਗਾਤਾਰ ਆਈ ਹੈ ਕਿ ਪੁਲਿਸ ਕੋਲ ਦਰਜ ਬਿਆਨ ਨੂੰ ਸਬੂਤ ਵਜੋਂ ਪ੍ਰਵਾਨ ਕੀਤਾ ਜਾਵੇ। ਇਸ ਧਾਰਨਾ ਦਾ 'ਟਾਡਾ', 'ਪੋਟਾ' ਅਤੇ 'ਅਫ਼ਸਪਾ' ਤੋਂ ਵਡੇਰਾ ਇਤਿਹਾਸ ਹੈ ਜੋ ਪੁਲਿਸ ਦੀਆਂ ਆਪਹੁਦਰੀਆਂ ਨਾਲ ਭਰਿਆ ਪਿਆ ਹੈ। ਪੁਲਿਸ ਵਲੋਂ ਤਿਆਰ ਲਿਖਤੀ ਚੌਖਟੇ ਵਿਚ ਮਾਮਲਾ ਲਿਆਉਣ ਦੀਆਂ ਕਿੰਨੀਆਂ ਮਿਸਾਲਾਂ ਇਤਿਹਾਸ ਵਿਚ ਦਰਜ ਹਨ ਜਿਨ੍ਹਾਂ ਵਿਚ ਪੁਲਿਸ ਮੁਲਾਜ਼ਮਾਂ ਦੀ ਗਵਾਹੀਆਂ ਅਤੇ ਬਰਾਮਦਗੀਆਂ ਦੀਆਂ ਕਹਾਣੀਆਂ ਵਿਚ ਸਿਰਫ ਤਰੀਕਾਂ, ਨਾਮ ਅਤੇ ਥਾਂਵਾਂ ਬਦਲਦੀਆਂ ਹਨ। ਇਸ ਤਜਵੀਜ਼ ਵਿਚ ਇਹ ਧਾਰਨਾ ਨਿਹਤ ਹੈ ਕਿ ਉਚ ਅਫ਼ਸਰ ਜ਼ਿਆਦਾ ਨੇਕ ਅਤੇ ਸੁਹਿਰਦ ਹਨ। ਜਦੋਂ ਉਚ ਅਹੁਦੇ ਸਿਆਸਤਦਾਨਾਂ ਦੇ ਇਸ਼ਾਰੇ ਨਾਲ ਮਿਲਦੇ ਅਤੇ ਥਾਣੇਦਾਰ ਮੁਕਾਮੀ ਸਿਆਸਤਦਾਨ ਦੀ ਪਸੰਦ-ਨਾਪਸੰਦ ਨਾਲ ਲੱਗਦੇ ਹਨ ਤਾਂ ਇਹ ਤਜਵੀਜ਼ ਮੂੰਹਜ਼ੋਰੀ ਨੂੰ ਮਜ਼ਬੂਤ ਕਰਨ ਦਾ ਮਸ਼ਕ ਜਾਪਦੀ ਹੈ। ਪੁਲਿਸ ਮਹਿਕਮੇ ਦੇ ਕੰਮ ਤੋਂ ਸਭ ਜਾਣੂ ਹਨ ਕਿ ਉਪਰਲੇ ਅਫਸਰਾਂ ਨੇ ਮੁਲਾਜ਼ਮਾਂ ਤੋਂ ਕੰਮ ਕਰਵਾ ਕੇ ਆਪਣੀ ਹਾਜ਼ਰੀ ਦੀ ਗਵਾਹੀ ਨੂੰ ਦਸਤਖ਼ਤ ਕਰਨੇ ਹੁੰਦੇ ਹਨ। ਇਉਂ ਜੇ ਇਸ ਤਜਵੀਜ਼ ਦੀ 'ਉਚ ਅਫ਼ਸਰਾਂ ਦੀ ਸੁਹਿਰਦਤਾ' ਵਾਲੀ ਮਨੌਤ ਨੂੰ ਮੰਨ ਵੀ ਲਿਆ ਜਾਵੇ ਤਾਂ ਪੁਲਿਸ ਮਹਿਕਮੇ ਦੇ ਕੰਮ-ਤਰੀਕੇ ਵਿਚ ਇਹ ਬੇਮਾਅਨਾ ਦਲੀਲ ਹੈ।

ਗੁਜਰਾਤ ਵਿਧਾਨ ਸਭਾ ਵਲੋਂ ਪ੍ਰਵਾਨ ਕੀਤੇ ਬਿੱਲ ਮੁਤਾਬਕ ਇਸ ਦੀ ਦੁਰਵਰਤੋਂ ਨੂੰ ਰੋਕਣ ਲਈ ਡਿਪਟੀ ਸੁਪਰਡੈਂਟ ਤੋਂ ਹੇਠਲਾ ਮੁਲਾਜ਼ਮ ਮਾਮਲਾ ਦਰਜ ਨਹੀਂ ਕਰ ਸਕਦਾ ਅਤੇ ਇਲਜ਼ਾਮ ਦਰਜ ਕਰਨ ਵੇਲੇ ਅਡੀਸ਼ਨਲ ਡਾਇਰੈਕਟਰ ਜਨਰਲ ਦੀ ਇਜਾਜ਼ਤ ਜ਼ਰੂਰੀ ਹੈ। ਇਹ ਤਜਵੀਜ਼ ਵੀ ਉਪਰਲੇ ਅਫਸਰਾਂ ਦੀ 'ਦਿਆਨਤਦਾਰੀ' ਵਾਲੀ ਦਲੀਲ ਨਾਲ ਜੁੜੀ ਹੋਈ ਹੈ। ਸਾਡੇ ਮੁਲਕ ਦੇ ਤਕਰੀਬਨ ਹਰ ਸੂਬੇ ਦਾ ਤਜਰਬਾ ਹੈ ਕਿ ਲੋੜ ਪੈਣ ਉਤੇ ਸਰਕਾਰ ਚੋਣਵੇਂ ਮੁਲਾਜ਼ਮਾਂ ਨੂੰ ਆਰਜ਼ੀ ਜਾਂ ਵਕਤੀ ਤਰੱਕੀਆਂ ਦਿੱਤੀਆਂ ਜਾਂਦੀਆਂ ਹਨ। ਪੰਜਾਬ ਵਿਚ ਸਿਪਾਹੀਆਂ ਨੂੰ ਥਾਣੇਦਾਰ ਬਣਾਉਣ ਦੀਆਂ ਕਿੰਨੀਆਂ ਮਿਸਾਲਾਂ ਹਨ। ਕਈ ਮੁਲਾਜ਼ਮ ਤਕਰੀਬਨ ਸਾਰੀ ਨੌਕਰੀ ਛੋਟੇ-ਵੱਡੇ ਇੰਸਪੈਕਟਰਾਂ ਵਜੋਂ ਕਰ ਕੇ ਸੇਵਾਮੁਕਤ ਹੋਣ ਵਾਲੇ ਹਨ ਜਾਂ ਹੋ ਗਏ ਹਨ, ਪਰ ਕਾਗ਼ਜ਼ਾਂ ਵਿਚ ਉਹ ਹੌਲਦਾਰੀਆਂ ਵੀ ਹਾਸਲ ਨਹੀਂ ਕਰ ਸਕੇ।

ਜਮਹੂਰੀਅਤ ਵਿਚ ਹਰ ਸਰਕਾਰੀ ਅਦਾਰੇ ਅਤੇ ਮੁਲਾਜ਼ਮ ਦੀ ਜ਼ਿੰਮੇਵਾਰੀ ਅਤੇ ਜੁਆਬਦੇਹੀ ਹੋਣੀ ਬਣਦੀ ਹੈ। ਗੁਜਰਾਤ ਵਾਲਾ ਬਿੱਲ ਪੁਲਿਸ ਮੁਲਾਜ਼ਮਾਂ ਨੂੰ ਜੁਆਬਦੇਹੀ ਦੇ ਘੇਰੇ ਵਿਚੋਂ ਬਾਹਰ ਕੱਢ ਦਿੰਦਾ ਹੈ। ਦਲੀਲ ਇਹ ਦਿੱਤੀ ਗਈ ਹੈ ਕਿ 'ਜੋ ਕੁਝ ਨੇਕ ਇਰਾਦੇ ਨਾਲ ਕੀਤਾ ਗਿਆ ਹੈ ਜਾਂ ਕਰਨ ਦਾ ਓਪਰਾਲਾ ਕੀਤਾ ਗਿਆ ਹੈ' ਲਈ ਮੁਲਾਜ਼ਮਾਂ ਦੀ ਜੁਆਬਤਲਬੀ ਨਹੀਂ ਹੋਵੇਗੀ। ਇਸ ਹਵਾਲੇ ਨਾਲ ਇਹ ਕਾਨੂੰਨ 'ਅਫਸਪਾ' ਦੇ ਨੇੜੇ ਢੁੱਕਦਾ ਹੈ ਜਿਸ ਦੀ ਕਾਰਗੁਜ਼ਾਰੀ ਜਮਹੂਰੀਅਤ ਤੋਂ ਬਿਨਾਂ ਕੁਝ ਵੀ ਕਰਾਰ ਦਿੱਤੀ ਜਾ ਸਕਦੀ ਹੈ। ਗੁਜਰਾਤ ਵਾਲੇ ਬਿੱਲ ਦੀ ਤਜਵੀਜ਼ ਮੁਤਾਬਕ ਕਿਸੇ ਵੀ ਮੁਲਜ਼ਮ ਨੂੰ ਤੀਹ ਦਿਨਾਂ ਤੱਕ ਪੁਲਿਸ ਹਿਰਾਸਤ ਵਿਚ ਰੱਖਿਆ ਜਾ ਸਕਦਾ ਹੈ ਅਤੇ ਪੁਲਿਸ ਨੂੰ ਚਲਾਨ ਪੇਸ਼ ਕਰਨ ਲਈ ਛੇ ਮਹੀਨੇ ਦਾ ਸਮਾਂ ਦਿੱਤਾ ਜਾਵੇਗਾ। ਇਸ ਬਿੱਲ ਤਹਿਤ ਗ੍ਰਿਫ਼ਤਾਰ ਹੋਣ ਵਾਲਾ ਮਾਮਲਾ ਗ਼ੈਰ-ਜ਼ਮਾਨਤੀ ਹੋਵੇਗਾ। ਮਤਲਬ ਇੱਕ ਵਾਰ ਗ੍ਰਿਫ਼ਤਾਰ ਹੋਣ ਤੋਂ ਬਾਅਦ ਛੇ ਮਹੀਨੇ ਦੀ ਕੈਦ ਤਾਂ ਘੱਟ ਤੋਂ ਘੱਟ ਹੋ ਹੀ ਜਾਵੇਗੀ।

ਮੌਜੂਦਾ ਤਜਵੀਜ਼ ਦੇ ਪੱਖ ਵਿਚ 'ਮਹਾਂਰਾਸ਼ਟਰ ਕੰਟਰੋਲ ਆਫ ਕਰਾਈਮ ਐਕਟ' (ਮਕੋਕਾ-1999) ਦਾ ਹਵਾਲਾ ਦਿੱਤਾ ਜਾ ਰਿਹਾ ਹੈ। 'ਮਕੋਕਾ' ਦੀ ਕਾਰਗੁਜ਼ਾਰੀ ਦਾ ਅਧਿਐਨ ਕਰਨ ਲਈ ਮਹਾਂਰਾਸ਼ਟਰ ਸਰਕਾਰ ਨੇ ਧਰਮ ਅਧਿਕਾਰੀ ਕਮੇਟੀ ਬਣਾਈ ਸੀ ਜਿਸ ਨੇ ਇਸ ਕਾਨੂੰਨ ਦੀ ਕਾਰਗੁਜ਼ਾਰੀ ਉਤੇ ਤਸੱਲੀ ਪ੍ਰਗਟਾਈ ਸੀ। ਇਸ ਕਾਨੂੰਨ ਤਹਿਤ ਤਕਰੀਬਨ ਚਾਲੀ ਮਾਮਲੇ ਸਾਲਾਨਾ ਦਰਜ ਕੀਤੇ ਜਾਂਦੇ ਹਨ ਅਤੇ ਹਰ ਮਾਮਲੇ ਵਿਚ ਛੇ-ਸੱਤ ਗ੍ਰਿਫਤਾਰੀਆਂ ਹੁੰਦੀਆਂ ਹਨ। ਇਨ੍ਹਾਂ ਅੰਕੜਿਆਂ ਨੂੰ ਨਿਗੂਣੇ ਕਰਾਰ ਦੇ ਕੇ ਕਾਰਗੁਜ਼ਾਰੀ ਤਸੱਲੀਬਖ਼ਸ਼ ਕਰਾਰ ਦਿੱਤੀ ਗਈ ਹੈ। ਇਹ ਹਵਾਲਾ ਨਹੀਂ ਦਿੱਤਾ ਗਿਆ ਕਿ ਕਿੰਨੇ ਮੁਲਜ਼ਮਾਂ ਖਿਲਾਫ ਅਦਾਲਤ ਵਿਚ ਇਲਜ਼ਾਮ ਸਾਬਤ ਨਹੀਂ ਹੋ ਸਕੇ। ਇਨਸਾਫ਼ ਦੀ ਧਾਰਨਾ ਤਾਂ ਇਸ ਬੁਨਿਆਦ ਉਤੇ ਟਿਕੀ ਹੈ ਕਿ ਬੇਗੁਨਾਹ ਨਹੀਂ ਫਸਣਾ ਚਾਹੀਦਾ, ਪਰ ਅਜਿਹੇ ਕਾਨੂੰਨਾਂ ਦਾ ਬੁਨਿਆਦੀ ਖ਼ਾਸਾ ਉਲਟਾ ਹੈ। ਇਨ੍ਹਾਂ ਦੀ ਕਾਰਗੁਜ਼ਾਰੀ ਦੱਸਦੀ ਹੈ ਕਿ 'ਗੁਨਾਹਗ਼ਾਰ ਤੱਕ ਪਹੁੰਚਣ ਲਈ ਬੇਗੁਨਾਹਾਂ ਦੀ ਬਲੀ' ਲਈ ਜਾ ਸਕਦੀ ਹੈ।

ਇਸ ਬਿੱਲ ਦਾ ਕਾਨੂੰਨ ਬਣਨਾ ਜਾਂ ਨਾ ਬਣਨਾ ਸਿਧਾਂਤਕ ਪੱਖੋਂ ਬੇਮਾਅਨਾ ਹੈ। ਇਹ ਨਿਜ਼ਾਮ ਦੇ ਝੁਕਾਅ ਨੂੰ ਪੇਸ਼ ਕਰਦਾ ਹੈ। ਇਹ ਮੌਜੂਦਾ ਨਿਜ਼ਾਮ ਦੇ 'ਅਤਿਵਾਦ ਮੁਖੀ' ਖ਼ਾਸੇ ਦੀ ਨਿਸ਼ਾਨਦੇਹੀ ਕਰਦਾ ਹੈ ਜਿੱਥੇ ਏਕਤਾ, ਅਖੰਡਤਾ, ਸੁਰੱਖਿਆ ਅਤੇ ਖ਼ੁਦਮੁਖ਼ਤਿਆਰੀ ਦੇ ਸੁਆਲ ਆਵਾਮ ਉਤੇ ਲੱਗਣ ਵਾਲੀਆਂ ਪਾਬੰਦੀਆਂ ਦਾ ਸਬੱਬ ਬਣਦੇ ਹਨ। ਇਹ ਸ਼ਖ਼ਸੀ ਆਜ਼ਾਦੀ ਦੇ ਸੁਆਲ ਨੂੰ ਮੂਲੋਂ ਨਕਾਰ ਦੇਣ ਦਾ ਮਸਲਾ ਹੈ। ਇਹ ਮਨੁੱਖ ਨੂੰ ਸੀਲ ਕਰਨ ਦਾ ਮੂੰਹਜ਼ੋਰ ਹਮਲਾ ਹੈ। ਜੇ ਜੁਆਬਦੇਹੀਆਂ ਨੂੰ ਯਕੀਨੀ ਨਹੀਂ ਬਣਾਉਣਾ ਅਤੇ ਸਰਕਾਰੀ ਅਦਾਰਿਆਂ ਨੂੰ ਆਪਹੁਦਰੀਆਂ ਤਾਕਤਾਂ ਦੇਣੀਆਂ ਹਨ ਤਾਂ ਇਸ ਨਿਜ਼ਾਮ ਨਾਲ ਮਨੁੱਖ ਦਾ ਕੀ ਰਿਸ਼ਤਾ ਬਣਦਾ ਹੈ ਭਲਾ?

ਪਿਛਲੇ ਦੋ-ਢਾਈ ਦਹਾਕਿਆਂ ਵਿਚ ਅਜਿਹੇ ਕਾਨੂੰਨ ਜ਼ਿਆਦਾਤਰ ਮੁਲਕਾਂ ਵਿਚ ਬਣਾਏ ਗਏ ਹਨ। ਇਨ੍ਹਾਂ ਕਾਨੂੰਨਾਂ ਨੂੰ ਵਿੱਤੀ ਪੂੰਜੀ, ਵਿਕਾਸ ਅਤੇ ਵਿਦੇਸ਼ੀ ਨਿਵੇਸ਼ ਦੇ ਨਾਲ-ਨਾਲ ਮੁਲਕ ਦੀ ਏਕਤਾ, ਅਖੰਡਤਾ, ਸੁਰੱਖਿਆ ਅਤੇ ਖ਼ੁਦਮੁਖ਼ਤਿਆਰੀ ਨਾਲ ਜੋੜਿਆ ਗਿਆ ਹੈ। ਇਹ ਸਾਰੀਆਂ ਧਾਰਨਾਵਾਂ ਦਾ ਜਮ੍ਹਾਂਜੋੜ ਮੌਜੂਦਾ ਨਿਜ਼ਾਮ ਅਤੇ ਆਵਾਮ ਦੇ ਰਿਸ਼ਤੇ ਦੀਆਂ ਰਮਜ਼ਾਂ ਖੋਲ੍ਹਦਾ ਹੈ। ਵਿੱਤੀ ਪੂੰਜੀ ਅਤੇ ਵਿਦੇਸ਼ੀ ਨਿਵੇਸ਼ ਨੂੰ ਕੇਂਦਰ ਵਿਚ ਰੱਖ ਕੇ ਅਤਿਵਾਦ ਖ਼ਿਲਾਫ਼ ਲੜਾਈ ਵਿੱਢੀ ਗਈ ਹੈ। ਅਤਿਵਾਦ ਨੂੰ ਪੈਦਾ ਕਰਨ ਵਾਲੇ ਹਾਲਾਤ ਅਤੇ ਕਾਰਨ ਨਜ਼ਰਅੰਦਾਜ਼ ਕਰ ਦਿੱਤੇ ਗਏ ਹਨ।

ਅਮਰੀਕੀ ਗ਼ਲਬੇ ਵਾਲੇ ਆਲਮੀ ਨਿਜ਼ਾਮ ਦੀਆਂ ਵਿਦੇਸ਼ ਨੀਤੀਆਂ, ਵੱਡੀਆਂ ਕੰਪਨੀਆਂ ਦਾ ਪਸਾਰਾ ਅਤੇ ਬੁਨਿਆਦਪ੍ਰਸਤੀ ਆਪਣੀਆਂ ਮੁਹਿੰਮਾਂ ਨੂੰ ਹੋਰ ਮੂੰਹਜ਼ੋਰ ਕਰਨ ਇਸਲਾਮੀ ਖ਼ਤਰੇ ਦਾ ਸਹਾਰਾ ਲੈ ਰਹੀ ਹੈ। ਦਰਅਸਲ ਆਲਮੀ ਨਿਜ਼ਾਮ ਦੀਆਂ ਮੁਹਿੰਮਾਂ ਅਤੇ ਅਤਿਵਾਦ ਦਾ ਖ਼ਾਸਾ ਸਖ਼ਤੀ ਅਤੇ ਸ਼ਰਧਾ ਦੇ ਮਾਮਲਿਆਂ ਵਿਚ ਇੱਕ ਹੋ ਜਾਂਦਾ ਹੈ। ਇਸ ਰੁਝਾਨ ਵਿਚ ਮਨੁੱਖ ਨੂੰ ਕਾਨੂੰਨ


*(ਬਾਕੀ ਅਗਲੇ ਸਫੇ 'ਤੇ)*

*ਪਵਿੱਤਰ ਗਊ ਦੀ ਮਿੱਥ (ਦਿ ਮਿਥ ਆਫ ਦਿ ਹੋਲੀ ਕਾਓ) ਵਰਗੀਆਂ ਕਿਤਾਬਾਂ ਲਿਖਣ ਦਾ ਜੋਖ਼ਮ ਉਠਾਉਣ ਵਾਲੇ ਇਤਿਹਾਸਕਾਰ ਡਾ. ਡੀ.ਐਨ. ਝਾਅ ਮੁਲਕ ਦੇ ਮੌਜੂਦਾ ਹਾਲਾਤ ਤੋਂ ਬੜੇ ਔਖੇ ਹਨ। ਇਹ ਕਿਤਾਬ 2001 ਵਿਚ ਛਪੀ ਸੀ। ਇਸ ਉਪਰ ਪਾਬੰਦੀ ਲੱਗੀ, ਹੰਗਾਮਾ ਹੋਇਆ, ਲੇਖਕ ਉਪਰ ਵੀ ਹਮਲੇ ਹੋਏ, ਪਰ ਉਹ ਅਡੋਲ ਰਹੇ। ਇਸ ਕਿਤਾਬ ਦਾ ਹਿੰਦੀ ਤਰਜਮਾ ਵੀ ਛਪਿਆ ਅਤੇ ਇਸ ਨੇ ਗਊ ਦੇ ਇਰਦ-ਗਿਰਦ ਘੜੀਆਂ ਕਈ ਮਿੱਥਾਂ ਦੇ ਤੁੰਬੇ ਉਡਾਏ। ਝਾਅ ਦਾ ਮੰਨਣਾ ਹੈ ਕਿ ਇਤਿਹਾਸ ਨੂੰ ਰੱਦ ਕਰ ਕੇ ਗ਼ਲਤ ਚੀਜ਼ਾਂ ਉਪਰ ਇਸ ਮੁਲਕ ਦੇ ਗੌਰਵ ਦਾ ਜੋ ਸਿਲਸਿਲਾ ਚੱਲ ਰਿਹਾ ਹੈ, ਉਹ ਇਸ ਜਮਹੂਰੀਅਤ ਲਈ ਬਹੁਤ ਖ਼ਤਰਨਾਕ ਹੈ। 'ਆਊਟਲੁਕ' ਪਰਚੇ ਦੀ ਬਿਊਰੋ ਚੀਫ਼ ਭਾਸ਼ਾ ਸਿੰਘ ਨੇ ਲਗਾਈਆਂ ਜਾ ਰਹੀਆਂ ਪਾਬੰਦੀਆਂ ਬਾਰੇ ਉਨ੍ਹਾਂ ਨਾਲ ਗੱਲਬਾਤ ਕੀਤੀ ਹੈ ਜਿਸ ਦੇ ਅਹਿਮ ਅੰਸ਼ ਪੇਸ਼ ਹਨ। ਇਸੇ ਤਰ੍ਹਾਂ 'ਹਿਊਮਨ ਰਾਈਟਸ ਲਾਅ ਨੈੱਟਵਰਕ' ਦੇ ਬਾਨੀ ਡਾਇਰੈਕਟਰ ਤੇ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਕੋਲਿਨ ਗੋਂਜ਼ਾਲਵਜ਼ ਜੋ ਮਨੁੱਖੀ ਹੱਕਾਂ ਦੇ ਘਾਣ ਖਿਲਾਫ ਲੜਨ ਵਾਲੀ ਸ਼ਖਸੀਅਤ ਹੈ, ਨਾਲ ਵੀ ਭਾਸ਼ਾ ਸਿੰਘ ਨੇ ਪਾਬੰਦੀਆਂ ਬਾਰੇ ਗੱਲਾਂ ਕੀਤੀਆਂ ਹਨ। ਇਨ੍ਹਾਂ ਦੋਹਾਂ ਮੁਲਾਕਾਤਾਂ ਦਾ ਤਰਜਮਾ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। -ਸੰਪਾਦਕ*

# ਗਊ ਦੇ ਸਵਾਲ ਉਪਰ ਪਾਲਾਬੰਦੀ ਦੀ ਚਾਲ

**ਸਵਾਲ: ਇਕ ਤੋਂ ਬਾਅਦ ਇਕ ਪਾਬੰਦੀ ਲੱਗ ਰਹੀ ਹੈ। ਗਊ ਤੋਂ ਲੈ ਕੇ ਫਿਲਮਾਂ ਤਕ, ਹਰ ਚੀਜ਼ 'ਤੇ ਰੋਕ। ਇਸ ਸਵਾਲ ਨੂੰ ਕਿਵੇਂ ਦੇਖਦੇ ਹੋ?**

**ਡਾ. ਡੀ.ਐਨ. ਝਾਅ:** ਜੇ ਸਰਕਾਰ ਤੈਅ ਕਰਨ ਲੱਗੇ ਕਿ ਲੋਕ ਕੀ ਖਾਣ, ਕੀ ਪਹਿਨਣ, ਕੀ ਦੇਖਣ, ਕਿੰਨੇ ਬੱਚੇ ਜੰਮਣ, ਤਾਂ ਫਿਰ ਜਮਹੂਰੀਅਤ ਹੈ ਕਿੱਥੇ? ਇਹ ਤਾਂ ਤਾਨਾਸ਼ਾਹੀ ਹੈ। ਮੇਰਾ ਮੰਨਣਾ ਹੈ ਕਿ ਅਸੀਂ ਅੰਧਕਾਰਮਈ ਯੁਗ ਵਿਚ ਜੀ ਰਹੇ ਹਾਂ ਅਤੇ ਇਹ ਸਭ ਉਸੇ ਦੀ ਗੂੰਜ ਹੈ। ਮਹਾਰਾਸ਼ਟਰ ਸਰਕਾਰ ਵਲੋਂ ਲਗਾਈ ਗਈ ਪਾਬੰਦੀ ਮਾਮੂਲੀ ਨਹੀਂ ਹੈ। ਇਸ ਪਾਬੰਦੀ ਦਾ ਕੋਈ ਆਧਾਰ ਹੀ ਨਹੀਂ ਹੈ, ਕੋਈ ਜ਼ਰੂਰਤ ਹੀ ਨਹੀਂ




**ਡਾ. ਡੀ.ਐਨ. ਝਾਅ ਦੀ ਕਿਤਾਬ ਦਾ ਟਾਈਟਲ।**

ਹੈ। ਸਟੇਟ ਸਿੱਧਾ ਇਹ ਫਰਮਾਨ ਜਾਰੀ ਕਰ ਰਿਹਾ ਹੈ ਕਿ ਨਾਗਰਿਕ ਦੀ ਥਾਲੀ ਵਿਚ ਕੀ ਹੋਵੇਗਾ, ਉਹ ਕੀ ਖਾਏਗਾ, ਇਹ ਉਹ ਬੰਦਾ ਨਹੀਂ ਬਲਕਿ ਸਰਕਾਰ ਤੈਅ ਕਰੇਗੀ। ਇਹ ਤਾਨਾਸ਼ਾਹੀ ਨਹੀਂ ਤਾਂ ਹੋਰ ਕੀ ਹੈ। ਦਿੱਲੀ ਵਿਚ ਹੋਏ ਸਮੂਹਿਕ ਜਬਰ-ਜਨਾਹ ਉਪਰ ਬਣੀ ਫਿਲਮ ਉਪਰ ਪਾਬੰਦੀ ਲਗਾ ਕੇ ਆਖਿਰ ਸਰਕਾਰ ਨੇ ਕੀ ਪੈਗ਼ਾਮ ਦਿੱਤਾ? ਸਰਕਾਰ ਨੇ ਇਸ ਮੁੱਦੇ ਨੂੰ ਜਾਅਲੀ ਕੌਮੀ ਗੌਰਵ ਨਾਲ ਜੋੜ ਦਿੱਤਾ। ਇਹ ਸਿੱਧੇ ਤੌਰ 'ਤੇ ਮਰਦ-ਪ੍ਰਧਾਨ ਸੱਤਾ ਨੂੰ ਪੱਠੇ ਪਾਉਣ ਵਾਲਾ ਕਦਮ ਹੈ। ਕਿਤਾਬਾਂ ਉਪਰ ਪਹਿਲਾਂ ਹੀ ਹੱਲਾ ਬੋਲਿਆ ਜਾ ਰਿਹਾ ਹੈ। ਦਰਅਸਲ ਜੋ ਵੀ ਖ਼ਿਆਲ ਹਿੰਦੁਤਵੀ ਤਾਕਤਾਂ, ਕੱਟੜਪੰਥੀ ਤਾਕਤਾਂ ਦੇ ਖ਼ਿਆਲਾਂ ਨਾਲ ਮੇਲ ਨਹੀਂ ਖਾਂਦੇ, ਉਸੇ ਖ਼ਿਆਲ ਨੂੰ ਨੇਸਤੋਨਾਬੂਦ ਕਰਨ ਲਈ ਉਹ ਹਮਲਾਵਰ ਹੋ ਰਹੀਆਂ ਹਨ।

**ਮਹਾਰਾਸ਼ਟਰ ਸਰਕਾਰ ਵਲੋਂ ਗਊ, ਬਲਦ, ਸਾਨ੍ਹ ਨੂੰ ਮਾਰਨ, ਉਸ ਦਾ ਮਾਸ ਰੱਖਣ ਉਪਰ ਪਾਬੰਦੀ ਲਗਾਉਣ ਵਾਲੇ ਕਾਨੂੰਨ ਦਾ ਕੀ ਅਸਰ ਪਵੇਗਾ?**


-ਇਹ ਪਾਬੰਦੀ ਪੂਰੀ ਤਰ੍ਹਾਂ ਫਿਰਕੂ ਹੈ। ਇਹ ਮਹਿਜ਼ ਮੁਸਲਮਾਨ ਵਿਰੋਧੀ ਹੀ ਨਹੀਂ, ਦਲਿਤ ਵਿਰੋਧੀ, ਕੇਰਲ ਅਤੇ ਉਤਰ-ਪੂਰਬ ਵਿਰੋਧੀ ਹੈ। ਦਰਅਸਲ, ਇਹ ਗ਼ਰੀਬ ਵਿਰੋਧੀ ਹੈ। ਗ਼ਰੀਬਾਂ ਨੂੰ ਸਭ ਤੋਂ ਕਿਫ਼ਾਇਤੀ ਅਤੇ ਪੌਸ਼ਟਿਕ ਪ੍ਰੋਟੀਨ ਗਊ ਦੇ ਮਾਸ ਤੋਂ ਮਿਲਦਾ ਹੈ। ਇਸ ਤੋਂ ਉਨ੍ਹਾਂ ਨੂੰ ਕਿਉਂ ਵਿਰਵੇ ਕੀਤਾ ਜਾ ਰਿਹਾ ਹੈ, ਮਹਿਜ਼ ਇਸ ਲਈ ਕਿ ਕੁਝ ਹਿੰਦੂਆਂ ਨੂੰ ਲਗਦਾ ਹੈ ਕਿ ਗਊ ਪਵਿੱਤਰ ਹੈ!

**ਗਊ ਨੂੰ ਹਿੰਦੁਸਤਾਨੀ ਸਿਆਸਤ ਵਿਚ ਲੰਮੇ ਸਮੇਂ ਤੋਂ ਪਵਿੱਤਰ ਗਊ ਵਜੋਂ ਪਾਲਿਆ-ਪੋਸਿਆ ਗਿਆ। ਤੁਹਾਡਾ ਖੋਜ ਕਾਰਜ ਦੱਸਦਾ ਹੈ ਕਿ ਹਿੰਦੂ ਗਊ ਮਾਸ ਖਾਂਦੇ ਰਹੇ ਹਨ। ਇਹ ਕਿਉਂ ਬਦਲਿਆ?**

-ਗਊ ਦਾ ਮਸਲਾ ਹਿੰਦੁਤਵੀ ਤਾਕਤਾਂ ਲਈ ਲੰਮੇ ਸਮੇਂ ਤੋਂ ਪਾਲਾਬੰਦੀ ਦਾ ਸਾਧਨ ਚਲਿਆ ਆ ਰਿਹਾ ਹੈ। ਇਤਿਹਾਸਕ ਨਜ਼ਰੀਏ ਤੋਂ ਇਸ ਦੇ ਬਹੁਤ ਤਕੜੇ ਸਬੂਤ ਹਨ ਕਿ ਲੋਕ ਗਊ ਦਾ ਮਾਸ ਖਾਂਦੇ ਸਨ। ਧਰਮ ਗ੍ਰੰਥਾਂ, ਵੈਦਿਕ ਸਾਹਿਤ ਵਿਚ ਇਸ ਦਾ ਭਰਪੂਰ ਵਰਣਨ ਹੈ ਕਿ ਯੱਗਾਂ ਵਿਚ ਗਊ ਤੇ ਮੱਝ ਦੀ ਬਲੀ ਦਿੱਤੀ ਜਾਂਦੀ ਸੀ। ਗੌਤਮ ਬੁੱਧ ਨੇ ਸੂਰ ਅਤੇ ਗਾਂ ਦਾ ਮਾਸ ਖਾਧਾ। ਇਹ ਸਾਰੇ ਇਤਿਹਾਸਕ ਤੱਥ ਹਨ ਜਿਨ੍ਹਾਂ ਨੂੰ ਕੋਈ ਰੱਦ ਨਹੀਂ ਕਰ ਸਕਦਾ। ਇਹ ਸਭ ਇਹ ਵੇਦਾਂ, ਸ਼ਲੋਕਾਂ ਵਿਚ ਦਰਜ ਹੈ।

**ਫਿਰ ਤਬਦੀਲੀ ਕਿਵੇਂ ਹੋਈ?**

-ਖੇਤੀ ਦੇ ਵਿਕਾਸ ਨਾਲ ਇਸ ਵਿਚ ਤਬਦੀਲੀ ਆਈ। ਪਸ਼ੂ ਬਚਾਉਣ ਦੀ ਜ਼ਰੂਰਤ ਸੀ ਅਤੇ ਇਨ੍ਹਾਂ ਨੂੰ ਬਚਾਉਣ ਦਾ ਸਵਾਲ ਉਠਿਆ। ਸਹਿਜੇ-ਸਹਿਜੇ ਧਰਮ ਗ੍ਰੰਥਾਂ ਵਿਚ ਇਸ ਦਾ



**ਡਾ. ਡੀ.ਐਨ. ਝਾਅ**

ਜ਼ਿਕਰ ਘਟਦਾ ਗਿਆ। ਫਿਰ ਵੈਸ਼ਣਵ ਧਰਮ ਦਾ ਪ੍ਰਭਾਵ ਵਧਣ ਦੇ ਨਾਲ-ਨਾਲ ਸ਼ਾਕਾਹਾਰ ਦਾ ਪ੍ਰਭਾਵ ਵਧਿਆ, ਲੇਕਿਨ ਖਾਣ ਵਾਲੇ ਤਾਂ ਉਦੋਂ ਵੀ ਖਾਂਦੇ ਸਨ। ਸਭ ਤੋਂ ਪਹਿਲਾਂ 19ਵੀਂ ਸਦੀ ਵਿਚ ਆਰੀਆ ਸਮਾਜ ਦੇ ਦਯਾਨੰਦ ਸਰਸਵਤੀ ਨੇ ਗਊ ਰੱਖਿਆ ਦੀ ਮੁਹਿੰਮ ਚਲਾਈ। 1872 ਵਿਚ ਰਾਜਸਥਾਨ 'ਚ ਸਮਾਜਕ ਭਾਈਚਾਰਾ ਇਹ ਫੈਸਲਾ ਕਰਦਾ ਹੈ ਕਿ ਗਊ ਦਾ ਮਾਸ ਨਹੀਂ ਖਾਵੇਗਾ; ਭਾਵ ਉਥੇ ਗਊ ਦਾ ਮਾਸ ਖਾਧਾ ਜਾਂਦਾ ਸੀ, ਇਸੇ ਲਈ ਤਾਂ ਇਹ ਫੈਸਲਾ ਕੀਤਾ ਗਿਆ।

**ਗਊ ਦੀ ਪਵਿੱਤਰਤਾ ਦਾ ਬੋਧ ਉਤਰੀ ਭਾਰਤ 'ਚ ਜ਼ਿਆਦਾ ਰਿਹਾ, ਦੱਖਣੀ ਭਾਰਤ 'ਚ ਇੰਨਾ ਨਹੀਂ। ਉਥੇ ਅਜੇ ਵੀ ਇਹ ਸਿਲਸਿਲਾ ਜਾਰੀ ਹੈ, ਕਿਉਂ?**

-ਦੇਖੋ ਇਹ ਮੁਲਕ ਸ਼ੁਰੂ ਤੋਂ ਇਕ ਰਾਸ਼ਟਰ ਨਹੀਂ ਸੀ। ਹਰ ਇਲਾਕੇ ਦੀਆਂ ਆਪਣੀਆਂ ਖਾਸੀਅਤਾਂ ਸਨ, ਆਪਣਾ ਰਹਿਣ-ਸਹਿਣ ਅਤੇ ਖਾਣ-ਪੀਣ ਸੀ। ਇਹ ਆਪਣੀਆਂ ਜ਼ਰੂਰਤਾਂ ਅਤੇ ਹਾਸਲ ਵਸੀਲਿਆਂ ਦੇ ਹਿਸਾਬ ਨਾਲ ਤੈਅ ਹੁੰਦਾ ਸੀ। ਕਿਥੇ ਕੀ ਸਮਾਜੀ ਅੰਦੋਲਨ ਰਿਹਾ ਅਤੇ ਉਸ ਦਾ ਅਸਰ ਦੂਜੀ ਜਗ੍ਹਾ ਉਪਰ ਕਿਉਂ ਨਹੀਂ ਪਿਆ, ਇਹ ਵੱਖਰੀ ਖੋਜ ਦਾ ਵਿਸ਼ਾ ਹੋ ਸਕਦਾ ਹੈ, ਪਰ ਇਤਿਹਾਸਕ ਤੌਰ 'ਤੇ ਇਹ ਕਿਹਾ ਜਾ ਸਕਦਾ ਹੈ ਕਿ ਦੱਖਣੀ ਭਾਰਤ, ਉਤਰ-ਪੂਰਬ, ਬੰਗਾਲ ਆਦਿ ਵਿਚ ਗਊ ਦਾ ਮਾਸ ਖਾਇਆ ਜਾਂਦਾ ਰਿਹਾ ਹੈ।

## ਪਾਬੰਦੀਆਂ ਨਾਲ ਵਿਦੇਸ਼ ਵਿਚ ਭਾਰਤ ਦਾ ਅਕਸ ਵਿਗੜਿਆ

**ਸਵਾਲ: ਸਰਕਾਰ ਪਾਬੰਦੀਆਂ ਦਾ ਰਾਹ ਕਿਉਂ ਅਖ਼ਤਿਆਰ ਕਰ ਰਹੀ ਹੈ?**

**ਕੋਲਿਨ ਗੋਂਜ਼ਾਲਵਜ਼:** ਇਹ ਜਮਹੂਰੀ ਰਵਾਇਤਾਂ ਦਾ ਘਾਣ ਹੈ। ਇਹ ਤਾਨਾਸ਼ਾਹ ਸਟੇਟ ਦੀ ਨਿਸ਼ਾਨੀ ਹੈ। ਜੋ ਵੀ ਇਹਦੀ ਇੱਛਾ ਅਨੁਸਾਰ ਨਾ ਹੋਵੇ, ਉਸ ਉਪਰ ਪਾਬੰਦੀ ਲਗਾ ਦਿਓ। ਸਹਿਣਸ਼ੀਲਤਾ ਖ਼ਤਮ ਹੁੰਦੀ ਜਾਂਦੀ ਹੈ।


**ਪਾਬੰਦੀਆਂ ਤਾਂ ਪਿਛਲੀਆਂ ਸਰਕਾਰਾਂ ਵੀ ਲਗਾਉਂਦੀਆਂ ਰਹੀਆਂ ਹਨ?**

-ਸਹੀ ਹੈ ਕਿ ਸਰਕਾਰਾਂ ਪਾਬੰਦੀ ਦਾ ਰਾਹ ਅਖ਼ਤਿਆਰ ਕਰਦੀਆਂ ਹਨ। ਹੁਣ ਸਰਕਾਰ ਸਪਸ਼ਟ ਏਜੰਡੇ ਨਾਲ ਹਮਲਾਵਰ ਅੰਦਾਜ਼ 'ਚ ਵਿਰੋਧੀ ਖ਼ਿਆਲਾਂ ਉਪਰ ਪਾਬੰਦੀਆਂ ਲਗਾਉਣ ਵੱਲ ਵਧ ਰਹੀ ਹੈ। ਸਰਕਾਰ ਨਾਗਰਿਕਾਂ ਦੀ ਜ਼ਿੰਦਗੀ ਦੇ ਹਰ ਖੇਤਰ ਵਿਚ ਘੁਸਪੈਠ ਕਰ ਰਹੀ ਹੈ। ਨੈਤਿਕ ਪੁਲਿਸ ਦੀ ਭੂਮਿਕਾ ਵਿਚ ਇਹ ਦੱਸ ਰਹੀ ਹੈ ਕਿ ਸਾਨੂੰ ਕਿਹੜੀ ਕਿਤਾਬ ਪੜ੍ਹਨੀ ਚਾਹੀਦੀ ਹੈ, ਫਿਲਮਾਂ ਵਿਚ ਕਿਹੜੇ ਲਫ਼ਜ਼ ਇਸਤੇਮਾਲ ਕਰਨੇ ਚਾਹੀਦੇ ਹਨ ਅਤੇ ਸਾਡੀ ਥਾਲੀ ਵਿਚ ਕਿਹੜਾ ਖਾਣਾ ਹੋਣਾ ਚਾਹੀਦਾ ਹੈ। ਰਾਜ ਦੀ ਇਹ ਭੂਮਿਕਾ ਸਰਾਸਰ ਜਮਹੂਰੀਅਤ ਵਿਰੋਧੀ ਹੈ।

**ਇਨ੍ਹਾਂ ਪਾਬੰਦੀਆਂ ਨੂੰ ਕਾਨੂੰਨੀ ਚੁਣੌਤੀ ਦਿੱਤੀ ਜਾ ਸਕਦੀ ਹੈ?**

-ਹਾਂ, ਬਿਲਕੁਲ ਦਿੱਤੀ ਜਾ ਸਕਦੀ ਹੈ। ਅਤੇ ਦਿੱਤੀ ਵੀ ਜਾਵੇਗੀ। ਛੇਤੀ ਹੀ ਇਹ ਤੱਥ ਵੀ ਸਾਹਮਣੇ ਆਵੇਗਾ ਕਿ ਲੋਕਾਂ ਅੰਦਰ ਪਾਬੰਦੀਆਂ ਦੀ ਇਸ ਸਿਆਸਤ ਨੂੰ ਲੈ ਕੇ ਕਿੰਨਾ ਰੋਹ ਹੈ। ਗਊ ਹੱਤਿਆ ਨੂੰ ਲੈ ਕੇ ਮੁਲਕ ਦੇ ਸਾਬਕਾ ਚੀਫ ਜਸਟਿਸ ਲੋਹਾਟੀ ਦਾ ਜੋ ਫੈਸਲਾ ਸੀ, ਉਹ ਬਹੁਤ ਹੀ ਮਾੜਾ ਸੀ। ਉਸ ਦੀ ਵਜ੍ਹਾ ਨਾਲ ਵੀ ਬਹੁਤ ਮੁਸ਼ਕਲਾਂ ਆ ਰਹੀਆਂ ਹਨ।

**ਗਊ ਹੱਤਿਆ ਨੂੰ ਲੈ ਕੇ ਮਹਾਰਾਸ਼ਟਰ ਤੋਂ ਇਲਾਵਾ ਹੋਰ ਵੀ ਤਾਂ ਕਈ ਸੂਬੇ ਕਾਨੂੰਨ ਬਣਾ ਚੁੱਕੇ ਹਨ?**



**ਐਡਵੋਕੇਟ ਕੋਲਿਨ ਗੋਂਜ਼ਾਲਵਜ਼**

-ਲੇਕਿਨ ਮਹਾਰਾਸ਼ਟਰ ਦਾ ਕਾਨੂੰਨ ਸਭ ਤੋਂ ਖ਼ਤਰਨਾਕ ਹੈ। ਇਹ ਕਿਸੇ ਦੇ ਕੋਲ ਗਊ ਦਾ ਮਾਸ ਹੋਣ ਨੂੰ ਵੀ ਜੁਰਮ ਬਣਾ ਦਿੰਦਾ ਹੈ। ਦਲਿਤ, ਮੁਸਲਮਾਨ, ਈਸਾਈ ਆਦਿਵਾਸੀ ਗਊ ਦਾ ਮਾਸ ਖਾਂਦੇ ਹਨ। ਉਨ੍ਹਾਂ ਤੋਂ ਤੁਸੀਂ ਉਨ੍ਹਾਂ ਦਾ ਖਾਣ ਦਾ ਹੱਕ ਕਿਵੇਂ ਖੋਹ ਸਕਦੇ ਹੋ?

**ਫਿਲਮ ਤੋਂ ਲੈ ਕੇ ਗਊ ਦੇ ਮਾਸ ਉਪਰ ਪਾਬੰਦੀ ਨਾਲ ਵਿਦੇਸ਼ਾਂ ਵਿਚ ਮੁਲਕ ਦੇ ਅਕਸ ਉਪਰ ਕਿਵੇਂ ਅਸਰ ਪਵੇਗਾ?**

-ਅਸਰ ਤਾਂ ਪੈ ਚੁੱਕਾ ਹੈ। ਕਿੱਥੇ ਤਾਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਇਹ ਦਾਅਵਾ ਕਰਦਾ ਸੀ ਕਿ ਉਹ ਮੁਲਕ ਨੂੰ ਅੱਗੇ ਵਧਾਏਗਾ, ਇਹ ਕਦਮ ਮੁਲਕ ਨੂੰ ਪਿੱਛੇ ਖਿੱਚਣ ਵਾਲੇ ਹਨ। ਸਰਕਾਰ ਦੇ ਇਹ ਸਾਰੇ ਕਦਮ ਬਹੁਤ ਸ਼ਰਮਨਾਕ ਹਨ।

## ਨਿਜ਼ਾਮ ਅਤੇ ਅਤਿਵਾਦ ਦੀ ਘੇਰਾਬੰਦੀ ਵਿਚ ਫਸੇ ਮਨੁੱਖੀ ਸਰੋਕਾਰ

*(ਪਿਛਲੇ ਸਫੇ ਦੀ ਬਾਕੀ)*

ਦੇ ਖੁੰਡਿਆਂ ਵਿਚ ਬੰਦ ਕੀਤਾ ਜਾ ਰਿਹਾ ਹੈ ਜੋ ਆਪਣੇ ਪਿੰਡੇ ਉਤੇ ਸਖ਼ਤੀ ਹੰਢਾਉਣ ਲਈ ਆਜ਼ਾਦ ਹੈ। ਉਸ ਨੂੰ ਸ਼ਰਧਾ ਤਹਿਤ ਸਭ ਕੁਝ ਪ੍ਰਵਾਨ ਕਰਨ ਦੀ ਖੁੱਲ੍ਹ ਹੈ। ਮੰਡੀ ਦਾ ਮੁਨਾਫ਼ਾ ਬਨਣ ਲਈ ਉਸ ਨੂੰ ਸੀਲ ਖ਼ਪਤਕਾਰ ਹੋਣ ਦੀ ਛੁੱਟੀ ਹੈ। ਜੇ ਅਤਿਵਾਦੀ ਮੁਹਿੰਮਾਂ ਹਰ ਤਰ੍ਹਾਂ ਦੀ ਕਿਆਸੀ-ਅਣਕਿਆਸੀ ਨਾਬਰੀ ਦੇ ਆਹੂ ਲਾਹ ਰਹੀਆਂ ਹਨ ਤਾਂ ਨਿਜ਼ਾਮ, ਆਵਾਮ ਨੂੰ ਸੀਲ ਕਰਨ ਦੇ ਕਾਨੂੰਨੀ ਦੰਦ ਤਿੱਖੇ ਕਰ ਰਿਹਾ ਹੈ। ਇਹ ਕਾਨੂੰਨ ਇਕ ਪਾਸੇ ਵਿੱਤੀ ਪੂੰਜੀ ਲਈ ਰਿਆਇਤਾਂ, ਛੋਟਾਂ ਅਤੇ ਕਾਨੂੰਨ ਦੇ ਘੇਰੇ ਤੋਂ ਬਾਹਰ ਟਾਪੂ ਸਿਰਜ ਰਹੀਆਂ ਹਨ ਤਾਂ ਹਰ ਸੁਆਲ ਨੂੰ ਏਕਤਾ, ਅਖੰਡਤਾ, ਸੁਰੱਖਿਆ ਅਤੇ ਖ਼ੁਦਮੁਖ਼ਤਿਆਰੀ ਨਾਲ ਜੋੜ ਰਹੀਆਂ ਹਨ। ਦੋਵੇਂ ਧਿਰਾਂ ਵਿਤਕਰੇ, ਨਾਇਨਸਾਫ਼ੀ ਅਤੇ ਬੇਦਲੀਲੀ ਨੂੰ ਪੱਕੇ ਪੈਰੀਂ ਕਰ ਰਹੀਆਂ ਹਨ। ਮੋਬਾਈਲ ਫੋਨਾਂ, ਸੀ.ਸੀ.ਟੀ.ਵੀ., ਸੈਟਲਾਈਟ ਅਤੇ ਪੇਸ਼ੇਵਰ ਕੈਮਰਿਆਂ ਵਿਚ ਸਿਮਟਿਆ ਮਨੁੱਖ ਆਪਣੇ ਸਾਹਾਂ ਲਈ ਥਾਂ ਲੱਭ ਰਿਹਾ ਹੈ। ਨਿਜ਼ਾਮ ਅਤੇ ਅਤਿਵਾਦ ਐਲਾਨ ਕਰ ਰਿਹਾ ਹੈ ਕਿ ਖੌਲਣ ਵਾਲਾ ਖੂਨ ਡੋਲ੍ਹ ਦਿੱਤਾ ਜਾਵੇਗਾ, ਜਾਂ ਝੁਰਾਂ ਰਾਹੀਂ ਸੁਕਾ ਦਿੱਤਾ ਜਾਵੇਗਾ। ਸੀਲ ਖ਼ਪਤਕਾਰ ਲਈ ਸ਼ਰਧਾਮਈ ਸਹੂਲਤਾਂ ਦੀ ਜ਼ਾਮਨੀ ਨਿਜ਼ਾਮ ਭਰ ਰਿਹਾ ਹੈ ਅਤੇ ਅਤਿਵਾਦ ਹੂਰਾਂ, ਜੰਨਤ ਅਤੇ ਤਹੂਰ ਦਾ ਵਾਅਦਾ ਕਰ ਰਿਹਾ ਹੈ। ਮਨੁੱਖੀ ਜ਼ਿੰਦਗੀ ਦਾ ਸੁਆਲ ਇੱਕੋ ਹੈ ਕਿ ਸੰਸਾਰ ਦੀ ਬਿਹਤਰੀ ਦਾ ਰਾਹ ਕਿਹੜਾ ਹੈ?

# ਖੇਤੀ, ਮੰਡੀ ਤੇ ਕਿਸਾਨ ਦੀ ਹੋਣੀ

ਕੌਮੀ ਜਮਹੂਰੀ ਗਠਜੋੜ (ਐਨ.ਡੀ.ਏ.) ਦੀਆਂ ਖੇਤੀ ਨੀਤੀਆਂ ਬਾਰੇ ਪਰਤਾਂ ਹੁਣ ਖੁੱਲ੍ਹ ਰਹੀਆਂ ਹਨ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀਆਂ ਚੋਣ ਤਕਰੀਰਾਂ ਤੋਂ ਉਲਟ, ਸਰਕਾਰ ਖੇਤੀ ਜਿਣਸਾਂ ਦੇ ਭਾਅ ਕੁੱਲ ਖਰਚੇ ਉਤੇ 50 ਫ਼ੀਸਦੀ ਵਾਧੇ ਨਾਲ ਤੈਅ ਕਰਨ ਵਾਲੀ ਸਵਾਮੀਨਾਥਨ ਕਮਿਸ਼ਨ ਰਿਪੋਰਟ ਬਾਰੇ ਖ਼ਾਮੋਸ਼ ਹੈ। ਇਸ ਦੇ ਨਾਲ ਹੀ ਸਰਕਾਰ ਨੇ ਸੰਕੇਤ ਦਿੱਤਾ ਹੈ ਕਿ ਪੰਜਾਬ ਵਿਚ ਭਾਰਤੀ ਖੁਰਾਕ ਨਿਗਮ (ਐਫ.ਸੀ.ਆਈ.) ਦਾ

**ਡਾ. ਸੁੱਚਾ ਸਿੰਘ ਗਿੱਲ**

ਕੰਮ ਅੱਧਾ ਅਤੇ ਹਰਿਆਣਾ ਵਿਚ ਮੁਕੰਮਲ ਰੂਪ ਵਿਚ ਖ਼ਤਮ ਕਰ ਦਿੱਤਾ ਜਾਵੇਗਾ। ਇਹ ਸਿਫ਼ਾਰਸ਼ਾਂ ਸ਼ਾਂਤਾ ਕੁਮਾਰ ਕਮੇਟੀ ਰਿਪੋਰਟ ਦੀਆਂ ਹਨ ਜਿਸ ਵਿਚ ਖਾਦਾਂ ਦੇ ਭਾਅ ਵੀ ਸਰਕਾਰੀ ਕੰਟਰੋਲ ਤੋਂ ਮੁਕਤ ਕਰਨ ਦੀ ਸਿਫ਼ਾਰਸ਼ ਕੀਤੀ ਗਈ ਹੈ।

ਭੰਡਾਰਨ ਬਾਰੇ ਵਿਚਾਰ ਹੈ ਕਿ ਰਾਜਾਂ ਨੂੰ ਜਨਤਕ ਵੰਡ ਪ੍ਰਣਾਲੀ ਤੋਂ ਵਾਧੂ ਅਨਾਜ ਨਾ ਖ਼ਰੀਦਣਾ ਚਾਹੀਦਾ ਹੈ ਅਤੇ ਨਾ ਆਪਣੇ ਕੋਲ ਰੱਖਣਾ ਚਾਹੀਦਾ ਹੈ। ਇਸ ਪ੍ਰਣਾਲੀ ਲਈ ਰਾਜ ਆਪਣੀ ਲੋੜ ਮੁਤਾਬਕ ਹੀ ਅਨਾਜ ਖ਼ਰੀਦਣ। ਭਾਰਤ ਸਰਕਾਰ ਅਨਾਜ ਖ਼ਰੀਦਣ ਤੋਂ ਪੱਲਾ ਝਾੜਨਾ ਚਾਹੁੰਦੀ ਹੈ। ਇਹ ਸਾਰੇ ਨੁਕਤੇ ਸੰਕੇਤ ਕਰਦੇ ਹਨ ਕਿ ਸਰਕਾਰ ਖੇਤੀ ਦਾ ਸਾਰਾ ਪ੍ਰਬੰਧ, ਮੰਡੀ ਰਾਹੀਂ ਚਲਾਉਣਾ ਚਾਹੁੰਦੀ ਹੈ ਜਿਸ ਤਹਿਤ ਖੇਤੀ ਜਿਣਸਾਂ ਦੀ ਖ਼ਰੀਦੋ-ਫਰੋਖ਼ਤ ਵਿਚ ਪ੍ਰਾਈਵੇਟ ਵਪਾਰੀ ਅਤੇ ਕੰਪਨੀਆਂ ਅਹਿਮ ਰੋਲ ਨਿਭਾਉਣਗੇ। ਇਥੋਂ ਤਕ ਕਿ ਪ੍ਰਾਈਵੇਟ ਕਾਰੋਬਾਰ ਲਈ ਜ਼ਮੀਨ ਗ੍ਰਹਿਣ ਕਰਨ ਖਾਤਿਰ ਸਰਕਾਰ ਚਾਹੁੰਦੀ ਹੈ ਕਿ ਜ਼ਮੀਨ ਮਾਲਕਾਂ ਨੂੰ ਮੁਆਵਜ਼ਾ ਅਤੇ ਸਬੰਧਤ ਕਿਸਾਨਾਂ, ਜਿਨ੍ਹਾਂ ਦੀ ਉਮਰ 65 ਸਾਲ ਤੋਂ ਉਪਰ ਹੈ, ਨੂੰ 5000 ਰੁਪਏ ਮਹੀਨਾ ਪੈਨਸ਼ਨ ਪਬਲਿਕ ਪ੍ਰਾਈਵੇਟ ਭਾਈਵਾਲੀ ਰਾਹੀਂ ਦਿੱਤਾ ਜਾਵੇ। ਹੁਣ ਸਰਕਾਰ ਉਸ ਪੈਂਤੜੇ ਤੋਂ ਭੱਜ ਰਹੀ ਹੈ ਜੋ ਹਰੇ ਇਨਕਲਾਬ ਤੋਂ ਐਨ ਪਹਿਲਾਂ 1964-65 ਵਿਚ ਸਰਕਾਰ ਨੇ ਅਖ਼ਤਿਆਰ ਕੀਤਾ ਸੀ। ਹਰੇ ਇਨਕਲਾਬ ਨੇ ਦੇਸ਼ ਨੂੰ ਅਨਾਜ ਲੋੜਾਂ ਮੁਤਾਬਕ ਆਤਮ-ਨਿਰਭਰ ਹੀ ਨਹੀਂ ਸੀ ਕੀਤਾ, ਸਗੋਂ ਜਨਤਕ ਵੰਡ ਲਈ ਦੇਸ਼ ਦੀਆਂ ਲੋੜਾਂ ਤੋਂ ਕਿਤੇ ਜ਼ਿਆਦਾ ਅਨਾਜ ਦਾ ਭੰਡਾਰਨ ਕੀਤਾ ਸੀ। ਇਸ ਨੀਤੀ ਨੇ ਵੱਡੀ ਗਿਣਤੀ ਵਿਚ ਛੋਟੇ ਤੇ ਦਰਮਿਆਨੇ ਕਿਸਾਨਾਂ ਨੂੰ ਖੇਤੀ ਨਾਲ ਜੋੜੀ ਰੱਖਿਆ ਸੀ।


ਜਿਵੇਂ ਹੀ ਨਵੀਂ ਆਰਥਿਕ ਨੀਤੀ ਆਈ, ਸਰਕਾਰ ਨੇ ਖੇਤੀ ਤੋਂ ਇਹ ਇਮਦਾਦ ਵਾਪਸ ਲੈਣੀ ਸ਼ੁਰੂ ਕਰ ਦਿੱਤੀ। ਪਹਿਲਾਂ ਤਾਂ 1990ਵਿਆਂ ਦੌਰਾਨ ਖੇਤੀ ਵਿਚ ਜਨਤਕ ਨਿਵੇਸ਼ ਵਿਚ ਚੋਖੀ ਕਟੌਤੀ ਹੋਈ ਜਿਸ ਨਾਲ ਪ੍ਰਾਈਵੇਟ ਨਿਵੇਸ਼ ਵਿਚ ਵੀ ਕਟੌਤੀ ਦਾ ਰਾਹ ਖੁੱਲ੍ਹ ਗਿਆ। ਸਿੰਜਾਈ ਖੇਤਰ ਉੱਕਾ ਹੀ ਖੜੋਤ ਵਿਚ ਆ ਗਿਆ। ਖੇਤੀ ਬਾਰੇ ਖੋਜ ਅਤੇ ਸਬੰਧਤ ਸੇਵਾਵਾਂ ਵਿਚ ਵੀ ਗਿਰਾਵਟ ਆਈ। ਨਵੀਂ ਨੀਤੀ ਦਾ ਦਾਈਆ ਸੀ ਕਿ ਪ੍ਰਾਈਵੇਟ ਕਾਰਪੋਰੇਟ ਪੂੰਜੀ ਜੋ ਦੇਸੀ ਤੇ ਵਿਦੇਸ਼ੀ ਕੰਪਨੀਆਂ ਤੋਂ ਆਉਣੀ ਸੀ, ਨਾਲ ਖੇਤੀ-ਆਧਾਰਿਤ ਕਾਰੋਬਾਰ ਪੈਰਾਂ ਸਿਰ ਹੋਵੇਗਾ ਤੇ ਇਸ ਨਾਲ ਅਗਾਂਹ ਖੇਤੀ ਖੋਜ ਲੈਬਾਰਟਰੀਆਂ ਲਈ ਰਾਹ ਵੀ ਮੋਕਲਾ ਹੋਵੇਗਾ। ਇਸੇ ਦੌਰਾਨ ਕੇਂਦਰ ਵਲੋਂ ਬਣਾਈ ਮਾਹਿਰਾਂ ਦੀ ਕਮੇਟੀ ਨੇ ਸਿਫ਼ਾਰਸ਼ ਕਰ ਦਿੱਤੀ ਕਿ ਖ਼ਰੀਦ ਭਾਅ ਕੌਮਾਂਤਰੀ ਮੰਡੀ ਨਾਲ ਜੋੜਨ ਲਈ 2002 ਵਾਲੇ ਭਾਅ ਮੰਨ ਲਏ ਜਾਣ। ਨੀਤੀ ਪੱਧਰ ਦੀ ਇਹ ਤਬਦੀਲੀ ਭਾਰਤੀ ਖੇਤੀ ਲਈ ਬੜੀ ਤਬਾਹਕੁਨ ਸਾਬਤ ਹੋਈ। ਇਸ ਨੇ ਖੇਤੀ ਨੂੰ ਧੀਮੀ ਵਿਕਾਸ ਦਰ ਰਾਹ ਪਾ ਦਿੱਤਾ ਅਤੇ ਬਹੁਤੇ ਕਿਸਾਨਾਂ, ਖਾਸ ਕਰਕੇ ਛੋਟੇ ਤੇ ਦਰਮਿਆਨੇ ਕਿਸਾਨਾਂ ਨੂੰ ਮਾਰੂ ਸੰਕਟ ਵੱਲ ਧੱਕ ਦਿੱਤਾ। ਇਨ੍ਹਾਂ ਵਿਚੋਂ ਬਹੁਤੇ ਕਿਸਾਨ ਕਰਜ਼ੇ ਦੇ ਜਾਲ ਵਿਚ ਫਸ ਗਏ। 1997-2007 ਦੌਰਾਨ ਇਨ੍ਹਾਂ ਵਿਚੋਂ 2.32 ਲੱਖ ਕਿਸਾਨ ਖ਼ੁਦਕੁਸ਼ੀ ਕਰ ਗਏ ਤੇ ਕਈ ਲੱਖ ਕਿਸਾਨਾਂ ਦੀ ਖੇਤੀ ਛੁੱਟ ਗਈ।

ਦੇਸ਼ ਦੇ ਵੱਖ ਵੱਖ ਹਿੱਸਿਆਂ ਵਿਚ ਕਿਸਾਨਾਂ ਦੇ ਘੋਲਾਂ ਨਾਲ ਇਨ੍ਹਾਂ ਨੀਤੀਆਂ ਨੂੰ ਕੁਝ ਕੁ ਮੋੜਾ ਪਿਆ ਹੈ। ਇਹ ਮੋੜਾ ਭੂਮੀ ਗ੍ਰਹਿਣ, ਖੁਰਾਕ ਸੁਰੱਖਿਆ ਐਕਟ, ਖੇਤੀ ਜਿਣਸਾਂ ਦੇ ਭਾਅ ਵਿਚ ਵਾਧਾ, ਖੇਤੀ ਵਿਚ ਜਨਤਕ ਨਿਵੇਸ਼ ਦਾ ਵਾਧਾ ਅਤੇ ਪੰਜਾਬ ਤੇ ਹਰਿਆਣਾ ਵਰਗੇ ਰਾਜਾਂ ਵਿਚ ਵਾਧੂ ਪੈਦਾਵਾਰ ਦੀ ਸਮੇਂ ਸਿਰ ਖ਼ਰੀਦਣ ਦੇ ਰੂਪ ਵਿਚ ਪਿਆ ਹੈ। ਇਸ ਨਾਲ ਖੇਤੀ ਵੱਲ ਕੁਝ ਕੁ ਭਰੋਸਾ ਬਹਾਲ ਹੋਇਆ ਹੈ। 2003-04 ਤੋਂ ਬਾਅਦ ਖੇਤੀ ਵਿਕਾਸ ਦਰ ਵਧੀ ਹੈ। ਫਿਰ ਵੀ ਕਿਸਾਨ ਨੂੰ ਬਚਾਉਣ ਲਈ ਬਹੁਤ ਕੁਝ ਕਰਨਾ ਬਾਕੀ ਹੈ।

ਦੇਸ਼ ਦੇ ਵਡੇਰੇ ਹਿਤਾਂ ਖਾਤਿਰ ਅਤੇ ਕਿਸਾਨ ਖ਼ੁਦਕੁਸ਼ੀਆਂ ਦੇ ਕੌਮੀ ਦੁਖਾਂਤ ਨੂੰ ਰੋਕਣ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਇਹ ਖੇਤੀ ਨੂੰ ਮੰਡੀ ਰਾਹੀਂ ਚਲਾਉਣ ਦਾ ਢੰਗ-ਤਰੀਕਾ ਨਾ ਵਰਤੇ ਸਗੋਂ ਏਕਾਧਿਕਾਰ ਵਾਲੇ ਮੰਡੀ ਢਾਂਚੇ ਦੇ ਨਾਂਹ-ਪੱਖੀ ਅਸਰਾਂ ਤੋਂ ਖੇਤੀ ਨੂੰ ਬਚਾਉਣ ਲਈ ਢਾਂਚਾ ਖੜ੍ਹਾ ਕਰੇ। ਪਾਣੀ ਦੀ ਬੱਚਤ ਕਰਨ, ਜ਼ਮੀਨ ਦਾ ਉਪਜਾਊਪਣ ਬਰਕਰਾਰ ਰੱਖਣ ਅਤੇ ਵੰਨ-ਸੁਵੰਨੀਆਂ ਫ਼ਸਲਾਂ ਵਿਕਸਤ ਕਰਨ ਵਿਚ ਸਰਕਾਰ ਨੂੰ ਅਜੇ ਬਹੁਤ ਕੁਝ ਕਰਨਾ ਪੈਣਾ ਹੈ। ਇਸ ਦੇ ਲਈ ਖੇਤੀ ਵਿਚ ਜਨਤਕ ਨਿਵੇਸ਼ ਦੀ ਵਧੇਰੇ ਲੋੜ ਹੈ। ਕੁਦਰਤੀ ਆਫ਼ਤਾਂ ਕਾਰਨ ਜਿਹੜੇ ਕਿਸਾਨਾਂ ਦੀ ਫ਼ਸਲ ਤਬਾਹ ਹੋ ਜਾਂਦੀ ਹੈ, ਉਨ੍ਹਾਂ ਨੂੰ ਸਮੇਂ ਸਿਰ ਅਤੇ ਬਣਦੀ ਇਮਦਾਦ ਮੁਹੱਈਆ ਕਰਵਾਉਣ ਲਈ ਬਾਕਾਇਦਾ ਢਾਂਚਾ ਬਣਾਉਣਾ ਦਰਕਾਰ ਹੈ। ਮੰਡੀ ਆਧਾਰਿਤ ਅਰਥਚਾਰਾ ਤਾਂ ਸਗੋਂ ਹੋਰ ਸੰਕਟ ਖੜ੍ਹਾ ਕਰੇਗਾ। ਜਿੰਨੀ ਜਲਦੀ ਇਨ੍ਹਾਂ ਮੁੱਦਿਆਂ ਦੀ ਸ਼ਨਾਖ਼ਤ ਕਰ ਲਈ ਜਾਵੇ, ਓਨਾ ਹੀ ਦੇਸ਼ ਤੇ ਕਿਸਾਨਾਂ ਦੇ ਹਿਤ ਵਿਚ ਹੋਵੇਗਾ।

# ਮੋਹ ਦੀ ਫਾਹੀ ਟੁੱਟਦੀ ਨਾਹੀਂ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

ਗਲੀ-ਗੁਆਂਢ ਦੇ ਸਾਰੇ ਲੋਕ ਇਕੱਠੇ ਹੋਏ ਖੜ੍ਹੇ ਇਹ 'ਤਮਾਸ਼ਾ' ਦੇਖ ਰਹੇ ਸਨ। ਦੂਜੇ-ਤੀਜੇ ਦਿਨ ਇੰਜ ਹੀ ਇਹ ਆਪੋ ਵਿਚ ਫਸ ਪੈਂਦੇ ਹੋਣਗੇ, ਸ਼ਾਇਦ ਇਸੇ ਕਾਰਨ ਇਨ੍ਹਾਂ ਦੋਹਾਂ ਨੂੰ ਛੁਡਾਉਣ ਲਈ ਕੋਈ ਵੀ ਅੱਗੇ ਨਹੀਂ ਸੀ ਆ ਰਿਹਾ। ਮਦਾਰੀ ਦਾ ਖੇਲ੍ਹ ਦੇਖਣ ਵਾਂਗ ਸਾਰੀ ਭੀੜ ਦਰਸ਼ਕ ਬਣੀ ਖੜ੍ਹੀ ਸੀ। ਅੱਗੇ ਹੋ ਕੀ ਰਿਹਾ ਸੀ ਭਲਾ?

ਪਿੰਡ ਤੋਂ ਬਾਹਰਵਾਰ ਨਿਕਲਦੀ ਖੁੱਲ੍ਹੀ ਗਲੀ ਦੇ ਵਿਚਕਾਰ ਜਿਹੇ ਹੱਟੇ-ਕੱਟੇ ਗਭਰੇਟ ਨੇ ਧੌਲੀ ਦਾੜ੍ਹੀ ਵਾਲਾ ਬਜ਼ੁਰਗ ਥੱਲੇ ਢਾਹਿਆ ਹੋਇਆ ਸੀ। ਮੁੰਡਾ ਬੇਕਿਰਕ, ਬਜ਼ੁਰਗ ਦੇ ਘਸੁੰਨ ਸੁੱਟ ਰਿਹਾ ਸੀ। ਢਹਿਆ ਪਿਆ ਬੁੱਢੜਾ ਵੀ ਦਾਅ ਲਗਦੇ ਹਿੱਕ 'ਤੇ ਚੜ੍ਹੇ ਬੈਠੇ ਮੁੰਡੇ ਦੇ ਹੂਰਾ-ਮੁੱਕੀ ਜੜ ਦਿੰਦਾ।

ਇਹ ਇਕੱਠ ਜਿਹਾ ਦੇਖ ਕੇ ਲਾਗਿਉਂ ਗੁਜ਼ਰਦਾ ਰਮਤਾ ਸਾਧੂ ਵੀ ਇਨ੍ਹਾਂ ਤਮਾਸ਼ਬੀਨਾਂ ਵਿਚ ਆ ਰਲਿਆ। ਬਾਕੀਆਂ ਲਈ ਭਾਵੇਂ ਇਹ ਸ਼ੁਗਲ ਮੇਲਾ ਈ ਹੋ ਰਿਹਾ ਸੀ, ਪਰ ਸ਼ਾਂਤ ਸੁਭਾਅ ਸਾਧੂ ਨੂੰ ਦੋ ਜਣੇ ਲੜਦੇ-ਭਿੜਦੇ ਚੰਗੇ ਨਾ ਲੱਗੇ। ਹੋ ਰਹੀ ਲੜਾਈ ਦਾ ਕੋਈ ਮੂੰਹ-ਸਿਰ ਲੱਭਣ ਦੀ ਮਨਸ਼ਾ ਨਾਲ ਸਾਧੂ ਨੇ ਸਿਆਣੀ ਉਮਰ ਦੇ ਇਕ-ਦੋ ਬੰਦਿਆਂ ਕੋਲੋਂ ਜਾਣਕਾਰੀ ਮੰਗੀ। ਸਾਧੂ ਇਹ ਸੁਣ ਕੇ ਦੰਗ ਰਹਿ ਗਿਆ ਕਿ ਸਾਹਮਣੇ ਗੁੱਥ-ਮ-ਗੁੱਥਾ ਹੋ ਰਹੇ ਦੋਵੇਂ ਜਣੇ ਪਿਉ-ਪੁੱਤ ਹੀ ਸਨ।

"ਇਨ੍ਹਾਂ ਦਾ ਤਾਂ ਰੋਜ਼ ਦਾ ਇਹੀ ਕੰਮ ਐ ਬਾਬਾ ਜੀ।" ਭੀੜ ਵਿਚੋਂ ਆ ਰਹੀਆਂ ਇਨ੍ਹਾਂ ਆਵਾਜ਼ਾਂ ਨੂੰ ਅਣ-ਸੁਣਿਆ ਕਰਦਿਆਂ ਮਹਾਤਮਾ ਅੱਗੇ ਵਧਿਆ। ਮੁੰਡੇ ਨੂੰ ਧੌਲ-ਧੱਫਾ ਕਰਦਿਆਂ ਸਾਧੂ ਨੇ ਲਾਹਨਤ ਪਾਈ, "ਤੈਨੂੰ ਸ਼ਰਮ ਨਹੀਂ ਆਉਂਦੀ ਮੁੰਡਿਆ? ਲੋਕੀਂ ਮਾਪਿਆਂ ਦੇ ਚਰਨ ਪੂਜਦੇ ਆ, ਪਰ ਤੂੰ ਪਿਓ ਨੂੰ ਥੱਲੇ ਢਾਹੀ ਬੈਠਾਂ?" ਮੁੰਡਾ ਛਿੱਥਾ ਜਿਹਾ ਹੋ ਕੇ ਪਰ੍ਹੇ ਹਟ ਗਿਆ। ਥੱਲੇ ਚੁਫ਼ਾਲ ਡਿੱਗੇ ਪਏ ਬਾਪੂ ਨੂੰ ਸੰਤ ਨੇ ਮੋਢਿਓਂ ਫੜ ਕੇ ਖੜ੍ਹਾ ਕੀਤਾ। ਉਹਦੇ ਕੱਪੜੇ-ਲੀੜੇ ਝਾੜਦਿਆਂ ਸਾਧੂ ਹਿਰਖ ਵਿਚ ਕਹਿੰਦਾ, "ਓ ਭਲਿਆ ਮਾਣਸਾ...! ਤੂੰ ਕਾਹਦਾ ਬਾਪ ਐਂ...ਤੇਰੀ ਔਲਾਦ ਕੁੱਤੇ ਜਿੰਨੀ ਵੀ ਕਦਰ ਨਹੀਂ ਕਰਦੀ ਤੇਰੀ...ਕੀ ਲੈਣਾ ਏ ਤੂੰ ਇਸ ਗ੍ਰਹਿਸਤੀ ਖਲਜਗਣ 'ਚੋਂ?...ਆ ਚੱਲ ਮੇਰੇ ਨਾਲ ਆਸ਼ਰਮ ਚੱਲਦੇ ਹਾਂ।...ਰਹਿੰਦੀ ਆਯੂ ਭਜਨ ਬੰਦਗੀ ਕਰ ਲੈ।"

ਮਿੱਟੀ-ਘੱਟੇ ਨਾਲ ਲਿਬੜੀ ਪੱਗ ਝਾੜ ਕੇ ਸਿਰ 'ਤੇ ਲਪੇਟਦਿਆਂ ਬੁਢੜਾ ਸਾਧ ਵੱਲ ਕੁਨੱਖੀਂ ਝਾਕਦਾ ਬੋਲਿਆ, "ਜਾਹ ਉਏ ਜਾਹ ਸਾਧਾ...!" ਲਾਗੇ ਈ ਸਾਨ੍ਹ ਵਾਂਗ ਆਕੜੇ ਖੜ੍ਹੇ ਆਪਣੇ ਪੁੱਤ ਵੱਲ ਇਸ਼ਾਰਾ ਕਰਦਿਆਂ ਕਹਿੰਦਾ, "ਉਹ ਮੇਰਾ ਪੁੱਤ ਐ, ਮੇਰੇ ਨਾਲ ਬੋਲ-ਕਬੋਲ ਕਰ ਲਿਆ ਉਸ ਨੇ!...ਤੂੰ ਮੈਨੂੰ ਹੱਥ ਲਾ ਕੇ ਦਿਖਾ ਤਾਂ ਜ਼ਰਾ!...ਕਚੂੰਮਰ ਨਾ ਕੱਢ ਦਿਆਂ 'ਕੇਰਾਂ!...ਦੇਣ ਡਿਹੈ ਮੈਨੂੰ ਉਪਦੇਸ਼, ਮੰਗ ਖਾਣਾ ਸਾਧ।"

ਸਕੇ ਪੁੱਤ ਕੋਲੋਂ ਪੱਗ ਤੱਕ ਲੁਹਾ ਲੈਣ ਵਾਲੇ, ਮੋਹ ਵਿਚ ਅੰਨ੍ਹੇ ਹੋਏ ਬਾਪ ਦੀ ਇਹ ਕਹਾਣੀ ਸ਼ਾਇਦ ਕੁਝ ਕਾਲਪਨਿਕ ਲੱਗੇ। ਇਸ ਲਈ ਵਿਸ਼ੇ ਨਾਲ ਸਬੰਧਤ ਦੋ ਵਾਕਿਆਤ ਹੋਰ ਪੜ੍ਹ ਲਓ ਜੋ ਕਿ ਮੈਂ ਅੱਖੀਂ ਦੇਖੇ ਤੇ ਕੰਨੀਂ ਸੁਣੇ ਹੋਏ ਹਨ।

ਸਾਡੇ ਇਲਾਕੇ ਦੇ ਇਕ ਪਿੰਡ ਦੀ ਮਾਤਾ ਨੂੰ ਕੋਈ ਭਰਾ ਨਾ ਹੋਣ ਕਰ ਕੇ ਪੇਕਿਆਂ ਦੀ ਜ਼ਮੀਨ ਜਾਇਦਾਦ ਮਿਲ ਗਈ। ਸਿਰ ਦਾ ਸਾਂਈਂ ਵੀ ਤੁਰ ਗਿਆ, ਤਾਂ ਵਿਆਹਿਆ-ਵਰ੍ਹਿਆ ਇਕਲੌਤਾ ਪੁੱਤ ਪੁੱਠੇ ਰਾਹ ਪੈ ਗਿਆ। 'ਮਾਲੇ ਮੁਫ਼ਤ, ਦਿਲੇ ਬੇ-ਰਹਿਮ' ਦਾ ਕਥਨ ਸੱਚ ਕਰ ਵਿਖਾਉਂਦਿਆਂ ਉਸ ਮੁੰਡੇ ਨੇ ਜ਼ਮੀਨ ਬੋਤਲਾਂ ਰਾਹੀਂ ਹੜੱਪਣੀ ਸ਼ੁਰੂ ਕਰ ਦਿੱਤੀ। ਵਿਗੜੇ-ਤਿਗੜੇ ਬਾਪ ਦੇ ਦੋਵੇਂ ਜਵਾਨ ਹੁੰਦੇ ਜਾਂਦੇ ਪੁੱਤ ਬਾਪ ਦੀਆਂ ਫੈਲਸੂਫ਼ੀਆਂ ਦੇਖ-ਦੇਖ ਲਹੂ ਦੇ ਹੰਝੂ ਕਰਦੇ। ਅਕਲ ਵਾਲੇ ਦੋਵੇਂ ਪੁੱਤ ਅਤੇ ਮਾਂ ਜ਼ਮੀਨ ਦਾ ਉਜਾੜਾ ਕਰ ਰਹੇ ਸ਼ਰਾਬੀ-ਕਬਾਬੀ ਨੂੰ ਸਮਝਾਉਂਦੇ ਰਹਿੰਦੇ, ਪਰ ਉਹਨੇ ਆਪਣੇ ਚਾਲੇ ਨਾ ਛੱਡੇ।

ਇਕ ਦਿਨ ਮਨਹੂਸ ਸ਼ਾਮ ਪਈ। ਸ਼ਰਾਬੀ ਦੀ ਪਤਨੀ ਕਿਤੇ ਵਾਂਢੇ ਗਈ ਹੋਈ ਸੀ। ਰੋਜ਼ਾਨਾ ਵਾਂਗ ਉਹ ਟੱਲੀ ਹੋਇਆ ਅਬਾ-ਤਬਾ ਬੋਲਦਾ ਘਰੇ ਵੜਿਆ। ਵੱਡੇ ਮੁੰਡੇ ਨੂੰ ਚੜ੍ਹ ਗਿਆ ਚੰਡਾਲ। ਪਸ਼ੂਆਂ ਵਾਲੇ ਅੰਦਰੋਂ ਕੁਹਾੜੀ ਕੱਢ ਲਿਆਇਆ ਤੇ ਵਿਹੜੇ ਵਿਚ ਊਟ-ਪਟਾਂਗ ਬੋਲਦੇ ਬਾਪ ਦਾ 'ਕੀਰਤਨ ਸੋਹਲਾ' ਪੜ੍ਹ ਦਿੱਤਾ। ਰੋਂਦੀ-ਪਿੱਟਦੀ ਦਾਦੀ ਨੇ ਹਾਲ ਪਾਹਰਿਆ ਮਚਾਉਂਦਿਆਂ ਪੋਤੇ ਕੋਲੋਂ ਆਪਣੇ ਪੁੱਤ ਨੂੰ ਬਚਾਉਣ ਦੀ ਬਥੇਰੀ ਕੋਸ਼ਿਸ਼ ਕੀਤੀ, ਪਰ ਸਭ ਵਿਅਰਥ। ਆਪਣੇ ਜਿਗਰ ਦੇ ਟੋਟੇ ਪੁੱਤ ਦੇ ਕਾਤਲ ਪੋਤੇ ਦਾ ਨਾਂ ਲੈ-ਲੈ ਦੁਹੱਥੜਾ ਮਾਰਦੀ, ਸਿਰ ਦੇ ਵਾਲ ਖੋਂਹਦੀ ਉਹ ਮਾਤਾ ਮੈਂ ਖੁਦ ਦੇਖੀ ਹੋਈ ਹੈ। ਸਾਰੇ ਪਿੰਡ ਦੇ ਸਾਹਮਣੇ ਉਹ ਪਿੱਟ-ਪਿੱਟ ਧਾਹਾਂ ਮਾਰ ਰਹੀ ਸੀ ਕਿ ਜੋ ਮਰਜ਼ੀ ਹੋ ਜਾਏ, ਉਹ ਦੁਸ਼ਟ ਪੋਤੇ ਨੂੰ ਫਾਂਸੀ ਚੜ੍ਹਾ ਕੇ ਸਾਹ ਲਵੇਗੀ।

ਇਸ ਕਤਲ ਦੀ ਸੀ ਵੀ ਉਹ ਇਕੋ-ਇਕ ਚਸ਼ਮ-ਦੀਦ ਗਵਾਹ। ਉਸ ਦੀ ਗਵਾਹੀ, ਸਮਝੋ ਫਾਂਸੀ ਵਾਲਾ ਰੱਸਾ ਹੀ ਸੀ। ਇਸ ਕਰ ਕੇ ਹੁਣ ਕਾਤਲ ਪੋਤੇ ਦੇ ਚਿਹਰੇ ਦਾ ਰੰਗ ਵੀ ਬੱਗਾ ਪੂਣੀ ਹੋਣ ਲੱਗਾ। ਪਿੰਡ ਦੇ ਸਿਆਣੇ ਮੋਹਤਬਰ ਬੰਦੇ ਇਕੱਠੇ ਹੋ ਕੇ ਸਾਰੀ ਰਾਤ ਮਾਈ ਨੂੰ 'ਜੋ ਹੋਇਆ, ਸੋ ਹੋਇਆ' ਕਹਿੰਦੇ ਹੋਏ ਦਿਲਾਸੇ ਦੇਈ ਗਏ। ਨਾਲ ਹੀ 'ਘਰ ਸੰਭਾਲਣ' ਦੀਆਂ ਭਵਿੱਖਮੁਖੀ ਨਸੀਹਤਾਂ ਵੀ ਦੇਈ ਗਏ।

ਦਿਨ ਚੜ੍ਹਦੇ ਨੂੰ ਪੁਲਿਸ ਦੇ ਆਉਂਦਿਆਂ-ਕਰਦਿਆਂ ਮਾਈ ਦੇ ਗਲ ਵਿਚੋਂ ਪੁੱਤਰ ਮੋਹ ਦੀ ਫਾਹੀ ਦੀ ਥਾਂ, ਪੋਤਾ ਮੋਹ ਦੀ ਫਾਹੀ ਪੈ ਗਈ। ਅੰਦਰੇ ਈ ਅੱਗ, ਅੰਦਰੇ ਪਾਣੀ! ਜਿਵੇਂ ਪਿੰਡ ਦੇ ਸਿਆਣਿਆਂ ਨੇ ਉਸ ਨੂੰ ਪੱਟੀ ਪੜ੍ਹਾਈ ਸੀ, ਮਾਈ ਨੇ ਠਾਣੇਦਾਰ ਮੋਹਰੇ ਇਹ ਬਿਆਨ ਦਿੱਤੇ-"ਬਗਲ ਦੀ ਕੰਧ ਟੱਪ ਕੇ ਕੋਈ ਵਿਹੜੇ ਵਿਚ ਆਇਆ, ਮੇਰੇ ਪੁੱਤ ਨੂੰ ਕਤਲ ਕਰ ਕੇ ਦੌੜ ਗਿਆ। ਮੇਰੀ ਨਿਗ੍ਹਾ ਕਮਜ਼ੋਰ ਹੋਣ ਕਰ ਕੇ ਮੈਥੋਂ ਨ੍ਹੀਂ ਪਛਾਣਿਆ ਗਿਆ ਉਹ ਬੰਦਾ...।"

ਪਿਉ-ਪੁੱਤ ਵਿਚਕਾਰ ਹੋਏ ਅਜਿਹੇ ਹੀ ਗ੍ਰਹਿ ਯੁੱਧ ਦੀ ਖ਼ਬਰਸਾਰ ਲੈਣ ਗਏ ਨੂੰ ਮੈਨੂੰ ਮੋਹ ਦੀਆਂ ਅਤਿ ਮਹੀਨ ਤੰਦਾਂ ਬਾਰੇ ਅਨੋਖਾ ਅਹਿਸਾਸ ਹੋਇਆ। ਅਮਰੀਕਾ ਤੋਂ ਪਿੰਡ ਪੁੱਜੇ ਨੂੰ ਮੈਨੂੰ ਉਡਦੀ-ਉਡਦੀ ਜਾਣਕਾਰੀ ਮਿਲੀ ਕਿ ਇਕ ਸੱਜਣ ਦੇ ਪੁੱਤ ਨੇ ਘਰ ਵਿਚ ਕਾਫ਼ੀ ਫਤੂਰ ਮਚਾਇਆ ਹੋਇਆ ਹੈ। ਉਸ ਦੇ ਘਰੇ ਜਾ ਕੇ ਮਿਲੀ ਤਫ਼ਸੀਲੀ ਜਾਣਕਾਰੀ ਮੁਤਾਬਕ ਜਾਇਦਾਦ ਦੇ ਵੰਡ-ਵੰਡੱਈਏ ਤੋਂ ਕਲਹ-ਕਲੇਸ਼ ਇਨਾ ਵਧ ਗਿਆ ਕਿ ਡੌਲਿਆਂ ਉਤੇ ਟੈਟੂ ਖੁਣਵਾ ਕੇ, ਦੈਂਤ ਜਿਹਾ ਬਣੀ ਫਿਰਦੇ ਬੇ-ਸ਼ਊਰੇ ਪੁੱਤ ਨੇ ਬਾਪ ਨੂੰ ਕੁੱਟ-ਫਾਂਟ ਦਿੱਤਾ। ਨਾਲ ਹੀ ਦਿਲ ਖੋਲ੍ਹ ਕੇ ਬਕਵਾਸ ਵੀ ਬਥੇਰੀ ਕਰ ਦਿੱਤੀ। ਦੁਖੀ ਹੋ ਕੇ ਬਾਪ ਨੇ ਜਾਨ ਦੇ ਖਤਰੇ ਦੀ ਦੁਹਾਈ ਦੇ ਕੇ ਪੁਲਿਸ ਬੁਲਾ ਲਈ...।

ਪੁੱਤ ਨਾਲੋਂ ਅਲੱਗ ਹੋ ਕੇ ਖੁੱਡਾ-ਨੁਮਾ ਮਕਾਨ ਵਿਚ ਬੈਠੇ ਕਰਮਾਂ ਮਾਰੇ ਬਾਪ ਨੇ ਪੁਲਿਸ ਲਿਆਉਣ ਤੱਕ ਦੀ ਵਿਥਿਆ ਤਾਂ ਬੜੇ ਦੁਖੀ ਹਿਰਦੇ ਨਾਲ ਮੈਨੂੰ ਸੁਣਾਈ, ਪਰ ਇਸ ਦੁਖਦਾਈ ਗਾਥਾ ਦਾ ਬਾਕੀ ਹਿੱਸਾ ਉਹ ਇੰਜ ਸੁਣਾਉਣ ਲੱਗਾ, ਜਿਵੇਂ ਸਾਹਮਣੇ ਹੋ ਰਹੇ ਕਬੱਡੀ ਮੈਚ ਦੀ ਕੁਮੈਂਟਰੀ ਸੁਣਾ ਰਿਹਾ ਹੋਵੇ: "...ਗੱਡੀ ਵਿਚੋਂ ਨਿੱਕਲ ਕੇ ਜਦ ਦੋਵੇਂ ਪੁਲਸੀਏ ਲੱਗੇ ਉਹਨੂੰ ਹਾਤ-ਹੂਤ ਕਰਨ, ਮੁੰਡਾ ਵੀ ਮੋਹਰਿਉਂ ਉਸੇ ਟੋਨ ਵਿਚ ਬੋਲਿਆ। ਰੋਅਬ ਛਾਂਟਦੇ ਪੁਲਸੀਏ ਨੇ ਹਾਲੇ ਹੱਥ ਵਿਚ ਫੜੀ ਬੈਂਤ ਉਪਰ ਨੂੰ ਉਭਾਰੀ ਹੀ ਸੀ, ਮੁੰਡਾ ਪੈ ਗਿਆ ਉਹਨੂੰ ਭੁੱਖੇ ਬਘਿਆੜ ਵਾਂਗ...।"

ਬਿਰਤਾਂਤ ਸੁਣਾ ਰਹੇ ਬਾਪ ਦੇ ਚਿਹਰੇ 'ਤੇ ਹੁਣ ਪਹਿਲੋਂ ਵਾਲੇ ਕਰੁਣਾਮਈ ਹਾਵ-ਭਾਵ ਨਹੀਂ ਸਨ, ਸਗੋਂ ਉਸ ਦਾ ਖਿੜਿਆ ਚਿਹਰਾ ਜੇਤੂਆਂ ਵਾਂਗ ਲਾਲੀ ਦੀ ਭਾਅ ਮਾਰ ਰਿਹਾ ਸੀ। ਮੇਰੀ ਹੈਰਾਨੀ ਦੀ ਕੋਈ ਹੱਦ ਨਾ ਰਹੀ, ਜਦੋਂ ਉਸ ਨੇ ਮੰਦ-ਮੰਦ ਮੁਸਕਾਉਂਦਿਆਂ ਇਹ ਦੱਸਿਆ ਕਿ ਉਹਦੇ ਮੁੰਡੇ ਨੇ ਇਕ ਪੁਲਸੀਏ ਦੀ ਵਰਦੀ ਪਾੜ ਸੁੱਟੀ। ਗੱਲ ਸੁਣਾਉਂਦਿਆਂ ਉਸ ਨੂੰ ਚੇਤਾ ਈ ਭੁੱਲ ਗਿਆ ਸੀ ਕਿ ਪੁਲਿਸ ਤਾਂ ਉਹਨੇ ਹੀ ਬੁਲਾਈ ਹੋਈ ਸੀ ਕਿ ਵਿਗੜੇ ਹੋਏ ਮੁੰਡੇ ਦੇ ਚਾਰ ਛਿੱਤਰ ਵੱਜ ਜਾਣ, ਪਰ ਉਹ ਹੁਣ ਛਾਤੀ ਫੁਲਾ-ਫੁਲਾ ਕੇ ਕਿਸੇ ਅਜਿੱਤ ਸੂਰਮੇ ਦੀ ਮਾਣ-ਮੱਤੀ ਸੂਰਮਗਤੀ ਦਾ ਕਿੱਸਾ ਸੁਣਾਉਣ ਵਾਂਗ ਆਪਣੇ ਪੁੱਤ ਦੀ ਕੀਰਤੀ ਗਾ ਰਿਹਾ ਸੀ।

"ਲੈ ਜੀ, ਇਕ ਜਣਾ ਤਾਂ ਵਰਦੀ ਪੜਵਾ ਕੇ ਗੱਡੀ ਵਿਚ ਜਾ ਵੜਿਆ। ਦੂਜੇ ਮਗਰ ਸਾਡਾ ਮੁੰਡਾ ਫੌਂਹੜਾ ਲੈ ਕੇ ਪੈ ਗਿਆ। ਹਾ...ਹਾ...ਹਾ...ਅ...ਪਿੱਛੇ-ਪਿੱਛੇ ਮੁੰਡਾ, ਮੋਹਰੇ ਪੁਲਸੀਆ ਦੌੜਿਆ ਜਾਵੇ।"

ਪਹਿਲਾਂ ਤਾਂ ਮੈਨੂੰ ਹਾਸੇ-ਹਾਸੇ ਵਿਚ ਟਿੱਚਰ ਸੁੱਝੀ ਕਿ ਇਸ ਨੂੰ ਘਰੇਲੂ ਕਲੇਸ਼ ਦੇ ਨਿਬੇੜੇ ਬਾਰੇ ਪੁੱਛਾਂ ਕਿ ਜਾਇਦਾਦ ਦਾ ਵੰਡ-ਵੰਡੱਈਆ ਸਹਿਮਤੀ ਨਾਲ ਹੋ ਗਿਆ ਜਾਂ ਨਹੀਂ, ਫਿਰ ਸੋਚਿਆ ਕਿ ਇਹ ਹੁਣ ਆਪਣੇ ਪੁੱਤ ਹੱਥੋਂ ਹੋਈ ਬੇਇਜ਼ਤੀ ਭੁੱਲ-ਭੁਲਾ ਕੇ ਮੋਹ ਦੀ ਫਾਹੀ ਦਾ ਲੁਤਫ਼ ਲੈ ਰਿਹਾ ਹੈ। ਇਹਦੇ ਰੰਗ ਵਿਚ ਭੰਗ ਕਾਹਨੂੰ ਪਾਉਣਾ ਹੁਣ!

ਅਤਿ ਤੀਖਣ ਮੋਹ ਕੀ ਫਾਸ॥

---

# ਦੇਖ ਕਬੀਰਾ ਰੋਇਆ

ਚੱਲ ਬੁੱਲ੍ਹਿਆ ਹੁਣ ਉਥੇ ਚੱਲੀਏ
ਜਿਥੇ ਅੱਲਾ ਰੱਖੇ।
ਨਾ ਕੋਈ ਸਾਡੀ ਜਾਤ ਪਛਾਣੇ
ਨਾ ਕੋਈ ਮਾਰੇ ਧੱਕੇ।
ਚੱਲ ਬੁੱਲ੍ਹਿਆ ਹੁਣ ਉਥੇ ਰਹੀਏ
ਜਿਥੋਂ ਮੁੜ ਨਾ ਆਈਏ।
ਸਾਹਾਂ ਦੀ ਇਸ ਪੂੰਜੀ ਨੂੰ ਹੁਣ
ਰੱਬ ਦੇ ਲੇਖੇ ਲਾਈਏ।

ਮੌਤ ਕੁਦਰਤ ਦੀ ਦੇਣ ਹੈ, ਰੰਗਾਂ ਵਿਚ ਰੰਗੀ ਸਵੇਰ ਹੈ। ਸੂਰਜ ਨੇ ਢਲਦੇ-ਢਲਦੇ ਢਲ ਜਾਣਾ ਹੈ। ਸਾਹਾਂ ਨੇ ਮੁੱਕਦੇ-ਮੁੱਕਦੇ ਮੁੱਕ ਜਾਣਾ ਹੈ। ਅੰਤ ਹੋਣਾ ਹੀ ਹੈ, ਮੌਤ ਨੇ ਆਉਣਾ ਹੀ ਹੈ। ਸੁਪਨੇ ਨੇ ਟੁੱਟ ਜਾਣਾ ਹੈ, ਗੀਤ ਨੇ ਮੁੱਕ ਜਾਣਾ ਹੈ।

'ਜੀਵਨ ਸਰਾਪ ਹੈ, ਪਿਛਲੇ ਕਰਮਾਂ ਦਾ ਕੀਤਾ ਕੋਈ ਪਾਪ ਹੈ', ਜਿਨ੍ਹਾਂ ਦਾ ਇਹ ਪ੍ਰਵਚਨ ਹੈ, ਉਨ੍ਹਾਂ ਲਈ ਮਰਨਾ ਵੀ ਕਠਿਨ ਹੈ। ਜੀਵਨ ਭਰ ਰੋਂਦੇ ਰਹੇ, ਮੌਤ ਦਾ ਡਰ ਢੋਂਦੇ ਰਹੇ। ਜੀਵਨ ਨੂੰ ਮਾਣਿਆ ਨਾ, ਖੁਸ਼ੀ ਨੂੰ ਜਾਣਿਆ ਨਾ। ਨਾ ਜੀ ਸਕੇ, ਨਾ ਮਰ ਸਕੇ। ਮੌਤ ਆਊਗੀ ਤਾਂ ਰੋਣਗੇ, ਮਰਦੇ-ਮਰਦੇ ਵੀ ਪਛਤਾਉਣਗੇ। ਜਿਉਂਦੇ ਜੀ ਸੂਲੀ 'ਤੇ ਲਟਕੇ ਰਹੇ। ਕੀ ਕੀਤਾ, ਕਿਉਂ ਕੀਤਾ, ਕਾਹਦੇ ਲਈ ਕੀਤਾ, ਜੀਵਨ ਭਰ ਸਮਝ ਨਹੀਂ ਆਈ!



ਪ੍ਰੋ. ਹਰਪਾਲ ਸਿੰਘ
ਫੋਨ: 916-478-1640

ਚੱਲ ਬੁੱਲ੍ਹਿਆ ਹੁਣ ਉਥੇ ਚਲੀਏ
ਜਿਥੇ ਵਗਣ ਹਵਾਵਾਂ।
ਗੋਰ ਨਿਮਾਣੀ 'ਵਾਜਾਂ ਮਾਰੇ
ਕਿਹੜੇ ਸ਼ਗਨ ਮਨਾਵਾਂ।

ਤੁਸੀਂ ਕਹੋਗੇ ਇਹ ਬੰਦਾ ਸ਼ੁਦਾਈ ਹੈ, ਪਾਗਲ ਹੈ। ਮੌਤ ਨੂੰ ਅਨੰਦਤ ਮੰਨਦਾ ਹੈ। ਬੇਵਕੂਫ ਦੀ ਸੋਚ ਵੀ ਬੇਵਕੂਫੀ ਵਾਲੀ ਹੈ। ਮੌਤ ਤਾਂ ਲੈ ਕੇ ਆਉਂਦੀ ਹੈ ਰੋਣਾ-ਪਿੱਟਣਾ, ਸਿੜ੍ਹੀ-ਸਿਆਪਾ। ਜਿੰਨੀਆਂ ਬਦ-ਦੁਆਵਾਂ, ਜਿੰਨੀਆਂ ਗਾਲ੍ਹਾਂ ਰੱਬ ਨੂੰ ਮੌਤ ਵੇਲੇ ਪੈਂਦੀਆਂ ਹਨ, ਸ਼ਾਇਦ ਹੋਰ ਕਦੇ ਵੀ ਨਹੀਂ। ਲਾਹਨਤ ਪਾਈ ਜਾਂਦੀ ਹੈ ਰੱਬ ਨੂੰ, ਦੁਰਕਾਰਿਆ ਜਾਂਦਾ ਹੈ, ਮੰਦਾ-ਚੰਗਾ ਬੋਲਿਆ ਜਾਂਦਾ ਹੈ, "ਵੇ ਤੂੰ ਇਹ ਕੀ ਕੀਤਾ ਮਰਜਾਣਿਆ...ਤੂੰ ਆਪ ਹੀ ਕਿਉਂ ਨਾ ਮਰ ਗਿਆ...ਲਾਹਨਤੀਆ! ਤੇਰਾ ਕੱਖ ਨਾ ਰਹੇ, ਤੂੰ ਸਾਨੂੰ ਜਿਉਂਦੇ ਜੀ ਮਾਰ ਦਿੱਤਾ। ਕਿਹੜੇ ਜਨਮਾਂ ਦਾ ਬਦਲਾ ਲਿਆ ਤੂੰ, ਕਮੀਨਿਆ ਬਦਬਖਤਾ।"

ਦੂਜੇ ਪਾਸੇ ਬਾਬਾ ਜੀ ਮਸਤੀ ਵਿਚ, ਮਧੁਰ ਆਵਾਜ਼ ਵਿਚ ਗਾ ਰਹੇ ਹਨ,

ਜੋ ਉਪਜਿਓ ਸੋ ਬਿਨਸਿ ਹੈ
ਪਰੋ ਆਜੁ ਕੈ ਕਾਲਿ॥
ਨਾਨਕ ਹਰਿ ਗੁਨ ਗਾਇ ਲੇ
ਛਾਡਿ ਸਗਲ ਜੰਜਾਲ॥

---

ਚਿੰਤਾ ਤਾ ਕੀ ਕੀਜੀਐ
ਜੋ ਅਨਹੋਨੀ ਹੋਇ॥
ਇਹੁ ਮਾਰਗ ਸੰਸਾਰ ਕੋ
ਨਾਨਕ ਥਿਰੁ ਨਹੀ ਕੋਇ॥

ਜੰਗ ਦੇ ਮੈਦਾਨ ਵਿਚ ਖੜ੍ਹਾ ਅਰਜਨ ਜਦੋਂ ਆਪਣੇ ਗੁਰੂ, ਬਾਬੇ ਅਤੇ ਸਕੇ-ਸਬੰਧੀਆਂ ਨੂੰ ਸਾਹਮਣੇ ਖਲੋਤੇ ਦੇਖਦਾ ਹੈ, ਤਾਂ ਨਿੱਜੀ ਭਾਵਨਾਵਾਂ ਦੇ ਸ਼ਿਕੰਜੇ ਵਿਚ ਜਕੜਿਆ ਅਰਜਨ ਜੰਗ ਤੋਂ ਇਨਕਾਰੀ ਹੋ ਜਾਂਦਾ ਹੈ। ਉਹ ਕ੍ਰਿਸ਼ਨ ਭਗਵਾਨ ਨੂੰ ਕਹਿ ਰਿਹਾ ਹੈ, "ਹਾਰ ਜਾਂ ਜਿੱਤ, ਇਸ ਦੀ ਮੈਨੂੰ ਕੋਈ ਪ੍ਰਵਾਹ ਨਹੀਂ, ਨਾ ਕੋਈ ਚਿੰਤਾ। ਇਹ ਮੈਂ ਸੈਂਕੜੇ ਵਾਰ ਲੜ ਚੁੱਕਾ ਹਾਂ। ਮੈਨੂੰ ਯੁੱਧ ਦੇ ਭਿਆਨਕ ਨਤੀਜਿਆਂ ਦੀ ਚਿੰਤਾ ਹੈ, ਜਦੋਂ ਮੇਰੇ ਆਪਣੇ ਨਹੀਂ ਰਹਿਣਗੇ।" ਅਰਜਨ ਵਰਗਾ ਯੋਧਾ ਜੰਗ ਤੋਂ ਨਹੀਂ ਡਰਦਾ ਪਰ ਉਸ ਦੇ ਅੰਦਰ ਯੋਧੇ ਤੋਂ ਵੱਡਾ ਮਨੁੱਖ ਬੈਠਾ ਹੈ ਜੋ ਰਿਸ਼ਤਿਆਂ ਅਤੇ ਮੋਹ ਮਾਇਆ ਦੀ ਡੋਰ ਵਿਚ ਬੰਨ੍ਹਿਆ ਹੋਇਆ ਹੈ। ਇਸੇ ਲਈ ਉਹ ਲੜਨ ਤੋਂ ਇਨਕਾਰੀ ਹੈ।

ਗੀਤਾ ਵਿਚ ਕ੍ਰਿਸ਼ਨ ਭਗਵਾਨ, ਅਰਜਨ ਨੂੰ ਹਥਿਆਰ ਚੁੱਕ ਕੇ ਕਿਰਿਆਸ਼ੀਲ ਹੋਣ ਲਈ ਕਹਿੰਦੇ ਹਨ, "ਹੇ ਅਰਜਨ! ਜਿਨ੍ਹਾਂ ਨੂੰ ਤੂੰ ਸਾਹਮਣੇ ਖਲੋਤੇ ਦੇਖ ਰਿਹਾ ਹੈਂ, ਮੈਂ ਇਨ੍ਹਾਂ ਨੂੰ ਪਹਿਲਾਂ ਹੀ ਮਾਰ ਚੁੱਕਾ ਹਾਂ। ਇਹ ਕੇਵਲ ਦਿਖਾਈ ਦੇ ਰਹੇ ਹਨ, ਜਿਉਂਦੇ ਨਹੀਂ। ਜਿਹੜੇ ਜਿਉਂਦੇ ਨਹੀਂ ਹਨ, ਉਨ੍ਹਾਂ ਨੂੰ ਮਾਰਨ ਦਾ ਪਾਪ ਤੇਰੇ 'ਤੇ ਨਹੀਂ ਲੱਗਣਾ। ਇਨ੍ਹਾਂ ਦੀਆਂ ਆਤਮਾਵਾਂ ਨੇ ਤਾਂ ਕੇਵਲ ਚੋਲੇ ਬਦਲਣੇ ਹਨ।" ਗੀਤਾ ਦੇ ਦੂਜੇ ਅਧਿਆਇ ਵਿਚ ਕ੍ਰਿਸ਼ਨ ਕਹਿੰਦੇ ਹਨ, "ਹੇ ਅਰਜਨ! ਜੰਗ ਲੜ। ਤੇਰੇ ਲਈ ਜੋ ਕਾਰਜ ਨਿਸ਼ਚਿਤ ਹੈ, ਸੋ ਤੂੰ ਕਰ; ਕਿਉਂਕਿ ਕਰਮ ਕਰਨਾ ਕਰਮਹੀਣ ਹੋਣ ਤੋਂ ਚੰਗਾ ਹੈ। ਹੇ ਅਰਜਨ! ਤੂੰ ਚਿੰਤਾ ਮੁਕਤ ਹੋ ਕੇ ਸਦਾ ਯੋਗ ਕਰਮ ਕਰਦਾ ਰਹਿ ਕਿਉਂਕਿ ਨਿਸ਼ਕਾਮ ਕਰਮ ਕਰਨ ਵਾਲਾ ਮਨੁੱਖ ਸਰਬੋਤਮ ਪ੍ਰੇਮ ਨੂੰ ਪ੍ਰਾਪਤ ਹੁੰਦਾ ਹੈ।"

ਅਸੀਂ ਸਾਰੇ ਮੌਤ ਨੂੰ ਭੁਲਾ ਕੇ ਜਿਉਂਦੇ ਹਾਂ, ਅਜਿਹਾ ਮੰਨ ਕੇ ਤੁਰਦੇ ਹਾਂ ਕਿ ਅਸੀਂ ਤਾਂ ਸਦੀਵੀ ਹਾਂ, ਮਰਨਾ ਨਹੀਂ ਹੈ ਪਰ ਇਹ ਸਾਰਾ ਜੀਵਨ ਮੌਤ ਦੀ ਅਮਾਨਤ ਹੈ। ਜੋ ਬਣਿਆ ਹੈ, ਉਹ ਮਿਟੇਗਾ ਵੀ। ਜਿਹੜਾ ਸਜਾਇਆ ਹੈ, ਸੰਵਾਰਿਆ ਹੈ; ਉਹ ਉਜੜੇਗਾ ਵੀ। ਜਿਸ ਨੂੰ ਮੌਤ ਵਿਖਾਈ ਦੇ ਗਈ, ਜਿਸ ਨੂੰ ਮੌਤ ਦਾ ਚੇਤਾ ਆ ਗਿਆ, ਜਿਸ ਨੂੰ ਮੌਤ ਦਾ ਬੋਧ ਆ ਗਿਆ; ਉਸ ਦੇ ਜੀਵਨ ਵਿਚ ਕ੍ਰਾਂਤੀ ਹੋ ਜਾਂਦੀ ਹੈ। ਜਿਵੇਂ ਹੀ ਤੁਹਾਨੂੰ ਅੰਤ ਦਿਖਾਈ ਦੇਵੇਗਾ, ਜੀਵਨ ਦੀਆਂ ਕਦਰਾਂ-ਕੀਮਤਾਂ ਬਦਲ ਜਾਣਗੀਆਂ। ਕੱਲ੍ਹ ਜੋ ਬਹੁਤ ਗੁਣਕਾਰੀ ਲਗਦਾ ਸੀ, ਜੋ ਅਹਿਮ ਲਗਦਾ ਸੀ, ਆਪਣਾ ਲਗਦਾ ਸੀ; ਮੌਤ ਦਾ ਚੇਤਾ ਆਉਂਦਿਆਂ ਹੀ ਵਿਅਰਥ ਹੋ ਜਾਏਗਾ। ਜਿਸ ਦਿਨ ਤੁਸੀਂ ਪੈਦਾ ਹੋਏ, ਉਸ ਦਿਨ ਹੀ ਮੌਤ ਦੇ ਦਿਨ ਸ਼ੁਰੂ ਹੋ ਗਏ ਸਨ। ਮੌਤ ਦੀ ਹੋਸ਼ ਆ ਜਾਏ, ਤਦ ਤੁਸੀਂ ਆਪਣੇ ਵਲ ਆਉਂਦੇ ਹੋ, ਹੋਸ਼ ਨਹੀਂ ਤਾਂ ਸੰਸਾਰ ਵੱਲ ਜਾਂਦੇ ਹੋ।

ਤੁਸੀਂ ਮੌਤ ਤੋਂ ਡਰੇ ਹੋਏ ਹੋ। ਜਿਥੇ ਡਰ ਹੈ, ਉਥੇ ਪਰਮਾਤਮਾ ਨਾਲ ਕੋਈ ਸਬੰਧ ਨਹੀਂ ਹੋ ਸਕੇਗਾ। ਤੁਸੀਂ ਜਿੰਨਾ ਪੂਜਾ ਪਾਠ ਕਰ ਰਹੇ ਹੋ, ਤੀਰਥੀਂ ਜਾ ਰਹੇ ਹੋ, ਇਸ਼ਨਾਨ ਕਰ ਰਹੇ ਹੋ, ਧੂਫ਼-ਬੱਤੀ ਜਲਾ ਰਹੇ ਹੋ, ਉਹ ਸਭ ਮੌਤ ਦੇ ਡਰ ਕਾਰਨ ਹੈ, ਮੌਤ ਤੋਂ ਬਚਣ ਦੇ ਤਰਲੇ ਹਨ। ਜਿਸ ਦੀ ਜ਼ਿੰਦਗੀ ਬੇਹੋਸ਼ੀ ਵਿਚ ਲੰਘੀ, ਉਹ ਮਰਨ ਵੇਲੇ ਕੰਬਦਾ ਹੈ, ਰੋਂਦਾ ਹੈ, ਚੀਕਦਾ-ਚਿਲਾਉਂਦਾ ਹੈ। ਆਖਰੀ ਸੁਆਸ ਨੂੰ ਫੜਨ ਦਾ ਯਤਨ ਕਰਦਾ ਹੈ ਕਿ ਮੈਂ ਬਚ ਜਾਵਾਂ। ਜਿਸ ਨੇ ਜੀਵਨ ਨੂੰ ਜਾਗ ਕੇ ਵੇਖਿਆ, ਜਿਸ ਅੰਦਰ ਮੌਤ ਦਾ ਭੈਅ ਨਹੀਂ, ਤਾਂ ਉਹਨੂੰ ਲੱਭਦਾ ਹੈ ਕਿ ਮੌਤ ਤਾਂ ਜੀਵਨ ਦੀ ਪਰਿ-ਪੂਰਨਤਾ ਹੈ, ਅੰਤ ਨਹੀਂ। ਮੌਤ ਤਾਂ ਬੁਲਾਵਾ ਹੈ ਉਸ ਦੇ ਦੁਆਰ ਵਿਚ ਪਹੁੰਚਣ ਦਾ। ਉਹ ਘਬਰਾਉਂਦਾ ਨਹੀਂ, ਨਾ ਹੀ ਕੰਬਦਾ ਹੈ। ਨਾ ਰੋਂਦਾ ਹੈ, ਨਾ ਉਹ ਚੀਕਾਂ ਮਾਰਦਾ ਹੈ। ਉਹ ਅਨੰਦ-ਮਗਨ ਹੋ ਉਸ ਪਰਮ ਸੁੰਦਰਤਾ ਵਿਚ ਚਲਾ ਜਾਂਦਾ ਹੈ। ਗਿਆਨੀ ਨੱਚਦਾ ਹੋਇਆ ਜਾਂਦਾ ਹੈ, ਗਾਉਂਦਾ ਹੋਇਆ ਜਾਂਦਾ ਹੈ। ਅਗਿਆਨੀ ਰੋਂਦਾ ਹੋਇਆ ਜਾਂਦਾ ਹੈ। ਮੌਤ ਤਾਂ ਕਸਵੱਟੀ ਹੈ। ਤੁਸੀਂ ਜਿਹੋ ਜਿਹੇ ਹੋ, ਉਹੋ ਜਿਹਾ ਹੀ ਤੁਹਾਡਾ ਮੌਤ ਦਾ ਅਨੁਭਵ ਹੋਵੇਗਾ। ਆਦਮੀ ਕਿਵੇਂ ਮਰਦਾ ਹੈ, ਇਸ ਤੋਂ ਪਤਾ ਲਗਦਾ ਹੈ ਕਿ ਉਹ ਕਿਹੋ ਜਿਹਾ ਜੀਵਨ ਜੀਵਿਆ। ਜੇ ਅਨੰਦਤ ਮਰਦਾ ਹੈ, ਸ਼ਾਂਤ ਮਰਦਾ ਹੈ, ਅਨੰਦਭਾਵ ਨਾਲ ਮਰਦਾ ਹੈ, ਤਾਂ ਸਾਰਾ ਜੀਵਨ ਕੀਮਤੀ ਸੀ। ਜੇ ਰੋਂਦਾ, ਵਿਲਕਦਾ ਮਰਦਾ ਹੈ ਤਾਂ ਜੀਵਨ ਸੰਤਾਪ ਸੀ, ਨਰਕ ਸੀ।

ਮੌਤ ਨੂੰ ਯਾਦ ਰੱਖੋ। ਮੌਤ ਨੂੰ ਜੀਵਨ ਦਾ ਕੇਂਦਰ ਬਿੰਦੂ ਮੰਨ ਲਵੋ। ਜੀਵਨ ਵਿਚ ਮੌਤ ਬਿਨਾ ਹੋਰ ਕੁਝ ਵੀ ਨਿਸ਼ਚਿਤ ਨਹੀਂ। ਇਸ ਨਿਸ਼ਚਿਤਤਾ ਦੇ ਆਧਾਰ ਉਤੇ ਤੁਸੀਂ ਜੀਵਨ ਦੀ ਯਾਤਰਾ ਕਰੋਗੇ ਤਾਂ ਪਾਉਗੇ ਆਪਣੇ ਆਪ ਨੂੰ। ਯਸੂ ਮਸੀਹ ਦਾ ਕਥਨ ਹੈ, "ਜਿਹੜਾ ਆਪਣੇ ਆਪ ਨੂੰ ਗੁਆਏਗਾ, ਉਹ ਪਾ ਲਵੇਗਾ ਅਤੇ ਜਿਹੜਾ ਆਪਣੇ ਆਪ ਨੂੰ ਬਚਾਏਗਾ, ਉਹ ਸਦਾ ਲਈ ਗੁਆ ਦੇਵੇਗਾ।"

ਗਰਬੁ ਕਰਤੁ ਹੈ ਦੇਹ ਕੋ
ਬਿਨਸੈ ਛਿਨ ਮੈ ਮੀਤ॥
ਜਿਹਿ ਪ੍ਰਾਨੀ ਹਰਿ ਜਸੁ ਕਹਿਓ
ਨਾਨਕ ਤਿਹ ਜਗੁ ਜੀਤਿ॥
(ਗੁਰੂ ਤੇਗ ਬਹਾਦਰ ਮਹਲਾ ੯)

---

ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ॥
ਹੰ ਭੀ ਵੰਞਾ ਡੁਮਣੀ ਰੋਵਾ ਝੀਣੀ ਬਾਣਿ॥
(ਸਿਰੀਰਾਗ, ਮਹਲਾ ੧)

---

ਫਰੀਦਾ ਗੋਰ ਨਿਮਾਣੀ ਸਡੁ (ਸੱਲ)
ਕਰੇ ਨਿਘਰਿਆ ਘਰਿ ਆਉ॥
ਸਰਪਰ (ਆਖਰਕਾਰ) ਮੈਥੈ ਆਵਣਾ
ਮਰਣਹੁ ਨਾ ਡਰਿਆਹੁ॥

---

ਕਬੀਰ ਗਾਗਰਿ ਜਲ ਭਰੀ
ਆਜੁ ਕਾਲਿ ਜੈਹੈ ਫੂਟਿ॥
ਗੁਰੁ ਜੁ ਨ ਚੇਤਹਿ ਆਪਨੋ
ਅਧ ਮਾਝਿ ਲੀਜਹਿਗੇ ਲੂਟਿ॥

ਮਨੁੱਖੀ ਜੀਵਨ ਦਾ ਪਰਮ ਉਦੇਸ਼ ਜਨਮ ਮਰਨ ਦੇ ਗੇੜ ਤੋਂ ਮੁਕਤੀ ਹੈ, ਸਵਰਗ-ਨਰਕ ਚੰਗੇ ਅਤੇ ਮਾੜੇ ਕਰਮ ਕਰਨ ਵਾਲਿਆਂ ਲਈ ਅਸਥਾਈ ਪੜਾਅ ਹਨ।

ਬੜੀ ਇੱਛਾ ਸੀ, ਇਕ ਤਾਂਘ, ਇਕ ਜਗਿਆਸਾ, ਕਬੀਰ ਦੇ ਦਰਸ਼ਨਾਂ ਦੀ। ਸਮੇਂ ਨੇ ਸਾਥ ਦਿੱਤਾ, ਪੈਰੀਂ ਜੁੱਤੀ ਪਾ, ਮੋਢੇ 'ਤੇ ਰੱਖ ਖੇਸੀ, ਪਿੰਡ ਕਬੀਰ ਦੇ ਜਾ ਪਹੁੰਚਿਆ। ਘਰ ਜਾ ਪਤਾ ਕੀਤਾ। ਮਾਈ ਨੇ ਦੱਸਿਆ, "ਕਬਰੀਂ ਗਏ ਨੇ, ਜਾ ਮਿਲੋ।" ਘਬਰਾਇਆ ਹੋਇਆ, ਭਵੰਤਰਿਆ ਹੋਇਆ, ਕਬਰਾਂ ਨੂੰ ਤੁਰ ਪਿਆ। ਥਿੜਕਿਆ ਰਾਹ ਵਿਚ...ਮੈਂ ਤਾਂ ਕਬੀਰ ਨੂੰ ਜਾਣਦਾ ਨਹੀਂ, ਪਛਾਣਾਂਗਾ ਕਿਵੇਂ? ਮੁੜਿਆ, ਮਾਈ ਨੂੰ ਬੇਨਤੀ ਕੀਤੀ, "ਮਾਤਾ, ਮੈਂ ਤਾਂ ਕਬੀਰ ਨੂੰ ਕਦੀ ਮਿਲਿਆ ਨਹੀਂ, ਪਛਾਣਾਂਗਾ ਕਿਵੇਂ?"

"ਜਿਸ ਦੇ ਸਿਰ ਉਪਰ ਜੋਤ ਜਗਦੀ ਹੋਵੇਗੀ।" ਮਾਤਾ ਨੇ ਦੱਸਿਆ।

ਵਾਹੋ-ਦਾਹੀ ਜਾ ਪਹੁੰਚਿਆ ਕਬਰੀਂ। ਹੈਰਾਨ ਪ੍ਰੇਸ਼ਾਨ ਹੋਇਆ। ਦੇਖਿਆ, ਸਭਨਾਂ ਦੇ ਸਿਰ ਉਪਰ ਜੋਤ ਜਲ ਰਹੀ ਸੀ। ਕਬਰਸਤਾਨ ਚਾਨਣ-ਰੰਗਾ ਹੋਇਆ ਪਿਆ ਸੀ।

ਕਿਵੇਂ ਪਛਾਣਾਂ ਕਬੀਰ ਨੂੰ? ਮਾਈ ਨੇ ਦੁਬਿਧਾ ਵਿਚ ਪਾ ਦਿੱਤਾ ਸੀ। ਸੋਚਿਆ, ਥੋੜ੍ਹੀ ਦੇਰ ਇੰਤਜ਼ਾਰ ਕਰ ਲਵਾਂ, ਸ਼ਾਇਦ ਕੋਈ ਰਾਹ ਮਿਲ ਜਾਵੇ। ਲੋਕ ਵਾਪਸ ਜਾਣ ਲੱਗੇ। ਹੈਰਾਨ ਹੋਇਆ, ਕਿਸੇ ਦੇ ਦਸ ਕਦਮ ਜਾਣ 'ਤੇ ਜੋਤ ਬੁਝ ਗਈ, ਕਿਸੇ ਦੇ 20 ਕਦਮ ਜਾਣ 'ਤੇ। ਹੌਲੀ-ਹੌਲੀ ਸਭ ਦੀਆਂ ਜੋਤਾਂ ਬੁਝ ਗਈਆਂ, ਸਿਵਾਏ ਕਬੀਰ ਦੇ। ਕੋਲ ਗਿਆ, ਪੁੱਛਿਆ, "ਤੁਸੀਂ ਕਬੀਰ ਹੋ।"

"ਹਾਂ, ਮੈਂ ਹੀ ਕਬੀਰ ਹਾਂ।" ਜੁਆਬ ਮਿਲਿਆ।


"ਮਹਾਤਮਾ, ਬਾਕੀ ਗੱਲਾਂ ਮੈਂ ਬਾਅਦ ਵਿਚ ਪੁੱਛਾਂਗਾ, ਕ੍ਰਿਪਾ ਕਰ ਕੇ ਮੇਰੇ ਮਨ ਦੀ ਦੁਬਿਧਾ ਦੂਰ ਕਰੋ।" ਉਸ ਨੇ ਕਿਹਾ।

"ਦੱਸ ਭਗਤਾ।" ਭਗਤ ਕਬੀਰ ਬੋਲੇ।

***(ਬਾਕੀ ਅਗਲੇ ਸਫੇ 'ਤੇ)***

# 'ਭਾਰਤ ਦਾ ਭਵਿੱਖ ਹੈ ਕੀ', ਜਵਾਬ ਸਾਨੂੰ ਲੱਭਣਾ ਪਵੇਗਾ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਤਿੰਨ ਹਫਤੇ ਅਮਰੀਕਾ ਅਤੇ ਕੈਨੇਡਾ ਵਿਚ ਗੁਜ਼ਾਰ ਕੇ ਵਾਪਸ ਪੁੱਜਾ ਹਾਂ ਤਾਂ ਮਨ ਉਤੇ ਉਹ ਸਾਰੇ ਸਵਾਲ ਭਾਰੂ ਹਨ, ਜਿਹੜੇ ਓਥੇ ਲਗਭਗ ਹਰ ਥਾਂ ਪੁੱਛੇ ਜਾਂਦੇ ਰਹੇ ਸਨ।

ਅਮਰੀਕਾ ਵਿਚ ਪਹਿਲੀ ਵਾਰੀ ਗਿਆ ਸਾਂ ਅਤੇ ਜਾਣ ਦਾ ਸਬੱਬ ਫਰਿਜ਼ਨੋ ਵਿਚ ਗ਼ਦਰ ਲਹਿਰ ਵਾਲੇ ਮਹਾਨ ਬਾਬਿਆਂ ਦੀ ਯਾਦ ਵਿਚ ਮਨਾਇਆ ਜਾਣ ਵਾਲਾ ਪੰਦਰਵਾਂ ਮੇਲਾ ਸੀ। ਇਸ ਮੇਲੇ ਦੀ ਸ਼ੁਰੂਆਤ ਸਾਬਕਾ ਵਿਧਾਇਕ ਕਾਮਰੇਡ ਗੁਰਬਖਸ਼ ਸਿੰਘ ਧਾਲੀਵਾਲ ਹੁਰਾਂ ਕੀਤੀ ਸੀ ਤੇ ਪਿਛਲੇ ਪੰਜ ਸਾਲਾਂ ਤੋਂ ਹਰ ਵਾਰੀ ਅਜੋਕੇ ਪ੍ਰਬੰਧਕਾਂ ਵੱਲੋਂ ਹੁਕਮ ਹੁੰਦਾ ਰਿਹਾ ਕਿ ਜ਼ਰੂਰ ਆਵਾਂ, ਪਰ ਸਿਹਤ ਦੀ ਮਜਬੂਰੀ ਕਾਰਨ ਜਾ ਨਹੀਂ ਸੀ ਸਕਿਆ। ਹੁਣ ਉਥੋਂ ਵਾਲਿਆਂ ਦਾ ਕਿਹਾ ਮੰਨ ਕੇ ਜਦੋਂ ਗਿਆ ਤਾਂ ਇਹ ਫੇਰੀ ਇਸ ਮੇਲੇ ਲਈ ਹੋਏ ਦੋ ਸਮਾਗਮਾਂ ਮੌਕੇ ਪੰਜਾਬੀਆਂ ਦੀ ਵੱਡੀ ਗਿਣਤੀ ਨਾਲ ਮੇਲ ਦਾ ਸਬੱਬ ਬਣ ਗਈ।

ਜਦੋਂ ਕਦੇ ਵਿਦੇਸ਼ ਵਿਚ ਇਹੋ ਜਿਹੀ ਕੋਈ ਮੀਟਿੰਗ ਹੋਵੇ, ਪੰਜਾਬ ਅਤੇ ਭਾਰਤ ਦਾ ਜ਼ਿਕਰ ਜ਼ਰੂਰ ਛਿੜ ਜਾਂਦਾ ਹੈ। ਇਹ ਜ਼ਿਕਰ ਇਸ ਵਾਰੀ ਵੀ ਛਿੜਿਆ। ਕੋਈ ਪੰਜਾਬ ਵਿਚ ਨਸ਼ਿਆਂ ਵਾਲੇ ਵਹਿਣ ਦੀ ਚਰਚਾ ਕਰ ਕੇ ਦੁਖੀ ਹੋ ਰਿਹਾ ਸੀ ਤੇ ਕੋਈ ਭ੍ਰਿਸ਼ਟਾਚਾਰ ਦੀ ਲਾਗ ਸਰਕਾਰੀ ਦਫਤਰਾਂ ਦੀਆਂ ਫਾਈਲਾਂ ਤੋਂ ਨਿਕਲ ਕੇ ਰੇਤ-ਬੱਜਰੀ ਦੀਆਂ ਖੱਡਾਂ ਤੱਕ ਚਲੀ ਜਾਣ ਦੀ ਕਹਾਣੀ ਪਾ ਰਿਹਾ ਸੀ। ਸੂਚਨਾ-ਪ੍ਰਸਾਰਨ ਤਕਨੀਕ ਦੇ ਬਹੁਤ ਜ਼ਿਆਦਾ ਤਰੱਕੀ ਕਰ ਜਾਣ ਨਾਲ ਸਾਡੇ ਲੋਕ ਹੁਣ ਇਸ ਗੱਲ ਦੇ ਮੁਥਾਜ ਨਹੀਂ ਰਹੇ ਕਿ ਕੋਈ ਜਤਿੰਦਰ ਪਨੂੰ ਪੰਜਾਬ ਤੋਂ ਆ ਕੇ ਉਨ੍ਹਾਂ ਨੂੰ ਜਾਣਕਾਰੀਆਂ ਪਰੋਸੇਗਾ ਜਾਂ ਅਕਲ ਦਾ ਪ੍ਰਤੀਕ ਬਣਨ ਦਾ ਯਤਨ ਕਰੇਗਾ। ਕਈ ਮਾਮਲਿਆਂ ਦਾ ਵੇਰਵਾ ਉਹ ਇਸ ਤਰ੍ਹਾਂ ਪੇਸ਼ ਕਰੀ ਜਾਂਦੇ ਸਨ, ਜਿਵੇਂ ਉਹ ਪੰਜਾਬ ਵਿਚ ਰਹਿੰਦੇ ਹੋਣ ਤੇ ਪੰਜਾਬ ਦੇ ਹਾਲਾਤ ਦੀ ਜਾਣਕਾਰੀ ਹਾਸਲ ਕਰਨ ਲਈ ਮੈਂ ਉਨ੍ਹਾਂ ਮੂਹਰੇ ਝੋਲੀ ਫੈਲਾਈ ਬੈਠਾ ਹੋਵਾਂ। ਕਿਉਂਕਿ ਉਨ੍ਹਾਂ ਕੋਲ ਜਾਣਕਾਰੀ ਦੀ ਘਾਟ ਨਹੀਂ, ਇਸ ਲਈ ਪੰਜਾਬ ਅਤੇ ਭਾਰਤ ਬਾਰੇ ਚਿੰਤਾ ਕਰਨ ਪੱਖੋਂ ਵੀ ਉਹ ਸਾਡੇ ਤੋਂ ਕਿਸੇ ਤਰ੍ਹਾਂ ਪਿੱਛੇ ਨਹੀਂ।

ਮੇਰੀ ਇੱਕ ਹਕੀਕੀ ਮੁਸ਼ਕਲ ਸੀ, ਤੇ ਉਹ ਇਹ ਕਿ ਜਿਹੜੇ ਲੋਕ ਇਨ੍ਹਾਂ ਸਮੱਸਿਆਵਾਂ ਦਾ ਜ਼ਿਕਰ ਕਰਨ ਤੋਂ ਬਾਅਦ ਇਨ੍ਹਾਂ ਦੇ ਹੱਲ ਲਈ ਮੇਰੇ ਵੱਲ ਝਾਕਦੇ ਸਨ, ਉਨ੍ਹਾਂ ਦੀ ਵੱਡੀ ਗਿਣਤੀ ਮੇਰੇ ਤੋਂ ਉਮਰ ਵਿਚ ਵੀ ਵੱਡੀ ਸੀ ਤੇ ਅਕਲ ਅਤੇ ਤਜਰਬੇ ਦੇ ਪੱਖੋਂ ਵੀ ਪਿੱਛੇ ਨਹੀਂ ਸੀ। ਆਰ ਐਸ ਐਸ ਅਤੇ ਅਕਾਲੀ ਦਲ ਜਾਂ ਕਾਂਗਰਸ ਦੇ ਕਿਰਦਾਰ ਬਾਰੇ ਉਨ੍ਹਾਂ ਨੂੰ ਮੈਂ ਨਹੀਂ ਸੀ ਦੱਸਣਾ, ਉਹ ਪਹਿਲਾਂ ਹੀ ਜਾਣਦੇ ਸਨ। ਜਿਨ੍ਹਾਂ ਨੂੰ ਬਹੁਤਾ ਪਤਾ ਨਹੀਂ, ਉਹ ਵੀ ਨਰਿੰਦਰ ਮੋਦੀ ਵਿਚੋਂ ਪ੍ਰਧਾਨ ਮੰਤਰੀ ਵਾਲੇ ਅਕਸ ਦੀ ਘਾਟ ਵੇਖਦੇ ਸਨ ਤੇ ਇਸ ਹਾਲਤ ਵਿਚੋਂ ਭਾਰਤ ਦੇ ਭਵਿੱਖ ਬਾਰੇ ਕਈ ਕਿੰਤੂ ਕੱਢ ਲੈਂਦੇ ਸਨ। ਇੰਜ ਲੱਗਦਾ ਸੀ ਕਿ ਉਹ ਲੋਕ ਉਥੋਂ ਬਾਰੇ ਘੱਟ ਤੇ ਭਾਰਤ ਬਾਰੇ ਵੱਧ ਸੋਚਦੇ ਹਨ।

ਜਿੰਨੇ ਲੋਕਾਂ ਨੂੰ ਮੈਂ ਮਿਲਿਆ, ਉਨ੍ਹਾਂ ਵਿਚੋਂ ਕਈ ਉਹ ਵੀ ਸਨ, ਜਿਹੜੇ ਪਿਛਲੇ ਸਾਲ ਤੱਕ ਇਹ ਗੱਲ ਕਹਿਣ ਵਿਚ ਕੋਈ ਸੰਕੋਚ ਨਹੀਂ ਸਨ ਕਰਦੇ ਕਿ ਨਰਿੰਦਰ ਮੋਦੀ ਮਾੜਾ ਵੀ ਹੋਵੇ ਤਾਂ ਜਿਹੜੀ ਸੜ੍ਹਿਆਂਦ ਕਾਂਗਰਸ ਦੀ ਪਿਛਲੇ ਦਸ ਸਾਲਾਂ ਦੀ ਹਕੂਮਤ ਦੌਰਾਨ ਖਿੱਲਰ ਗਈ ਹੈ, ਇਸ ਤੋਂ ਵੱਧ ਨਹੀਂ ਖਿਲਾਰ ਦੇਵੇਗਾ। ਹੁਣ ਉਹ ਇਸ ਦੀ ਥਾਂ ਇਹ ਕਹਿੰਦੇ ਸਨ ਕਿ ਨਰਿੰਦਰ ਮੋਦੀ ਦੀ ਹਰ ਹਰਕਤ ਇੱਕ ਛੋਟੇ ਭਾਂਡੇ ਵਿਚੋਂ ਉਠੇ ਵੱਡੇ ਉਬਾਲੇ ਵਾਂਗ ਹੈ ਤੇ ਜਿੰਨੀ ਤੇਜ਼ੀ ਨਾਲ ਉਠੀ ਹੈ, ਓਨੀ ਤੇਜ਼ੀ ਨਾਲ ਬਹਿ ਵੀ ਸਕਦੀ ਹੈ। ਪਿਛਲੇ ਸਾਲ ਤੱਕ ਵਿਦੇਸ਼ ਬੈਠੇ ਉਹ ਵੀਰ ਅਤੇ ਭੈਣਾਂ ਇਹ ਸਮਝਦੇ ਸਨ ਕਿ ਚੰਗਾ ਹੋਵੇ ਜਾਂ ਮਾੜਾ, ਨਰਿੰਦਰ ਮੋਦੀ ਦੀ ਚੜ੍ਹਤ ਜਿੱਦਾਂ ਸ਼ੁਰੂ ਹੋ ਗਈ ਹੈ, ਉਸ ਦਾ ਰਾਹ ਹੁਣ ਕਿਸੇ ਕੋਲੋਂ ਰੋਕਿਆ ਨਹੀਂ ਜਾ ਸਕਣਾ। ਹੁਣ ਉਹ ਇਸ ਤਰ੍ਹਾਂ ਨਹੀਂ ਸੋਚਦੇ। ਦਿੱਲੀ ਦੇ ਲੋਕਾਂ ਨੇ ਜਿਸ ਤਰ੍ਹਾਂ ਮੋਦੀ ਅਤੇ ਉਸ ਦੀ ਚੜ੍ਹਤ ਨੂੰ ਠੱਲ੍ਹਿਆ ਹੈ, ਵਿਦੇਸ਼ ਬੈਠੇ ਲੋਕਾਂ ਨੂੰ ਹੁਣ ਉਸ ਪਿੱਛੋਂ ਬਿਹਾਰ ਵਿਚ ਭਾਜਪਾ ਦੇ ਪੈਰ ਟਿਕਣ ਦੀ ਗੁੰਜਾਇਸ਼ ਵੀ ਨਹੀਂ ਦਿੱਸਦੀ। ਹੁਣ ਤੇਜ਼ੀ ਫੜ ਚੁੱਕੇ ਸੋਸ਼ਲ ਮੀਡੀਆ ਦੇ ਪ੍ਰਭਾਵ ਹੇਠਲੇ ਵਿਦੇਸ਼ ਵੱਸਦੇ ਸਾਡੇ ਪੰਜਾਬੀ ਪਿਛਲੇ ਸਾਲ ਦੇ ਪ੍ਰਭਾਵ ਤੋਂ ਇਸ ਵੇਲੇ ਬਿਲਕੁਲ ਉਲਟ ਪ੍ਰਭਾਵ ਨਾਲ ਭਰੇ ਪਏ ਹਨ।

ਇੱਕ ਗੱਲ ਉਨ੍ਹਾਂ ਸਭ ਦਾ ਮਨ ਖੱਟਾ ਕਰਨ ਵਾਲੀ ਹੈ ਤੇ ਉਹ ਹੈ ਆਮ ਆਦਮੀ ਪਾਰਟੀ ਦੇ ਆਗੂਆਂ ਦਾ ਆਪਸ ਵਿਚ ਟਕਰਾਓ। ਉਹ ਕਹਿੰਦੇ ਹਨ ਕਿ ਅਸੀਂ ਸੋਚਿਆ ਸੀ ਕਿ ਜਿਹੜਾ ਕੰਮ ਕਮਿਊਨਿਸਟ ਨਹੀਂ ਸਨ ਕਰ ਸਕੇ, ਅਤੇ ਆਪਸੀ ਭੇੜ ਵਿਚ ਰੁੱਝ ਜਾਣ ਪਿੱਛੋਂ ਅਸਲ ਮੁੱਦੇ ਭੁੱਲ ਬੈਠੇ ਸਨ, ਉਹ ਕੰਮ ਆਮ ਆਦਮੀ ਪਾਰਟੀ ਜੇ ਕਰਨ ਤੁਰ ਪਵੇ ਤਾਂ ਕੁਝ ਨਾ ਕੁਝ ਸੁਧਾਰ ਹੋਵੇਗਾ। ਕਮਿਊਨਿਸਟ ਲਹਿਰ ਨਾਲ ਜੁੜੇ ਰਹੇ ਇੱਕ ਸੱਜਣ ਨੇ ਇਹ ਵੀ ਕਹਿ ਦਿੱਤਾ ਕਿ ਫੀਡਲ ਕਾਸਟਰੋ ਵੀ ਪਹਿਲਾਂ ਕਮਿਊਨਿਸਟ ਨਹੀਂ, ਸਿਰਫ ਇਮਾਨਦਾਰ ਸਮਾਜ ਸੇਵੀ ਸੀ ਅਤੇ ਕੋਈ ਵੀ ਸਮਾਜ ਸੇਵੀ ਜੇ ਬੇਈਮਾਨ ਨਾ ਹੋਵੇ ਤਾਂ ਅੰਤ ਨੂੰ ਕਮਿਊਨਿਸਟ ਬਣ ਜਾਂਦਾ ਹੈ। ਇਸ ਦਲੀਲ ਨਾਲ ਉਹ ਅਰਵਿੰਦ ਕੇਜਰੀਵਾਲ ਵਿਚੋਂ ਭਵਿੱਖ ਦਾ ਕਾਮਰੇਡ ਕਾਸਟਰੋ ਵੇਖਣ ਤੱਕ ਚਲੇ ਜਾਂਦੇ ਸਨ, ਜਿਸ ਨਾਲ ਸਹਿਮਤ ਹੋਣਾ ਸਾਡੇ ਲਈ ਔਖਾ ਹੈ, ਪਰ ਉਨ੍ਹਾਂ ਦੀ ਦਲੀਲ ਵਿਚ ਵਜ਼ਨ ਹੈ। ਮਾੜੀ ਗੱਲ ਇਹ ਹੋਈ ਕਿ ਨਵੀਂ ਉਠ ਰਹੀ ਜਿਸ 'ਆਪ' ਪਾਰਟੀ ਤੋਂ ਸੋਸ਼ਲ ਮੀਡੀਏ ਨਾਲ ਜੁੜੇ ਪ੍ਰਵਾਸੀ ਪੰਜਾਬੀਆਂ ਤੇ ਪ੍ਰਵਾਸੀ ਭਾਰਤੀਆਂ ਨੂੰ ਬਹੁਤ ਸਾਰੀਆਂ ਆਸਾਂ ਸਨ, ਉਹ ਹੁਣ ਏਡੇ ਵੱਡੇ ਪਾਟਕ ਦਾ ਸ਼ਿਕਾਰ ਹੋਈ ਹੈ ਕਿ ਉਹ ਲੋਕ ਸਦਮਾ ਮਹਿਸੂਸ ਕਰਦੇ ਹਨ। ਇਸ ਸਦਮੇ ਨੂੰ ਭਗਵੰਤ ਮਾਨ ਦੇ ਆਪਣੀ ਪਤਨੀ ਨਾਲ ਤਲਾਕ ਦੀਆਂ ਖਬਰਾਂ ਨੇ ਵਧਾ ਦਿੱਤਾ ਹੈ। ਮੋਦੀ ਨੂੰ ਉਸ ਦੀ ਪਤਨੀ ਨਾਲ ਸਬੰਧਾਂ ਬਾਰੇ ਵਲਾਵੇਂ ਪਾ ਕੇ ਚੋਭ ਲਾਉਣ ਵਾਲਿਆਂ ਨੂੰ ਆਪ ਵੀ ਸੰਭਲ ਕੇ ਚੱਲਣ ਦੀ ਲੋੜ ਸੀ।

ਰਹੀ ਗੱਲ ਪ੍ਰਵਾਸੀ ਪੰਜਾਬੀਆਂ ਵੱਲੋਂ ਭਾਰਤ ਤੇ ਪੰਜਾਬ ਦੇ ਭਵਿੱਖ ਬਾਰੇ ਪੁੱਛੇ ਜਾ ਰਹੇ ਸਵਾਲਾਂ ਦੀ, ਜਿਨ੍ਹਾਂ ਦਾ ਜਵਾਬ ਉਹ ਮੇਰੇ ਵਰਗੇ ਛੋਟੇ ਜਿਹੇ ਬੰਦੇ ਕੋਲੋਂ ਭਾਲਦੇ ਸਨ। ਮੈਂ ਉਨ੍ਹਾਂ ਨੂੰ ਕੋਈ ਆਸ ਦੀ ਕਿਰਨ ਵਿਖਾ ਸਕਣ ਵਿਚ ਸਫਲ ਨਹੀਂ ਸਾਂ ਹੋ ਸਕਦਾ। ਜਦੋਂ ਰਾਜ ਤੇ ਦੇਸ਼ ਦੇ ਹਾਕਮ ਕੁਝ ਚੰਗਾ ਕਰਨ ਦੀ ਥਾਂ ਹਰ ਨਵੇਂ ਦਿਹਾੜੇ ਕੋਈ ਬੇਹੂਦਾ ਵਿਵਾਦ ਛੇੜਦੇ ਰਹਿਣ ਦੀ ਆਦਤ ਪਾ ਚੁੱਕੇ ਹੋਣ, ਉਦੋਂ ਆਸ ਕਿਵੇਂ ਬੰਨ੍ਹਾਈ ਜਾ ਸਕਦੀ ਹੈ?

ਮੇਰੇ ਵਤਨ ਵਾਪਸੀ ਤੋਂ ਇੱਕ ਦਿਨ ਪਹਿਲਾਂ ਦੋ ਖਬਰਾਂ ਆਈਆਂ ਸਨ, ਜਿਨ੍ਹਾਂ ਵਿਚੋਂ ਇੱਕ ਇਹ ਸੀ ਕਿ ਗੋਆ ਦੇ ਮੁੱਖ ਮੰਤਰੀ ਦੇ ਖਿਲਾਫ ਔਰਤਾਂ ਵਿਚ ਬਹੁਤ ਗੁੱਸਾ ਹੈ। ਗੁੱਸੇ ਦਾ ਕਾਰਨ ਇਹ ਹੈ ਕਿ ਉਸ ਨੇ ਮੁਜ਼ਾਹਰੇ ਕਰਦੀਆਂ ਨਰਸਿੰਗ ਕਿੱਤੇ ਨਾਲ ਜੁੜੀਆਂ ਔਰਤਾਂ ਨਾਲ ਇਹ ਮਜ਼ਾਕ ਕੀਤਾ ਕਿ ਧੁੱਪੇ ਖੜੇ ਹੋ ਕੇ ਮੁਜ਼ਾਹਰਾ ਨਾ ਕਰੋ, ਏਦਾਂ ਰੰਗ ਕਾਲਾ ਹੋ ਗਿਆ ਤਾਂ ਕੋਈ ਢੰਗ ਦਾ ਵਰ ਨਹੀਂ ਮਿਲੇਗਾ। ਜਦੋਂ ਮਾਮਲਾ ਤੂਲ ਫੜ ਗਿਆ, ਉਦੋਂ ਮੁੱਖ ਮੰਤਰੀ ਨਵੇਂ ਰੰਗ ਵਿਚ ਬੋਲ ਪਿਆ ਕਿ ਮੈਂ ਜਿਸ ਕੁੜੀ ਨੂੰ ਇਹ ਕਿਹਾ ਸੀ, ਉਸ ਨੂੰ ਜਾਣਦਾ ਸਾਂ ਤੇ ਮੁਜ਼ਾਹਰੇ ਕਰਦੀ ਦਾ ਉਸ ਦਾ ਰੰਗ ਏਨਾ ਖਰਾਬ ਹੋ ਗਿਆ ਸੀ ਕਿ ਪਛਾਣੀ ਨਹੀਂ ਸੀ ਗਈ। ਸੱਚਮੁੱਚ ਇਹ ਕਾਰਨ ਵੀ ਹੋਵੇ ਤਾਂ ਵੀ ਟਿੱਪਣੀ ਮਾੜੀ ਸੀ।

ਇੱਕ ਵਾਰੀ ਪੰਜਾਬ ਦੀ ਵਿਧਾਨ ਸਭਾ ਵਿਚ ਜਦੋਂ ਇੱਕ ਮੰਤਰੀ ਨੇ ਗੰਦੀ ਗਾਲ੍ਹ ਕੱਢ ਦਿੱਤੀ ਤੇ ਇਸ ਗਾਲ੍ਹ ਦੇ ਬਾਰੇ ਡਿਪਟੀ ਮੁੱਖ ਮੰਤਰੀ ਨੂੰ ਪੁੱਛਿਆ ਗਿਆ, ਉਸ ਦਾ ਉਹ ਜਵਾਬ ਇਸ ਨਾਲ ਜੋੜਿਆ ਜਾ ਸਕਦਾ ਹੈ। ਪੰਜਾਬ ਦੇ ਡਿਪਟੀ ਮੁੱਖ ਮੰਤਰੀ ਨੇ ਅੱਗੋਂ ਇਹ ਪੁੱਛ ਲਿਆ ਸੀ ਕਿ ਗਾਲ੍ਹ ਕਿਸ ਨੇ ਸੁਣੀ ਹੈ? ਜਦੋਂ ਇੱਕ ਪੱਤਰਕਾਰ ਬੀਬੀ ਨੇ ਕਿਹਾ ਕਿ ਗਾਲ੍ਹ ਉਸ ਨੇ ਵੀ ਸੁਣੀ ਹੈ ਤਾਂ ਡਿਪਟੀ ਮੁੱਖ ਮੰਤਰੀ ਨੇ ਕਹਿ ਦਿੱਤਾ ਸੀ ਕਿ 'ਦੱਸੋ ਤੁਸੀਂ ਕੀ ਸੁਣਿਆ ਸੀ?' ਉਹ ਬੀਬੀ ਗਾਲ੍ਹ ਕੱਢ ਕੇ ਨਹੀਂ ਸੀ ਦੱਸ ਸਕਦੀ, ਤੇ ਦੱਸਣ ਦੀ ਕੋਈ ਲੋੜ ਵੀ ਨਹੀਂ ਸੀ, ਕਿਉਂਕਿ ਸਾਰੇ ਪੰਜਾਬ ਦੇ ਲੋਕ ਉਹ ਗਾਲ੍ਹ ਸੁਣ ਚੁੱਕੇ ਸਨ। ਏਦਾਂ ਦੀਆਂ ਗੱਲਾਂ ਸਾਡੇ ਦੇਸ਼ ਵਿਚ ਆਮ ਹੀ ਹੋ ਜਾਂਦੀਆਂ ਹਨ।

ਸਿਰਫ ਏਦਾਂ ਦੀਆਂ ਗੱਲਾਂ ਹੀ ਨਹੀਂ, ਇਸ ਤੋਂ ਅੱਗੇ ਦੀਆਂ ਵੀ ਹੋ ਜਾਂਦੀਆਂ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਇੱਕ ਮੰਤਰੀ ਗਿਰੀਰਾਜ ਸਿੰਘ ਨੂੰ ਆਪਣੇ ਰਾਜ ਦਾ ਨਾਂ ਲੈਣਾ ਹਾਲੇ ਤੱਕ ਨਹੀਂ ਆਉਂਦਾ ਤੇ ਬਿਹਾਰ ਕਹਿਣ ਦੀ ਥਾਂ 'ਬਿਹਾੜ' ਕਹਿੰਦਾ ਹੈ, ਪਰ ਸੋਨੀਆ ਗਾਂਧੀ ਦੇ ਗੋਰੇ ਰੰਗ ਤੇ ਉਸ ਨੂੰ ਕਾਂਗਰਸ ਪਾਰਟੀ ਦੀ ਪ੍ਰਧਾਨ ਬਣਾਉਣ ਨਾਲ ਜੋੜ ਕੇ ਇਹੋ ਜਿਹੀ ਟਿੱਪਣੀ ਕਰ ਗਿਆ ਹੈ ਕਿ ਨਾਈਜੀਰੀਆ ਦੇ ਰਾਜਦੂਤ ਨੂੰ ਵੀ ਪ੍ਰਤੀਕਰਮ ਦੇਣਾ ਪਿਆ ਹੈ। ਇਹ ਟਿੱਪਣੀ ਸਿਰੇ ਦੀ ਨਸਲਵਾਦੀ ਟਿੱਪਣੀ ਹੈ। ਸੋਨੀਆ ਗਾਂਧੀ ਦੇ ਰੰਗ ਜਾਂ ਨਸਲ ਬਾਰੇ ਟਿੱਪਣੀ ਭਾਰਤ ਦੇ ਸੰਵਿਧਾਨ ਦਾ ਉਲੰਘਣ ਹੈ, ਜਿਸ ਵਿਚ ਦਰਜ ਹੈ ਕਿ ਕਿਸੇ ਦੇ ਜਾਤ, ਰੰਗ, ਧਰਮ ਜਾਂ ਨਸਲ ਨੂੰ ਲੈ ਕੇ ਭੇਦ-ਭਾਵ ਨਹੀਂ ਕੀਤਾ ਜਾ ਸਕਦਾ ਤੇ ਅਜਿਹਾ ਕਰਨਾ ਕਾਨੂੰਨੀ ਜੁਰਮ ਹੈ।

ਗਿਰੀਰਾਜ ਨੇ ਜਿਹੜੀ ਟਿੱਪਣੀ ਕੀਤੀ ਹੈ, ਇਸ ਤੋਂ ਪਹਿਲਾਂ ਏਦਾਂ ਦੀ ਟਿਪਣੀ ਅਕਾਲੀ ਆਗੂ ਵੀ ਕਰ ਦਿੰਦੇ ਰਹੇ ਹਨ। ਸੋਨੀਆ ਗਾਂਧੀ ਦੇ ਪੰਜਾਬ ਦੌਰੇ ਮੌਕੇ ਉਹ ਭੀੜ ਵੇਖ ਕੇ ਇਹ ਟਿਪਣੀ ਕਈ ਵਾਰ ਕਰ ਦਿੰਦੇ ਰਹੇ ਸਨ ਕਿ 'ਲੋਕ ਮੇਮਾਂ ਵੇਖਣ ਜਾਂਦੇ ਹਨ।' ਵਿਦੇਸ਼ ਵਿਚ ਇੱਕ ਵਾਰ ਇੱਕ ਗੋਰਾ ਬੱਚਾ ਜਦੋਂ ਮੈਨੂੰ ਲੰਡਨ ਦੇ ਇੱਕ ਇਲਾਕੇ ਵਿਚ 'ਬਲੱਡੀ ਪੈਕੀ' ਦੇ ਨਸਲਵਾਦੀ ਸ਼ਬਦ ਕਹਿ ਕੇ ਦੌੜ ਗਿਆ ਸੀ, ਉਦੋਂ ਮੈਨੂੰ ਵੀ ਚੁਭਿਆ ਸੀ, ਤੇ ਸਾਡੇ ਕਈ ਹੋਰ ਲੋਕਾਂ ਨੂੰ ਵੀ ਏਦਾਂ ਦੇ ਸ਼ਬਦ ਚੁਭਦੇ ਹਨ, ਪਰ ਸੋਨੀਆ ਗਾਂਧੀ ਬਾਰੇ ਉਦੋਂ ਕਹੇ ਗਏ 'ਮੇਮ' ਵਾਲੇ ਸ਼ਬਦ ਜਾਂ ਹੁਣ ਵਾਲੀ ਗਿਰੀਰਾਜ ਦੀ ਟਿੱਪਣੀ ਉਨ੍ਹਾਂ ਸਾਰਿਆਂ ਨੂੰ ਨਹੀਂ ਚੁਭੀ। ਰਾਜਨੀਤੀ ਦੇ ਰੰਗ ਵੀ ਨਿਆਰੇ ਹਨ, ਕਈ ਵਾਰੀ ਅੱਖੀਂ ਵੇਖ ਅਤੇ ਕੰਨੀਂ ਸੁਣ ਕੇ ਵੀ ਮੁੱਕਰਨ ਨੂੰ ਕਈ ਲੋਕ ਤਿਆਰ ਹੋ ਜਾਂਦੇ ਹਨ।

ਜਦੋਂ ਗੱਲ ਭਾਰਤ ਦੇ ਭਵਿੱਖ ਦੀ ਹੁੰਦੀ ਹੈ ਤਾਂ ਭਾਰਤ ਦਾ 'ਅੱਜ' ਸਾਹਮਣੇ ਰੱਖਣਾ ਪੈਂਦਾ ਹੈ ਅਤੇ ਭਾਰਤ ਦਾ 'ਅੱਜ' ਇਹ ਹੈ ਕਿ ਇੱਕ ਕੇਂਦਰੀ ਮੰਤਰੀ ਬੀਬੀ ਨੇ ਇੱਕ ਸ਼ੋਅ ਰੂਮ ਵਿਚ ਚੇਂਜਿੰਗ ਰੂਮ ਵਿਚ ਕੈਮਰਾ ਲਾਇਆ ਫੜ ਲਿਆ ਹੈ। ਇਹ ਭੇਦ ਖੁੱਲ੍ਹਣ ਵਿਚ ਦੇਰ ਨਹੀਂ ਲੱਗੀ ਕਿ ਰਿਕਾਰਡਿੰਗ ਉਥੋਂ ਦੇ ਮੈਨੇਜਰ ਦੇ ਕਮਰੇ ਵਿਚ ਹੁੰਦੀ ਸੀ। ਜੇ ਇਹ ਕੈਮਰਾ ਕਿਸੇ ਹੋਰ ਰਾਜ ਵਿਚ ਲੱਗਾ ਹੁੰਦਾ ਤਾਂ ਰਾਜਸੀ ਰੰਗ ਲੈ ਸਕਦਾ ਸੀ, ਪਰ ਇਹ ਉਸ ਗੋਆ ਵਿਚ ਲੱਗਾ ਫੜਿਆ ਗਿਆ, ਜਿੱਥੇ ਸਰਕਾਰ ਭਾਜਪਾ ਦੀ ਕਮਾਨ ਹੇਠ ਹੈ। ਭਾਜਪਾ ਸੱਭਿਆਚਾਰ ਦੀ ਠੇਕੇਦਾਰੀ ਦਾ ਝੰਡਾ ਵੀ ਚੁੱਕੀ ਰੱਖਦੀ ਹੈ। ਉਂਜ ਭਾਜਪਾ ਦੀ ਸੱਭਿਆਚਾਰ ਦੀ ਠੇਕੇਦਾਰੀ ਹੋਰ ਗੱਲ ਹੈ, ਅਮਲ ਹੋਰ। ਇੱਕ ਵਾਰੀ ਇੱਕ ਰਾਜ ਵਿਚ ਵਿਧਾਨ ਸਭਾ ਦਾ ਸੈਸ਼ਨ ਚੱਲਦੇ ਦੌਰਾਨ ਜਿਹੜੇ ਤਿੰਨ ਵਿਧਾਇਕ ਮੋਬਾਈਲ ਫੋਨ ਉਤੇ ਪੋਰਨ ਫਿਲਮ ਲਾ ਕੇ ਵੇਖਦੇ ਫੜੇ ਗਏ ਸਨ, ਉਹ ਤਿੰਨੇ ਮੈਂਬਰ ਭਾਜਪਾ ਦੇ ਸਨ। ਇਸ ਕੰਮ ਲਈ ਉਨ੍ਹਾਂ ਨੇ ਜਿਹੜੇ ਮੋਬਾਈਲ ਸੈਟ ਵਰਤੇ, ਉਹ ਵੀ ਸਰਕਾਰ ਨੇ ਉਨ੍ਹਾਂ ਨੂੰ ਇਸ ਲਈ ਲੈ ਕੇ ਦਿੱਤੇ ਸਨ ਕਿ ਲੋਕਾਂ ਦੀ ਸੇਵਾ ਲਈ ਵਰਤੇ ਜਾਣਗੇ, ਪਰ ਉਨ੍ਹਾਂ ਨੇ ਇਸ ਨੂੰ ਆਪਣੀ ਬਿਮਾਰ ਮਾਨਸਿਕਤਾ ਲਈ ਵਰਤਣ ਦਾ ਕੰਮ ਵਿਧਾਨ ਸਭਾ ਵਿਚ ਵੀ ਸ਼ੁਰੂ ਕਰ ਦਿੱਤਾ ਸੀ।

ਜਦੋਂ ਭਾਜਪਾ ਦੇ ਇਨ੍ਹਾਂ ਆਗੂਆਂ ਦੀ ਗੱਲ ਅਸੀਂ ਕਰਦੇ ਹਾਂ ਤਾਂ ਇਸ ਦਾ ਇਹ ਅਰਥ ਬਿਲਕੁਲ ਨਹੀਂ ਕਿ ਬਾਕੀ ਪਾਰਟੀਆਂ, ਜਿਨ੍ਹਾਂ ਕੋਲ ਦੇਸ਼ ਅਤੇ ਕਿਸੇ ਨਾ ਕਿਸੇ ਰਾਜ ਦੀ ਕਮਾਨ ਆ ਚੁੱਕੀ ਹੈ ਜਾਂ ਕਮਾਨ ਸਾਂਭਣ ਲਈ ਲੜ ਰਹੀਆਂ ਹਨ, ਉਹ ਕੋਈ ਪਾਕਿ-ਸਾਫ ਹਨ। ਭਾਜਪਾ ਦੀ ਗੱਲ ਇਸ ਲਈ ਵੱਧ ਜ਼ੋਰ ਨਾਲ ਕਰਨੀ ਪੈਂਦੀ ਹੈ ਕਿ ਰਾਜ ਇਸ ਵੇਲੇ ਇਸ ਦੇ ਕੋਲ ਹੈ। ਕਿਸੇ ਹੋਰ ਪਾਰਟੀ ਦੀ ਗੱਲ ਕਰਨਾ ਸੱਪ ਦੇ ਲੰਘ ਜਾਣ ਮਗਰੋਂ ਲਕੀਰ ਉਤੇ ਸੋਟੇ ਮਾਰਨ ਵਾਂਗ ਹੋਵੇਗਾ।

ਸਵਾਲ ਫਿਰ ਉਥੇ ਦਾ ਉਥੇ ਹੈ ਕਿ ਜਦੋਂ ਵਿਦੇਸ਼ ਵੱਸਦੇ ਪ੍ਰਵਾਸੀ ਪੰਜਾਬੀ ਅਤੇ ਪ੍ਰਵਾਸੀ ਭਾਰਤੀ ਸਾਨੂੰ ਆਪਣੇ ਦੇਸ਼ ਦੇ ਭਵਿੱਖ ਬਾਰੇ ਸਵਾਲ ਕਰਦੇ ਹਨ ਤਾਂ ਭਰੋਸਾ ਕਿਵੇਂ ਬੰਨ੍ਹਾਈਏ? ਉਨ੍ਹਾਂ ਦੀ ਤਸੱਲੀ ਕਰਵਾਉਣ ਲਈ ਅਸੀਂ ਮੰਗਲ ਤਾਰੇ ਵੱਲ ਭੇਜੇ ਉਪ ਗ੍ਰਹਿ ਦੀ ਕਹਾਣੀ ਪਾ ਕੇ ਨਹੀਂ ਸਾਰ ਸਕਦੇ। ਫਿਰ ਉਨ੍ਹਾਂ ਨੂੰ ਕਹੀਏ ਕੀ? ਇਸ 'ਕੀ' ਦਾ ਜਵਾਬ ਉਨ੍ਹਾਂ ਸਾਰਿਆਂ ਨੂੰ ਲੱਭਣਾ ਪੈਣਾ ਹੈ, ਜਿਹੜੇ ਇਸ ਦੇਸ਼ ਨੂੰ ਆਪਣਾ ਦੇਸ਼ ਮੰਨਣਾ ਚਾਹੁੰਦੇ ਹਨ।

# ਦੇਖ ਕਬੀਰਾ ਰੋਇਆ

"ਸਾਰੇ ਪ੍ਰਾਣੀਆਂ ਦੀਆਂ ਜੋਤਾਂ ਬੁਝ ਗਈਆਂ ਹਨ, ਇਹ ਤੁਹਾਡੀ ਹੀ ਜਗਦੀ ਹੈ, ਕਿਉਂ?"

"ਭਗਤਾ, ਜਦੋਂ ਇਹ ਕਬਰਾਂ ਵਿਚ ਆਏ ਸਨ, ਸਭ ਨੂੰ ਮੌਤ ਯਾਦ ਸੀ, ਗਿਆਨ ਦੀ ਜੋਤ ਜਲ ਉਠੀ ਸੀ। ਇਕ ਦਿਨ ਅਸਾਂ ਵੀ ਤੁਰ ਜਾਣਾ ਹੈ, ਮੌਤ ਨੇ ਆਉਣਾ ਹੀ ਹੈ। ਫਿਰ ਇਹ ਲੋਭ-ਲਾਲਚ, ਇਹ ਹਉਮੈ ਕਿਉਂ? ਕੀ ਕੀਤਾ, ਕਿਉਂ ਕੀਤਾ, ਕਾਹਦੇ ਲਈ ਕੀਤਾ, ਸੋਝੀ ਆ ਗਈ। ਸੱਚ ਸਾਹਮਣੇ ਖੜ੍ਹਾ। ਜੋਤ ਜਗ ਗਈ ਸੀ।" ਭਗਤ ਕਬੀਰ ਬੋਲੇ।

"ਕਬੀਰ ਜੀ, ਹੁਣ ਇਨ੍ਹਾਂ ਦੀ ਜੋਤ ਕਿਉਂ ਬੁਝ ਗਈ ਹੈ?" ਉਹ ਫਰਿਆਦੀ ਹੋਇਆ।

"ਭਗਤਾ, ਹੁਣ ਇਹ ਫਿਰ ਆਪਣੀ ਦੁਨੀਆਂ ਵਿਚ ਵਾਪਸ ਆ ਗਏ ਹਨ। ਕਿਸੇ ਨੂੰ ਪੁੱਤ-ਧੀ ਯਾਦ ਆ ਗਏ ਹਨ, ਕਿਸੇ ਨੂੰ ਹੱਟੀ। ਕਿਸੇ ਨੂੰ ਵਿਉਪਾਰ ਤੇ ਕਿਸੇ ਨੂੰ ਰਿਸ਼ਤੇਦਾਰੀਆਂ। ਕੋਈ ਲੱਤਾਂ ਖਿੱਚਣ ਬਾਰੇ ਸੋਚ ਰਿਹਾ ਹੈ, ਕੋਈ ਲੱਤਾਂ ਮਾਰਨ ਬਾਰੇ। ਮੌਤ ਵਿਸਰ ਗਈ ਹੈ। ਸੱਚ ਤੋਂ ਇਨਕਾਰੀ ਹੋ ਗਏ ਹਨ, ਅੰਧੇਰਾ ਹੋਣਾ ਹੀ ਹੈ ਭਗਤਾ।" ਕਬੀਰ ਜੀ ਬੋਲੇ।

ਕਬੀਰ ਜੀ ਦਾ ਪ੍ਰਛਾਵਾਂ ਬਣ ਉਹ ਪਿੰਡ ਨੂੰ ਤੁਰ ਗਿਆ।

ਕਬੀਰਾ ਤੁਹੀ ਕਬੀਰ ਤੂ
ਤੇਰੋ ਨਾਉ ਕਬੀਰੁ॥
ਰਾਮ ਰਤਨੁ ਤਬ ਪਾਈਐ
ਜਉ ਪਹਿਲੇ ਤਜਹਿ ਸਰੀਰੁ॥

---

ਇਕ ਦਿਨ ਸੋਵਨੁ ਹੋਇਗੋ
ਲਾਂਬੇ ਗੋਡ ਪਸਾਰਿ॥
ਕਬੀਰ ਸੂਤਾ ਕਿਆ ਕਰਹਿ
ਬੈਠਾ ਰਹੁ ਅਰੁ ਜਾਗੁ॥

---

ਕਬੀਰ ਇਹੁ ਤਨੁ ਜਾਇਗਾ
ਸਕਹੁ ਤ ਲੇਹੁ ਬਹੋਰਿ॥
ਨਾਂਗੇ ਪਾਵਹੁ ਤੇ ਗਏ
ਜਿਨ ਕੇ ਲਾਖ ਕਰੋਰਿ॥

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਸੈਕਰਾਮੈਂਟੋ ਅਤੇ ਯੂਬਾ ਸਿਟੀ
ਕੈਲੀਫੋਰਨੀਆ

ਓਨਰ ਅਪਰੇਟਰ ਅਤੇ
ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ
ਪ੍ਰਤੀ ਮੀਲ ਦਿੱਤੇ ਜਾਣਗੇ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058

1816 Main Ave., Secramento CA, 95838

# ਬਦਲਵੀਂ ਖੇਤੀ ਲਈ ਸਰਕਾਰ ਦੇ ਆਖੇ ਲੱਗ ਬੁਰੇ ਫਸੇ ਕਿਸਾਨ

**ਬਠਿੰਡਾ:** ਸਰਕਾਰ ਦੇ ਆਖੇ ਲੱਗ ਬਦਲਵੀਂ ਖੇਤੀ ਦੇ ਰਾਹ ਪਏ ਪੰਜਾਬ ਦੇ ਕਿਸਾਨ ਲਗਾਤਾਰ ਘਾਟੇ ਵੱਲ ਜਾ ਰਹੇ ਹਨ। ਕੇਂਦਰ ਤੇ ਸੂਬਾ ਸਰਕਾਰ ਕਿਸਾਨਾਂ ਨੂੰ ਕਣਕ ਤੇ ਝੋਨੇ ਦੇ ਫਸਲੀ ਚੱਕਰ ਤੋਂ ਨਿਕਲ ਕੇ ਸਬਜ਼ੀਆਂ ਤੇ ਹੋਰ ਫਸਲਾਂ ਲਈ ਉਤਸ਼ਾਹਤ ਕਰ ਰਹੀ ਹੈ ਪਰ ਇਹ ਬਦਲਵੀਆਂ ਫਸਲਾਂ ਨੇ ਕਿਸਾਨਾਂ ਖੂੰਜੇ ਲਾ ਦਿੱਤਾ ਹੈ। ਕਿਸਾਨ ਲਈ ਜਿਥੇ ਗੰਨੇ ਦੀ ਫਸਲ ਵੇਚਣਾ ਵੱਡੀ ਸਿਰਦਰਦੀ ਬਣਿਆ ਹੋਇਆ ਹੈ ਉਥੇ ਆਲੂਆਂ ਦੇ ਘੱਟ ਭਾਅ ਕਾਰਨ ਘਾਟਾ ਖਾ ਰਹੇ ਕਿਸਾਨ ਖੜੀ ਫਸਲ ਵਾਹੁਣ ਲਈ ਮਜਬੂਰ ਹੋਏ ਪਏ ਹਨ। ਇਹੀ ਹਾਲ ਹੋਰ ਫਸਲਾਂ ਦਾ ਹੈ ਜੋ ਕਿਸਾਨਾਂ ਨੇ ਸਰਕਾਰ ਦੇ ਆਖੇ ਲੱਗ ਬੀਜੀਆਂ ਸਨ ਪਰ ਹੁਣ ਇਨ੍ਹਾਂ ਨੂੰ ਵੇਚਣਾ ਕਿਸਾਨਾਂ ਲਈ ਸਿਰਦਰਦੀ ਬਣਿਆ ਹੋਇਆ ਹੈ।

ਦੱਸਣਯੋਗ ਹੈ ਕਿ ਕੇਂਦਰ ਵੱਲੋਂ ਪੰਜਾਬ ਸਰਕਾਰ ਨੂੰ ਖੇਤੀ ਵੰਨ-ਸੁਵੰਨਤਾ ਲਈ ਮੋਟੇ ਫੰਡ ਦਿੱਤੇ ਜਾਂਦੇ ਹਨ ਪਰ ਕਣਕ ਤੇ ਝੋਨੇ ਤੋਂ ਬਿਨਾਂ ਕਿਸੇ ਵੀ ਫਸਲ ਦਾ ਭਾਅ ਤੈਅ ਨਹੀਂ ਹੈ ਜਿਸ ਕਾਰਨ ਕਿਸਾਨਾਂ ਨੂੰ ਆਪਣੀ ਫਸਲ ਵਪਾਰੀਆਂ ਦੀ ਮਰਜ਼ੀ ਮੁਤਾਬਕ ਵੇਚਣੀ ਪੈਂਦੀ ਹੈ। ਕਿਸਾਨਾਂ ਨੇ ਖਦਸ਼ਾ ਪ੍ਰਗਟ ਕੀਤਾ ਜੇਕਰ ਮੰਦੇ ਦਾ ਦੌਰ ਰਿਹਾ ਤਾਂ ਉਹ ਆਲੂ ਦੀ ਫਸਲ ਵਾਹ ਦੇਣਗੇ। ਮੰਦੇ ਦੀ ਮਾਰ ਤੋਂ ਦੁਖੀ ਕਿਸਾਨਾਂ ਨੇ ਸੜਕਾਂ 'ਤੇ ਆਲੂ ਸੁੱਟ ਕੇ ਰੋਸ਼ ਪ੍ਰਦਰਸ਼ਨ ਸ਼ੁਰੂ ਕਰ ਦਿੱਤਾ ਹੈ। ਕਿਸਾਨਾਂ ਦਾ ਕਹਿਣਾ ਹੈ ਕਿ ਆਲੂ ਦਾ ਭਾਅ 100 ਤੋਂ 140 ਰੁਪਏ ਦੇ ਕਰੀਬ ਹੈ। ਕੋਲਡ ਸਟੋਰ ਮਾਲਕਾਂ ਨੇ ਆਪਣਾ ਕਿਰਾਇਆ 60 ਤੋਂ 90 ਰੁਪਏ ਪ੍ਰਤੀ ਗੱਟਾ ਕਰ ਦਿੱਤਾ ਹੈ। ਉਪਰੋਂ ਲੇਬਰ ਨੇ ਪ੍ਰਤੀ ਗੱਟਾ ਲੇਬਰ 19 ਤੋਂ 25 ਰੁਪਏ ਕਰ ਦਿੱਤੀ ਹੈ। ਦੂਜੇ ਪਾਸੇ ਫਸਲ ਲਈ ਵਪਾਰੀ ਨਹੀਂ ਆ ਰਿਹਾ। ਰਾਮਪੁਰਾ ਇਲਾਕੇ ਦੇ ਪਿੰਡ ਕਰਾੜਵਾਲਾ, ਪਿਥੋ, ਮੰਡੀ ਕਲਾਂ, ਭੂੰਦੜ, ਢਪਾਲੀ ਤੇ ਸੇਲਬਰਾਹ ਵਿਚ ਆਲੂ ਦੀ ਕਾਫੀ ਪੈਦਾਵਾਰ ਹੁੰਦੀ ਹੈ। ਇਸ ਖਿੱਤੇ ਵਿਚ 30 ਲੱਖ ਗੱਟਾ ਆਲੂ ਦੀ ਪੈਦਾਵਾਰ ਹੋਈ ਹੈ ਜਦਕਿ ਖਿੱਤੇ ਦੇ ਕੋਲਡ ਸਟੋਰਾਂ ਦੀ ਸਮਰੱਥਾ 22 ਲੱਖ ਗੱਟੇ ਦੀ ਹੈ।

ਕਿਸਾਨਾਂ ਦਾ ਇਕੋ ਸੁਆਲ ਹੈ ਕਿ ਪੱਛਮੀ ਬੰਗਾਲ ਤੇ ਗੁਜਰਾਤ ਦੀ ਸਰਕਾਰ ਆਪਣੇ ਕਿਸਾਨਾਂ ਦੀ ਬਾਂਹ ਫੜ ਸਕਦੀ ਹੈ ਤਾਂ ਪੰਜਾਬ ਸਰਕਾਰ ਕਿਉਂ ਨਹੀਂ? ਗੁਜਰਾਤ ਦੇ ਖੇਤੀ ਮੰਤਰੀ ਬਾਬੂ ਬੋਖਰੀਆ ਮੁਤਾਬਕ ਗੁਜਰਾਤ ਵਿਚ ਐਤਕੀਂ ਪਿਛਲੇ ਸਾਲ ਦੇ 80 ਹਜ਼ਾਰ ਹੈਕਟੇਅਰ ਦੇ ਮੁਕਾਬਲੇ 98 ਹਜ਼ਾਰ ਹੈਕਟੇਅਰ ਵਿਚ ਆਲੂ ਦੀ ਫ਼ਸਲ ਹੈ। ਸਰਕਾਰ ਨੇ ਦੂਸਰੇ ਰਾਜਾਂ ਵਿਚ ਆਲੂ ਭੇਜਣ ਵਾਸਤੇ 750 ਰੁਪਏ (ਸੜਕੀ ਰਸਤੇ) ਤੇ 1500 ਰੁਪਏ (ਰੇਲ ਰਾਹੀਂ) ਭੇਜਣ ਤੇ ਟਰਾਂਸਪੋਰਟ ਸਬਸਿਡੀ ਦੇਣ ਦਾ ਫੈਸਲਾ ਕੀਤਾ ਹੈ। ਮਿਲੇ ਵੇਰਵਿਆਂ ਅਨੁਸਾਰ ਪੰਜਾਬ ਵਿਚ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕਿਸਾਨਾਂ ਤੋਂ 50 ਹਜ਼ਾਰ ਟਨ ਆਲੂ ਖਰੀਦਣ ਦਾ ਫੈਸਲਾ ਕੀਤਾ ਹੈ ਤੇ 10 ਕਰੋੜ ਰੁਪਏ ਦੀ ਟਰਾਂਸਪੋਰਟ ਸਬਸਿਡੀ ਜਾਰੀ ਕਰ ਦਿੱਤੀ ਹੈ। ਵੇਰਵਿਆਂ ਅਨੁਸਾਰ ਪੰਜਾਬ ਵਿਚ ਐਤਕੀਂ 89 ਹਜ਼ਾਰ ਹੈਕਟੇਅਰ ਰਕਬੇ ਵਿਚ ਆਲੂ ਦੀ ਫਸਲ ਸੀ, ਜੋ ਕਿ ਪਿਛਲੇ ਵਰ੍ਹੇ ਨਾਲੋਂ ਦੋ ਹਜ਼ਾਰ ਹੈਕਟੇਅਰ ਜ਼ਿਆਦਾ ਹੈ। ਮਾਲਵਾ ਖਿੱਤੇ ਦੇ ਕੋਲਡ ਸਟੋਰਾਂ ਅੱਗੇ ਆਲੂ ਉਤਪਾਦਕਾਂ ਦੇ ਟਰੈਕਟਰਾਂ ਦੀ ਲੰਮੀ ਕਤਾਰ ਦੇਖਣ ਨੂੰ ਮਿਲਦੀ ਹੈ।

ਪੰਜਾਬ ਵਿਚ 606 ਕੋਲਡ ਸਟੋਰ ਹਨ, ਜਿਨ੍ਹਾਂ ਦੀ ਸਮਰੱਥਾ 20.04 ਲੱਖ ਮੀਟਰਿਕ ਟਨ ਦੀ ਹੈ। ਕਿਸਾਨਾਂ ਦੀ ਮੰਗ ਹੈ ਕਿ ਸਰਕਾਰ ਦੂਜੇ ਸੂਬਿਆਂ ਦੀ ਤਰਜ਼ 'ਤੇ ਆਲੂ ਉਤਪਾਦਕਾਂ ਵਾਸਤੇ ਸਬਸਿਡੀ ਦਾ ਐਲਾਨ ਕਰੇ। ਫਰੀਦਕੋਟ ਜ਼ਿਲ੍ਹੇ ਵਿਚੋਂ ਆਲੂ ਉਤਪਾਦਕ ਰਾਮਪੁਰਾ ਦੇ ਕੋਲਡ ਸਟੋਰਾਂ ਵਿਚ ਆਲੂ ਰੱਖ ਰਹੇ ਹਨ, ਜਿਸ ਕਰਕੇ ਕਈ ਕੋਲਡ ਸਟੋਰ ਮਾਲਕਾਂ ਨੇ ਪ੍ਰਤੀ ਗੱਟਾ 50 ਰੁਪਏ ਐਡਵਾਂਸ ਕਿਰਾਇਆ ਲੈਣਾ ਸ਼ੁਰੂ ਕਰ ਦਿੱਤਾ ਹੈ। ਸਾਬਕਾ ਉਪ ਕੁਲਪਤੀ ਡਾ. ਐਸ.ਐਸ. ਜੌਹਲ ਨੇ ਆਖਿਆ ਕਿ ਹੁਣ ਸਰਕਾਰ ਹੀ ਕਿਸਾਨਾਂ ਦੀ ਮਦਦ ਕਰ ਸਕਦੀ ਹੈ ਕਿਉਂਕਿ ਕਿਸਾਨਾਂ ਲਈ ਆਲੂ ਭੰਡਾਰਨ ਕਰਨਾ ਵੀ ਕੋਈ ਟਿਕਾਊ ਹੱਲ ਨਹੀਂ ਹੈ। ਪੰਜਾਬੀ 'ਵਰਸਿਟੀ ਦੇ ਅਰਥਸ਼ਾਸਤਰੀ ਡਾ. ਕੇਸਰ ਸਿੰਘ ਨੇ ਆਖਿਆ ਕਿ ਖੇਤੀ ਵਿਭਿੰਨਤਾ ਦਾ ਰੌਲਾ ਤਾਂ ਪੈ ਰਿਹਾ ਹੈ ਪਰ ਸਰਕਾਰ ਨੇ ਪੰਜਾਬ ਫੂਡ ਪ੍ਰੋਸੈਸਿੰਗ ਯੂਨਿਟ ਲਗਾਏ ਨਹੀਂ ਹਨ। ਪੰਜਾਬ ਦੇ ਖੇਤੀਬਾੜੀ ਮੰਤਰੀ ਜਥੇਦਾਰ ਤੋਤਾ ਸਿੰਘ ਨੇ ਆਖਿਆ ਕਿ ਉਹ ਪੰਜਾਬ ਦੇ ਆਲੂ ਉਤਪਾਦਕਾਂ ਨੂੰ ਰਾਹਤ ਦੇਣ ਲਈ ਫਸਲ ਦੀ ਅਸੈਸਮੈਂਟ ਕਰਵਾ ਰਹੇ ਹਨ ਤੇ ਮੁੱਖ ਮੰਤਰੀ ਪੰਜਾਬ ਨੇ ਇਸ ਵਾਸਤੇ ਹਰੀ ਝੰਡੀ ਦੇ ਦਿੱਤੀ ਹੈ। ਉਨ੍ਹਾਂ ਆਖਿਆ ਕਿ ਆਲੂ ਉਤਪਾਦਕ ਐਸੋਸੀਏਸ਼ਨ ਨੇ ਸਹਿਮਤੀ ਦਿੱਤੀ ਤਾਂ ਪੰਜਾਬ ਸਰਕਾਰ ਵੀ ਇਸੇ ਹਫਤੇ ਆਲੂ ਉਤਪਾਦਕਾਂ ਵਾਸਤੇ ਟਰਾਂਸਪੋਰਟ ਸਬਸਿਡੀ ਐਲਾਨ ਦੇਵੇਗੀ।

### ਪੰਜਾਬ ਸਰਕਾਰ ਨੇ ਕਿਸਾਨ ਹੀ ਖੂੰਜੇ ਲਾਏ



### ਕਿਸਾਨਾਂ ਨੂੰ ਸਰਕਾਰ ਤੇ ਕੁਦਰਤ ਨੇ ਵਿਖਾਈ ਪਿੱਠ

**ਕਾਹਨੂੰਵਾਨ:** ਇਸ ਸਾਲ ਹਾੜੀ ਦੀਆਂ ਫਸਲਾਂ ਦੇ ਸੀਜ਼ਨ ਵਿਚ ਹੋਈ ਬੇਮੌਸਮੀ ਬਰਸਾਤ ਕਾਰਨ ਸਮੁੱਚੇ ਉੱਤਰੀ ਭਾਰਤ ਦੇ ਕਿਸਾਨਾਂ ਸਮੇਤ ਮੱਧ ਭਾਰਤ ਦੇ ਕਿਸਾਨ ਵੀ ਕੁਦਰਤੀ ਕਰੋਪੀ ਦਾ ਸ਼ਿਕਾਰ ਹੋ ਚੁੱਕੇ ਹਨ। ਇਸ ਕੁਦਰਤੀ ਕਰੋਪੀ ਕਾਰਨ ਕਿਸਾਨਾਂ ਦੀ 30 ਫੀਸਦੀ ਤੋਂ 70 ਫੀਸਦੀ ਤੇ ਕਈ ਥਾਂਵਾਂ 'ਤੇ ਸਾਰੀ ਦੀ ਸਾਰੀ ਫਸਲਾਂ ਜਿਨਾਂ ਵਿਚ ਕਣਕ, ਸਰੋਂ ਮੁੱਖ ਤੌਰ ਤੇ ਬਰਬਾਦ ਹੋ ਗਈਆਂ ਹਨ ਪਰ ਨਾ ਤਾਂ ਅਜੇ ਤੱਕ ਪੰਜਾਬ ਸਰਕਾਰ ਤੇ ਨਾ ਹੀ ਕੇਂਦਰ ਸਰਕਾਰ ਵੱਲੋਂ ਮੁਆਵਜੇ ਲਈ ਕੋਈ ਗਿਰਦਾਵਰੀ ਜਾਂ ਸਪੈਸ਼ਲ ਸਰਵੇ ਫ਼ਸਲਾਂ ਦੀ ਬਰਬਾਦੀ ਸਬੰਧੀ ਕੀਤਾ ਗਿਆ ਹੈ। ਕਿਸਾਨਾਂ ਦੀ ਹੁਣ ਸਰਕਾਰਾਂ ਨੂੰ ਛੱਡ ਸਿਰਫ ਰੱਬ ਉੱਪਰ ਹੀ ਟੇਕ ਹੈ ਕਿ ਉਨ੍ਹਾਂ ਦੀ ਜੋ ਖੇਤਾਂ ਵਿਚ ਹੁਣ ਤੱਕ ਬਚੀ ਖੁਚੀ ਫਸਲ ਹੀ ਸਹੀ ਸਲਾਮਤ ਘਰ ਪਹੁੰਚ ਜਾਵੇ।

## ਚੌਟਾਲਾ ਨੂੰ ਕੇਸ ਦੀ ਤਿਆਰੀ ਲਈ ਮਿਲੀ ਮਹੀਨੇ ਦੀ ਪੈਰੋਲ

**ਨਵੀਂ ਦਿੱਲੀ:** ਦਿੱਲੀ ਸਰਕਾਰ ਨੇ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਦੀ ਮਹੀਨੇ ਦੀ ਪੈਰੋਲ ਮਨਜ਼ੂਰ ਕੀਤੀ ਹੈ। ਅਧਿਆਪਕ ਭਰਤੀ ਘੁਟਾਲੇ ਮਾਮਲੇ ਵਿਚ ਦਿੱਲੀ ਹਾਈਕੋਰਟ ਨੇ ਉਨ੍ਹਾਂ ਨੂੰ 10 ਸਾਲ ਦੀ ਸਜ਼ਾ ਸੁਣਾਈ ਹੈ। ਲੈਫਟੀਨੈਂਟ ਗਵਰਨਰ ਨਜੀਬ ਜੰਗ ਨੇ ਸ੍ਰੀ ਚੌਟਾਲਾ ਨੂੰ ਇਹ ਰਾਹਤ ਮਨਜ਼ੂਰ ਕੀਤੀ ਹੈ। ਇਨੈਲੋ ਆਗੂ ਨੇ ਦਰਖਾਸਤ ਦਿੱਤੀ ਸੀ ਕਿ ਸਜ਼ਾ ਖ਼ਿਲਾਫ਼ ਅਪੀਲ ਦਾਖਲ ਕਰਨ ਲਈ ਉਨ੍ਹਾਂ ਨੂੰ ਤਿਆਰੀ ਕਰਨ ਦੀ ਲੋੜ ਹੈ ਤੇ ਇਸ ਆਧਾਰ 'ਤੇ ਉਨ੍ਹਾਂ ਤਿੰਨ ਮਹੀਨਿਆਂ ਦੀ ਪੈਰੋਲ ਮੰਗੀ ਸੀ।



ਸਾਬਕਾ ਮੁੱਖ ਮੰਤਰੀ ਨੇ ਸ੍ਰੀ ਜੰਗ ਨੂੰ ਅਪੀਲ ਕੀਤੀ ਸੀ ਕਿ ਸੁਪਰੀਮ ਕੋਰਟ ਵਿਚ ਸਜ਼ਾ ਖ਼ਿਲਾਫ਼ ਵਿਸ਼ੇਸ਼ ਲੀਵ ਪਟੀਸ਼ਨ ਦਾਖ਼ਲ ਕਰਨ ਲਈ ਉਨ੍ਹਾਂ ਨੇ ਆਪਣੇ ਵਕੀਲਾਂ ਤੇ ਕੁਝ ਸੀਨੀਅਰ ਐਡਵੋਕੇਟਾਂ ਨਾਲ ਵਿਚਾਰ ਵਟਾਂਦਰਾ ਕਰਨਾ ਹੈ। 80 ਵਰ੍ਹਿਆਂ ਦੇ ਸ੍ਰੀ ਚੌਟਾਲਾ ਨੂੰ 11 ਅਕਤੂਬਰ ਨੂੰ ਤਿਹਾੜ ਜੇਲ੍ਹ ਵਿਚ ਆਤਮ ਸਮਰਪਣ ਕਰਨਾ ਪਿਆ ਸੀ ਜਦੋਂ ਹਾਈਕੋਰਟ ਨੇ ਉਨ੍ਹਾਂ ਦੀ ਅੰਤਰਿਮ ਜ਼ਮਾਨਤ ਨੂੰ ਰੱਦ ਕਰ ਦਿੱਤਾ ਸੀ।

## ਦੋ ਕਰਜ਼ਈ ਕਿਸਾਨਾਂ ਵਲੋਂ ਖ਼ੁਦਕੁਸ਼ੀ

**ਨਥਾਣਾ:** ਕਰਜ਼ੇ ਹੇਠ ਦੱਬੇ ਪਿੰਡ ਬਾਠ ਤੇ ਰੱਲਾ ਦੇ ਦੋ ਕਿਸਾਨਾਂ ਨੇ ਖ਼ੁਦਕੁਸ਼ੀ ਕਰ ਲਈ। ਜਾਣਕਾਰੀ ਅਨੁਸਾਰ ਪਿੰਡ ਬਾਠ ਦਾ ਨਾਇਬ ਸਿੰਘ (47) ਕਰਜ਼ੇ ਕਰ ਕੇ ਕਾਫ਼ੀ ਪ੍ਰੇਸ਼ਾਨ ਰਹਿੰਦਾ ਸੀ। ਇਸੇ ਪ੍ਰੇਸ਼ਾਨੀ ਕਰ ਕੇ ਉਸ ਨੇ ਖ਼ੁਦਕੁਸ਼ੀ ਕਰ ਲਈ। ਭਾਰਤੀ ਕਿਸਾਨ ਯੂਨੀਅਨ ਦੇ ਆਗੂਆਂ ਇਸ ਘਟਨਾ 'ਤੇ ਦੁੱਖ ਪ੍ਰਗਟ ਕਰਦਿਆਂ ਸੂਬਾ ਸਰਕਾਰ ਤੋਂ ਮੰਗ ਕੀਤੀ ਹੈ ਕਿ ਮ੍ਰਿਤਕ ਕਿਸਾਨ ਦੇ ਪਰਿਵਾਰ ਨੂੰ ਪੰਜ ਲੱਖ ਰੁਪਏ ਦਾ ਮੁਆਵਜ਼ਾ ਦੇਣ ਤੋਂ ਇਲਾਵਾ ਪਰਿਵਾਰ ਦੇ ਇਕ ਜੀਅ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ। ਇਸੇ ਤਰ੍ਹਾਂ ਰੱਲਾ ਦੇ ਕਿਸਾਨ ਜਗਮੇਲ ਸਿੰਘ (35) ਸਿਰ ਤਕਰੀਬਨ ਤਿੰਨ ਲੱਖ ਦਾ ਕਰਜ਼ਾ ਸੀ। ਇਸੇ ਪ੍ਰੇਸ਼ਾਨੀ ਕਾਰਨ ਉਸ ਨੇ ਫਾਹਾ ਲੈ ਲਿਆ। ਮ੍ਰਿਤਕ ਆਪਣੇ ਪਿਛੇ ਪਤਨੀ ਤੋਂ ਇਲਾਵਾ ਬਜ਼ੁਰਗ ਮਾਂ, ਇਕ ਲੜਕੀ ਤੇ ਲੜਕਾ ਛੱਡ ਗਿਆ ਹੈ।

## ਮੱਕੜ ਵਲੋਂ ਵਿਦੇਸ਼ਾਂ ਵਿਚ ਸਿੱਖਾਂ 'ਤੇ ਹਮਲੇ ਰੋਕਣ ਲਈ ਮੋਦੀ ਨੂੰ ਪੱਤਰ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਇੰਗਲੈਂਡ ਦੇ ਬਰਮਿੰਘਮ ਸ਼ਹਿਰ ਦੀ ਬ੍ਰੋਡ ਸਟਰੀਟ ਵਿਖੇ ਇਕ ਸਿੱਖ 'ਤੇ ਹੋਏ ਨਸਲੀ ਹਮਲੇ ਦੀ ਸਖ਼ਤ ਨਿਖੇਧੀ ਕਰਦਿਆਂ ਦੇਸ਼ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਵਿਦੇਸ਼ੀ ਸਰਕਾਰਾਂ ਨਾਲ ਗੱਲਬਾਤ ਕਰਕੇ ਸਿੱਖਾਂ ਉੱਪਰ ਹੁੰਦੇ ਨਸਲੀ ਹਮਲਿਆਂ ਨੂੰ ਰੋਕਿਆ ਜਾਵੇ ਤੇ ਸਿੱਖਾਂ ਦੀ ਜਾਨ ਮਾਲ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ।



ਉਨ੍ਹਾਂ ਨੇ ਬ੍ਰਿਟਿਸ਼ ਦੂਤ ਘਰ ਨੂੰ ਵੀ ਇਸ ਬਾਰੇ ਪੱਤਰ ਲਿਖ ਕੇ ਸਿੱਖਾਂ ਨੂੰ ਦਰਪੇਸ਼ ਸਮੱਸਿਆਵਾਂ ਦੇ ਸਰਲੀਕਰਨ ਲਈ ਉਚੇਚੇ ਯਤਨ ਕਰਨ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਮੋਦੀ ਦੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਆਮਦ ਮੌਕੇ ਉਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਦਿੱਤੇ ਗਏ ਯਾਦ ਪੱਤਰ ਵਿਚ ਵੀ ਇਹ ਗੱਲ ਪ੍ਰਮੁੱਖਤਾ ਨਾਲ ਉਠਾਈ ਗਈ ਸੀ, ਜਿਨ੍ਹਾਂ ਨੇ ਸਿੱਖ ਮਸਲਿਆਂ ਨੂੰ ਹੱਲ ਕਰਨ ਬਾਰੇ ਸਾਕਾਰਾਤਮਕ ਹਾਮੀ ਭਰੀ ਸੀ। ਉਨ੍ਹਾਂ ਕਿਹਾ ਕਿ ਸਿੱਖ ਜਿਸ ਦੇਸ਼ ਵਿਚ ਵੀ ਗਏ ਹਨ ਉਸ ਦੇਸ਼ ਦੀ ਤਰੱਕੀ ਤੇ ਖੁਸ਼ਹਾਲੀ ਵਿਚ ਮਹੱਤਵਪੂਰਨ ਯੋਗਦਾਨ ਹੈ, ਪਰ ਅਫ਼ਸੋਸ ਕਿ ਗਲਤ ਪਛਾਣ ਕਰਕੇ ਵੱਖ-ਵੱਖ ਦੇਸ਼ਾਂ ਵਿਚ ਸਿੱਖਾਂ ਉਤੇ ਨਸਲੀ ਹਮਲੇ ਅਜੇ ਜਾਰੀ ਹਨ। ਇਕ ਪਾਸੇ ਵਿਦੇਸ਼ੀ ਸਰਕਾਰਾਂ ਸਿੱਖਾਂ ਦੀਆਂ ਕੁਰਬਾਨੀਆਂ ਨੂੰ ਯਾਦ ਕਰ ਰਹੀਆਂ ਹਨ ਦੂਜੇ ਪਾਸੇ ਸਿੱਖਾਂ ਉਤੇ ਨਸਲੀ ਹਮਲੇ ਹੋ ਰਹੇ ਹਨ ਜੋ ਅਤਿ ਨਿੰਦਣਯੋਗ ਹਨ।

# ਸੰਸਦ 'ਚੋਂ ਗੈਰ-ਹਾਜ਼ਰੀ ਦੀ ਝੰਡੀ ਐਤਕੀਂ ਫਿਰ ਕੈਪਟਨ ਅਮਰਿੰਦਰ ਕੋਲ



ਅਮਰਿੰਦਰ ਸਿੰਘ



ਹਰਸਿਮਰਤ ਬਾਦਲ



ਭਗਵੰਤ ਮਾਨ



ਕਿਰਨ ਖੇਰ



ਪ੍ਰੇਮ ਸਿੰਘ ਚੰਦੂਮਾਜਰਾ

**ਬਠਿੰਡਾ:** ਪੰਜਾਬ ਦੇ ਸੰਸਦ ਮੈਂਬਰ ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸੰਸਦ ਵਿਚੋਂ ਗ਼ੈਰਹਾਜ਼ਰੀ ਵਿਚ ਝੰਡੀ ਲੈ ਗਏ ਹਨ। ਕੈਪਟਨ ਅਮਰਿੰਦਰ ਸਿੰਘ ਨੇ ਲੰਘੇ ਬਜਟ ਸੈਸ਼ਨ ਵਿਚ ਸਿਰਫ਼ ਇਕ ਦਿਨ ਹੀ ਪਾਰਲੀਮੈਂਟ ਵਿਚ ਮੂੰਹ ਦਿਖਾਇਆ ਹੈ। ਸਰਦ ਰੁੱਤ ਸੈਸ਼ਨ ਵਿਚ ਤਾਂ ਕੈਪਟਨ ਅਮਰਿੰਦਰ ਸਿੰਘ ਨੇ ਪੈਰ ਹੀ ਨਹੀਂ ਪਾਇਆ ਸੀ। ਤਾਜ਼ਾ ਬਜਟ ਸੈਸ਼ਨ 23 ਫਰਵਰੀ ਤੋਂ 20 ਮਾਰਚ ਤੱਕ ਚੱਲਿਆ ਹੈ। ਇਸ ਦੌਰਾਨ ਪਾਰਲੀਮੈਂਟ ਵਿਚ 19 ਬੈਠਕਾਂ ਹੋਈਆਂ ਹਨ। ਇਨ੍ਹਾਂ ਵਿਚੋਂ ਸਿਰਫ਼ ਇਕ ਬੈਠਕ ਵਿਚ ਕੈਪਟਨ ਸ਼ਾਮਲ ਹੋਏ ਹਨ।

ਪਾਰਲੀਮੈਂਟ ਦੇ ਹਾਜ਼ਰੀ ਰਜਿਸਟਰ ਅਨੁਸਾਰ 16ਵੀਂ ਲੋਕ ਸਭਾ ਦੇ ਤਾਜ਼ਾ ਬਜਟ ਸੈਸ਼ਨ ਵਿਚ ਗੁਰਦਾਸਪੁਰ ਦੇ ਸੰਸਦ ਮੈਂਬਰ ਵਿਨੋਦ ਖੰਨਾ ਤੇ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਰਣਜੀਤ ਸਿੰਘ ਬ੍ਰਹਮਪੁਰਾ ਦੀ ਹਾਜ਼ਰੀ ਸੌ ਫ਼ੀਸਦੀ ਰਹੀ ਹੈ। ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਤੇ ਰਵਨੀਤ ਸਿੰਘ ਬਿੱਟੂ ਸਿਰਫ਼ ਇਕ-ਇਕ ਦਿਨ ਹੀ ਸੰਸਦ ਵਿਚੋਂ ਗ਼ੈਰਹਾਜ਼ਰ ਰਹੇ ਹਨ। ਆਮ ਆਦਮੀ ਪਾਰਟੀ ਦੇ ਮੈਂਬਰਾਂ ਵਿਚੋਂ ਸਭ ਤੋਂ ਵੱਧ ਹਾਜ਼ਰੀ ਸੰਸਦ ਮੈਂਬਰ ਹਰਿੰਦਰ ਸਿੰਘ ਖ਼ਾਲਸਾ ਦੀ 17 ਦਿਨ ਦੀ ਰਹੀ ਹੈ, ਜਦੋਂਕਿ ਡਾ. ਧਰਮਵੀਰ ਗਾਂਧੀ ਦੀ 15 ਦਿਨ ਹਾਜ਼ਰੀ ਰਹੀ ਹੈ। ਚੌਧਰੀ ਸੰਤੋਖ ਸਿੰਘ ਤੇ ਸ਼ੇਰ ਸਿੰਘ ਘੁਬਾਇਆ ਦੀ ਹਾਜ਼ਰੀ 16-16 ਦਿਨ ਰਹੀ ਹੈ। ਚੰਡੀਗੜ੍ਹ ਤੋਂ ਸੰਸਦ ਮੈਂਬਰ ਕਿਰਨ ਖੇਰ ਸਿਰਫ਼ ਇਕ ਦਿਨ ਗ਼ੈਰ ਹਾਜ਼ਰ ਰਹੀ ਹੈ। ਇਵੇਂ ਹੀ ਸੰਸਦ ਮੈਂਬਰ ਭਗਵੰਤ ਮਾਨ ਤੇ ਪ੍ਰੋ. ਸਾਧੂ ਸਿੰਘ ਦੀ ਹਾਜ਼ਰੀ 13-13 ਦਿਨ ਦੀ ਰਹੀ ਹੈ।

ਲੋਕ ਸਭਾ ਵਿਚ ਅਮਰਿੰਦਰ ਸਿੰਘ ਅੰਮ੍ਰਿਤਸਰ ਹਲਕੇ ਦੀ ਨੁਮਾਇੰਦਗੀ ਕਰ ਰਹੇ ਹਨ। 16ਵੀਂ ਲੋਕ ਸਭਾ ਦੇ ਹੁਣ ਤੱਕ ਚਾਰ ਸੈਸ਼ਨ ਹੋਏ ਹਨ, ਜਿਨ੍ਹਾਂ ਦੀਆਂ ਕੁੱਲ 71 ਬੈਠਕਾਂ ਹੋਈਆਂ ਹਨ। ਇਨ੍ਹਾਂ ਵਿਚੋਂ ਕੈਪਟਨ ਅਮਰਿੰਦਰ ਸਿੰਘ ਸਿਰਫ਼ ਸੱਤ ਦਿਨ ਹਾਜ਼ਰ ਰਹੇ ਹਨ।

ਕੈਪਟਨ ਅਮਰਿੰਦਰ ਸਿੰਘ ਨੇ ਸਰਦ ਰੁੱਤ ਸਮਾਗਮਾਂ ਵਿਚੋਂ ਗ਼ੈਰਹਾਜ਼ਰੀ ਪਿੱਛੇ ਆਪਣੀ ਘਰੇਲੂ ਮਜਬੂਰੀ ਦੱਸੀ ਸੀ। ਹਾਲਾਂਕਿ ਪੰਜਾਬ ਵਿਚ ਕੈਪਟਨ ਅਮਰਿੰਦਰ ਸਿੰਘ ਇਕ ਮਕਬੂਲ ਨੇਤਾ ਹਨ ਤੇ ਬਹੁਗਿਣਤੀ ਪੰਜਾਬ ਦੇ ਵਿਧਾਇਕ ਉਨ੍ਹਾਂ ਦੀ ਪਿੱਠ 'ਤੇ ਖੜ੍ਹੇ ਹਨ ਪਰ ਉਹ ਸੰਸਦ ਦੀ ਤਰ੍ਹਾਂ ਵਿਧਾਨ ਸਭਾ ਤੋਂ ਵੀ ਦੂਰ ਹੀ ਰਹੇ ਹਨ। ਕੈਪਟਨ ਅਮਰਿੰਦਰ ਸਿੰਘ ਸਾਲ 2007-2012 ਦੌਰਾਨ ਪੰਜਾਬ ਵਿਧਾਨ ਸਭਾ ਦੇ ਸੈਸ਼ਨਾਂ ਵਿਚੋਂ ਜ਼ਿਆਦਾਤਰ ਗ਼ੈਰਹਾਜ਼ਰ ਰਹੇ ਹਨ। ਵਿਧਾਨ ਸਭਾ ਦੇ ਇਨ੍ਹਾਂ ਪੰਜ ਵਰ੍ਹਿਆਂ ਦੌਰਾਨ 13 ਸੈਸ਼ਨ ਹੋਏ ਤੇ ਕੁੱਲ 88 ਬੈਠਕਾਂ ਹੋਈਆਂ। ਇਨ੍ਹਾਂ ਬੈਠਕਾਂ ਵਿਚ ਕੈਪਟਨ ਅਮਰਿੰਦਰ ਸਿੰਘ ਸਿਰਫ਼ 13 ਦਿਨ ਹੀ ਹਾਜ਼ਰ ਹੋਏ ਤੇ 55 ਦਿਨ ਗ਼ੈਰਹਾਜ਼ਰ ਰਹੇ। ਪੰਜਾਬ ਵਿਧਾਨ ਸਭਾ ਵਿਚੋਂ 10 ਜੁਲਾਈ 2008 ਨੂੰ ਉਨ੍ਹਾਂ ਦੀ ਮੈਂਬਰਸ਼ਿਪ ਬਰਖ਼ਾਸਤ ਕਰ ਦਿੱਤੀ ਗਈ ਸੀ ਤੇ ਸੁਪਰੀਮ ਕੋਰਟ ਨੇ 26 ਅਪਰੈਲ 2010 ਨੂੰ ਉਨ੍ਹਾਂ ਦੀ ਮੈਂਬਰਸ਼ਿਪ ਮੁੜ ਬਹਾਲ ਕਰ ਦਿੱਤੀ ਸੀ। ਇਸ ਬਰਖ਼ਾਸਤਗੀ ਦੌਰਾਨ ਸੈਸ਼ਨ ਦੀਆਂ 20 ਬੈਠਕਾਂ ਹੋਈਆਂ ਸਨ।

### ਸੁੰਗੜਦੇ ਜਾ ਰਹੇ ਨੇ ਪੰਜਾਬ ਵਿਧਾਨ ਸਭਾ ਦੇ ਸੈਸ਼ਨ

ਪੰਜਾਬ ਵਿਚ ਅਸੈਂਬਲੀ ਸੈਸ਼ਨ ਆਏ ਦਿਨ ਲਗਾਤਾਰ ਛੋਟੇ ਹੁੰਦੇ ਜਾ ਰਹੇ ਹਨ। ਮਿਲੇ ਵੇਰਵਿਆਂ ਅਨੁਸਾਰ ਸਾਲ 1997-2002 ਦੌਰਾਨ ਪੰਜਾਬ ਵਿਧਾਨ ਸਭਾ ਦੇ 13 ਸਮਾਗਮ ਹੋਏ ਜਿਨ੍ਹਾਂ ਦੌਰਾਨ 95 ਬੈਠਕਾਂ ਹੋਈਆਂ। ਕਾਂਗਰਸ ਦੇ ਰਾਜ ਭਾਗ ਦੌਰਾਨ, ਭਾਵ ਸਾਲ 2002-2007 ਦੌਰਾਨ ਵਿਧਾਨ ਸਭਾ ਦੇ 12 ਸਮਾਗਮ ਹੋਏ ਜਿਨ੍ਹਾਂ ਦੌਰਾਨ ਕੁੱਲ 81 ਬੈਠਕਾਂ ਹੋਈਆਂ ਸਨ। ਇਸੇ ਤਰ੍ਹਾਂ ਸਾਲ 2007-2012 ਦੌਰਾਨ ਵਿਧਾਨ ਸਭਾ ਦੇ ਕੁੱਲ 13 ਸਮਾਗਮਾਂ ਦੌਰਾਨ 88 ਬੈਠਕਾਂ ਹੋਈਆਂ। ਕਾਂਗਰਸ ਦੀ ਹਕੂਮਤ ਸਮੇਂ ਵਿਧਾਨ ਸਭਾ ਦਾ ਤੀਜਾ ਸਮਾਗਮ ਤੇ ਅਕਾਲੀ ਹਕੂਮਤ ਦੌਰਾਨ 12ਵਾਂ ਸਮਾਗਮ ਸਿਰਫ਼ ਇਕ-ਇਕ ਹੀ ਚੱਲਿਆ। ਇਸ ਰੁਝਾਨ ਤੋਂ ਸਪਸ਼ਟ ਹੈ ਕਿ ਸਾਲ 1997 ਮਗਰੋਂ ਵਿਧਾਨ ਸਭਾ ਦੀਆਂ ਬੈਠਕਾਂ ਦੀ ਗਿਣਤੀ ਸੌ ਦੇ ਅੰਕੜੇ ਨੂੰ ਛੂਹ ਹੀ ਨਹੀਂ ਸਕੀ ਹੈ।

ਜੇਕਰ ਪੰਜਾਬ ਵਿਧਾਨ ਸਭਾ ਦੇ ਨਿਯਮਾਂ ਦੀ ਗੱਲ ਕਰੀਏ ਤਾਂ ਵਿਧਾਨ ਸਭਾ ਦਾ ਜੋ ਮੈਂਬਰ ਲਗਾਤਾਰ 60 ਬੈਠਕਾਂ ਵਿਚੋਂ ਗ਼ੈਰਹਾਜ਼ਰ ਰਹਿੰਦਾ ਹੈ, ਉਸ ਦੀ ਮੈਂਬਰਸ਼ਿਪ ਖਾਰਜ ਹੋ ਸਕਦੀ ਹੈ। ਜੇਕਰ ਇਨ੍ਹਾਂ 60 ਬੈਠਕਾਂ ਦੌਰਾਨ ਕਿਸੇ ਇਕ ਦਿਨ ਵੀ ਮੈਂਬਰ ਹਾਜ਼ਰ ਹੋ ਜਾਂਦਾ ਹੈ ਤਾਂ ਉਸ ਖ਼ਿਲਾਫ਼ ਕੋਈ ਕਾਰਵਾਈ ਨਹੀਂ ਬਣਦੀ ਹੈ।


GROW YOUR BUSINESS
WITH NEW TREND
FULL COLOR
LED
Digital Display
&
Message Board

LICENSED Contractor
GAS SIGNS
HOTEL/MOTEL SIGNS
DIESEL CREDIT
We install anywhere in california
RF Remote LCD Remote

ELECTRIC SIGN COMPANY
for more info: Call Sukhpal
1-661-586-1106
email: esigncompany@gmail.com




Surveillance Camera Systems
Vista
Full HD 1080P
Now Sell & Install
ONLY
HIGH DEFINITION
HIGH DEFINITION
HIGH DEFINITION
HIGH DEFINITION
HIGH DEFINITION
HIGH DEFINITION
2 Year Warranty
UP GRADE YOUR SECURITY SYSTEM



Fully Trained Technical Staff.
Serving Since 1999.
We Install any where in California.
Commercial Grade Equipment.
Solution for Gas stations,Liquor Stores, Hotel/Motel,warehouse & Homes
Call Sukhpal 1-661-586-5080
Email: commvision@sbcglobal.net



H K TRANSPORT INC
HK Trans
*Division of HK Incorporated*
1401 West Ray St, Indianapolis, IN 46221
Ph: 317-408-3211, web: www.hktransportinc.com



ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ

ਸਾਰੀਆਂ 48 ਸਟੇਟਾਂ ਲਈ, ਡਰਾਈ ਫਰੇਟ, 100% ਨੋ ਟੱਚ, ਬਰੈਂਡ ਨਿਊ ਟਰੱਕ/ਟਰੇਲਰ, ਡਾਇਰੈਕਟ ਡਿਪੋਜ਼ਿਟ, ਮੈਡੀਕਲ ਸਹੂਲਤਾਂ ਅਤੇ 5000 ਡਾਲਰ ਸਾਈਨ-ਇਨ ਬੋਨਸ

| ਓਨਰ ਅਪਰੇਟਰਾਂ ਲਈ | ਡਰਾਈਵਰਾਂ ਲਈ |
|---|---|
| *92% ਫਲੈਟ ਡਿਸਪੈਚ | *48 ਸੈਂਟ ਤੱਕ ਪ੍ਰਤੀ ਮੀਲ |
| *30 ਸੈਂਟ/ਗੈਲਨ ਤੱਕ ਫਿਊਲ ਡਿਸਕਾਊਂਟ | *95% ਲੋਡ ਯਾਰਡ 'ਚ ਹੁੱਕ ਐਂਡ ਡਰਾਪ |
| *ਬਰੈਂਡ ਨਿਊ ਟਰੇਲਰ | *ਵਧੀਆ ਅਤੇ ਸਾਫ ਸੁਥਰੇ ਟਰੱਕ |
| *ਨੈਸ਼ਨਲ ਟਾਇਰ ਰਿਬੇਟ ਪ੍ਰੋਗਰਾਮ | |

*ਡਰਾਈਵਰਾਂ ਅਤੇ ਓਨਰ ਅਪਰੇਟਰਾਂ ਲਈ ਡਾਇਰੈਕਟ ਡਿਪਾਜ਼ਿਟ ਅਤੇ ਵੀਕਲੀ ਪੇਅ*

*ਲੋੜੀਂਦੀ ਯੋਗਤਾ:*
■ਕਲਾਸ ਏ ਸੀ ਡੀ ਐਲ ਅਤੇ ਸਾਫ-ਸੁਥਰਾ ਰਿਕਾਰਡ ਹੋਵੇ ■ਉਮਰ ਘੱਟੋ ਘੱਟ 23 ਸਾਲ
■ਘੱਟੋ ਘੱਟ 2 ਸਾਲ ਦਾ ਓ ਟੀ ਆਰ ਅਤੇ ਕੁਲ 5 ਸਾਲ ਦਾ ਤਸਦੀਕਯੋਗ ਤਜ਼ਰਬਾ ਹੋਵੇ।

*ਤੁਸੀਂ ਸਾਡੇ 'ਲੀਜ਼ ਟੂ ਬਾਈ' ਪ੍ਰੋਗਰਾਮ ਦਾ ਲਾਭ ਵੀ ਉਠਾ ਸਕਦੇ ਹੋ*
*ਡਾਇਰੈਕਟ ਡਿਪਾਜ਼ਿਟ ਅਤੇ ਪੰਪ 'ਤੇ ਫਿਊਲ ਰਿਬੇਟ*

ਸੰਪਰਕ ਕਰੋ: ਫੋਨ 317-408-3211
ਜਾਂ ਵੈਬ ਸਾਈਟ www.hktransportinc.com 'ਤੇ ਅਰਜੀ ਭਰੋ



The Anu Attorney Immigration Law Firm
Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



*Anu Peshawaria*
*Attorney at Law*
*Licensed to practice Immigration & Bankruptcy in all 50 states.*
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW
*Divorce *Annulment
*International Custody

INCORPORATIONS
*International Contracts, Mergers
*Attorney Supreme Court of India
*Bankruptcy Consultation & Filing

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available

ਖਾਲਸਾ ਮੇਰੋ ਰੂਪ ਹੈ ਖਾਸ॥ ਖਾਲਸੇ ਮੇ ਹਉ ਕਰਹੁੰ ਨਿਵਾਸ॥

ੴ ਸਤਿਗੁਰ ਪ੍ਰਸਾਦਿ॥

# ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ ਖਾਲਸਾ ਜੀ ਦੇ ਸਿਰਜਣਾ ਦਿਵਸ ਅਤੇ ਵਿਸਾਖੀ ਦੇ ਤਿਓਹਾਰ ਦੀ

# ਲੱਖ ਲੱਖ ਵਧਾਈ



ਦੇਵ ਗਰੇਵਾਲ ਅਤੇ ਸ. ਪ੍ਰੀਤਮ ਸਿੰਘ ਗਰੇਵਾਲ

ਵਲੋਂ

## ਪ੍ਰੀਤਮ ਸਿੰਘ ਗਰੇਵਾਲ, ਦੇਵ ਗਰੇਵਾਲ ਅਤੇ ਸਮੂਹ ਪਰਿਵਾਰ

## *Grewal Enterprises*

**San Jose, CA Ph:408-406-0703**

# ਰੌਣਕਾਂ ਭਰਿਆ ਰਿਹਾ ਪੰਜਾਬ ਟਾਈਮਜ਼ ਦੀ 15ਵੀਂ ਵਰ੍ਹੇਗੰਢ ਦਾ ਸਮਾਗਮ



**ਸ਼ਿਕਾਗੋ (ਸੁਰਿੰਦਰ ਸਿੰਘ ਭਾਟੀਆ):** ਪੰਜਾਬ ਟਾਈਮਜ਼ ਨੇ ਆਪਣੇ 15 ਵਰ੍ਹੇ ਦੇ ਸਫਰ ਦੌਰਾਨ ਪੰਜਾਬੀ ਪੱਤਰਕਾਰੀ ਵਿਚ ਜਿਹੜੇ ਮਿਆਰਾਂ 'ਤੇ ਪਹਿਰਾ ਦਿਤਾ ਹੈ ਅਤੇ ਅਮਰੀਕਾ ਭਰ ਵਿਚ ਪਾਠਕਾਂ ਦੇ ਦਿਲੋ-ਦਿਮਾਗ ਵਿਚ ਜੋ ਥਾਂ ਬਣਾਈ ਹੈ, ਉਹ ਆਪਣੇ ਆਪ ਵਿਚ ਇਕ ਵਡੀ ਪ੍ਰਾਪਤੀ ਹੈ। ਇਸ ਦਾ ਸਿਹਰਾ ਸੰਪਾਦਕ ਸ. ਅਮੋਲਕ ਸਿੰਘ ਜੰਮੂ ਨੂੰ ਜਾਂਦਾ ਹੈ ਜਿਸ ਨੇ ਆਪਣੀ ਸਿਹਤ ਦੀਆਂ ਮਜਬੂਰੀਆਂ ਦੇ ਬਾਵਜੂਦ ਬਹੁਤ ਵਡਾ ਸਿਰੜ ਤੇ ਸਿਦਕ ਦਿਖਾਇਆ ਹੈ। ਇਹ ਵਿਚਾਰ ਲੰਘੀ 28 ਮਾਰਚ ਨੂੰ ਇਥੋਂ ਦੀ ਸਬਰਬ ਪੈਲਾਟਾਈਨ ਦੇ ਕੋਟਿਲੀਅਨ ਹਾਲ ਵਿਚ ਅਖਬਾਰ ਦੀ 15ਵੀਂ ਵਰ੍ਹੇਗੰਢ ਮੌਕੇ ਕਰਵਾਏ ਗਏ ਸਮਾਗਮ ਨੂੰ ਸੰਬੋਧਨ ਕਰਦਿਆਂ ਵਖ ਵਖ ਬੁਲਾਰਿਆਂ ਨੇ ਪ੍ਰਗਟਾਏ।

'ਪੰਜਾਬ ਟਾਈਮਜ਼' ਦੇ ਆਨਰੇਰੀ ਸਲਾਹਕਾਰ ਬੋਰਡ ਦੇ ਮੈਂਬਰ ਡਾ. ਹਰਗੁਰਮੁਖਪਾਲ ਸਿੰਘ ਨੇ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਮੁੱਚੇ ਉਤਰੀ ਅਮਰੀਕਾ ਵਿਚ ਇਸ ਅਖ਼ਬਾਰ ਦੇ ਅੱਗੇ ਹੋ ਕੇ ਚੱਲਣ ਦੇ ਦੋ ਮੁੱਖ ਕਾਰਨਾਂ ਵਿਚੋਂ ਪਹਿਲਾ ਹੈ ਸ. ਜੰਮੂ ਦਾ ਸਿਦਕ ਤੇ ਸਿਰੜ, ਤੇ ਦੂਜਾ ਉਨ੍ਹਾਂ ਦਾ ਪਰਿਵਾਰ; ਨਾ ਸਿਰਫ਼ ਘਰ ਦੇ ਮੈਂਬਰ ਸਗੋਂ ਪੰਜਾਬੀ ਜ਼ੁਬਾਨ ਨੂੰ ਪਿਆਰ ਕਰਨ ਵਾਲਾ ਹਰ ਸ਼ਖ਼ਸ ਇਸ ਪਰਿਵਾਰ ਦਾ ਮੈਂਬਰ ਹੈ। ਸ਼ਿਕਾਗੋ ਨੂੰ ਮਾਣ ਹੈ ਕਿ 'ਪੰਜਾਬ ਟਾਈਮਜ਼' ਇਥੋਂ ਤਿਆਰ ਹੁੰਦਾ ਹੈ ਤੇ ਇਸ ਦੇ ਪੇਕੇ ਪਿੰਡ ਵਾਂਗ ਹੈ।



ਬੋਰਡ ਦੇ ਮੈਂਬਰ ਸ. ਗੁਰਦਿਆਲ ਸਿੰਘ ਬਸਰਾਨ ਨੇ ਸ. ਜੰਮੂ ਦੀ ਚੰਗੀ ਸਿਹਤ ਲਈ ਦੁਆ ਕਰਦਿਆਂ ਆਖਿਆ ਕਿ ਉਸ ਨਾਲ ਜਦੋਂ ਵੀ ਫੋਨ 'ਤੇ ਗੱਲ ਕਰੋ, ਤਾਂ ਇਹੀ ਆਵਾਜ਼ ਆਉਂਦੀ ਹੈ, ਚੜ੍ਹਦੀ ਕਲਾ। ਦਰਅਸਲ ਇਹ ਮਾਨਸਿਕ ਦਲੇਰੀ ਤੇ ਹਿੰਮਤ 'ਪੰਜਾਬ ਟਾਈਮਜ਼' ਤੇ ਉਨ੍ਹਾਂ ਦੇ ਦਿਲੀ ਹਮਦਰਦਾਂ ਤੇ ਸਮਰਥਕਾਂ ਕਰ ਕੇ ਹੀ ਹੈ। ਕਮੇਟੀ ਦੇ ਇਕ ਹੋਰ ਮੈਂਬਰ ਸ. ਹਰਦਿਆਲ ਸਿੰਘ ਦਿਓਲ ਨੇ ਕਿਹਾ ਕਿ ਸਾਨੂੰ ਫਖ਼ਰ ਹੈ ਕਿ ਸਾਡੇ ਕੋਲ ਪੰਜਾਬ ਟਾਈਮਜ਼ ਜਿਹਾ ਬਹੁਤ ਵਧੀਆ ਅਖਬਾਰ ਹੈ ਜਿਸ ਦਾ ਸੰਚਾਲਕ ਸਾਡੇ ਸ਼ਹਿਰ ਸ਼ਿਕਾਗੋ ਤੋਂ ਹੈ ਤੇ ਇਹ ਸਾਡੇ ਦਿਲਾਂ ਦੀ ਧੜਕਣ ਹੈ, ਅਸੀਂ ਹਮੇਸ਼ਾ ਇਸ ਦੇ ਨਾਲ ਰਹਾਂਗੇ।

ਨਿਊ ਯਾਰਕ ਤੋਂ ਆਏ ਸ਼ਾਇਰ ਤੇ ਪੱਤਰਕਾਰ ਸੁਰਿੰਦਰ ਸੋਹਲ ਨੇ ਦੱਸਿਆ ਕਿ ਇਸ ਅਖਬਾਰ ਵਿਚ ਰਚਨਾ ਛਪਣ ਨਾਲ ਨਾ ਸਿਰਫ਼ ਮਨ ਨੂੰ ਸੰਤੁਸ਼ਟੀ ਹੁੰਦੀ ਹੈ ਸਗੋਂ ਗਿਆਨ ਤੇ ਸਭਿਆਚਾਰ ਦੇ ਬੂਹੇ ਵੀ ਖੁੱਲ੍ਹਦੇ ਹਨ। ਨਿਊ ਯਾਰਕ ਤੋਂ ਹੀ ਪੁੱਜੇ ਖੇਡ ਲੇਖਕ ਇਕਬਾਲ ਜੱਬੋਵਾਲ ਨੇ ਮਾਣ ਨਾਲ ਦੱਸਿਆ ਕਿ ਪੰਜਾਬ ਟਾਈਮਜ਼ ਵਿਚ ਰਚਨਾਵਾਂ ਛਪਣ ਨਾਲ ਉਸ ਨੂੰ ਖੇਡ ਲੇਖਕਾਂ ਦੀ ਕਤਾਰ ਵਿਚ ਖਲੋਣ ਦਾ ਮੌਕਾ ਮਿਲਿਆ ਹੈ। ਉਨ੍ਹਾਂ ਆਪਣੀ ਸ਼ਾਇਰੀ ਦੀਆਂ ਕੁਝ ਸਤਰਾਂ ਵੀ ਅਖਬਾਰ ਦੀ ਪ੍ਰਸ਼ੰਸਾ ਵਿਚ ਕਹੀਆਂ।




ਸਰਕਾਰੀ ਕਾਲਜ ਚੰਡੀਗੜ੍ਹ ਦੇ ਸਾਬਕਾ ਪ੍ਰੋਫੈਸਰ ਬਰਜਿੰਦਰ ਸਿੰਘ ਸਿੱਧੂ ਜੋ ਉਚੇਚੇ ਤੌਰ 'ਤੇ ਫਰੀਮਾਂਟ (ਕੈਲੀਫੋਰਨੀਆ) ਤੋਂ ਪੁੱਜੇ ਸਨ, ਨੇ ਅਮਲੋਕ ਸਿੰਘ ਦੀ ਗੱਲ ਕਰਦਿਆਂ ਉਸ ਨੂੰ ਆਪਣਾ ਤਰਾਸਿਆ ਹੀਰਾ ਦੱਸਿਆ ਅਤੇ ਮਾਣ ਨਾਲ ਕਿਹਾ ਕਿ ਇਹ ਸਿਦਕੀ ਮਨੁੱਖ ਮੇਰੇ ਕਾਲਜ ਦਾ ਵਿਦਿਆਰਥੀ ਵੀ ਹੈ। ਮੈਨੂੰ ਇਸ ਗੱਲ 'ਤੇ ਮਾਣ ਹੈ ਕਿ ਪੰਜਾਬ ਟਾਈਮਜ਼ ਨਾਲ ਮੇਰਾ ਵੀ ਨੇੜਲਾ ਸਬੰਧ ਹੈ।

ਲਾਇਲਪੁਰ ਖਾਲਸਾ ਕਾਲਜ, ਜਲੰਧਰ ਦੇ ਸਾਬਕਾ ਪ੍ਰੋਫੈਸਰ ਸ. ਨਿਰੰਜਣ ਸਿੰਘ ਢੇਸੀ ਨੇ ਕਿਹਾ ਕਿ ਜ਼ਿੰਦਗੀ ਭਾਵੇਂ ਇਮਤਿਹਾਨ ਵੀ ਲੈਂਦੀ ਹੈ ਪਰ ਸ਼ਿਖਰ 'ਤੇ ਜਾਣ ਵਾਲਿਆਂ ਦਾ ਸਿਰੜ ਵੀ

*(ਬਾਕੀ ਸਫਾ 27 ਉਤੇ)*







**ਤਸਵੀਰਾਂ: ਸਿਆਨ ਵੀਡੀਓ**
**ਕਮਲਜੀਤ ਵਿਰਦੀ ਤੇ ਸੋਨੂੰ ਖਹਿਰਾ**

# ਪੰਜਾਬ ਟਾਈਮਜ਼ ਨਾਈਟ-2015: ਗੂੜ੍ਹੇ ਰੰਗਾਂ ਦੀ ਤਸਵੀਰ ਕੁਝ ਇੱਦਾਂ ਵੀ

**ਐਸ. ਅਸ਼ੋਕ ਭੌਰਾ**

'ਪੰਜਾਬ ਟਾਈਮਜ਼' ਦੀ ਉਮਰ ਪੰਦਰਾਂ ਵਰ੍ਹੇ ਹੋ ਗਈ ਹੈ, ਮਨੁੱਖ ਦੀ ਇਸ ਉਮਰ ਦੇ ਵਰ੍ਹੇ ਬਾਰੇ 'ਜ਼ਿੰਦਗੀ ਬਿਲਾਸ' ਵਿਚ ਸਾਧੂ ਦਇਆ ਸਿੰਘ ਆਰਿਫ਼ ਦਾ ਛੰਦ ਹੈ- 'ਪੰਦਰਾਂ ਸਾਲ ਇਨਸਾਨ ਦੀ ਉਮਰ ਹੋਈ, ਮੁੱਛਾਂ ਫੁੱਟੀਆਂ ਰੂਪ ਨੇ ਚਮਕ ਮਾਰੀ' ਪਰ ਇਸ ਅਖ਼ਬਾਰ ਬਾਰੇ ਜੇ ਨਿਰਪੱਖ ਹੋ ਕੇ ਕਹਿਣਾ ਹੋਵੇ ਤਾਂ ਕਹਿ ਸਕਦੇ ਹਾਂ ਕਿ ਇੰਨੀ ਉਮਰ ਵਿਚ ਪੰਜਾਬੀ ਪੱਤਰਕਾਰੀ ਨੂੰ, ਖਾਸ ਤੌਰ 'ਤੇ ਵਿਦੇਸ਼ਾਂ ਵਿਚ ਤੇ ਸਾਹਿਤਕ ਪੱਖ ਤੋਂ ਸਮੁੱਚੇ ਵਿਸ਼ਵ ਵਿਚ ਵਸਦੇ ਪੰਜਾਬੀਆਂ ਦੇ ਸਾਹਾਂ ਵਿਚ ਇਹ 'ਤੂੰ ਮੇਰੀ ਮੈਂ ਤੇਰਾ' ਵਾਂਗ ਇਕ-ਮਿਕ ਹੋ ਗਿਆ ਹੈ। ਇਨ੍ਹਾਂ ਵਰ੍ਹਿਆਂ ਦੌਰਾਨ ਪੱਤਰਕਾਰੀ ਤੇ ਪ੍ਰਿੰਟ ਮੀਡੀਆ ਦੀ ਮਾਣ-ਮਰਿਆਦਾ ਨੂੰ ਕਾਇਮ ਰੱਖਣ ਵਿਚ 'ਪੰਜਾਬ ਟਾਈਮਜ਼' ਦੇ ਸੰਪਾਦਕ ਅਮੋਲਕ ਸਿੰਘ ਜੰਮੂ ਨੂੰ ਔਕੜਾਂ ਤੇ ਢਿਡ-ਅੜਿੱਕਿਆਂ ਨਾਲ ਅਨੇਕਾਂ ਵਾਰੀ ਹੱਥੋ-ਪਾਈ ਹੋਣਾ ਪਿਆ ਹੈ।

ਅੱਜ ਦੋਖੀ ਵੀ ਮੰਨਦੇ ਹਨ ਕਿ ਉਤਰੀ ਅਮਰੀਕਾ ਦਾ ਇਹ ਅਖ਼ਬਾਰ ਨਾ ਸਿਰਫ਼ ਕੌਮੀ ਪੱਧਰ 'ਤੇ ਨੰਬਰ ਇਕ ਸਥਾਨ ਹਾਸਲ ਕਰ ਗਿਆ ਹੈ। ਇਹ ਕਹਿਣਾ ਵੀ ਕੁਥਾਂ ਨਹੀਂ ਹੋਵੇਗਾ ਕਿ ਪਰਵਾਸ ਦਾ ਜਦੋਂ ਕਿਤੇ ਜ਼ਿਕਰ ਹੋਵੇਗਾ ਤਾਂ 'ਪੰਜਾਬ ਟਾਈਮਜ਼' ਤੇ ਅਮੋਲਕ ਸਿੰਘ ਦੇ ਜਗਾਏ ਆਸ ਦੇ ਦੀਵੇ ਆਪਣੀ ਪੂਰੀ ਰੌਸ਼ਨੀ ਦਿੰਦੇ ਰਹਿਣਗੇ। 28 ਮਾਰਚ ਦੀ ਰੰਗੀਨ ਰਾਤ ਨੂੰ ਸ਼ਗਨਾਂ ਦੀਆਂ ਜਿਹੜੀਆਂ ਮੋਮਬੱਤੀਆਂ ਜਗੀਆਂ, ਜਸ਼ਨਾਂ ਦੇ ਜਿਹੜੇ ਲਾਟੂ ਬਲੇ ਤੇ ਅਮੋਲਕ ਸਿੰਘ ਨਾਲ ਜਿਹੜੀਆਂ ਮੁਹੱਬਤਾਂ ਦੀਆਂ ਗਲਵੱਕੜੀਆਂ ਪਈਆਂ, ਉਹਦੇ ਕੁਝ ਸਵਿੱਚ 'ਆਨ-ਆਫ਼' ਕਰਦੇ ਹਾਂ:

ਠੁਰ-ਠੁਰ ਕਰਦੀ ਰਾਤ ਵੱਡੀ ਗਿਣਤੀ ਵਿਚ ਆਏ ਹਿਤੈਸ਼ੀਆਂ ਦੀ ਹਾਜ਼ਰੀ ਬਾਰੇ ਕਿਹਾ ਜਾ ਸਕਦਾ ਸੀ ਕਿ ਗੁਲਕੰਦ ਹੋਰ ਮਿੱਠਾ ਹੋ ਗਿਆ ਹੈ। ਸੁਖਪਾਲ ਗਿੱਲ ਤੇ ਲਖਵਿੰਦਰ ਮਾਵੀ ਦੇ ਗੀਤਾਂ ਤੋਂ ਬਾਅਦ ਕਰੀਬ ਅੱਧਾ ਘੰਟਾ ਬੁਲਾਰਿਆਂ ਲਈ ਰੱਖਿਆ ਗਿਆ ਸੀ, ਪਰ 'ਜਲ ਉਤੇ ਫੁੱਲ' ਸਵਾ ਘੰਟੇ ਤੱਕ ਤਰਦਾ ਰਿਹਾ। ਲਗਦਾ ਸੀ, ਨੱਬੇ ਫੀਸਦੀ ਕੰਨ ਗੱਲਾਂ ਕਰਨ ਵੱਲ ਨਹੀਂ, ਗੱਲਾਂ ਸੁਣਨ ਵੱਲ ਲੱਗੇ ਹੋਏ ਹਨ। ਊਂ ਪੈਗ-ਸ਼ੈਗ ਵਾਲਿਆਂ ਨੇ ਆਪਣਾ ਸੁਆਦ ਲੈਣਾ ਹੀ ਹੁੰਦਾ ਹੈ...ਕਈ ਵਾਰ ਸਵਾਲ ਉਠਦਾ ਤਾਂ ਇਹ ਕੱਚੀ ਉਮਰ ਵਿਚ ਹੁੰਦੈ, ਪਰ ਮੈਂ ਇਸ ਦੀ ਵਿਆਖਿਆ ਇਸ ਸ਼ਗਨਾਂ ਵਾਲੀ ਸੰਗੀਤਕ ਸ਼ਾਮ ਨੂੰ ਹੁੰਦੀ ਵੇਖੀ ਜਦੋਂ ਹਰ ਵੱਡਾ ਛੋਟਾ, ਅਮਲੋਕ ਸਿੰਘ ਨਾਲ ਫੋਟੋਆਂ ਖਿਚਾ ਕੇ ਦੱਸ ਰਿਹਾ ਸੀ ਕਿ 'ਹੁਣ ਤਾਂ ਨ੍ਹੀਂ ਪੁੱਛਣ ਦੀ ਲੋੜ ਨਹੀਂ ਕਿ ਪਿਆਰ ਕਿੰਨਾ ਕੁ ਹੈ?'

ਅਮੋਲਕ ਸਿੰਘ ਜੰਮੂ ਦੇ ਉਸਤਾਦ ਪ੍ਰੋ. ਬਰਜਿੰਦਰ ਸਿੰਘ ਸਿੱਧੂ ਨੇ ਅਖ਼ਬਾਰ ਦੀਆਂ ਪ੍ਰਾਪਤੀਆਂ ਤੇ ਉਹਦੇ ਸਿਰੜ ਅੱਗੇ ਸ਼ਬਦਾਂ ਦਾ ਚੜ੍ਹਾਵਾ ਚੜ੍ਹਾਇਆ। ਇੰਡੀਅਨਐਪੋਲਿਸ ਤੋਂ ਪਹੁੰਚੇ ਪ੍ਰਿੰਸੀਪਲ ਨਿਰੰਜਣ ਸਿੰਘ ਢੇਸੀ ਨੇ ਅਖ਼ਬਾਰ ਨੂੰ ਬੌਧਿਕਤਾ ਤੇ ਗਿਆਨ ਦਾ ਭੰਡਾਰ ਕਿਹਾ। ਡਾ. ਹਰਗੁਰਮੁੱਖਪਾਲ ਸਿੰਘ ਨੇ ਸੰਖੇਪ ਗੱਲ ਕੀਤੀ ਪਰ ਅੰਦਾਜ਼ ਦੀਆਂ ਕਿਆ ਬਾਤਾਂ ਸਨ, ਜਿਵੇਂ ਬੀਨ ਘੱਟ ਵੱਜੀ ਹੋਵੇ, ਸੱਪ ਵੱਧ ਮੇਲ੍ਹਿਆ ਹੋਵੇ। ਸੁਰਿੰਦਰ ਸੋਹਲ, ਮਾਸਟਰ ਜਸਵੰਤ ਸਿੰਘ ਘਰਿੰਡਾ, ਡਾ. ਰਛਪਾਲ ਸਿੰਘ ਬਾਜਵਾ, ਗੁਰਦਿਆਲ ਸਿੰਘ ਬਸਰਾਨ, ਹਰਦਿਆਲ ਸਿੰਘ ਦਿਓਲ, ਬੀਬੀ ਜਸਵੀਰ ਕੌਰ ਸਲੂਜਾ ਅਤੇ ਇਕਬਾਲ ਸਿੰਘ ਜੱਬੋਵਾਲੀਏ ਦੇ ਸ਼ਬਦਾਂ ਦੀ ਗੱਠ ਪੱਤਰਕਾਰੀ ਦੀ ਨਾਨਕੇ ਸ਼ੱਕ ਵਰਗੀ ਸੀ।

ਕੈਲੀਫੋਰਨੀਆ ਤੋਂ ਰੀੜ੍ਹ ਦੀ ਹੱਡੀ ਵਰਗਾ ਰੋਲ ਅਦਾ ਕਰਨ ਵਾਲੇ ਤੇ 'ਪੰਜਾਬ ਟਾਈਮਜ਼' ਦੇ ਪਰਿਵਾਰਕ ਮੈਂਬਰਾਂ ਵਾਂਗ ਮਿੱਠੀ ਧੁਨ ਰਹੇ ਜੱਸੀ ਗਿੱਲ ਵੱਲੋਂ ਅਮੋਲਕ ਸਿੰਘ ਨੂੰ ਗੋਲਡ ਮੈਡਲ ਪ੍ਰਦਾਨ ਕਰਨਾ ਯਕੀਨ ਬੰਨ੍ਹਾ ਗਿਆ ਕਿ ਅਮੋਲਕ ਸਿੰਘ ਆਪਣੇ ਮਿਸ਼ਨ ਦੇ ਸਿਹਤਮੰਦ ਮੁਕਾਬਲਿਆਂ ਵਿਚ ਵਾਕਿਆ ਹੀ ਰੁਸਤਮ ਹੈ, ਕਿਉਂਕਿ 'ਪੰਜਾਬ ਟਾਈਮਜ਼' ਉਹ ਉਨ੍ਹਾਂ ਘਰਾਂ ਵਿਚ ਵੀ ਪਹੁੰਚਾਉਣ ਵਿਚ ਸਫ਼ਲ ਹੈ ਜਿਨ੍ਹਾਂ ਦੇ ਬੂਹੇ ਪੰਜਾਬੀ ਲਈ ਲਗਭਗ ਬੰਦ ਹੁੰਦੇ ਜਾ ਰਹੇ ਹਨ। ਡਿਟਰਾਇਟ ਤੋਂ ਦਰਸ਼ਨ ਸਿੰਘ ਗਰਵੇਾਲ ਵੀ ਪਰਿਵਾਰ ਸਮੇਤ ਹਾਜ਼ਰ ਸਨ ਤੇ ਇਸ ਵਾਰ ਦੇ ਮੁੱਖ ਮਹਿਮਾਨ ਡਾ. ਭੁਪਿੰਦਰ ਸਿੰਘ ਸੈਣੀ ਦੇ ਇਸ ਜੈਕਾਰੇ ਕਿ 'ਨਾਅਰਾ ਹੁਣ ਉਹ ਸਾਹ ਆਉਣ ਤੱਕ 'ਪੰਜਾਬ ਟਾਈਮਜ਼' ਦੇ ਹੱਕ ਵਿਚ ਲਾਉਂਦਾ ਰਹੇਗਾ', ਨਾਲ ਲੱਗਾ ਕਿ ਚੌਮੁਖੀਏ ਦੀਵੇ ਵਿਚ ਤੇਲ ਭਰ-ਭਰ ਪੈਂਦਾ ਰਹੇਗਾ। ਹਾਂ, ਜਿਸ ਦੀ ਸਭ ਤੋਂ ਵੱਧ ਦਾਦ ਦਿੱਤੀ ਗਈ, ਉਹ ਸੀ ਇਕ ਲਾਇਲਾਜ ਰੋਗ ਦੇ ਸ਼ਿਕਾਰ ਅਮੋਲਕ ਸਿੰਘ ਜੰਮੂ ਦੀ ਜੀਅ-ਜਾਨ ਨਾਲ ਸੇਵਾ, ਤੇ ਉਹ ਵੀ ਰੱਜ ਕੇ ਕਰਨ ਵਾਲੀ ਉਸ ਦੀ ਪਤਨੀ ਜਸਪ੍ਰੀਤ ਕੌਰ ਦੀ। ਅਜਿਹਾ ਸਿਦਕ, ਸਿਰੜਾਂ ਨਾਲ ਹੀ ਵੱਡਾ ਹੁੰਦਾ ਹੈ।



*ਪੰਜਾਬ ਟਾਈਮਜ਼ ਦੇ ਸੰਪਾਦਕ ਅਮੋਲਕ ਸਿੰਘ ਜੰਮੂ ਦਾ ਗੋਲਡ ਮੈਡਲ ਨਾਲ ਸਨਮਾਨ ਕਰਦੇ ਹੋਏ ਜੱਸੀ ਗਿੱਲ*

ਪੀਣ ਵਾਲੇ ਪੀਵੀ ਗਏ, ਖਾਣ ਵਾਲੇ ਖਾਈ ਗਏ, ਗੱਲਾਂ ਕਰਨ ਵਾਲੇ ਹਟੇ ਈ ਨਹੀਂ...ਸ਼ਿਵ ਕੁਮਾਰ ਬਟਾਲਵੀ ਦੀ ਧੀ ਪੂਜਾ ਦੀ ਹਾਜ਼ਰੀ, ਫਿਰ ਚਹੇਤਿਆਂ ਵੱਲੋਂ ਉਹਦੇ ਨਾਲ ਫੋਟੋਆਂ ਖਿਚਵਾਉਣ ਵਿਚ ਵੀ ਬਦਲੀ। ਨੱਚਣ ਵਾਲਿਆਂ ਤੋਂ ਹਟ ਵੀ ਕਿਥੇ ਹੁੰਦਾ? ਬਿਨਾਂ ਸ਼ੱਕ ਗਾਇਕ ਜੀਤੇ ਗਿੱਲ ਨੂੰ ਜਿੰਨੇ ਮਾਣ ਨਾਲ ਨਾਈਟ ਦੀ ਰੂਹੇ-ਰਵਾਂ ਡਾ. ਹਰਜਿੰਦਰ ਸਿੰਘ ਖਹਿਰਾ ਤੇ ਗੁਰਮੁੱਖ ਸਿੰਘ ਭੁੱਲਰ ਨੇ ਬੁਲਾਇਆ ਸੱਚੀਂ, ਮੈਨੂੰ ਇਹ ਕਹਿਣ ਵਿਚ ਸੰਕੋਚ ਨਹੀਂ ਕਿ ਉਸ ਨੂੰ ਬੂਰ ਪਿਆ ਤੇ ਜਿਹੜਾ ਰੰਗ ਇਹ ਮੁੰਡਾ ਆਪਣੀ ਆਵਾਜ਼ ਨਾਲ ਛੱਡ ਕੇ ਗਿਆ ਹੈ, ਉਹਦੇ ਨਾਲ ਮੇਰੇ ਵਰਗੇ ਵੀ ਕਈ ਉਹਦੇ ਪ੍ਰਸ਼ੰਸਕ ਬਣ ਗਏ ਹਨ।


ਜੀਤੇ ਨੇ ਚਮਕੀਲਾ ਵੀ ਸੁਣਾਇਆ, ਦੀਦਾਰ ਸੰਧੂ ਵੀ ਤੇ ਆਪਣਾ ਉਸਤਾਦ ਕੁਲਦੀਪ ਮਾਣਕ ਵੀ। ਗਿੱਲ ਤੇ ਮਾਵੀ ਨਾਲ ਰਲ ਕੇ ਬੋਲੀਆਂ ਵੀ ਪਾਈਆਂ...ਫਿਰ ਨੱਚਣ ਵਾਲਿਆਂ ਦੀ ਅੱਡੀ ਵੀ ਨਹੀਂ ਰਹੀ, ਤੇ ਸੰਗੀਤਕ ਰਾਤ ਧੂਤਕੜੇ ਵਿਚ ਵੀ ਬਦਲੀ, ਤੇ ਜੱਸੀ ਗਿੱਲ ਦੀ ਸਮਾਪਤੀ ਵਾਲੀ ਤਕਰੀਰ ਕਿ 'ਜਦ ਤੱਕ ਮੇਰੇ ਘਰ ਦਾ ਚੁੱਲ੍ਹਾ ਬਲਦਾ ਹੈ, ਮੈਂ ਹਰ ਤਰ੍ਹਾਂ 'ਪੰਜਾਬ ਟਾਈਮਜ਼' ਤੇ ਅਮਲੋਕ ਸਿੰਘ ਦੇ ਪਰਿਵਾਰ ਨਾਲ ਰਹਾਂਗਾ', ਸਾਰਿਆਂ ਨੂੰ ਭਾਵੁਕ ਕਰ ਗਿਆ।

...ਇੰਨੀ ਵਾਰ ਘੜੀ ਨੇ ਟਿਕ-ਟਿਕ ਨਹੀਂ ਕੀਤੀ, ਜਿੰਨੀ ਵਾਰ ਕੈਮਰਿਆਂ ਨੇ ਕਲਿਕ-ਕਲਿਕ ਕੀਤੀ ਹੋਵੇਗੀ!

ਦੋ ਪੈਰ ਹੋਰ ਤੁਰਨ ਲਈ ਮੈਂ ਵੀ ਸ਼ਿਕਾਗੋ ਵਾਸੀਆਂ, 'ਪੰਜਾਬ ਟਾਈਮਜ਼' ਦੇ ਲੇਖਕਾਂ, ਕਾਲਮਨਵੀਸਾਂ, ਹਿਤੈਸ਼ੀਆਂ, ਸਪਾਂਸਰਾਂ, ਅਮੋਲਕ ਸਿੰਘ ਜੰਮੂ, ਕੁਲਜੀਤ ਸਿੰਘ ਤੇ ਹੋਰ ਸਟਾਫ ਮੈਂਬਰਾਂ ਸਮੇਤ ਅਖ਼ਬਾਰ ਦੇ ਸਮੁੱਚੇ ਪਰਿਵਾਰ ਨੂੰ ਸਿਜਦਾ ਕਰਦਾ ਹਾਂ।

# ਪੰਜਾਬ ਟਾਈਮਜ਼ ਨਾਈਟ-2015: ਤਸਵੀਰਾਂ ਦੀ ਜ਼ੁਬਾਨੀ























# ਪੰਜਾਬ ਟਾਈਮਜ਼ ਨਾਈਟ-2015: ਤਸਵੀਰਾਂ ਦੀ ਜ਼ੁਬਾਨੀ


























# ਇੰਡੋ ਅਮੈਰੀਕਨ ਹੈਰੀਟੇਜ ਫੋਰਮ ਦੇ ਮੇਲੇ 'ਚ ਗਦਰੀ ਬਾਬਿਆਂ ਨੂੰ ਸ਼ਰਧਾਂਜਲੀ

## ਪੰਜਾਬ ਦੇ ਵਿਗੜੇ ਤਾਣੇ-ਬਾਣੇ ਨੂੰ ਸੁਲਝਾਉਣ ਲਈ ਪਰਵਾਸੀ ਪੰਜਾਬੀਆਂ ਦੀ ਮਦਦ ਦੀ ਲੋੜ: ਪਨੂੰ

**ਫਰਿਜ਼ਨੋ (ਬਿਊਰੋ):** "ਪੰਜਾਬ ਨੂੰ ਅੱਜ ਪਰਵਾਸੀ ਪੰਜਾਬੀਆਂ ਦੀ ਮਦਦ ਦੀ ਲੋੜ ਹੈ ਕਿਉਂਕਿ ਉਥੋਂ ਦਾ ਸਮਾਜਕ, ਆਰਥਕ ਤੇ ਰਾਜਨੀਤਕ ਤਾਣਾ-ਬਾਣਾ ਵਿਗੜਿਆ ਹੋਇਆ ਹੈ, ਉਥੋਂ ਦੀ ਮਿੱਟੀ-ਪਾਣੀ ਤੋਂ ਲੈ ਕੇ ਜਵਾਨੀ ਤੱਕ, ਸਾਰਾ ਕੁਝ ਤਬਾਹੀ ਦੇ ਕੰਢੇ 'ਤੇ ਹੈ।" ਇਹ ਵਿਚਾਰ ਸਥਾਨਕ ਸੰਸਥਾ ਇੰਡੋ ਅਮੈਰੀਕਨ ਹੈਰੀਟੇਜ ਫੋਰਮ ਵਲੋਂ ਕਰਵਾਏ ਗਏ 15ਵੇਂ ਗਦਰੀ ਬਾਬਿਆਂ ਦੇ ਮੇਲੇ ਵਿਚ ਬੋਲਦਿਆਂ ਮੁਖ ਮਹਿਮਾਨ ਪ੍ਰਸਿੱਧ ਪੱਤਰਕਾਰ ਅਤੇ ਕਾਲਮਨਵੀਸ ਸ੍ਰੀ ਜਤਿੰਦਰ ਪਨੂੰ ਨੇ ਪ੍ਰਗਟਾਏ।

ਸ੍ਰੀ ਪਨੂੰ ਨੇ ਆਪਣੇ 35 ਮਿੰਟ ਦੇ ਭਾਸ਼ਨ ਵਿਚ ਕਈ ਸੰਜੀਦਾ ਮਸਲੇ ਛੋਹੇ ਅਤੇ ਪੰਜਾਬ ਨੂੰ ਦਰਪੇਸ਼ ਮਸਲਿਆਂ 'ਤੇ ਆਪਣੇ ਵੱਖਰੇ, ਬੇਬਾਕ ਤੇ ਰੌਚਕ ਅੰਦਾਜ਼ ਵਿਚ ਟਿੱਪਣੀਆਂ ਕੀਤੀਆਂ। ਉਨ੍ਹਾਂ ਨੇ ਪਰਵਾਸੀ ਭਾਈਚਾਰੇ ਨੂੰ ਅਪੀਲ ਕੀਤੀ ਕਿ ਉਨ੍ਹਾਂ ਨੇ ਜਿਸ ਤਰ੍ਹਾਂ ਬਾਹਰਲੇ ਮੁਲਕਾਂ ਵਿਚ ਥਾਂ-ਥਾਂ ਨਿਕੇ ਪੰਜਾਬ ਵਸਾ ਲਏ ਹਨ, ਉਸੇ ਤਰ੍ਹਾਂ ਆਪਣੇ ਆਪਣੇ ਪਿੰਡਾਂ ਵਿਚ ਨਿੱਕੇ-ਨਿੱਕੇ ਅਮਰੀਕਾ/ਕੈਨੇਡਾ ਵੀ ਬਣਾਉਣ ਤਾਂ ਜੋ ਪੰਜਾਬ



ਮੁੜ ਖੁਸ਼ਹਾਲੀ ਦੇ ਰਾਹ ਪੈ ਸਕੇ। ਉਨ੍ਹਾਂ ਪੱਛਮੀ ਸੱਭਿਆਚਾਰ ਦੀਆਂ ਅਗਾਂਹਵਧੂ ਚੀਜ਼ਾਂ ਨੂੰ ਅਪਨਾਉਣ ਦੀ ਸਲਾਹ ਵੀ ਦਿੱਤੀ। ਉਨ੍ਹਾਂ ਕਿਹਾ ਕਿ ਸਾਨੂੰ ਆਪਣੇ ਸ਼ਹੀਦਾਂ ਅਤੇ ਇਤਿਹਾਸਕ/ਸਭਿਆਚਾਰਕ ਵਿਰਸੇ ਦੀਆਂ ਗੱਲਾਂ ਬੱਚਿਆਂ ਨੂੰ ਦੱਸਦੇ ਰਹਿਣਾ ਚਾਹੀਦਾ ਹੈ। ਉਨ੍ਹਾਂ ਨੇ ਅਗਲੀ ਪੀੜ੍ਹੀ ਨੂੰ ਅਮਰੀਕਾ ਦੀ ਮੁਖ ਧਾਰਾ ਨਾਲ ਜੋੜ ਕੇ ਰੱਖਣ ਦੀ ਲੋੜ 'ਤੇ ਵੀ ਜੋਰ ਦਿਤਾ।


ਸ੍ਰੀ ਪਨੂੰ ਨੇ ਗੁਰਬਾਣੀ ਦੀ ਤੁਕ 'ਬਾਬਾਣੀਆ ਕਹਾਣੀਆ ਪੁੱਤ ਸਪੁੱਤ ਕਰੇਨਿ' ਦੇ ਹਵਾਲੇ ਨਾਲ
















ਇੰਡੋ ਅਮੈਰੀਕਨ ਹੈਰੀਟੇਜ ਫੋਰਮ ਨੂੰ ਵਧਾਈ ਦਿੰਦਿਆਂ ਕਿਹਾ ਕਿ ਅਮਰੀਕਾ ਦੀ ਧਰਤੀ 'ਤੇ ਗਦਰੀ ਬਾਬਿਆਂ ਦੇ ਮੇਲਿਆਂ ਰਾਹੀਂ ਗਦਰੀ ਬਾਬਿਆਂ ਦੇ ਸੰਦੇਸ਼ ਨੂੰ ਫੈਲਾ ਕੇ ਉਹ ਵਾਕਿਆ ਹੀ ਸਪੂਤਾਂ ਵਾਲਾ ਕੰਮ ਕਰ ਰਹੇ ਹਨ। ਭਾਰਤੀ ਲੋਕਾਂ ਅਤੇ ਸਰਕਾਰਾਂ 'ਤੇ ਗਿਲਾ ਕਰਦਿਆਂ ਉਨ੍ਹਾਂ ਕਿਹਾ ਕਿ ਸਮੁੱਚੇ ਦੇਸ਼ ਲਈ ਬਿਨਾਂ ਕਿਸੇ ਲੋਭ-ਲਾਲਚ ਦੇ ਕੁਰਬਾਨੀਆਂ ਕਰਨ ਵਾਲੇ ਸ਼ਹੀਦਾਂ ਨੂੰ ਹੀ ਵਰਗੀਕ੍ਰਿਤ ਕਰਕੇ ਵੰਡ ਦਿੱਤਾ ਗਿਆ ਹੈ। ਸ੍ਰੀ ਪਨੂੰ ਨੇ ਆਪਣੇ ਸਮਾਜ ਅਤੇ ਮੁਲਕ ਦੀ ਚੜ੍ਹਦੀ ਕਲਾ ਵਿਚ ਯੋਗਦਾਨ ਪਾਉਣ ਲਈ ਸਭਨਾਂ ਨੂੰ ਗਦਰੀ ਬਾਬਿਆਂ ਦੀ ਸਹੁੰ ਖਾਣ ਲਈ ਵੀ ਪ੍ਰੇਰਿਤ ਕੀਤਾ।

ਸਥਾਨਕ ਰੀਜੈਂਸੀ ਪੈਲੇਸ ਵਿਚ ਹੋਇਆ ਇਹ ਮੇਲਾ ਸਾਹਿਤਕ, ਸਭਿਆਚਾਰਕ ਅਤੇ ਕਲਾ ਖੇਤਰ ਦੇ ਨਾਲ ਨਾਲ ਸਮਾਜਕ ਸਰੋਕਾਰਾਂ ਲਈ ਇਕ ਅਦੁੱਤੀ ਮੰਚ ਹੋ ਨਿਬੜਿਆ ਜਿਸ ਦਾ ਅਨੰਦ ਖਚਾ-ਖਚ ਭਰੇ ਹਾਲ ਵਿਚ ਲੋਕਾਂ ਨੇ ਕਈ ਘੰਟੇ ਮਾਣਿਆ। ਮੇਲਾ ਗਦਰ ਲਹਿਰ ਦੇ ਸ਼ਹੀਦਾਂ-ਮੇਵਾ ਸਿੰਘ ਲੋਪੋਕੇ, ਸਰਦਾਰ ਕਰਤਾਰ ਸਿੰਘ ਸਰਾਭਾ, ਵਿਸ਼ਨੂੰ ਗਣੇਸ਼ ਪਿੰਗਲੇ, ਸਰੈਣ ਸਿੰਘ ਵੱਡਾ, ਸਰੈਣ ਸਿੰਘ ਛੋਟਾ, ਜਗਤ ਸਿੰਘ, ਹਰਨਾਮ ਸਿੰਘ ਅਤੇ ਬਖਸ਼ੀਸ਼ ਸਿੰਘ ਗਿੱਲਵਾਲੀ ਦੀ ਸ਼ਹਾਦਤ ਦੀ ਸ਼ਤਾਬਦੀ ਨੂੰ ਸਮਰਪਿਤ ਸੀ।

ਮੇਲੇ ਵਿਚ ਸੈਨ ਫਰਾਂਸਿਸਕੋ ਵਿਚ ਭਾਰਤੀ ਕੌਂਸਲਖਾਨੇ ਤੋਂ ਕੌਂਸਲ ਸ੍ਰੀ ਡੈਬਾਬਰਾਟਾ ਚਟੋਪਾਧਿਆਏ ਪਰਿਵਾਰ ਸਮੇਤ ਪਹੁੰਚੇ ਅਤੇ ਦੇਸ਼ ਦੀ ਆਜ਼ਾਦੀ ਦੇ ਸ਼ਹੀਦਾਂ ਨੂੰ ਸਲਾਮ ਕਰਦਿਆਂ ਭਰੋਸਾ ਦਿਵਾਇਆ ਕਿ ਭਾਰਤੀ ਸਫਾਰਤਖਾਨਾ ਅਗੇ ਤੋਂ ਵੀ ਅਜਿਹੇ ਉਪਰਾਲਿਆਂ ਦਾ ਸਮਰਥਨ ਕਰਦਾ ਰਹੇਗਾ।

ਸਮਾਗਮ ਦੀ ਸ਼ੁਰੂਆਤ ਫੋਰਮ ਦੇ ਪ੍ਰਧਾਨ ਗੁਰਦੀਪ ਸਿੰਘ ਗਿੱਲ ਨੇ ਆਏ ਹੋਏ ਮਹਿਮਾਨਾਂ ਅਤੇ ਦਰਸ਼ਕਾਂ ਨੂੰ ਜੀ ਆਇਆਂ ਆਖਦਿਆਂ ਕੀਤੀ ਜਿਸ ਉਪਰੰਤ ਲਾਲ ਚੰਦ ਯਮਲਾ ਜੱਟ ਦੇ ਸ਼ਾਗਿਰਦ ਰਾਜ ਬਰਾੜ ਨੇ ਸ਼ਹੀਦਾਂ ਨੂੰ ਸਜਦਾ ਕਰਦਿਆਂ ਦੇਸ਼ ਭਗਤੀ ਦੇ ਗੀਤ ਗਾ ਕੇ ਮਾਹੌਲ ਬੰਨ੍ਹਿਆ।

ਫੋਰਮ ਦੇ ਸਰਪ੍ਰਸਤ ਸ. ਗੁਰਦੀਪ ਸਿੰਘ ਅਣਖੀ ਨੇ ਮੇਲੇ ਵਿਚ ਪਹੁੰਚੇ ਲੋਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਾਨੂੰ ਗਦਰੀ ਬਾਬਿਆਂ ਦੇ ਫਲਸਫੇ ਤੋਂ ਜੀਵਨ ਸੇਧ ਲੈਣੀ ਚਾਹੀਦੀ ਹੈ। ਨਾਮਧਾਰੀ ਸੰਗਤ ਲਾਸ ਏਂਜਲਸ ਤੋਂ ਸ. ਪ੍ਰੀਤਮ ਸਿੰਘ ਅਤੇ ਬਚਿੱਤਰ ਸਿੰਘ ਨੇ ਵੀ ਆਪੋ-ਆਪਣੇ ਵਿਚਾਰ ਸਾਂਝੇ ਕੀਤੇ।



ਮੇਲੇ ਦੇ ਸਭਿਆਚਾਰਕ ਹਿੱਸੇ ਵਿਚ 'ਹੇਅਰ ਮੀਡੀਆ', 'ਜੀ ਐਚ ਜੀ ਡਾਂਸ ਐਂਡ ਸੰਗੀਤ ਅਕੈਡਮੀ' ਅਤੇ 'ਰੂਹ ਪੰਜਾਬ ਦੀ' ਸੰਸਥਾਵਾਂ ਦੀਆਂ ਟੀਮਾਂ ਦੇ 50 ਦੇ ਕਰੀਬ ਬੱਚਿਆਂ ਨੇ ਗਿੱਧੇ-ਭੰਗੜੇ, ਗੀਤ, ਕਵਿਤਾਵਾਂ ਅਤੇ ਸਕਿਟਾਂ ਦੇ ਰੂਪ ਆਪਣੀ ਦਿਲ ਖਿੱਚਵੀਂ ਪੇਸ਼ਕਾਰੀ ਕੀਤੀ।

ਕੈਲੀਫੋਰਨੀਆ ਸੰਗੀਤ ਗਰੁਪ ਦੇ ਗਾਇਕ ਤਰਲੋਕ ਸਿੰਘ, ਅਨੂਪ ਚੀਮਾ, ਅਮਰਜੀਤ ਦੂਲੇ ਅਤੇ ਜਗਦੇਵ ਸਿੰਘ ਤੋਂ ਇਲਾਵਾ ਜੀਤਾ ਗਿੱਲ, ਧਰਮਵੀਰ ਥਾਂਦੀ, ਰਾਜ ਬਰਾੜ ਅਤੇ ਤਨਵੀਰ ਅਖਤਰ ਨੇ ਸੰਗੀਤਕ ਮਾਹੌਲ ਸਿਰਜਿਆ।

ਗਦਰੀ ਬਾਬਿਆਂ ਤੇ ਹੋਰ ਦੇਸ਼ ਭਗਤਾਂ ਦੀਆਂ ਤਸਵੀਰਾਂ ਦੀ ਪ੍ਰਦਰਸ਼ਨੀ ਵੀ ਇਸ ਮੇਲੇ ਦਾ ਆਕਰਸ਼ਣ ਬਣੀ। ਮੇਲੇ ਵਿਚ ਇਤਿਹਾਸ ਦੇ ਮਾਹਰਾਂ ਦੇ ਲੇਖਾਂ ਅਤੇ ਕਵਿਤਾਵਾਂ ਨਾਲ ਸਜਿਆ ਧਜਿਆ ਇਕ ਸੋਵੀਨਰ ਵੀ ਰਿਲੀਜ਼ ਕੀਤਾ ਗਿਆ। ਪੜ੍ਹਾਈ ਵਿਚ ਵਧੀਆ ਗਰੇਡ ਪ੍ਰਾਪਤ ਕਰਨ ਵਾਲੇ 34 ਵਿਦਿਆਰਥੀਆਂ ਦਾ ਸੰਸਥਾ ਵਲੋਂ ਨਗਦ ਇਨਾਮ ਅਤੇ ਮੈਡਲ ਦੇ ਕੇ ਸਨਮਾਨਤ ਕੀਤਾ ਗਿਆ। ਇਸ ਤੋਂ ਇਲਾਵਾ ਬਾਬਾ ਜਵਾਲਾ ਸਿੰਘ ਠੱਠੀਆਂ ਦੀਆਂ ਹੱਥ ਲਿਖਤਾਂ 'ਤੇ ਆਧਾਰਤ ਚਰੰਜੀ ਲਾਲ ਦੀ ਲਿਖੀ ਇਕ ਕਿਤਾਬ ਅਤੇ ਡਾ. ਗੁਰੂਮੇਲ ਸਿੱਧੂ ਦੀ ਕਿਤਾਬ 'ਗਦਰ ਦਾ ਦੂਜਾ ਪੱਖ' ਲੋਕ ਅਰਪਿਤ ਕੀਤੀਆਂ ਗਈਆਂ। ਮੇਲੇ ਵਿਚ ਚਾਹ-ਪਕੌੜੇ ਅਤੇ ਲੰਗਰ ਸ਼ਾਮ ਤੱਕ ਚਲਦਾ ਰਿਹਾ। ਮੇਲੇ ਵਿਚ ਲਾਸ ਏਂਜਲਸ ਤੋਂ ਵੱਡੀ ਗਿਣਤੀ ਵਿਚ ਨਾਮਧਾਰੀ ਸੰਗਤ ਅਤੇ ਬੀਬੀਆਂ ਨੇ ਵੀ ਹਾਜ਼ਰੀ ਲੁਆਈ। ਸਟੇਜ ਦੀ ਕਾਰਵਾਈ ਆਸ਼ਾ ਸ਼ਰਮਾ, ਦਲਜੀਤ ਰਿਆੜ ਤੇ ਹਰਜਿੰਦਰ ਢੇਸੀ ਨੇ ਨਿਭਾਈ।

# ਪੱਤਰਕਾਰ ਜਤਿੰਦਰ ਪਨੂੰ ਦੇ ਮਾਣ 'ਚ ਰਾਤਰੀ ਭੋਜ



**ਫਰਿਜ਼ਨੋ (ਬਿਊਰੋ):** ਇੰਡੋ ਅਮੈਰੀਕਨ ਹੈਰੀਟੇਜ ਫੋਰਮ ਵਲੋਂ ਉਘੇ ਪੱਤਰਕਾਰ ਜਤਿੰਦਰ ਪਨੂੰ ਨੂੰ ਅਸ਼ੋਕਾ ਰੈਸਟੋਰੈਂਟ ਸੈਲਮਾ ਵਿਖੇ ਇਕ ਸਮਾਗਮ ਦੌਰਾਨ ਰਾਤਰੀ ਭੋਜ ਉਪਰੰਤ ਵਿਦਾਇਗੀ ਦਿੱਤੀ ਗਈ। ਇਸ ਮੌਕੇ ਸ੍ਰੀ ਪਨੂੰ ਨੇ ਫੋਰਮ ਦੇ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਪਰਵਾਸੀ ਪੰਜਾਬੀਆਂ ਵਲੋਂ ਪੰਜਾਬ ਦੀ ਤਰੱਕੀ ਲਈ ਪਾਏ ਯੋਗਦਾਨ ਲਈ ਭਰਪੂਰ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਇਸ ਸਮੇਂ ਬਹੁਤ ਮਾੜੇ ਦੌਰ ਵਿਚੋਂ ਗੁਜ਼ਰ ਰਿਹਾ ਹੈ ਲੇਕਿਨ ਸਾਨੂੰ ਭਲੇ ਦਿਨਾਂ ਦੇ ਪਰਤਣ ਦੀ ਆਸ ਨਹੀਂ ਛੱਡਣੀ ਚਾਹੀਦੀ। ਉਨ੍ਹਾਂ ਕਿਹਾ ਕਿ ਅੱਜ ਵੀ ਬਹੁਤ ਸਾਰੇ ਸੁਹਿਰਦ ਸੱਜਣ ਪੰਜਾਬ ਨੂੰ ਸਹੀ ਰਸਤੇ 'ਤੇ ਲਿਆਉਣ ਲਈ ਉਸਾਰੂ ਕਾਰਜ ਕਰ ਰਹੇ ਹਨ।

ਇਸ ਮੌਕੇ ਦਿੱਲੀ ਪੁਲਿਸ ਦੇ ਸਹਾਇਕ ਕਮਿਸ਼ਨਰ ਨਿਰਮਲ ਸਿੰਘ ਘੁੰਮਣ ਨੇ ਵੀ ਵਿਚਾਰ ਸਾਂਝੇ ਕਰਦਿਆਂ ਆਪਣੀ ਹੱਡ-ਬੀਤੀ ਸੁਣਾਈ ਕਿ ਕਿਵੇਂ ਉਨ੍ਹਾਂ ਭਾਰਤ ਦੀ ਪ੍ਰਧਾਨ ਮੰਤਰੀ ਸਵਰਗੀ ਇੰਦਰਾ ਗਾਂਧੀ ਦੀ ਗੱਡੀ ਦਾ ਕਨਾਟ ਪਲੇਸ ਵਿਚ ਚਲਾਨ ਕੱਟਿਆ ਸੀ। ਫੋਰਮ ਦੀ ਇਸਤਰੀ ਵਿੰਗ ਦੀ ਮੋਢੀ ਮੈਂਬਰ ਸ਼ਰਨਜੀਤ ਧਾਲੀਵਾਲ ਨੇ ਇੱਕ ਕਵਿਤਾ ਸੁਣਾਈ। ਗਾਇਕ ਰਾਜ ਬਰਾੜ ਨੇ ਵੀ ਇੱਕ ਗੀਤ ਸੁਣਾਇਆ। ਹੋਰਨਾਂ ਤੋਂ ਇਲਾਵਾ ਗੁਰਦੀਪ ਸਿੰਘ ਗਗੜਾ, ਮਹਿੰਦਰ ਸਿੰਘ ਗਰੇਵਾਲ, ਗੁਰਦੀਪ ਸਿੰਘ ਅਣਖੀ, ਸੁਰਿੰਦਰ ਮੰਢਾਲੀ, ਡਾ. ਗੁਰੂਮੇਲ ਸਿੱਧੂ, ਡਾ. ਗੁਰੀਤ ਬਰਾੜ, ਹਰਜਿੰਦਰ ਢੇਸੀ ਅਤੇ ਗੁਰਦੀਪ ਨਿੱਝਰ ਨੇ ਵੀ ਆਪਣੇ ਵਿਚਾਰ ਰੱਖੇ।

## ਭਾਰਤ ਸਮੇਤ 30 ਦੇਸ਼ਾਂ ਨੇ ਅਤਿਵਾਦ ਖਿਲਾਫ ਹੱਥ ਮਿਲਾਏ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਵਿਚ ਅਤਿਵਾਦ ਖਿਲਾਫ ਬਣਾਏ ਗਏ ਨਵੇਂ ਸੰਗਠਨ ਵਿਚ ਭਾਰਤ, ਪਾਕਿਸਤਾਨ ਤੇ ਸੰਯੁਕਤ ਰਾਸ਼ਟਰ ਦੀ ਸੁਰੱਖਿਆ ਪ੍ਰੀਸ਼ਦ ਦੇ ਪੰਜ ਸਥਾਈ ਮੈਂਬਰ ਵੀ ਉਨ੍ਹਾਂ 30 ਮੈਂਬਰਾਂ ਵਿਚ ਸ਼ਾਮਲ ਹਨ, ਜਿਨ੍ਹਾਂ ਨੇ ਅਤਿਵਾਦ ਦੇ ਖਿਲਾਫ ਹੱਥ ਮਿਲਾਏ ਹਨ।

ਇਕ ਨਿੱਜੀ ਖਬਰ ਏਜੰਸੀ ਦੀ ਰਿਪੋਰਟ ਅਨੁਸਾਰ ਮੋਰਾਕੋ ਦੀ ਪਹਿਲ 'ਤੇ 'ਅਤਿਵਾਦ ਖਿਲਾਫ ਦੋਸਤਾਂ ਦਾ ਸੰਗਠਨ' ਨੂੰ ਇਥੇ ਲਾਂਚ ਕੀਤਾ ਗਿਆ। ਇਸ ਤੋਂ ਇਲਾਵਾ ਇਸ ਸੰਗਠਨ ਵਿਚ ਮਿਸਰ, ਕੀਨੀਆ, ਸੈਨੇਗਲ, ਦੱਖਣੀ ਅਫਰੀਕਾ, ਸਪੇਨ, ਜਰਮਨੀ, ਨਾਰਵੇ, ਤੁਰਕੀ, ਚੈਕ ਗਣਰਾਜ, ਬੁਲਗਾਰੀਆ, ਜੋਰਡਨ, ਸਾਊਦੀ ਅਰਬ, ਯੂ.ਏ.ਈ., ਅਰਜਨਟੀਨਾ, ਬ੍ਰਾਜ਼ੀਲ, ਕੋਲੰਬੀਆ, ਨਿਊਜ਼ੀਲੈਂਡ ਤੇ ਆਸਟ੍ਰੇਲੀਆ ਵੀ ਸ਼ਾਮਲ ਹਨ।

# 'ਇਹ ਜਨਮ ਤੁਮਾਰੇ ਲੇਖੇ' ਫਿਲਮ ਲਈ ਰੇਸ਼ਮ ਭਰੋਲੀ ਦਾ ਸਨਮਾਨ

**ਜਰਮਨੀ (ਬਿਊਰੋ):** ਮਹਾਨ ਸਮਾਜ ਸੇਵਕ 'ਤੇ ਪਿੰਗਲਵਾੜਾ ਅੰਮ੍ਰਿਤਸਰ ਦੇ ਬਾਨੀ ਭਗਤ ਪੂਰਨ ਸਿੰਘ ਦੇ ਜੀਵਨ 'ਤੇ ਬਣੀ ਹਰਜੀਤ ਸਿੰਘ ਦੀ ਨਿਰਦੇਸ਼ਨਾ ਵਾਲੀ ਫਿਲਮ 'ਇਹ ਜਨਮ ਤੁਮਾਰੇ ਲੇਖੇ' ਦਾ ਜਰਮਨੀ ਦੇ ਸ਼ਹਿਰ ਹਮਬਰਗ ਵਿਚ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਭਰੋਲੀ ਦੇ ਜੰਮਪਲ ਰੇਸ਼ਮ ਭਰੋਲੀ ਦੇ ਯਤਨਾਂ ਨਾਲ ਉਚੇਚੇ ਤੌਰ 'ਤੇ ਥਿਏਟਰ ਵਿਚ ਮੁਫਤ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਦਾਨ ਦੇ ਰੂਪ ਵਿਚ ਇਕੱਤਰ ਕੀਤੀ ਗਈ ਮਾਇਆ ਪਿੰਗਲਵਾੜਾ ਅੰਮ੍ਰਿਤਸਰ ਨੂੰ ਭੇਜੀ ਗਈ।

ਸਮਾਜ ਪ੍ਰਤੀ ਅਜਿਹੀਆਂ ਸੇਵਾਵਾਂ ਬਦਲੇ ਬੀਤੇ ਦਿਨੀਂ ਗੁਰਦੁਆਰਾ ਸਿੰਘ ਸਭਾ ਗਾਰੰਫਵੇਗ ਦੀ ਪ੍ਰਬੰਧ ਕਮੇਟੀ ਅਤੇ ਸੰਗਤ ਵਲੋਂ ਗੁਰੂਘਰ ਦੇ ਮੁੱਖ ਸੇਵਾਦਾਰ ਦਲਵੀਰ ਸਿੰਘ ਦੀ ਅਗਵਾਈ ਵਿਚ ਰੇਸ਼ਮ ਭੋਰਲੀ ਦਾ ਸਿਰੋਪਾਓ ਨਾਲ ਮਾਣ-ਸਨਮਾਨ ਕੀਤਾ ਗਿਆ। ਜ਼ਿਕਰਯੋਗ ਹੈ ਕਿ ਪਿੰਡ ਵਿਚ ਮੁਫਤ ਅੱਖਾਂ ਦੇ ਕੈਂਪ ਲਗਾਉਣ ਵਰਗੇ ਪਰਉਪਕਾਰਾਂ ਤੋਂ ਲੈ ਕੇ ਜਰਮਨੀ ਵਿਚ ਵੱਡੇ ਵੱਡੇ ਪ੍ਰੋਗਰਾਮ ਕਰਵਾਉਣ ਲਈ ਰੇਸ਼ਮ ਭਰੋਲੀ ਮੋਹਰੀ ਰਿਹਾ ਹੈ।



ਰੇਸ਼ਮ ਭਰੋਲੀ ਦਾ ਸਨਮਾਨ ਕਰਦੇ ਹੋਏ ਗੁਰੂ ਘਰ ਦੇ ਮੁੱਖ ਸੇਵਾਦਾਰ ਦਲਵੀਰ ਸਿੰਘ

# ਇੰਡੋ ਅਮੈਰੀਕਨ ਹੈਰੀਟੇਜ ਫੋਰਮ

## '15ਵਾਂ ਮੇਲਾ ਗਦਰੀ ਬਾਬਿਆਂ ਦਾ'
## ਤਸਵੀਰਾਂ ਦੀ ਜ਼ੁਬਾਨੀ



































# ਮਰਹਲਾ ਅਫ਼ਗਾਨ



## ਲੀਨਾ ਆਲਮ ਦੱਸੇਗੀ ਅਫ਼ਗਾਨ ਔਰਤ ਦੀ ਕਹਾਣੀ

**ਕਲਾ ਪਰਿਕਰਮਾ**

*ਅਫਗਾਨਿਸਤਾਨ ਕਈ ਦਹਾਕਿਆਂ ਤੋਂ ਹਿੰਸਾ ਦੀ ਮਾਰ ਹੇਠ ਹੈ। ਪਹਿਲਾਂ ਰੂਸੀ ਅਤੇ ਫਿਰ ਅਮਰੀਕੀ ਦਖ਼ਲ ਨਾਲ ਵੀ ਇਸ ਦੇਸ਼ ਦੀ ਹੋਣੀ ਬਦਲ ਨਹੀਂ ਸਕੀ। ਆਮ ਅਫ਼ਗਾਨ ਦੁਸ਼ਵਾਰੀਆਂ ਦੀ ਚੱਕੀ ਵਿਚ ਪਿਸ ਰਿਹਾ ਹੈ। ਔਰਤ ਦੀ ਹਾਲਤ ਹੋਰ ਵੀ ਮਾੜੀ ਹੈ। ਇਸ ਸੂਰਤ-ਏ-ਹਾਲ ਉਤੇ ਤਬਸਰਾ ਲੜੀਵਾਰ 'ਸ਼ੀਰੀਂ ਦਾ ਕਾਨੂੰਨ' ਵਿਚ ਕੀਤਾ ਗਿਆ ਹੈ।*

**ਆਮਨਾ ਸਿਦੀਕੀ**

'ਸ਼ੀਰੀਂ ਦਾ ਕਾਨੂੰਨ' ਨਾਂ ਦਾ ਲੜੀਵਾਰ 36 ਸਾਲਾ ਔਰਤ ਦੀ ਕਹਾਣੀ ਹੈ ਜਿਹੜੀ ਤਿੰਨ ਬੱਚਿਆਂ ਦੀ ਮਾਂ ਹੈ ਅਤੇ ਕਾਬਲ ਦੀ ਅਦਾਲਤ ਵਿਚ ਕਲਰਕ ਹੈ। ਇਸ ਲੜੀਵਾਰ ਦੇ ਜ਼ਰੀਏ ਅਫਗਾਨਿਸਤਾਨ ਵਿਚ ਫੈਲੇ ਭ੍ਰਿਸ਼ਟਾਚਾਰ ਅਤੇ ਔਰਤਾਂ ਉਤੇ ਹੁੰਦੇ ਜ਼ੁਲਮ ਦੀ ਕਹਾਣੀ ਬਿਆਨ ਕੀਤੀ ਗਈ ਹੈ। ਆਮ ਅਫਗਾਨ ਔਰਤ ਅੱਜ ਕੱਲ੍ਹ ਘਰਾਂ ਅੰਦਰ ਹੀ ਤਾੜੀ ਹੋਈ ਹੈ ਪਰ ਇਸ ਲੜੀਵਾਰ ਦੀ ਨਾਇਕਾ ਸ਼ੀਰੀਂ ਬਾਹਰ ਵਿਚਰਦੀ ਹੈ ਅਤੇ ਮਰਦ ਪ੍ਰਧਾਨ ਸਮਾਜ ਨੂੰ ਸਿੱਧਿਆਂ ਹੋ ਕੇ ਵੰਗਾਰਦੀ ਹੈ। ਯਾਦ ਰਹੇ, ਅਫਗਾਨਿਸਤਾਨ ਵਿਚ ਤਾਲਿਬਾਨ ਦਾ ਕਬਜ਼ਾ ਹੋਣ ਤੋਂ ਬਾਅਦ ਔਰਤਾਂ ਦੀ ਹਾਲਤ ਹੋਰ ਵੀ ਨਿਘਰ ਗਈ ਸੀ। ਹੁਣ ਤਾਲਿਬਾਨ ਦਾ ਰਾਜ ਖਤਮ ਹੋਇਆਂ ਤਕਰੀਬਨ 13 ਸਾਲ ਹੋ ਗਏ ਹਨ ਅਤੇ ਹੌਲੀ-ਹੌਲੀ ਔਰਤ ਦੀ ਹਾਲਤ ਵਿਚ ਵੀ ਕੁਝ ਕੁ ਫਰਕ ਪਿਆ ਹੈ। ਇਹ ਲੜੀਵਾਰ ਇਸ ਫਰਕ ਨੂੰ ਹੀ ਦਰਸਾਉਂਦਾ ਹੈ। ਇਸ ਲੜੀਵਾਰ ਵਿਚ ਨਾਇਕਾ ਸ਼ੀਰੀਂ ਵਾਲਾ ਕਿਰਦਾਰ ਨਿਭਾਉਣ ਵਾਲੀ ਅਦਾਕਾਰਾ ਲੀਨਾ ਆਲਮ ਦਾ ਕਹਿਣਾ ਹੈ ਕਿ ਅੱਜ ਤੱਕ ਅਫਗਾਨ ਔਰਤ ਨੂੰ ਦੁਸ਼ਵਾਰੀਆਂ ਤੋਂ ਬਿਨਾਂ ਕੁਝ ਵੀ ਹਾਸਲ ਨਹੀਂ ਹੋਇਆ ਹੈ। ਚੇਤੇ ਰਹੇ, ਲੀਨਾ ਆਲਮ 1989 ਵਿਚ ਅਫਗਾਨਿਸਤਾਨ ਛੱਡ ਕੇ ਅਮਰੀਕਾ ਜਾ ਵਸੀ ਸੀ ਅਤੇ ਫਿਰ ਉਹ 2007 ਵਿਚ ਹੀ ਵਾਪਸ ਆਈ ਸੀ। ਉਸ ਨੇ ਆਪਣਾ ਫਿਲਮੀ ਕਰੀਅਰ 1998 ਵਿਚ ਸ਼ੁਰੂ ਕੀਤਾ ਸੀ। ਪਹਿਲਾਂ ਪਹਿਲ ਉਸ ਨੇ ਮਾਡਲਿੰਗ ਵੀ ਕੀਤੀ ਸੀ ਅਤੇ ਕੁਝ ਕੁ ਡਾਂਸ ਮੁਕਾਬਲਿਆਂ ਵਿਚ ਵੀ ਹਿੱਸਾ ਲਿਆ ਸੀ। ਉਹ ਕੁਝ ਸਮਾਂ ਭਾਰਤ ਵਿਚ ਵੀ ਰਹੀ ਸੀ, ਭਾਰਤ ਵਿਚ ਉਹ ਪੜ੍ਹਨ ਖਾਤਰ ਗਈ ਸੀ। ਫਿਰ ਜਦੋਂ ਉਹਨੇ ਫਿਲਮੀ ਦੁਨੀਆਂ ਵਿਚ ਦਾਖਲਾ ਲਿਆ,





*ਅਫਗਾਨ ਲੜੀਵਾਰ 'ਸ਼ੀਰੀਂ ਦਾ ਕਾਨੂੰਨ' ਦੇ ਦੋ ਦ੍ਰਿਸ਼।*

ਤਾਂ ਉਸ ਦੀ ਮੁਲਾਕਾਤ ਸਲਾਮ ਸਾਂਗੀ ਨਾਲ ਹੋਈ ਜਿਸ ਨੇ ਉਸ ਦੇ ਫਿਲਮੀ ਕਰੀਅਰ ਨੂੰ ਹੁਲਾਰਾ ਦਿੱਤਾ। ਸਲਾਮ ਨੇ ਉਸ ਦੀ ਅਦਾਕਾਰੀ ਨੂੰ ਨਿਖਾਰਨ ਵਿਚ ਬੜਾ ਵੱਡਾ ਰੋਲ ਅਦਾ ਕੀਤਾ ਹੈ। 2008 ਵਿਚ ਉਸ ਨੂੰ ਤੀਜੇ ਕੌਮਾਂਤਰੀ ਕਾਬੁਲ ਫਿਲਮ ਮੇਲੇ ਵਿਚ ਸਰਵੋਤਮ ਅਦਾਕਾਰਾ ਦਾ ਇਨਾਮ ਦਿੱਤਾ ਗਿਆ ਸੀ। ਬਾਅਦ ਵਿਚ ਉਸ ਨੂੰ ਕੁਝ ਹੋਰ ਇਨਾਮ ਸਨਮਾਨ ਵੀ ਮਿਲੇ। ਉਹ ਸਮਾਜ ਸੇਵਕਾ ਵਜੋਂ ਵੀ ਸਰਗਰਮ ਰਹਿੰਦੀ ਹੈ।

ਲੀਨਾ ਆਲਮ ਦੱਸਦੀ ਹੈ ਕਿ 'ਸ਼ੀਰੀਂ ਦਾ ਕਾਨੂੰਨ' ਵਿਚ ਅਫਗਾਨਿਸਤਾਨ ਦੀ ਨਿਆਂ ਪ੍ਰਣਾਲੀ ਬਾਰੇ ਵੀ ਖੂਬ ਖੁਲਾਸਾ ਕੀਤਾ ਗਿਆ ਹੈ। ਇਸ ਕਹਾਣੀ ਦੀ ਪਾਤਰ ਸ਼ੀਰੀਂ ਬੜੀ ਦਲੇਰ ਔਰਤ ਹੈ ਅਤੇ ਉਹ ਹਰ ਔਕੜ ਨਾਲ ਟਕਰਾਅ ਜਾਂਦੀ ਹੈ। ਉਹ ਜ਼ੋਰ ਦੇ ਕੇ ਕਹਿੰਦੀ ਹੈ ਕਿ ਹੁਣੇ ਹੀ ਵਕਤ ਹੈ ਕਿ ਸ਼ੀਰੀਂ ਵਾਂਗ ਅਫ਼ਗਾਨਿਸਤਾਨ ਦੀ ਹਰ ਔਰਤ ਅੱਗੇ ਆਵੇ ਅਤੇ ਦੁਸ਼ਵਾਰੀਆਂ ਦਾ ਹੱਲ ਖੁਦ ਕੱਢੇ। ਇਸ ਦੇ ਲਈ ਸਭ ਤੋਂ ਪਹਿਲੀ ਗੱਲ ਔਰਤਾਂ ਨੂੰ ਸਿੱਖਿਅਤ ਕਰਨਾ ਹੈ ਜਿਸ ਉਤੇ ਤਾਲਿਬਾਨ ਅਤੇ ਹੋਰ ਕੱਟੜਪੰਥੀ ਪਾਬੰਦੀ ਲਗਾਉਂਦੇ ਰਹੇ ਹਨ। ਤਾਲਿਬਾਨ ਦੇ 1996 ਤੋਂ ਲੈ ਕੇ 2001 ਤੱਕ ਦੇ ਰਾਜ ਦੌਰਾਨ ਟੈਲੀਵਿਜ਼ਨ ਉਤੇ ਵੀ ਪਾਬੰਦੀ ਲਗਾ ਦਿੱਤੀ ਗਈ ਸੀ ਪਰ ਹੁਣ ਲਗਭਗ 58 ਫੀਸਦੀ ਅਫਗਾਨ ਘਰਾਂ ਵਿਚ ਟੀ.ਵੀ. ਪੁੱਜ ਚੁੱਕਾ ਹੈ। ਟੈਲੀਵਿਜ਼ਨ ਤੋਂ ਤੁਰਕੀ ਅਤੇ ਭਾਰਤੀ ਨਾਟਕ ਆਮ ਦਿਖਾਈ ਦਿੰਦੇ ਹਨ। ਇਹ ਪਹਿਲੀ ਵਾਰ ਹੈ ਕਿ ਅਫਗਾਨਿਸਤਾਨ ਦੀ ਕਹਾਣੀ ਇਸ ਲੜੀਵਾਰ ਰਾਹੀਂ ਸੁਣਾਈ ਜਾ ਰਹੀ ਹੈ। ਫਰਾਂਸੀਸੀ ਸਮਾਜਸੇਵੀ ਏਨ ਜੈਸਿਮ ਫਲਹਰ ਜੋ ਕਾਬਲ ਵਿਚ ਇਕ ਕੰਪਨੀ ਵੀ ਚਲਾ ਰਹੀ ਹੈ, ਦਾ ਕਹਿਣਾ ਹੈ ਕਿ ਟੈਲੀਵਿਜ਼ਨ ਸਮਾਜ ਦਾ ਨਜ਼ਰੀਆ ਬਦਲਣ ਲਈ ਬਹੁਤ ਵੱਡਾ ਰੋਲ ਅਦਾ ਕਰਦਾ ਹੈ। ਟੈਲੀਵਿਜ਼ਨ ਨੇ ਜਬਰੀ ਵਿਆਹ ਅਤੇ ਔਰਤਾਂ 'ਤੇ ਹੁੰਦੀ ਘਰੇਲੂ ਹਿੰਸਾ ਦਾ ਮੁੱਦਾ ਵੱਡੇ ਪੱਧਰ 'ਤੇ ਉਭਾਰਿਆ ਹੈ। 'ਸ਼ੀਰੀਂ ਦਾ ਕਾਨੂੰਨ' ਦੀਆਂ 12 ਕਿਸ਼ਤਾਂ ਹੋਣਗੀਆਂ ਅਤੇ ਹਰ ਕਿਸ਼ਤ 45 ਮਿੰਟ ਦੀ ਹੋਵੇਗੀ।

## ਅਮਨ ਦੀ ਏਲਚੀ ਲੀਨਾ ਆਲਮ

*ਅਦਾਕਾਰਾ ਲੀਨਾ ਆਲਮ 2009 ਤੋਂ ਅਫਗਾਨਿਸਤਾਨ ਵਿਚ ਸੰਯੁਕਤ ਰਾਸ਼ਟਰ ਅਮਨ ਮਿਸ਼ਨ ਦੀ ਏਲਚੀ ਹੈ। ਇਹ ਮਿਸ਼ਨ ਮਾਰਚ 2002 ਨੂੰ ਕਾਇਮ ਹੋਇਆ ਸੀ। ਇਸ ਦਾ ਮੁੱਢਲਾ ਮਕਸਦ 2001 ਵਿਚ ਹੋਇਆ ਬੋਨ ਸਮਝੌਤਾ ਲਾਗੂ ਕਰਨ ਵਿਚ ਮਦਦ ਕਰਨਾ ਸੀ। ਲੀਨਾ ਆਲਮ ਦਾ ਆਖਣਾ ਹੈ ਕਿ ਅਮਨ ਤੋਂ ਬਿਨਾਂ ਜ਼ਿੰਦਗੀ ਨੀਰਸ ਹੈ। ਹਿੰਸਾ ਜ਼ਿੰਦਗੀ ਦੇ ਸੁਹੱਪਣ ਨੂੰ ਨਿਗਲ ਜਾਂਦੀ ਹੈ, ਇਸ ਲਈ ਹਿੰਸਾ ਦੀ ਥਾਂ ਅਮਨ ਵਾਲਾ ਰਾਹ ਹੀ ਜ਼ਿੰਦਗੀ ਦੇ ਜ਼ਾਵੀਏ ਖੋਲ੍ਹ ਸਕਦਾ ਹੈ। ਲੀਨਾ ਆਪਣੀਆਂ ਜੜ੍ਹਾਂ ਨਾਲ ਡੂੰਘੀ ਜੁੜੀ ਹੋਈ ਹੈ। ਇਸੇ ਕਰ ਕੇ ਜਿਉਂ ਹੀ ਹਾਲਾਤ ਸਾਜ਼ਗਾਰ ਹੋਏ, ਉਹ ਝੱਟ ਅਮਰੀਕਾ ਤੋਂ ਅਫਗਾਨਿਸਤਾਨ ਉਡਾਰੀ ਮਾਰ ਗਈ।*



## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 18 ਅਪਰੈਲ 2015 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-164



**ਦੌਲਾ ਸਿਹੁੰ ਤੇ ਬਚਨ ਸਿਹੁੰ ਦੀ, ਵੱਖ ਵੱਖ ਜੁੜਦੀ ਢਾਣੀ,**
**ਇਕ ਨੇ ਸੀਪ ਵਿਚ ਨਾਲ ਯੱਕੇ ਦੇ, ਚੁੱਕ ਲਈ ਵੇਖ ਲਓ ਰਾਣੀ।**
**ਬਚਨ ਸਿਹੁੰ ਹਾਲੇ ਪੀਂਹਦਾ ਪੱਤੇ, ਕੱਢ ਕੇ ਆ ਗਿਆ ਧਾਰਾਂ,**
**ਬੁੱਢੀ ਉਮਰੇ ਵੇਖ ਲਓ ਬਾਬੇ, ਲੁੱਟਦੇ ਮੌਜ-ਬਹਾਰਾਂ।**

### ਕੈਪਸ਼ਨ ਮੁਕਾਬਲਾ-162



ਢੋਲ ਵਾਲਾ ਤਾਂ ਵਧਾਈ ਲੈਣ ਲਈ
ਜੋਰ ਜੋਰ ਨਾਲ ਡੱਗਾ ਲਗਾਵੇ।
ਭੁੱਖਾ ਨੰਗਾ ਬਚਪਨ ਦੇਖੋ
ਜੂਠ ਤੇ ਕਿਵੇਂ ਨਿਗਾਹ ਟਿਕਾਵੇ।
ਸਰਬ ਸਿੱਖਿਆ ਸਭ ਨੂੰ ਭੋਜਨ
ਕਿਧਰੇ ਵੀ ਨਾ ਨਜ਼ਰੀਂ ਆਵੇ।
ਸਰਕਾਰੀ ਦਾਅਵੇ ਸਾਰੇ ਝੂਠੇ
ਇਹ ਤਸਵੀਰ ਦਿਖਾਵੇ।

*-ਜਗਮੀਤ ਸਿੰਘ ਪੰਧੇਰ*
*ਫੋਨ: 91-98783-37222*

ਕੂੜਾ ਫੋਲਦੇ ਥੱਕੇ ਆਏ ਹਾਂ
ਰੋਟੀ ਵੀ ਨਾ ਖਾਧੀ।
ਹੱਟੀ ਮੂਹਰੇ ਢੋਲ ਵੱਜਦਾ
ਕੋਈ ਕਰਦਾ ਫਿਰੇ ਮੁਨਾਦੀ।
ਸਾਡੇ ਸ਼ੋਸ਼ਣ ਲਈ ਦਿੱਲੀ ਨੇ
ਕੋਈ ਛੱਡਿਆ ਹੋਣਾ ਸ਼ੋਸ਼ਾ,
ਆਓ, 26 ਜਨਵਰੀ ਲਾਲ ਕਿਲੇ 'ਤੇ
ਨੱਚਦੀ ਤੱਕੋ ਆਜ਼ਾਦੀ।
ਜਾਹ ਭਰਾਵਾ ਭੁੱਖਿਆਂ ਢਿੱਡਾਂ ਨੂੰ
ਲਾ ਨਾ ਟੁੱਕ ਦੇ ਲਾਰੇ।
ਕੈਂਸਰ-ਪੀਲੀਏ ਨੇ ਰੋਗੀ
ਕੀਤੇ ਹੋਏ ਨੇ ਘਰ ਸਾਰੇ।
ਅੱਗੇ ਪਿੰਨ, ਕਿਤਾਬਾਂ, ਕੱਪੜੇ
ਕੰਘੀਆਂ, ਕਲਿੱਪ ਤੇ ਵੰਗਾਂ,
ਹੁਣ ਸਾਨੂੰ ਕੂੜੇ 'ਚੋਂ ਲਭਦੀਆਂ
ਸੂਈਆਂ ਅਤੇ ਸਰਿੰਜਾਂ।
'ਕੈਲ' ਛੇ ਮੌਸਮ ਤੇ ਚਾਰੇ ਰੁੱਤਾਂ
ਨੰਗੇ ਪਿੰਡੇ ਹੰਢਾਈਏ।
ਮੰਗਤੇ ਨਹੀਂ, ਮਜ਼ਦੂਰ ਸੱਚੇ ਹਾਂ
ਭਾਵੇਂ ਕੂੜਾ ਫਰੋਲਣ ਜਾਈਏ।

*-ਕਰਨੈਲ ਸਿੰਘ ਕੈਲ*
*ak47kail@gmail.com*

## ਕਾਵਿ-ਵਿਅੰਗ

### ਲੇਖਕ ਬਨਾਮ ਅਲੇਖਕ

ਕਾਗਜ਼ ਕਲਮ ਫੜ ਬਣੇ ਨੇ ਬਹੁਤ ਲੇਖਕ, ਕਿਵੇਂ ਲੇਖਕ, ਅਲੇਖਕ ਨਖੇੜੀਏ ਜੀ?
ਚੰਗੀ ਗੱਲ ਹੈ ਆਪਣੇ ਰਾਹ ਪਈਏ, ਖੱਖਰ ਭੂੰਡਾਂ ਦੀ ਕਦੇ ਨਾ ਛੇੜੀਏ ਜੀ।
ਸਾਰੀ ਜ਼ਿੰਦਗੀ ਆਦਮੀ ਸਿੱਖਦਾ ਏ, ਦਰ ਅਕਲ ਦਾ ਕਦੇ ਨਾ ਭੇੜੀਏ ਜੀ।
ਏਸ ਪੰਗੇ 'ਚੋਂ ਕੈਲਵੀ ਕੀ ਲੈਣਾ, ਟੱਟੂ ਆਪਣਾ ਸਾਹਿਤ ਵਿਚ ਰੇੜ੍ਹੀਏ ਜੀ।

*-ਜਸਵੰਤ ਸਿੰਘ ਕੈਲਵੀ*

### ਸੂਰਜ

ਜੋਰਾਵਰਾਂ ਦਾ ਕੁਰਸੀ 'ਤੇ ਹੈ ਕਬਜ਼ਾ, ਇਹਦੇ ਨਸ਼ੇ ਵਿਚ ਹੀ ਦਿਨ ਨੂੰ ਰਾਤ ਕਹਿੰਦੇ।
ਜਿਥੇ ਜੀਅ ਕਰਦਾ ਡਾਕਾ ਮਾਰ ਲੈਂਦੇ, ਲੁੱਟ-ਪੁੱਟ ਕੇ ਪਿੱਛੋਂ ਹਨ 'ਝਾਤ' ਕਹਿੰਦੇ।
ਥਾਂ-ਥਾਂ ਰੱਖੀ ਹੈ ਇਨ੍ਹਾਂ ਰਣਬੀਰ ਸੈਨਾ, ਅਸਾਂ ਹੋਣ ਨਾ ਦੇਣੀ ਪ੍ਰਭਾਤ ਕਹਿੰਦੇ।
ਸੂਰਜ ਜਿਨ੍ਹਾਂ ਦੇ ਮੱਥੇ ਵਿਚ ਚਮਕਦਾ ਹੈ, ਉਨ੍ਹਾਂ ਜੁਗਨੂੰਆਂ ਨੂੰ ਗਿੱਟਲ ਜਾਤ ਕਹਿੰਦੇ।

*-ਬਲਦੇਵ ਸਿੰਘ ਆਜ਼ਾਦ*

# ਜੇਲ੍ਹਾਂ ਦੀ ਜ਼ਮੀਨ 'ਚ ਸਬਜ਼ੀਆਂ ਦੀ ਥਾਂ ਕਲੋਨੀਆਂ ਉਗਣ ਲੱਗੀਆਂ

**ਬਠਿੰਡਾ:** ਹੁਣ ਪੰਜਾਬ ਦੀਆਂ ਜੇਲ੍ਹਾਂ ਦੀ ਜ਼ਮੀਨ ਵਿਚ ਸਬਜ਼ੀਆਂ ਦੀ ਥਾਂ ਕਲੋਨੀਆਂ ਉੱਗਣ ਲੱਗੀਆਂ ਹਨ। ਪੰਜਾਬ ਦੇ ਮਾਲੀ ਸੰਕਟ ਕਾਰਨ ਜੇਲ੍ਹਾਂ ਦੇ ਖੇਤੀ ਬਗੀਚੇ ਵੀ ਵਿਕਣ ਲੱਗੇ ਹਨ। ਜੇਲ੍ਹਾਂ ਵਿਚ ਦਹਾਕਿਆਂ ਤੋਂ ਖੇਤੀ ਹੁੰਦੀ ਆਖਰੀ ਸਾਹ ਲੈ ਰਹੀ ਹੈ। ਜੇਲ੍ਹ ਵਿਭਾਗ ਨੇ ਕਿਸੇ ਵੇਲੇ ਖੇਤੀ ਕਰਨ ਵਾਸਤੇ ਬਕਾਇਦਾ ਖੇਤੀ ਸੰਦ ਵਗੈਰਾ ਖਰੀਦੇ ਸਨ ਪਰ ਹੁਣ ਖੇਤੀ ਮਸ਼ੀਨਰੀ ਵੀ ਖਤਮ ਹੋ ਗਈ ਹੈ ਤੇ ਟਰੈਕਟਰ ਡਰਾਈਵਰਾਂ ਦੀਆਂ ਅਸਾਮੀਆਂ ਵੀ ਖਾਲ੍ਹੀ ਹਨ। ਜੇਲ੍ਹ ਵਿਭਾਗ ਪੰਜਾਬ ਤੋਂ ਆਰ.ਟੀ.ਆਈ ਤਹਿਤ ਮਿਲੀ ਜਾਣਕਾਰੀ ਕੇਂਦਰੀ ਜੇਲ੍ਹ ਬਠਿੰਡਾ ਕੋਲ 17 ਏਕੜ ਦੋ ਕਨਾਲ ਖੇਤੀ ਵਾਲੀ ਜ਼ਮੀਨ ਹੈ, ਜਿਥੇ ਸਬਜ਼ੀਆਂ ਦੀ ਕਾਸ਼ਤ ਹੁੰਦੀ ਹੈ। ਤਕਰੀਬਨ ਦੋ ਦਰਜਨ ਕੈਦੀ ਇਥੇ ਖੇਤੀ ਕਰਦੇ ਹਨ। ਖੇਤੀ ਵਾਸਤੇ ਜੇਲ੍ਹ ਕੋਲ 1980 ਮਾਡਲ ਸਵਰਾਜ ਟਰੈਕਟਰ ਹੈ। ਇਕ ਹਲ, ਤਵੀਆਂ ਤੇ ਕਣਕ ਬੀਜਣ ਵਾਲੀ ਮਸ਼ੀਨ ਹੈ। ਹੁਣ ਸਰਕਾਰ ਨੇ ਸਮੇਤ ਜੇਲ੍ਹ ਤਕਰੀਬਨ 31 ਏਕੜ ਜ਼ਮੀਨ ਪੂਡਾ ਹਵਾਲੇ ਕਰ ਦਿੱਤੀ ਹੈ, ਜਿਥੇ ਕਲੋਨੀ ਕੱਟੀ ਜਾਣੀ ਹੈ।

ਬਠਿੰਡਾ ਤੋਂ ਬਾਹਰ ਗੋਬਿੰਦਪੁਰਾ ਵਿਚ ਨਵੀਂ ਜੇਲ੍ਹ ਬਣ ਰਹੀ ਹੈ। ਕੇਂਦਰੀ ਜੇਲ੍ਹ ਫਿਰੋਜ਼ਪੁਰ ਕੋਲ ਹੁਣ ਖੇਤੀ ਜੋਗੀ ਜ਼ਮੀਨ ਨਹੀਂ ਬਚੀ ਹੈ। ਪਹਿਲਾਂ ਇਥੇ 62 ਏਕੜ ਜ਼ਮੀਨ ਸੀ। ਸਰਕਾਰ ਨੇ ਜੇਲ੍ਹ ਦੀ ਤਕਰੀਬਨ 21 ਏਕੜ ਜ਼ਮੀਨ ਪੁੱਡਾ ਨੂੰ ਤਬਦੀਲ ਕਰ ਦਿੱਤੀ ਸੀ, ਜਿਸ ਵੱਲੋਂ ਕਲੋਨੀ ਕੱਟ ਦਿੱਤੀ ਗਈ ਹੈ। ਕੇਂਦਰੀ ਜੇਲ੍ਹ ਪਟਿਆਲਾ ਵੱਲੋਂ ਸਿਰਫ 35 ਏਕੜ ਜ਼ਮੀਨ ਵਿਚ ਖੇਤੀ ਕੀਤੀ ਜਾ ਰਹੀ ਹੈ। ਇਸ ਇਸ ਤੋਂ ਇਲਾਵਾ ਜੇਲ੍ਹ ਦੀ 35 ਏਕੜ ਖੇਤੀ ਜ਼ਮੀਨ ਵਿਚ ਮਿੰਨੀ ਸਕੱਤਰੇਤ ਤੇ ਇਕ ਆਲੀਸ਼ਾਨ ਪ੍ਰਾਈਵੇਟ ਕਲੋਨੀ ਬਣ ਗਈ ਹੈ। ਜੇਲ੍ਹ ਸੁਪਰਡੈਂਟ ਗੁਰਦੀਪ ਸਿੰਘ ਪੰਨੂ ਨੇ ਦੱਸਿਆ ਕਿ ਖੇਤੀ ਜ਼ਮੀਨ ਵਿਚੋਂ ਕਣਕ ਤੇ ਝੋਨੇ ਦੀ ਪੈਦਾਵਾਰ ਹੁੰਦੀ ਹੈ, ਜਿਸ ਦੀ ਰਾਸ਼ੀ ਸਰਕਾਰੀ ਖਜ਼ਾਨੇ ਵਿਚ ਜਮ੍ਹਾਂ ਕਰਾਈ ਜਾਂਦੀ ਹੈ। ਜ਼ਿਲ੍ਹਾ ਜੇਲ੍ਹ ਸੰਗਰੂਰ ਦੇ ਤਕਰੀਬਨ 10 ਏਕੜ ਰਕਬੇ ਵਿਚ ਖੇਤੀ ਹੁੰਦੀ ਹੈ। ਫਰੀਦਕੋਟ ਦੀ ਪੁਰਾਣੀ ਜੇਲ੍ਹ ਦੀ ਜਾਇਦਾਦ ਵੇਚ ਦਿੱਤੀ ਗਈ ਹੈ ਤੇ ਮਾਡਰਨ ਜੇਲ੍ਹ ਬਣ ਗਈ ਹੈ। ਹੁਣ ਇਥੇ ਖੇਤੀ ਯੋਗ ਜ਼ਮੀਨ ਨਹੀਂ ਬਚੀ ਹੈ। ਇਸੇ ਤਰ੍ਹਾਂ ਕੇਂਦਰੀ ਜੇਲ੍ਹ ਅੰਮ੍ਰਿਤਸਰ ਕੋਲ ਤਕਰੀਬਨ 90 ਏਕੜ ਜ਼ਮੀਨ ਹੈ, ਜਿਸ ਦਾ ਕੁਝ ਹਿੱਸਾ ਪਹਿਲਾਂ ਪੁੱਡਾ ਨੂੰ ਤਬਦੀਲ ਕਰ ਦਿੱਤਾ ਗਿਆ ਸੀ। ਹੁਣ ਜੇਲ੍ਹ ਦੀ 13 ਏਕੜ ਪੰਜ ਕਨਾਲ ਜ਼ਮੀਨ ਵਿਚ ਕਣਕ ਤੇ ਸਬਜ਼ੀਆਂ ਦੀ ਪੈਦਾਵਾਰ ਹੋ ਰਹੀ ਹੈ। ਸੂਤਰਾਂ ਅਨੁਸਾਰ ਪੁਰਾਣੀ ਜੇਲ੍ਹ ਵੀ ਪੁੱਡਾ ਕੋਲ ਚਲੀ ਗਈ ਹੈ ਤੇ ਅਗਸਤ ਮਹੀਨੇ ਵਿਚ ਨਵੀਂ ਜੇਲ੍ਹ ਵਿਚ ਸਭ ਤਬਦੀਲ ਹੋ ਜਾਣੇ ਹਨ। ਕੇਂਦਰੀ ਜੇਲ੍ਹ ਗੁਰਦਾਸਪੁਰ ਦੇ ਬਾਹਰਲੇ ਬਗੀਚੇ ਦੀ ਤਕਰੀਬਨ 12 ਏਕੜ ਜ਼ਮੀਨ ਪੁੱਡਾ ਨੂੰ ਤਬਦੀਲ ਕਰ ਦਿੱਤੀ ਗਈ ਹੈ, ਜਿਥੇ ਪਲਾਂਟ ਕੱਟ ਦਿੱਤੇ ਗਏ ਸਨ। ਹੁਣ ਸਿਰਫ ਚਾਰ ਏਕੜ ਰਕਬੇ ਵਿਚ ਖੇਤੀ ਹੁੰਦੀ ਹੈ। ਕਪੂਰਥਲਾ ਜੇਲ੍ਹ ਦਾ ਵੀ ਖੇਤੀ ਬਗੀਚਾ ਖਤਮ ਹੋ ਗਿਆ ਹੈ। ਜਿਲ੍ਹਾ ਜੇਲ੍ਹ ਨਾਭਾ ਵੱਲੋਂ 13 ਏਕੜ 12 ਮਰਲੇ ਰਕਬੇ ਵਿਚ, ਹੁਸ਼ਿਆਰਪੁਰ ਜੇਲ੍ਹ ਵੱਲੋਂ ਦੋ ਏਕੜ ਰਕਬੇ ਵਿਚ ਤੇ ਕੇਂਦਰੀ ਜੇਲ੍ਹ ਲੁਧਿਆਣਾ ਵੱਲੋਂ ਅੱਠ ਏਕੜ ਰਕਬੇ ਵਿਚ ਖੇਤੀ ਕੀਤੀ ਜਾ ਰਹੀ ਹੈ। ਜੇਲ੍ਹ ਗਾਰਦ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਵਿਜੇ ਕੁਮਾਰ ਨੇ ਆਖਿਆ ਕਿ ਇਸ ਜ਼ਮੀਨ ਨਾਲ ਜਿਥੇ ਲੋੜਾਂ ਪੂਰੀਆਂ ਹੁੰਦੀਆਂ ਸਨ, ਉਥੇ ਬੰਦੀਆਂ ਨੂੰ ਵੀ ਖੁੱਲ੍ਹੇ ਵਾਤਾਵਰਨ ਵਿਚ ਕੰਮ ਕਰਨ ਦਾ ਮੌਕਾ ਮਿਲਦਾ ਸੀ। ਵੇਰਵਿਆਂ ਅਨੁਸਾਰ ਪੰਜਾਬ ਦੀ ਇਕੱਲੀ ਖੁੱਲ੍ਹੀ ਜੇਲ੍ਹ ਨਾਭਾ ਹੈ, ਜਿਥੇ 64 ਏਕੜ ਰਕਬੇ ਵਿਚ ਖੇਤੀ ਹੁੰਦੀ ਹੈ। ਇਥੇ 96 ਕੈਦੀ ਖੇਤੀ ਦਾ ਕੰਮ ਕਰਦੇ ਹਨ। ਇਥੇ ਤਿੰਨ ਟਰੈਕਟਰ, ਦੋ ਟਰਾਲੀਆਂ ਤੇ ਖੇਤੀ ਦਾ ਹੋਰ ਸਾਮਾਨ ਹੈ। ਸਬ ਜੇਲ੍ਹ ਮੁਕਤਸਰ ਕੋਲ 2 ਏਕੜ 7 ਕਨਾਲ ਤੇ ਸਬ ਜੇਲ ਬਰਨਾਲਾ ਕੋਲ 5 ਏਕੜ 6 ਕਨਾਲ ਖੇਤੀ ਜ਼ਮੀਨ ਹੈ, ਜਿਥੇ ਖੇਤੀ ਹੋ ਰਹੀ ਹੈ। ਮਲੇਰਕੋਟਲਾ ਦੀ ਸਬ ਜੇਲ੍ਹ ਕੋਲ ਤਾਂ ਸਿਰਫ 2 ਬਿਘੇ ਜ਼ਮੀਨ ਹੀ ਹੈ।



## ਜੇਲ੍ਹਾਂ ਵਿਚ ਸਮਰੱਥਾ ਤੋਂ ਵੱਧ ਕੈਦੀ ਨੂੜੇ

**ਚੰਡੀਗੜ੍ਹ:** ਪੰਜਾਬ ਦੀਆਂ ਜੇਲ੍ਹਾਂ ਵਿਚ ਸਮਰੱਥਾ ਨਾਲੋਂ 37 ਫ਼ੀਸਦੀ ਵੱਧ ਕੈਦੀ ਡੱਕੇ ਹੋਏ ਹਨ। ਜੇਲ੍ਹਾਂ ਵਿਚ 11608 ਕੈਦੀਆਂ ਨੂੰ ਰੱਖਣ ਦਾ ਬੰਦੋਬਸਤ ਹੈ ਜਦੋਂ ਕਿ 15870 ਕੈਦੀਆਂ ਨੂੰ ਤਾੜਿਆ ਗਿਆ ਹੈ। ਇਹ ਅੰਕੜੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੀ ਮੁਲਕ ਦੇ ਵੱਖ-ਵੱਖ ਸੂਬਿਆਂ ਦੀਆਂ ਜੇਲ੍ਹਾਂ ਬਾਰੇ ਜਾਰੀ ਇਕ ਤਾਜ਼ਾ ਰਿਪੋਰਟ ਤੋਂ ਸਾਹਮਣੇ ਆਏ ਹਨ। ਸੂਬੇ ਵਿਚ ਜੇਲ੍ਹਾਂ ਦੀ ਕੁੱਲ ਗਿਣਤੀ 26 ਦੱਸੀ ਗਈ ਹੈ। ਇਨ੍ਹਾਂ ਵਿਚ ਸੱਤ ਕੇਂਦਰੀ, ਅੱਠ ਜ਼ਿਲ੍ਹੇ, ਨੌਂ ਸਬ ਤੇ ਦੋ ਹੋਰ ਜੇਲ੍ਹਾਂ ਸ਼ਾਮਲ ਹਨ। ਰਾਜ ਦੀਆਂ ਜੇਲ੍ਹਾਂ ਵਿਚ ਬੰਦ ਕੁੱਲ ਕੈਦੀਆਂ ਵਿਚੋਂ 5.2 ਪ੍ਰਤੀਸ਼ਤ ਮਹਿਲਾਵਾਂ ਹਨ। ਕੈਦ ਭੁਗਤ ਰਹੀਆਂ ਮਹਿਲਾਵਾਂ ਵਿਚੋਂ 10.1 ਪ੍ਰਤੀਸ਼ਤ ਨੇ ਆਪਣੇ ਨਿਕੜੇ ਬੱਚੇ ਨਾਲ ਰੱਖੇ ਹੋਏ ਹਨ। ਗੁਆਂਢੀ ਸੂਬਾ ਹਰਿਆਣਾ ਦੀਆਂ ਜੇਲ੍ਹਾਂ ਦੀ ਗਿਣਤੀ 18 ਹੈ ਤੇ ਇਨ੍ਹਾਂ ਵਿਚ 10482 ਕੈਦੀਆਂ ਨੂੰ ਰੱਖਣ ਦੀ ਸਮਰੱਥਾ ਹੈ ਪਰ 14102 ਨੂੰ ਬੰਦ ਕੀਤਾ ਗਿਆ ਹੈ। ਹਰਿਆਣਾ ਦੀਆਂ ਜੇਲ੍ਹਾਂ ਵਿਚ ਬੰਦ ਕੁੱਲ ਕੈਦੀਆਂ ਵਿਚੋਂ 4.8 ਮਹਿਲਾਵਾਂ ਹਨ ਤੇ ਇਨ੍ਹਾਂ ਵਿਚੋਂ 9.7 ਆਪਣੇ ਬੱਚਿਆਂ ਨੂੰ ਨਾਲ ਰੱਖੀ ਬੈਠੀਆਂ ਹਨ। ਅੰਕੜੇ ਦੱਸਦੇ ਹਨ ਕਿ ਪੰਜਾਬ ਵਿਚ ਹਰਿਆਣਾ ਨਾਲੋਂ ਵਧੇਰੇ ਗਿਣਤੀ ਵਿਚ ਔਰਤਾਂ ਜੇਲ੍ਹਾਂ ਵਿਚ ਬੰਦ ਹਨ ਪਰ ਘੱਟ ਮਹਿਲਾਵਾਂ ਨੇ ਆਪਣੇ ਬੱਚੇ ਨਾਲ ਰੱਖੇ ਹੋਏ ਹਨ।

# ਕਿਲ੍ਹਿਆਂ ਨੂੰ ਪੁਰਾਤਨ ਦਿੱਖ ਦੇਣ ਦਾ ਕੰਮ ਜਾਰੀ

**ਸ੍ਰੀ ਆਨੰਦਪੁਰ ਸਾਹਿਬ:** ਸ੍ਰੀ ਆਨੰਦਪੁਰ ਸਾਹਿਬ ਦੇ 350ਵੇਂ ਸਥਾਪਨਾ ਦਿਵਸ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਥੇ ਸਥਿਤ ਪੰਜ ਕਿਲ੍ਹਿਆਂ ਨੂੰ ਪੁਰਾਤਨ ਦਿੱਖ ਅਨੁਸਾਰ ਨਵੀਨੀਕਰਨ ਕਰਨ ਦੀ ਸ਼ੁਰੂ ਕੀਤੀ ਸੇਵਾ ਦਾ ਕੰਮ ਜੰਗੀ ਪੱਧਰ 'ਤੇ ਜਾਰੀ ਹੈ। ਇਸ ਨੂੰ ਸਮੇਂ ਸਿਰ ਮੁਕੰਮਲ ਕਰਨ ਲਈ ਦਿਨ ਰਾਤ ਕਾਰ ਸੇਵਾ ਕੀਤੀ ਜਾ ਰਹੀ ਹੈ। ਦਸਮ ਪਾਤਸ਼ਾਹ ਵੱਲੋਂ ਖਾਲਸਾ ਪੰਥ ਦੇ ਜਨਮ ਅਸਥਾਨ ਸ੍ਰੀ ਆਨੰਦਪੁਰ ਸਾਹਿਬ ਨੂੰ ਬਾਹਰੀ ਹਮਲਿਆਂ ਤੇ ਹਮਲਾਵਰਾਂ ਤੋਂ ਮਹਿਫੂਜ਼ ਰੱਖਣ ਲਈ ਇਸ ਨਗਰੀ ਦੇ ਆਲੇ ਦੁਆਲੇ ਪੰਜ ਕਿਲ੍ਹਿਆਂ ਦਾ ਨਿਰਮਾਣ ਕਰਵਾਇਆ ਗਿਆ ਸੀ। ਇਨ੍ਹਾਂ ਵਿਚ ਹਿਮਾਚਲ ਪ੍ਰਦੇਸ਼ ਵਾਲੇ ਪਾਸੇ ਸ਼ਿਵਾਲਿਕ ਦੀਆਂ ਪਹਾੜੀਆਂ ਦੇ ਨਜ਼ਦੀਕ ਕਿਲ੍ਹਾ ਤਾਰਾਗੜ੍ਹ ਸਾਹਿਬ, ਸਤਲੁਜ ਦਰਿਆ ਦੇ ਨਜ਼ਦੀਕ ਕਿਲ੍ਹਾ ਲੋਹਗੜ੍ਹ ਸਾਹਿਬ, ਨਗਰ ਦੇ ਵਿਚਾਲੇ ਕਿਲ੍ਹਾ ਅਨੰਦਗੜ੍ਹ ਸਾਹਿਬ, ਨੈਣਾ ਦੇਵੀ ਵਾਲੇ ਪਾਸੇ ਚਰਨਗੰਗਾ ਦੇ ਨਜ਼ਦੀਕ ਕਿਲ੍ਹਾ ਫਤਿਹਗੜ੍ਹ ਸਾਹਿਬ ਤੇ ਅਗੰਮਪੁਰ ਵਿਚ ਕਿਲ੍ਹਾ ਹੋਲਗੜ੍ਹ ਸਾਹਿਬ ਦਾ ਨਿਰਮਾਣ ਕਰਵਾਇਆ ਗਿਆ ਸੀ, ਪਰ ਗੁਰੂ ਸਾਹਿਬ ਦੇ ਇਥੋਂ ਚਲੇ ਜਾਣ ਤੋਂ ਬਾਅਦ ਦੁਸ਼ਮਣ ਫੌਜਾਂ ਨੇ ਇਸ ਨੂੰ ਤਹਿਸ ਨਹਿਸ ਕਰ ਦਿੱਤਾ ਸੀ। ਬੇਸ਼ੱਕ ਸਮੇਂ-ਸਮੇਂ ਉਤੇ ਇਨ੍ਹਾਂ ਕਿਲ੍ਹਿਆਂ ਦਾ ਨਿਰਮਾਣ ਕਰਵਾਇਆ ਗਿਆ ਸੀ, ਪਰ ਕਿਲ੍ਹਾ ਅਨੰਦਗੜ੍ਹ ਸਾਹਿਬ ਨੂੰ ਛੱਡ ਕੇ ਬਾਕੀ ਦੇ ਕਿਲ੍ਹੇ ਮਹਿਜ਼ ਇਮਾਰਤ ਹੀ ਬਣ ਕੇ ਰਹਿ ਗਏ ਸਨ। 350 ਸਾਲਾਂ ਦੇ ਇਤਿਹਾਸ ਵਿਚ ਸ਼੍ਰੋਮਣੀ ਕਮੇਟੀ ਨੇ ਪਹਿਲੀ ਵਾਰ ਇਸ ਪ੍ਰੋਜੈਕਟ ਵਿਚ ਵਿਸ਼ੇਸ਼ ਦਿਲਚਸਪੀ ਲੈਂਦਿਆਂ ਪੰਜੇ ਕਿਲ੍ਹਿਆਂ ਨੂੰ ਪੁਰਾਤਨ ਦਿੱਖ ਦੇ ਅਨੁਸਾਰ ਨਵੀਨੀਕਰਨ ਕਰਨ ਦੀ ਸੇਵਾ ਸ਼ੁਰੂ ਕਰਵਾਈ। 19 ਜੂਨ, 2015 ਨੂੰ ਸ੍ਰੀ ਆਨੰਦਪੁਰ ਸਾਹਿਬ ਦੇ 350 ਸਾਲਾਂ ਸਮਾਗਮ ਮਨਾਉਣ ਕਰ ਕੇ ਇਨ੍ਹਾਂ ਕਿਲ੍ਹਿਆਂ ਦੇ ਨਵੀਨੀਕਰਨ ਦਾ ਕੰਮ ਜੰਗੀ ਪੱਧਰ 'ਤੇ ਜਾਰੀ ਹੈ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਸੁਖਵਿੰਦਰ ਸਿੰਘ ਗਰੇਵਾਲ ਤੇ ਸਮਾਗਮਾਂ ਦੀ ਦੇਖ ਰੇਖ ਕਰ ਰਹੇ ਮੀਤ ਸਕੱਤਰ ਜਗੀਰ ਸਿੰਘ ਨੇ ਦੱਸਿਆ ਕਿ ਪੰਜਾਂ ਕਿਲ੍ਹਿਆਂ ਦੀ ਕਾਰ ਸੇਵਾ ਜੰਗੀ ਪੱਧਰ 'ਤੇ ਕਰਵਾਈ ਜਾ ਰਹੀ ਹੈ ਜਦਕਿ ਵਿਦਵਾਨਾਂ ਦੀ ਰਾਇ ਅਨੁਸਾਰ ਨਾਨਕਸ਼ਾਹੀ ਇੱਟਾਂ ਵਾਂਗ ਹੀ ਛੋਟੀ ਟਾਈਲ ਦੇ ਨਾਲ ਇਨ੍ਹਾਂ ਕਿਲ੍ਹਿਆਂ ਦੀਆਂ ਬਾਹਰੀ ਦੀਵਾਰਾਂ ਦੀ ਚਿਣਾਈ ਕਰਵਾਈ ਗਈ ਹੈ ਤਾਂ ਜੋ ਨੌਜਵਾਨ ਪੀੜ੍ਹੀ ਨੂੰ ਆਪਣੀ ਇਸ ਅਨਮੋਲ ਤੇ ਵਡਮੁੱਲੀ ਵਿਰਾਸਤ ਦਾ ਗਿਆਨ ਹੋ ਸਕੇ।


WEBSITE - DHOLRADIO.CO
DHOL RADIO
ਪਿੰਡ ਤੋ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ
REQUEST SONG
MUSIC 24/7
LISTEN ON PHONE

ਹੁਣ ਸ਼ਿਕਾਗੋ ਤੋ
Application For Android and iPhone - Dhol Radio
LIVE CALLS → USA 951-824-6365
skype - DHOLRADIO.ORG
LISTEN BY CALL → USA 702-489-0211
Sukhpal Gill 10 pm to 12 am (IST)
Puran singh waraich 2:30 pm to 4 pm (IST)



SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR

JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250



ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.547.9210
FAX: 209.547.9211
www.gfbontime.com, raj@gfbontime.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਸਰਕਾਰੀ ਸ਼ਰਾਬ ਨੀਤੀ ਖਿਲਾਫ ਹੋਣ ਲੱਗੀ ਵਿਆਪਕ ਲਾਮਬੰਦੀ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਸ਼ਰਾਬ ਨੂੰ ਆਮਦਨ ਦਾ ਮੁੱਖ ਸਾਧਨ ਮੰਨਣ ਤੇ ਪਿੰਡ-ਪਿੰਡ ਠੇਕੇ ਖੋਲ੍ਹਣ ਖਿਲਾਫ ਸੂਬੇ ਦੇ ਵੱਖ-ਵੱਖ ਕੋਨਿਆਂ ਤੋਂ ਰੋਸ ਤੇ ਵਿਦਰੋਹ ਦੀਆਂ ਆਵਾਜ਼ਾਂ ਆਉਣੀਆਂ ਸ਼ੁਰੂ ਹੋ ਗਈਆਂ ਹਨ। ਦਰਜਨਾਂ ਪਿੰਡਾਂ ਦੇ ਲੋਕਾਂ ਨੇ ਠੇਕੇ ਬੰਦ ਕਰਾਉਣ ਲਈ ਸੰਘਰਸ਼ ਦਾ ਰਾਹ ਅਖ਼ਤਿਆਰ ਕਰ ਲਿਆ ਹੈ। ਦੱਸਣਯੋਗ ਹੈ ਕਿ ਵੱਡੀ ਗਿਣਤੀ ਵਿਚ ਪਿੰਡਾਂ ਦੀਆਂ ਪੰਚਾਇਤਾਂ ਨੇ ਨਵੇਂ ਸਾਲ ਦੀ ਆਬਕਾਰੀ ਨੀਤੀ ਤੈਅ ਹੋਣ ਤੋਂ ਪਹਿਲਾਂ ਆਪਣੇ ਪਿੰਡਾਂ ਵਿਚ ਠੇਕੇ ਖੋਲ੍ਹਣ ਲਈ ਸਰਕਾਰ ਨੂੰ ਅਰਜ਼ੀਆਂ ਭੇਜੀਆਂ ਸਨ ਪਰ ਠੇਕੇਦਾਰਾਂ ਦੇ ਦਬਾਅ ਤਹਿਤ ਅਧਿਕਾਰੀਆਂ ਨੇ ਇਨ੍ਹਾਂ ਵਿਚੋਂ ਬਹੁਤੀਆਂ ਅਰਜ਼ੀਆਂ ਤਕਨੀਕੀ ਨੁਕਸਾਂ ਦੇ ਆਧਾਰ 'ਤੇ ਰੱਦ ਕਰ ਦਿੱਤੀਆਂ ਤੇ ਗਿਣਤੀ ਦੇ ਕੁਝ ਪਿੰਡਾਂ ਵਿਚ ਹੀ ਤੇ ਉਹ ਵੀ ਸਖ਼ਤ ਸ਼ਰਤਾਂ ਤਹਿਤ ਠੇਕੇ ਨਾ ਖੋਲ੍ਹਣ ਲਈ ਰਜ਼ਾਮੰਦੀ ਪ੍ਰਗਟ ਕੀਤੀ। ਜਿਹੜੇ ਪਿੰਡਾਂ ਦੀਆਂ ਪੰਚਾਇਤਾਂ ਦੀਆਂ ਉੱਥੇ ਠੇਕੇ ਨਾ ਖੋਲ੍ਹਣ ਦੀਆਂ ਅਰਜ਼ੀਆਂ ਰੱਦ ਕੀਤੀਆਂ ਗਈਆਂ ਹਨ, ਹੁਣ ਉਨ੍ਹਾਂ ਵੱਲੋਂ ਠੇਕੇ ਖੁੱਲ੍ਹਣ ਵਿਰੁੱਧ ਸੰਘਰਸ਼ ਵਿੱਢ ਦਿੱਤਾ ਹੈ।

ਮੁਹਾਲੀ, ਰੋਪੜ, ਸੰਗਰੂਰ, ਹੁਸ਼ਿਆਰਪੁਰ, ਗੁਰਦਾਸਪੁਰ, ਬਰਨਾਲਾ, ਬਠਿੰਡਾ, ਮਾਨਸਾ, ਫਰੀਦਕੋਟ, ਅੰਮ੍ਰਿਤਸਰ, ਤਰਨਤਾਰਨ ਸਮੇਤ ਕਈ ਜ਼ਿਲ੍ਹੇ ਅਜਿਹੇ ਹਨ ਜਿਥੇ ਨਵੇਂ ਵਿੱਤੀ ਵਰ੍ਹੇ ਵਿਚ ਠੇਕੇ ਖੁੱਲ੍ਹਣ ਸਮੇਂ ਲੋਕਾਂ ਨੇ ਵਿਰੋਧ ਕੀਤਾ। ਠੇਕਿਆਂ ਵਿਰੁੱਧ ਸੰਘਰਸ਼ ਦੀ ਅਗਵਾਈ ਔਰਤਾਂ ਵੱਲੋਂ ਕੀਤੀ ਜਾ ਰਹੀ ਹੈ। ਕਰ ਤੇ ਆਬਕਾਰੀ ਵਿਭਾਗ ਤੋਂ ਹਾਸਲ ਜਾਣਕਾਰੀ ਮੁਤਾਬਕ ਨਵੇਂ ਵਰ੍ਹੇ (ਪਹਿਲੀ ਅਪਰੈਲ) ਤੋਂ ਸੂਬੇ ਵਿਚ ਦੇਸੀ ਸ਼ਰਾਬ ਦੇ ਠੇਕਿਆਂ ਦੀ ਗਿਣਤੀ 6411 ਤੇ ਅੰਗਰੇਜ਼ੀ ਸ਼ਰਾਬ ਦੇ ਠੇਕਿਆਂ ਦੀ ਗਿਣਤੀ 3486 ਹੈ। ਸੂਬੇ ਦੀ ਵਸੋਂ ਤੇ ਖੇਤਰਫਲ ਘੱਟ ਹੋਣ ਕਾਰਨ ਕਿਹਾ ਜਾ ਸਕਦਾ ਹੈ ਕਿ ਸ਼ਰਾਬੀਆਂ ਨੂੰ ਸ਼ਰਾਬ ਲੈਣ ਲਈ ਲਈ ਜ਼ਿਆਦਾ ਸਫ਼ਰ ਤੈਅ ਨਹੀਂ ਕਰਨਾ ਪੈਂਦਾ। ਉਧਰ ਸੂਬੇ ਵਿਚ ਸਿਹਤ ਕੇਂਦਰਾਂ ਦੀ ਗਿਣਤੀ 3156 ਹੈ। ਉਂਜ ਸਰਕਾਰ ਨੇ ਇਸ ਸਾਲ ਦੌਰਾਨ ਸ਼ਰਾਬ ਤੋਂ 5040 ਕਰੋੜ ਦੀ ਕਮਾਈ ਕਰਨੀ ਹੈ। ਸੂਬੇ ਦੀਆਂ 200 ਤੋਂ ਵੱਧ ਪੰਚਾਇਤਾਂ ਵੱਲੋਂ ਵਿਭਾਗ ਨੂੰ ਬੇਨਤੀ ਕੀਤੀ ਗਈ ਕਿ ਸਬੰਧਤ ਪਿੰਡਾਂ ਵਿਚ ਸ਼ਰਾਬ ਦੇ ਠੇਕੇ ਨਾ ਖੋਲ੍ਹੇ ਜਾਣ ਪਰ ਵਿਭਾਗ ਵੱਲੋਂ 100 ਦੇ ਕਰੀਬ ਪਿੰਡਾਂ ਦੀਆਂ ਬੇਨਤੀਆਂ ਹੀ ਪ੍ਰਵਾਨ ਕੀਤੀਆਂ ਗਈਆਂ। ਆਬਕਾਰੀ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਦਾ ਕਹਿਣਾ ਹੈ ਕਿ ਜਿਨ੍ਹਾਂ ਪਿੰਡਾਂ ਵਿਚ ਸ਼ਰਾਬ ਦੀ ਸਮਗਲਿੰਗ ਦਾ ਖਦਸ਼ਾ ਹੋਵੇ, ਉਥੇ ਠੇਕਾ ਬੰਦ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਂਦੀ। ਪੰਚਾਇਤੀ ਨੁਮਾਇੰਦਿਆਂ ਦਾ ਕਹਿਣਾ ਹੈ ਕਿ ਵਿਭਾਗ ਵੱਲੋਂ ਜਾਣਬੁੱਝ ਕੇ ਬੇਨਤੀਆਂ ਪ੍ਰਵਾਨ ਨਹੀਂ ਕੀਤੀਆਂ ਜਾਂਦੀਆਂ ਕਿਉਂਕਿ ਸ਼ਰਾਬ ਦੇ ਠੇਕੇਦਾਰਾਂ ਦਾ ਦਬਾਅ ਹੁੰਦਾ ਹੈ ਤੇ ਸਰਕਾਰ ਨੂੰ ਆਪਣੀ ਆਮਦਨ ਘਟਣ ਦਾ ਖਦਸ਼ਾ ਵੀ। ਲੋਕਾਂ ਦਾ ਕਹਿਣਾ ਹੈ ਕਿ ਜਬਰੀ ਸ਼ਰਾਬ ਪਿਲਾਉਣ ਦੀ ਨੀਤੀ ਨੂੰ ਕਿਵੇਂ ਲੋਕ ਪੱਖੀ ਕਿਹਾ ਜਾ ਸਕਦਾ ਹੈ। ਪਿੰਡਾਂ ਦੇ ਲੋਕਾਂ ਨੇ ਕਾਨੂੰਨੀ ਚਾਰਾਜੋਈਆਂ ਖ਼ਤਮ ਹੋਣ ਤੋਂ ਬਾਅਦ ਅੰਦੋਲਨ ਦਾ ਰਾਹ ਫੜਿਆ ਹੈ। ਕਾਨੂੰਨ ਮੁਤਾਬਕ ਪਿੰਡਾਂ ਦੀਆਂ ਪੰਚਾਇਤਾਂ ਵੱਲੋਂ ਸ਼ਰਾਬ ਦੇ ਠੇਕੇ ਨਾ ਖੋਲ੍ਹਣ ਬਾਰੇ ਮਤੇ ਪਾਸ ਕਰਕੇ ਵਿਭਾਗ ਨੂੰ ਬੇਨਤੀ ਕੀਤੀ ਜਾਂਦੀ ਹੈ। ਕਰ ਤੇ ਆਬਕਾਰੀ ਵਿਭਾਗ ਦੇ ਅਧਿਕਾਰੀਆਂ ਦੀ ਗੰਢਤੁੱਪ ਕਾਰਨ ਪੰਚਾਇਤਾਂ ਦੀ ਇਹ ਮੁਹਿੰਮ ਫੇਲ੍ਹ ਹੋ ਜਾਂਦੀ ਹੈ। ਸਰਕਾਰ ਵੱਲੋਂ ਸ਼ਰਾਬ ਤੋਂ ਆਮਦਨ ਵਧਣ ਨੂੰ ਵੱਡੇ ਪੱਧਰ 'ਤੇ ਪ੍ਰਚਾਰਿਆ ਜਾਂਦਾ ਹੈ ਤੇ ਇਹ ਆਮਦਨ ਹਰ ਸਾਲ ਵੱਧ ਵੀ ਰਹੀ ਹੈ।

ਸਾਲ 2015-16 ਲਈ ਸਰਕਾਰ ਵੱਲੋਂ ਐਲਾਨੀ ਆਬਕਾਰੀ ਨੀਤੀ ਤਹਿਤ ਦੇਸੀ ਸ਼ਰਾਬ ਦੇ 6411 ਤੇ ਅੰਗਰੇਜ਼ੀ ਦੇ 3486, ਕੁੱਲ ਮਿਲਾ ਕੇ 9897 ਠੇਕਿਆਂ ਲਈ ਲਾਇਸੈਂਸ ਜਾਰੀ ਕੀਤੇ ਹਨ। ਹੋਟਲਾਂ ਤੇ ਪੱਬਾਂ ਨੂੰ ਵੀ ਸ਼ਰਾਬ ਵੇਚਣ ਤੇ ਪਿਲਾਉਣ ਦੀ ਆਗਿਆ ਦਿੱਤੀ ਗਈ ਹੈ। ਕਈ ਵੱਡੇ ਸ਼ਹਿਰਾਂ ਤੇ ਪਿੰਡਾਂ ਵਿਚ ਠੇਕੇਦਾਰਾਂ ਵੱਲੋਂ ਸਿਆਸੀ ਸ਼ਹਿ ਤੇ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਆਪਣੇ ਤੌਰ 'ਤੇ ਹੀ ਨਿਸ਼ਚਿਤ ਗਿਣਤੀ ਤੋਂ ਵੱਧ ਠੇਕੇ ਖੋਲ੍ਹ ਲਏ ਜਾਂਦੇ ਹਨ। ਇਸ ਤਰ੍ਹਾਂ ਰਾਜ ਦੇ ਸ਼ਹਿਰਾਂ ਤੇ ਪਿੰਡਾਂ ਦੀ ਗਿਣਤੀ ਜਿੰਨੇ, ਭਾਵ ਹਰ ਸ਼ਹਿਰ ਤੇ ਪਿੰਡ ਵਿਚ ਸ਼ਰਾਬ ਦਾ ਘੱਟੋ ਘੱਟ ਇਕ ਠੇਕਾ ਸਰਕਾਰ ਨੇ ਖੋਲ੍ਹ ਦਿੱਤਾ ਹੈ। ਸਰਕਾਰ ਵੱਲੋਂ ਇਹ ਆਬਕਾਰੀ ਨੀਤੀ ਉਸ ਸਮੇਂ ਲਾਗੂ ਕੀਤੀ ਗਈ ਹੈ, ਪੰਜਾਬ ਸ਼ਰਾਬ ਤੇ ਹੋਰ ਨਸ਼ਿਆਂ ਦੀ ਮਾਰ ਹੇਠ ਹੈ। ਇੰਨਾ ਹੀ ਨਹੀਂ, ਸਰਕਾਰ ਨੇ ਇਸ ਵਾਰ ਸ਼ਰਾਬ ਦੀ ਡਿਗਰੀ ਵੀ 50-65 ਤੋਂ ਵਧਾ ਕੇ 75 ਕਰ ਦਿੱਤੀ ਹੈ ਤੇ ਸ਼ਰਾਬ ਦੇ ਪਊਏ ਵਿਚ ਮਾਤਰਾ 180 ਤੋਂ ਵਧਾ ਕੇ 200 ਮਿਲੀਲਿਟਰ ਕਰ ਦਿੱਤੀ ਹੈ।

### ਕਾਨੂੰਨੀ ਚਾਰਾਜੋਈ ਖਤਮ ਹੋਣ ਪਿਛੋਂ ਅੰਦੋਲਨ ਦੇ ਰਾਹ



### ਠੇਕਿਆਂ ਦੀ ਗਿਣਤੀ ਦੇ ਮੁਕਾਬਲੇ ਹਸਪਤਾਲ ਘੱਟ

ਪੰਜਾਬ ਵਿਚ ਸ਼ਰਾਬ ਦੇ ਠੇਕਿਆਂ ਦੀ ਗਿਣਤੀ ਮੁਕਾਬਲੇ ਸਰਕਾਰੀ ਹਸਪਤਾਲਾਂ ਦੀ ਗਿਣਤੀ ਕਿਤੇ ਘੱਟ ਹੈ। ਲੋਕ ਇਸ ਗੱਲ ਤੋਂ ਵੀ ਦੁਖੀ ਹਨ ਕਿ ਉਨ੍ਹਾਂ ਦੇ ਪਿੰਡਾਂ ਵਿਚ ਪਸ਼ੂਆਂ ਲਈ ਤਾਂ ਕੀ, ਬੰਦਿਆਂ ਲਈ ਵੀ ਸਿਹਤ ਸਹੂਲਤਾਂ ਨਹੀਂ ਹਨ ਪਰ ਸਰਕਾਰ ਉਨ੍ਹਾਂ ਦੀ ਸਿਹਤ ਵਿਗਾੜਨ ਲਈ ਉਥੇ ਠੇਕਾ ਖੋਲ੍ਹਣ ਲਈ ਬਜ਼ਿੱਦ ਹੈ। ਜ਼ਿਕਰਯੋਗ ਹੈ ਕਿ ਪੰਜਾਬ ਵਿਚ ਸਿਹਤ ਕੇਂਦਰ ਤਾਂ ਸਿਰਫ਼ 3000 ਦੇ ਲਗਪਗ ਹੀ ਹਨ ਜਦੋਂਕਿ ਠੇਕੇ 10 ਹਜ਼ਾਰ ਹਨ। ਸ਼ਰਾਬ ਦੇ ਠੇਕੇ ਖੋਲ੍ਹਣ ਵਿਰੁੱਧ ਸੜਕਾਂ 'ਤੇ ਆਏ ਲੋਕ ਸਰਕਾਰ ਨੂੰ ਸਵਾਲ ਕਰ ਰਹੇ ਹਨ ਕਿ ਉਹ ਪਿੰਡ-ਪਿੰਡ ਸ਼ਰਾਬ ਠੇਕੇ ਖੋਲ੍ਹ ਕੇ ਪਿੰਡਾਂ ਦਾ ਕਿਹੋ ਜਿਹਾ ਵਿਕਾਸ ਕਰਨਾ ਚਾਹੁੰਦੀ ਹੈ ਕਿਉਂਕਿ ਸਰਕਾਰ ਦੀ ਇਸ ਨੀਤੀ ਨਾਲ ਤਾਂ ਸ਼ਰਾਬ ਦੇ ਕਾਰੋਬਾਰ ਦਾ ਹੀ ਵਿਕਾਸ ਹੁੰਦਾ ਦਿਖਾਈ ਦੇ ਰਿਹਾ ਹੈ।

# ਡਰੱਗ ਮਾਮਲੇ ਬਾਰੇ ਪਟੀਸ਼ਨਾਂ ਛੇਤੀ ਨਿਬੇੜਨ ਦੇ ਹੁਕਮ

**ਪਟਿਆਲਾ:** ਸੁਪਰੀਮ ਕੋਰਟ ਨੇ ਹਾਈਕੋਰਟ ਨੂੰ ਹੁਕਮ ਦਿੱਤੇ ਹਨ ਕਿ ਡਰੱਗਜ਼ ਕੇਸ ਦੀ ਜਾਂਚ ਸੀ.ਬੀ.ਆਈ. ਤੋਂ ਕਰਵਾਉਣ ਬਾਰੇ ਸਪੈਸ਼ਲ ਲੀਵ ਪਟੀਸ਼ਨਾਂ ਦੀ ਸੁਣਵਾਈ ਲਈ ਵਿਸ਼ੇਸ਼ ਬੈਂਚ ਬਣਾ ਕੇ ਇਸ ਦਾ ਨਿਬੇੜਾ ਤਿੰਨ ਮਹੀਨੇ ਵਿਚ ਕੀਤਾ ਜਾਵੇ। ਸੁਪਰੀਮ ਕੋਰਟ ਨੇ ਇਹ ਹੁਕਮ ਬਿੱਟੂ ਔਲਖ ਵੱਲੋਂ ਕੇਸ ਲਟਕਣ ਖ਼ਿਲਾਫ਼ ਦਾਇਰ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਕੀਤੇ। ਇਨ੍ਹਾਂ ਹੁਕਮਾਂ ਦੀ ਕਾਪੀ ਐਡਵੋਕੇਟ ਸਤੀਸ਼ ਕਰਕਰਾ ਨੇ ਮੁਲਜ਼ਮਾਂ ਦੀ ਪੇਸ਼ੀ ਮੌਕੇ ਇਥੇ ਅਦਾਲਤ ਵਿਚ ਵੀ ਪੇਸ਼ ਕੀਤੀ।

ਜ਼ਿਕਰਯੋਗ ਹੈ ਕਿ ਪਟਿਆਲਾ ਪੁਲਿਸ ਵੱਲੋਂ ਸਾਲ 2013 ਵਿਚ ਡਰੱਗਜ਼ ਮਾਮਲੇ ਵਿਚ ਫੜੇ ਗਏ ਸਾਬਕਾ ਕੌਮਾਂਤਰੀ ਪਹਿਲਵਾਨ ਜਗਦੀਸ਼ ਭੋਲਾ ਤੇ ਯੂਥ ਅਕਾਲੀ ਆਗੂ ਬਿੱਟੂ ਔਲਖ ਸਮੇਤ ਕਈ ਹੋਰਨਾਂ ਖ਼ਿਲਾਫ਼ ਕਈ ਥਾਈਂ ਕੇਸ ਚੱਲ ਰਹੇ ਹਨ ਤੇ ਜਾਇਦਾਦਾਂ ਬਾਰੇ ਈ.ਡੀ. ਵੱਲੋਂ ਵੀ ਕੇਸ ਚਲਾਇਆ ਜਾ ਰਿਹਾ ਹੈ ਪਰ ਭੋਲਾ ਦੇ ਪਿਤਾ ਬਲਸ਼ਿੰਦਰ ਸਿੰਘ ਨੇ ਸਾਰੇ ਮਾਮਲੇ ਨੂੰ ਬੇਬੁਨਿਆਦ ਕਹਿੰਦੇ ਹੋਏ ਸੀ.ਬੀ.ਆਈ. ਜਾਂਚ ਲਈ ਹਾਈਕੋਰਟ ਤੱਕ ਵੀ ਪਹੁੰਚ ਕੀਤੀ ਹੈ। ਹਾਈਕੋਰਟ ਨੇ ਇਸ ਮਾਮਲੇ ਦੀ ਸੁਣਵਾਈ ਮੁਕੰਮਲ ਹੋਣ ਤੱਕ ਭੋਲਾ ਖ਼ਿਲਾਫ਼ ਚੱਲਦੇ ਨਸ਼ਾ ਤਸਕਰੀ ਦੇ ਕੇਸਾਂ ਦੀ ਪ੍ਰੀਸੀਡਿੰਗ 'ਤੇ ਰੋਕ ਲਾਈ ਹੋਈ ਹੈ। ਇਸ ਕਰਕੇ ਸਿਰਫ਼ ਤਰੀਕਾਂ ਹੀ ਪੈ ਰਹੀਆਂ ਹਨ ਤੇ ਬਿੱਟੂ ਔਲਖ ਵੱਲੋਂ ਇਨ੍ਹਾਂ ਕੇਸਾਂ ਤੇ ਜ਼ਮਾਨਤ ਅਰਜ਼ੀਆਂ ਦੀ ਸੁਣਵਾਈ ਲਟਕਣ ਦਾ ਮਾਮਲਾ ਉਠਾਉਣ ਦੇ ਇਵਜ਼ ਵਜੋਂ ਹੀ ਸਰਵਉਚ ਅਦਾਲਤ ਨੇ ਹਾਈਕੋਰਟ ਨੂੰ ਇਹ ਆਦੇਸ਼ ਜਾਰੀ ਕਰਕੇ ਮਾਮਲਾ ਸੀ.ਬੀ.ਆਈ. ਨੂੰ ਦੇਣ ਬਾਰੇ ਅਰਜ਼ੀਆਂ ਦਾ ਨਿਪਟਾਰਾ ਤਿੰਨ ਮਹੀਨੇ ਵਿਚ ਯਕੀਨੀ ਬਣਾਉਣ ਲਈ ਆਖਿਆ ਹੈ। ਇਸ ਲਈ ਸਪੈਸ਼ਲ ਬੈਂਚ ਗਠਿਤ ਕਰਨ ਲਈ ਵੀ ਕਿਹਾ ਗਿਆ ਹੈ।

ਉਂਝ, ਹਾਈਕੋਰਟ ਨੇ ਸੁਣਵਾਈ ਪਹਿਲਾਂ ਹੀ ਸ਼ੁਰੂ ਕੀਤੀ ਹੋਈ ਹੈ, ਹੁਣ ਇਸ ਦੇ ਨਿਬੇੜੇ ਲਈ ਸਮਾਂ ਸੀਮਾ ਤੈਅ ਹੋ ਗਈ। ਸੁਪਰੀਮ ਕੋਰਟ ਦੇ ਇਨ੍ਹਾਂ ਹੁਕਮਾਂ ਦੀ ਇਹ ਕਾਪੀ ਜਗਦੀਸ਼ ਭੋਲਾ ਦੇ ਵਕੀਲ ਸਤੀਸ਼ ਕਰਕਰਾ ਵੱਲੋਂ ਪੇਸ਼ੀ ਮੌਕੇ ਇਥੇ ਸਥਾਨਕ ਅਦਾਲਤ ਵਿਚ ਪੇਸ਼ ਕੀਤੀ ਗਈ। ਜ਼ਿਕਰਯੋਗ ਹੈ ਕਿ ਸਿਆਸੀ ਆਗੂ ਪ੍ਰਤਾਪ ਸਿੰਘ ਬਾਜਵਾ, ਸਿਮਰਨਜੀਤ ਸਿੰਘ ਮਾਨ ਤੇ ਜਗਮੀਤ ਸਿੰਘ ਸਮੇਤ ਸਾਬਕਾ ਏਡੀਜੀਪੀ ਸ਼ਸ਼ੀ ਕਾਂਤ ਆਦਿ ਵੱਲੋਂ ਵੀ ਸੀਬੀਆਈ ਜਾਂਚ ਦੀ ਮੰਗ ਤਹਿਤ ਪਟੀਸ਼ਨਾਂ ਦਾਇਰ ਕੀਤੀਆਂ ਹੋਈਆਂ ਹਨ। ਇਸ ਤਹਿਤ ਇਹ ਮਾਮਲਾ ਰਾਜਨੀਤਕ ਹਲਕਿਆਂ ਲਈ ਵੀ ਅਹਿਮ ਬਣਿਆ ਹੋਇਆ ਹੈ।

# ਪ੍ਰਕਾਸ਼ਨਾ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਨੂੰ ਚਾਰ ਅਗਸਤ ਤੱਕ ਜਵਾਬ ਦੇਣ ਦੀ ਤਾਕੀਦ

**ਚੰਡੀਗੜ੍ਹ:** ਸ਼੍ਰੋਮਣੀ ਕਮੇਟੀ ਵੱਲੋਂ ਕੈਨੇਡਾ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪ੍ਰਕਾਸ਼ਨਾ ਲਈ ਪ੍ਰਿੰਟਿੰਗ ਪ੍ਰੈੱਸ ਸਥਾਪਤ ਕਰਨ ਦੇ ਫ਼ੈਸਲੇ ਤੇ ਚੀਨ ਤੋਂ ਛਪਾਈ ਤੇ ਕੈਨੇਡਾ, ਅਮਰੀਕਾ ਆਦਿ ਵਿਚ ਵਿਤਰਨ ਬਾਰੇ ਅਦਾਲਤੀ ਚਾਰਾਜੋਈ ਤਹਿਤ ਹਾਲ ਦੀ ਘੜੀ ਜਵਾਬ ਦਾਇਰ ਕਰਨ ਤੋਂ ਗੁਰੇਜ਼ ਹੀ ਕੀਤਾ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਵੱਲੋਂ ਹਾਈਕੋਰਟ ਵਿਚ ਜਾਰੀ ਇਸ ਕੇਸ ਦੀ ਹਾਲੀਆ ਸੁਣਵਾਈ ਮੌਕੇ ਪੇਸ਼ ਹੋਏ ਵਕੀਲ ਮਨਪ੍ਰੀਤ ਸਿੰਘ ਲਾਗੀਆ ਨੇ ਬੈਂਚ ਕੋਲੋਂ ਜਵਾਬ ਦੇਣ ਲਈ ਚਾਰ ਹਫ਼ਤਿਆਂ ਦੇ ਸਮੇਂ ਦੀ ਮੰਗ ਕੀਤੀ ਹੈ।

ਦੱਸਣਯੋਗ ਹੈ ਕਿ ਭਾਰਤੀ ਮੂਲ ਦੇ ਇਕ ਅਮਰੀਕੀ ਸਿੱਖ ਥਮਿੰਦਰ ਸਿੰਘ ਅਨੰਦ ਪੁੱਤਰ ਹਰਭਜਨ ਸਿੰਘ ਅਨੰਦ ਵੱਲੋਂ ਚੀਨ ਤੋਂ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਦੀ ਛਪਵਾਈ ਕਰਵਾ ਕੇ ਕੰਟੇਨਰ ਰਾਹੀਂ ਅਮਰੀਕਾ ਤੇ ਕੈਨੇਡਾ ਲਿਜਾਣ ਵਿਰੁੱਧ ਸ਼੍ਰੋਮਣੀ ਕਮੇਟੀ ਵੱਲੋਂ 28 ਨਵੰਬਰ 2014 ਨੂੰ ਅੰਮ੍ਰਿਤਸਰ ਪੁਲਿਸ ਕੋਲ ਦਰਜ ਕਰਵਾਏ ਪਰਚੇ ਨੂੰ ਹਾਈਕੋਰਟ ਵਿਚ ਪਟੀਸ਼ਨ ਦਾਇਰ ਕਰਕੇ ਚਣੌਤੀ ਦਿੱਤੀ ਗਈ ਹੈ।

ਅਨੰਦ ਵੱਲੋਂ ਪੇਸ਼ ਹੋਏ ਸੀਨੀਅਰ ਐਡਵੋਕੇਟ ਐਮ.ਐੱਸ. ਖਹਿਰਾ ਤੇ ਐਡਵੋਕੇਟ ਬਲਬੀਰ ਸਿੰਘ ਸੇਵਕ ਨੇ ਦਾਅਵਾ ਕੀਤਾ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਬਾਰੇ ਸ਼੍ਰੋਮਣੀ ਕਮੇਟੀ ਕੋਲ ਕੋਈ ਕਾਪੀ-ਰਾਈਟ ਨਹੀਂ ਹੈ। ਗੁਰੂ ਗੋਬਿੰਦ ਸਿੰਘ ਜੀ ਵੱਲੋਂ ਕਿਸੇ ਵੀ ਵਿਅਕਤੀ ਜਾਂ ਸੰਸਥਾ ਨੂੰ ਇਸ ਬਾਰੇ ਹੱਕ ਰਾਖਵੇਂ ਨਹੀਂ ਕੀਤੇ ਗਏ ਸਨ। ਜਸਟਿਸ ਨਵਿਤਾ ਸਿੰਘ ਵੱਲੋਂ ਮਾਮਲੇ ਦੀ ਸੁਣਵਾਈ ਨੂੰ ਚਾਰ ਅਗਸਤ ਨਿਯਤ ਕਰਦਿਆਂ ਜੁਆਬਦੇਹ ਧਿਰ ਦੇ ਵਕੀਲ ਨੂੰ ਲੋੜੀਂਦਾ ਵਕਾਲਤਨਾਮਾ ਵੀ ਦਾਇਰ ਕਰਨ ਲਈ ਕਿਹਾ ਗਿਆ ਹੈ। ਸ਼੍ਰੋਮਣੀ ਕਮੇਟੀ ਦੇ ਸਕੱਤਰ ਦਲਮੇਘ ਸਿੰਘ ਨੇ ਸਪਸ਼ਟ ਕੀਤਾ ਕਿ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਵਿਚ ਗੁਰੂ ਗ੍ਰੰਥ ਸਾਹਿਬ ਦੀ ਛਪਾਈ ਬਾਰੇ ਅੰਤ੍ਰਿਗ ਕਮੇਟੀ ਦੀ ਹਾਲੀਆ ਬੈਠਕ ਵਿਚ ਫ਼ੈਸਲਾ ਜ਼ਰੂਰ ਲਿਆ ਗਿਆ ਹੈ, ਪਰ ਇਹ ਮਾਮਲਾ ਹਾਲ ਦੀ ਘੜੀ ਮੁੱਢਲੇ ਪੜਾਅ ਉੱਤੇ ਹੀ ਹੈ।

# ਸ੍ਰੀ ਹਜ਼ੂਰ ਸਾਹਿਬ ਪ੍ਰਬੰਧਕੀ ਬੋਰਡ ਦੇ ਪ੍ਰਧਾਨ ਦੀ ਨਿਯੁਕਤੀ ਤੋਂ ਛਿੜਿਆ ਵਿਵਾਦ


**ਅੰਮ੍ਰਿਤਸਰ:** ਤਖ਼ਤ ਸ੍ਰੀ ਹਜ਼ੂਰ ਸਾਹਿਬ ਅਬਚਲ ਨਗਰ ਨਾਂਦੇੜ ਦੇ ਪ੍ਰਬੰਧਕੀ ਬੋਰਡ ਲਈ ਨਵੇਂ ਪ੍ਰਧਾਨ ਦੀ ਨਾਮਜ਼ਦਗੀ ਬਾਰੇ ਪਿਛਲੇ ਕੁਝ ਦਿਨਾਂ ਤੋਂ ਚੱਲ ਰਹੀ ਚਰਚਾ ਨੂੰ ਉਦੋਂ ਵਿਸ਼ਰਾਮ ਲੱਗ ਗਿਆ, ਜਦੋਂ ਮਹਾਰਾਸ਼ਟਰ ਸਰਕਾਰ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਤੇ ਸ਼੍ਰੋਮਣੀ ਕਮੇਟੀ ਦੀਆਂ ਤਜਵੀਜ਼ਾਂ ਨੂੰ ਅੱਖੋਂ ਪਰ੍ਹੇ ਕਰਦਿਆਂ ਨਾਮਜ਼ਦ ਮੈਂਬਰਾਂ ਤੋਂ ਬਾਹਰੀ ਇਕ ਸਥਾਨਕ ਸਿੱਖ ਭਾਜਪਾ ਵਿਧਾਇਕ ਨੂੰ ਪ੍ਰਧਾਨ ਐਲਾਨਦਿਆਂ ਉਸ ਨੂੰ ਅਹੁਦੇ ਦੀ ਕੁਰਸੀ 'ਤੇ ਬਿਠਾ ਦਿੱਤਾ ਗਿਆ। ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਨੇ ਸਰਕਾਰ ਦੀ ਇਸ ਕਾਰਵਾਈ 'ਤੇ ਇਤਰਾਜ ਜਤਾਇਆ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਨੇ ਕਿਹਾ ਹੈ ਕਿ ਸੂਬਾ ਸਰਕਾਰ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਦਖਲ ਦੇ ਰਹੀ ਹੈ।

ਇਸ ਨਿਯੁਕਤੀ ਦਾ ਸਖ਼ਤ ਵਿਰੋਧ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਹੈ ਕਿ ਇਹ ਕਾਰਵਾਈ ਜਿਥੇ ਸਿੱਖ ਪੰਥ ਦੇ ਅੰਦਰੂਨੀ ਮਾਮਲਿਆਂ ਵਿਚ ਸਿੱਧੀ ਦਖਲਅੰਦਾਜ਼ੀ ਹੈ, ਉਥੇ ਸਿੱਖ ਮਰਿਆਦਾ ਦੀ ਵੀ ਘੋਰ ਉਲੰਘਣਾ ਹੈ। ਮੁੱਖ ਮੰਤਰੀ ਨੇ ਦੇਸ਼ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੋਂ ਇਸ ਅਤਿ ਗੰਭੀਰ ਤੇ ਨਾਜ਼ੁਕ ਮਾਮਲੇ ਵਿਚ ਤੁਰੰਤ ਦਖਲਅੰਦਾਜ਼ੀ ਦੀ ਮੰਗ ਕਰਦਿਆਂ ਕਿਹਾ ਕਿ ਮਹਾਂਰਾਸ਼ਟਰ ਸਰਕਾਰ ਨੂੰ ਹਦਾਇਤ ਕੀਤੀ ਜਾਵੇ ਕਿ ਪ੍ਰਬੰਧਕੀ ਬੋਰਡ ਦੇ ਪ੍ਰਧਾਨ ਦੀ ਨਿਯੁਕਤੀ ਰੱਦ ਕਰਕੇ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਦੀ ਕਾਨੂੰਨ ਅਨੁਸਾਰ ਚੋਣ ਕਰਵਾਈ ਜਾਵੇ। ਮਹਾਰਾਸ਼ਟਰ ਦੇ ਭਾਜਪਾ ਵਿਧਾਇਕ ਤਾਰਾ ਸਿੰਘ ਜਿਨ੍ਹਾਂ ਨੂੰ ਸੰਘ ਦੇ ਨਜ਼ਦੀਕੀ ਮੰਨਿਆ ਜਾਂਦਾ ਹੈ, ਨਾ ਤਾਂ ਸ੍ਰੀ ਹਜ਼ੂਰ ਸਾਹਿਬ ਪ੍ਰਬੰਧਕੀ ਬੋਰਡ ਦੇ ਮੈਂਬਰ ਸਨ ਤੇ ਨਾ ਹੀ ਉਨ੍ਹਾਂ ਦੀਆਂ ਕੋਈ ਵਿਸ਼ੇਸ਼ ਧਾਰਮਿਕ ਗਤੀਵਿਧੀਆਂ ਨਸ਼ਰ ਹੋਈਆਂ ਹਨ। ਉਹ ਸੰਘ ਦੇ ਨਜ਼ਦੀਕੀ ਹੋਣ ਦੇ ਨਾਲ-ਨਾਲ ਸਪੱਸ਼ਟ ਰੂਪ ਵਿਚ ਸਿਆਸੀ ਗਤੀਵਿਧੀਆਂ ਨਾਲ ਜੁੜੇ ਹੋਏ ਹਨ।

ਅਜਿਹੇ ਵਿਚ ਉਨ੍ਹਾਂ ਦੇ ਨਾਂ ਦੀ ਚਰਚਾ ਦਾ ਵਿਰੋਧ ਕਰਦਿਆਂ ਪਿਛਲੇ ਦਿਨੀਂ ਪ੍ਰਧਾਨ ਸ਼੍ਰੋਮਣੀ ਕਮੇਟੀ ਜਥੇਦਾਰ ਅਵਤਾਰ ਸਿੰਘ ਨੇ ਤੌਖਲਾ ਪ੍ਰਗਟ ਕੀਤਾ ਸੀ, ਕਿ ਅਜਿਹੇ ਵਿਅਕਤੀ ਨੂੰ ਪ੍ਰਧਾਨਗੀ ਦੇ ਕੇ ਸੂਬਾ ਸਰਕਾਰ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਦਖ਼ਲਅੰਦਾਜ਼ੀ ਕਰ ਰਹੀ ਹੈ।

ਅਜਿਹੇ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਵੀ ਤਾਰਾ ਸਿੰਘ ਨੂੰ ਤਖ਼ਤ ਸਾਹਿਬਾਨ ਦੇ ਪ੍ਰਬੰਧਕੀ ਪ੍ਰਧਾਨ ਦੀ ਸੇਵਾ ਦੇ ਯੋਗ ਨਹੀਂ ਸੀ ਮੰਨਿਆ ਤੇ ਕਿਸੇ ਧਾਰਮਿਕ ਬਿਰਤੀ ਵਾਲੇ ਵਿਅਕਤੀ ਨੂੰ ਪ੍ਰਧਾਨ ਬਣਾਉਣ ਦੇ ਨਿਰਦੇਸ਼ ਦਿੱਤੇ ਸਨ। ਇਸ ਦੌਰਾਨ ਤਾਰਾ ਸਿੰਘ ਦੇ ਅਹੁਦਾ ਸੰਭਾਲਣ ਮੌਕੇ ਡੇਰਾ ਬਾਬਾ ਨਿਧਾਨ ਸਿੰਘ ਦੇ ਪ੍ਰਬੰਧਕ ਬਾਬਾ ਬਲਵਿੰਦਰ ਸਿੰਘ, ਕਮੇਟੀ ਮੈਂਬਰ ਰਣਜੀਤ ਸਿੰਘ ਚਿਰਾਗੀਆ, ਰਜਿੰਦਰ ਸਿੰਘ ਪੁਜਾਰੀ, ਅਮਰੀਕ ਸਿੰਘ ਵਾਸਰੀਕਰ, ਗੁਰਮੀਤ ਸਿੰਘ ਮਹਾਜਨ, ਇਕਬਾਲ ਸਿੰਘ ਮੁੰਬਈ ਮੌਕੇ 'ਤੇ ਹਾਜ਼ਰ ਸਨ।

### ਸ਼੍ਰੋਮਣੀ ਕਮੇਟੀ ਤੇ ਬਾਦਲ ਨੇ ਮੋਦੀ ਦਾ ਦਖਲ ਮੰਗਿਆ



### ਫੜਨਵੀਸ ਵਲੋਂ ਵਿਵਾਦ ਦੇ ਹੱਲ ਦਾ ਭਰੋਸਾ

**ਅੰਮ੍ਰਿਤਸਰ:** ਮਹਾਰਾਸ਼ਟਰ ਦੇ ਮੁੱਖ ਮੰਤਰੀ ਦਵੇਂਦਰ ਫੜਨਵੀਸ ਨੇ ਕਿਹਾ ਕਿ ਤਖ਼ਤ ਸ੍ਰੀ ਹਜ਼ੂਰ ਸਾਹਿਬ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੇ ਅਹੁਦੇ 'ਤੇ ਮੁੜ ਵਿਚਾਰ ਕੀਤਾ ਜਾ ਸਕਦਾ ਹੈ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਉਪਰੰਤ ਸ੍ਰੀ ਫੜਨਵੀਸ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਪ੍ਰਬੰਧਕ ਕਮੇਟੀ ਬਾਰੇ ਜੋ ਚਿੱਠੀ ਲਿਖੀ ਹੈ, ਉਸ ਸਬੰਧੀ ਉਹ ਜਲਦ ਹੀ ਸ: ਬਾਦਲ ਨਾਲ ਨਿੱਜੀ ਤੌਰ 'ਤੇ ਗੱਲਬਾਤ ਕਰਨਗੇ। ਇਸ ਤੋਂ ਇਲਾਵਾ ਸਾਰੇ ਆਗੂਆਂ ਨਾਲ ਵਿਚਾਰ-ਵਟਾਂਦਰਾ ਕੀਤਾ ਜਾਵੇਗਾ। ਆਗੂਆਂ ਦਾ ਜੋ ਫੈਸਲਾ ਹੋਵੇਗਾ, ਉਸ 'ਤੇ ਮਹਾਰਾਸ਼ਟਰ ਸਰਕਾਰ ਫੈਸਲਾ ਕਰੇਗੀ।

# ਗੁੜ ਖਾਵਾਂ ਵੇਲ ਵਧਾਵਾਂ

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਪੰਜਾਬੀਆਂ ਲਈ ਗੁੜ ਇਸੇ ਤਰ੍ਹਾਂ ਹੈ ਜਿਵੇਂ ਅਰਬੀਆਂ ਲਈ ਖਜੂਰ ਤੇ ਯੂਰਪੀਆਂ ਲਈ ਕੇਕ। ਰਵਾਇਤੀ ਤੌਰ 'ਤੇ ਕੋਈ ਵੀ ਸ਼ੁਭ ਕਾਰਜ ਅਰੰਭ ਕਰਨ ਤੋਂ ਪਹਿਲਾਂ ਗੁੜ ਵੰਡਿਆ ਜਾਂਦਾ ਹੈ। ਵਿਆਹ 'ਤੇ ਸੱਦਾ ਦੇਣ ਲਈ ਗੁੜ ਭੇਜਿਆ ਜਾਂਦਾ ਹੈ, ਗੁੜ ਭੇਜਣਾ ਸੱਦੇ ਦਾ ਸਮਾਨਅਰਥਕ ਮੁਹਾਵਰਾ ਵੀ ਬਣ ਚੁੱਕਾ ਹੈ। ਪ੍ਰਸ਼ਾਦ ਵਜੋਂ ਗੁੜ ਧਾਰਮਕ ਸਥਾਨਾਂ 'ਤੇ ਚੜ੍ਹਾਇਆ ਜਾਂਦਾ ਹੈ। ਗੁੜ ਨਾਲ ਰੋਟੀ ਖਾਣ ਦਾ ਆਪਣਾ ਹੀ ਸੁਆਦ ਹੈ। ਉਂਜ ਵੀ ਕਈ ਪੰਜਾਬੀ ਰੋਟੀ ਪਿਛੋਂ ਥੋੜ੍ਹਾ-ਬਹੁਤਾ ਗੁੜ ਜ਼ਰੂਰ ਖਾਂਦੇ ਹਨ। ਛੋਟੇ ਹੁੰਦੇ ਮੈਂ ਚਿਮਟੇ ਵਿਚ ਜੋ ਗੁੜ ਦੀ ਡਲੀ ਫਸਾ ਕੇ ਤੇ ਬਲਦੇ ਚੁਲ੍ਹੇ 'ਚ ਪਿਘਲਾ ਕੇ ਖਾਇਆ ਕਰਦਾ ਸਾਂ, ਉਸ ਦਾ ਜ਼ਾਇਕਾ ਅਜੇ ਵੀ ਜੀਭ 'ਤੇ ਤਰਦਾ ਹੈ। ਉਦੋਂ ਇਹ ਇਕ ਨਿਆਮਤ ਹੀ ਹੁੰਦੀ ਸੀ। ਗੁੜ ਦੀ ਵਰਤੋਂ ਮਿੱਠੇ ਲਈ ਹੀ ਨਹੀਂ ਕੌੜੇ ਲਈ ਵੀ ਚੋਖੀ ਹੁੰਦੀ ਹੈ। ਪਾਠਕ ਸਮਝ ਹੀ ਗਏ ਹੋਣਗੇ। ਗੁੜ ਦੀ ਮਹੱਤਤਾ ਦਾ ਇਥੋਂ ਹੀ ਪਤਾ ਲੱਗ ਜਾਂਦਾ ਹੈ ਕਿ ਬੱਚਾ ਪੈਦਾ ਹੁੰਦੇ ਸਾਰ ਹੀ ਉਸ ਨੂੰ ਗੁੜ ਚਟਾਇਆ ਜਾਂਦਾ ਹੈ, ਜਿਸ ਨੂੰ ਗੁੜ੍ਹਤੀ ਕਿਹਾ ਜਾਂਦਾ ਹੈ। ਗੁੜ ਤੋਂ ਬਣੇ ਗੁੜਤੀ ਸ਼ਬਦ ਦਾ ਅਰਥ ਹੀ ਜਮਾਂਦਰੂ ਸੁਭਾਅ ਬਣ ਗਿਆ ਹੈ।

ਹਰ ਇਲਾਕੇ, ਬਲਕਿ ਹਰ ਕੁਲ੍ਹਾੜੀ ਦੇ ਗੁੜ ਦਾ ਸਵਾਦ ਆਪੋ-ਆਪਣਾ ਹੈ। ਇਸ ਨਿਵੇਕਲੇ ਸਵਾਦ ਵਿਚ ਗੰਨੇ ਦੀ ਕਿਸਮ, ਸਥਾਨਕ ਭੋਇੰ, ਪੌਣ-ਪਾਣੀ, ਬਣਾਉਣ ਦੀ ਵਿਧੀ, ਅਸ਼ੁਧੀਆਂ ਤੇ ਕਿਰਕ ਦਾ ਰੋਲ ਹੁੰਦਾ ਹੈ। ਲੂਣੀ ਮਿੱਟੀ ਵਿਚ ਪੈਦਾ ਹੋਈ ਕਮਾਦ ਦਾ ਗੁੜ ਨਮਕੀਨ ਹੋਵੇਗਾ। ਬਣਦੇ ਹੋਏ ਤੱਤੇ-ਤੱਤੇ ਗੁੜ ਦੀ ਮਹਿਕ ਤੇ ਸੁਆਦ 'ਤੇ ਤਾਂ ਹਰ ਕੋਈ ਲਟਬੌਰਾ ਹੋ ਜਾਂਦਾ ਹੈ। ਇਸ ਨੂੰ ਪੱਤਿਆਂ 'ਤੇ ਰੱਖ ਕੇ ਖਾਣ ਦਾ ਅਲੱਗ ਹੀ ਅਨੁਭਵ ਹੈ। ਜੱਟ ਸ਼ਾਇਦ ਤਦੇ ਹੀ ਭੇਲੀ ਦਿੰਦਾ ਹੈ, ਗੰਨਾ ਨਹੀਂ ਭੰਨਣ ਦਿੰਦਾ, ਗੁੜ ਉਸ ਦੀ ਮੁਸ਼ੱਕਤ ਦਾ ਬਿਹਤਰੀਨ ਫਲ ਹੈ। ਹਰ ਗੁੜ ਦਾ ਰੰਗ ਵੀ ਆਪੋ ਆਪਣਾ ਹੈ, ਹਲਕੇ ਪੀਲੇ ਤੋਂ ਲੈ ਕੇ ਗੂੜ੍ਹੇ ਭੂਰੇ ਤੱਕ, ਇਥੋਂ ਤੱਕ ਕਿ ਕਾਲੇ ਰੰਗ ਦਾ ਗੁੜ ਵੀ ਆਮ ਹੀ ਮਿਲ ਜਾਂਦਾ ਹੈ। ਫਿਰ ਇਹ ਭੇਲੀ ਅਤੇ ਪੇਸੀਆਂ, ਰੋੜੀਆਂ ਜਾਂ ਟਿੱਕੀਆਂ ਦੇ ਆਕਾਰ ਵਿਚ ਵੀ ਢਾਲਿਆ ਜਾਂਦਾ ਹੈ। ਅੱਜ ਅਨੇਕਾਂ ਰਸਾਇਣਾਂ ਵਿਚੀਂ ਲੰਘਾ ਕੇ ਬੇਹੱਦ ਸ਼ੁਧ ਕੀਤੀ ਅਤੇ ਵਿਟਾਮਿਨਾਂ ਧਾਤਾਂ ਤੋਂ ਵੰਚਿਤ ਕੀਤੀ ਚੀਨੀ ਨੂੰ ਸਭ ਤੋਂ ਮਿੱਠੀ ਜ਼ਹਿਰ ਕਿਹਾ ਜਾਂਦਾ ਹੈ। ਇਸ ਲਈ ਸਿਹਤ ਦੇ ਫਿਕਰਮੰਦ ਲੋਕ ਮਿਠਾਸ ਦੇ ਹੋਰ ਬਦਲ ਭਾਲਦੇ ਹਨ ਤਾਂ ਉਨ੍ਹਾਂ ਲਈ ਗੁੜ ਤੋਂ ਵਧੀਆਂ ਮਿੱਠਾ ਹੋਰ ਕਿਹੜਾ ਹੋ ਸਕਦਾ ਹੈ।

ਗੁੜ ਸ਼ਬਦ ਵਾਲੇ ਕਈ ਮੁਹਾਵਰੇ, ਅਖਾਣ ਸੁਣਨ ਨੂੰ ਮਿਲਦੇ ਹਨ। ਘਰ ਦੀ ਗੱਲ ਨੂੰ ਭੇਤ ਬਣਾ ਕੇ ਰੱਖਣ ਦੀ ਸਲਾਹ ਵਜੋਂ ਵਾਰਿਸ ਸ਼ਾਹ ਦੀ ਇਸ ਤੁਕ ਨੂੰ ਆਮ ਹੀ ਅਖਾਣ ਵਜੋਂ ਵਰਤਿਆ ਜਾਂਦਾ ਹੈ, "ਵਾਰਿਸ ਸ਼ਾਹ ਛੁਪਾਈਏ ਖ਼ਲਕ ਕੋਲੋਂ



ਭਾਵੇਂ ਆਪਣਾ ਹੀ ਗੁੜ ਖਾਈਏ ਜੀ।" ਪਰ ਬੁੱਕਲ ਵਿਚ ਗੁੜ ਭੋਰਨ ਵਾਲਾ ਮੁਹਾਵਰਾ ਵਾਰਿਸ ਸ਼ਾਹ ਦੇ ਅਖਾਣ ਨੂੰ ਕੱਟਦਾ ਲਗਦਾ ਹੈ। ਫਿਰ ਚੋਰੀ ਦਾ ਗੁੜ ਮਿੱਠਾ ਹੁੰਦਾ ਹੈ, ਭਲਾ ਬਿਨਾ ਚੋਰੀ ਵਾਲਾ ਮਿੱਠਾ ਨਹੀਂ ਹੁੰਦਾ? ਨਾਲੇ ਚੋਰੀ ਦੇ ਲਾਭ ਨੂੰ ਕਿੰਨੇ ਸਰਲ ਢੰਗ ਨਾਲ ਸਮਝਾ ਦਿੱਤਾ ਗਿਆ ਹੈ। ਕਈ ਲੋਕ ਕੰਮ ਏਨਾ ਕੁਚੱਜਾ ਕਰਦੇ ਹਨ ਜਾਣੋਂ ਗੁੜ ਦਾ ਗੋਹਾ ਹੀ ਕਰ ਦਿੰਦੇ ਹਨ। 'ਸੱਚ ਮਿਰਚਾਂ ਝੂਠ ਗੁੜ' ਦੀ ਸੱਚਾਈ ਤਾਂ ਅੱਜ ਜ਼ਿੰਦਗੀ ਦਾ ਨਿੱਤ ਦਾ ਵਰਤਾਰਾ ਹੀ ਬਣ ਗਈ ਹੈ। ਗੁੜ ਦਾ ਏਨਾ ਲਾਲਚ ਹੁੰਦਾ ਹੈ ਕਿ ਕਈਆਂ ਨੂੰ ਗੁੜ ਖੁਆਇਆਂ ਹੀ ਮਾਰਿਆ ਜਾ ਸਕਦਾ ਹੈ, ਵਿਹੁ ਦੇਣ ਦੀ ਲੋੜ ਨਹੀਂ ਰਹਿੰਦੀ। ਭਾਵੇਂ ਕਬੀਰ ਜੀ "ਗੂੰਗੇ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ" ਆਖ ਗਏ ਹਨ ਪਰ ਗੁੜ ਦਾ ਸਵਾਦ ਗੂੰਗਾ ਤਾਂ ਕੀ, ਕੋਈ ਸਮਰੱਥ ਬੁਲਾਰਾ ਵੀ ਨਹੀਂ ਸਮਝਾ ਸਕਦਾ। ਗੁੜ ਖਾਣ ਤੇ ਗੁਲਗੁਲੇ ਤੋਂ ਪ੍ਰਹੇਜ਼ ਕਰਨ ਵਾਲੇ ਵੀ ਬਹੁਤ ਸਾਰੇ ਪਖੰਡੀ ਮਿਲ ਜਾਂਦੇ ਹਨ ਤੇ ਗੁੜ ਦਿਖਾ ਕੇ ਢੇਲਾ ਮਾਰਨ ਵਾਲੇ ਚਲਾਕ ਲੋਕ ਵੀ। ਗੁਰੂ ਗ੍ਰੰਥ ਸਾਹਿਬ ਵਿਚ ਗੁੜ ਸ਼ਬਦ ਦੀ ਚੋਖੀ ਵਰਤੋਂ ਮਿਲਦੀ ਹੈ, ਕਈ ਤੁਕਾਂ ਤਾਂ ਮੁਹਾਵਰੇ/ਅਖਾਣਾਂ ਦਾ ਰੂਪ ਹੀ ਧਾਰ ਚੁੱਕੀਆਂ ਹਨ, "ਫਰੀਦਾ ਕੰਨਿ ਮੁਸਲਾ ਸੂਫੁ ਗਲਿ ਦਿਲਿ ਕਾਤੀ ਗੁੜੁ ਵਾਤਿ।" ਹੋਛੀ ਮਤਿ ਭਇਆ ਮਨੁ ਹੋਛਾ ਗੁੜੁ ਸਾ ਮੱਖੀ ਖਾਇਆ।" -ਗੁਰੂ ਨਾਨਕ ਸਾਹਿਬ।

ਗੁੜ ਤੋਂ ਕਈ ਹੋਰ ਸ਼ਬਦ ਵੀ ਬਣੇ ਹਨ। ਬਹੁਤੇ ਮਿੱਠੇ ਵਾਲੀ ਚੀਜ਼ ਜਿਵੇਂ ਚਾਹ ਆਦਿ ਨੂੰ ਗੜਾਖੂ ਜਾਂ ਗੁਡਾਣਾ ਕਹਿ ਦਿੰਦੇ ਹਨ। ਗੁਡਾਣਾ ਸ਼ਬਦ ਗੁੜ+ਧਾਨ=ਗੁੜਧਾਨਾ ਤੋਂ ਬਣਿਆ ਪ੍ਰਤੀਤ ਹੁੰਦਾ ਹੈ ਅਰਥਾਤ ਗੁੜ ਤੇ ਅੰਨ ਮਿਲਾ ਕੇ ਬਣਾਈ ਮਿੱਠੀ ਚੀਜ਼। ਗੰਨੇ ਦੀਆਂ ਪੋਰੀਆਂ ਨੂੰ ਲੱਗਣ ਵਾਲੇ ਕੀੜੇ ਨੂੰ ਗੜੂਆਂ ਆਖਦੇ ਹਨ। ਵਿਆਹ ਜਾਂ ਕਿਸੇ ਬਜ਼ੁਰਗ ਦੀ ਮ੍ਰਿਤੂਕਿਰਿਆ ਦੀ ਸਮਾਪਤੀ 'ਤੇ ਗਦੌੜਾ ਫੇਰਿਆ ਜਾਂਦਾ ਹੈ। ਰਵਾਇਤੀ ਤੌਰ 'ਤੇ ਇਹ ਗੁੜ ਵਾਲੀਆਂ ਮਿੱਠੀਆਂ ਰੋਟੀਆਂ ਹੁੰਦੀਆਂ ਸਨ। ਗੁੜ ਤੋਂ ਇਕ ਮਹੱਤਵਪੂਰਨ ਸ਼ਬਦ ਬਣਿਆ ਹੈ ਗੌੜ ਜੋ ਕਿ ਇਤਿਹਾਸਕ ਤੌਰ 'ਤੇ ਪੂਰਬੀ ਬੰਗਾਲ ਅਤੇ ਉੜੀਸਾ ਦੇ ਵਿਚਕਾਰਲੇ ਪਰਦੇਸ਼ ਦਾ ਨਾਂ ਹੈ। ਸਮੇਂ ਸਮੇਂ ਇਸ ਦੀਆਂ ਸਰਹੱਦਾਂ ਬਦਲਦੀਆਂ ਰਹੀਆਂ ਹਨ। ਮੋਨੀਅਰ ਵਿਲੀਅਮਜ਼ ਦੇ ਸੰਸਕ੍ਰਿਤ ਕੋਸ਼ ਅਨੁਸਾਰ ਗੌਡ ਦਾ ਅਰਥ sugar country ਹੈ। ਇਸ ਤੋਂ ਮਲੂਮ ਹੁੰਦਾ ਹੈ ਕਿ ਇਹ ਇਲਾਕਾ ਕਿਸੇ ਸਮੇਂ ਗੁੜ ਦੀ ਪੈਦਾਵਾਰ ਕਰਕੇ ਜਾਣਿਆ ਜਾਂਦਾ ਸੀ। ਗੌੜ ਦੇਸ਼ ਦੇ ਲੋਕ ਗੌੜ ਕਹਾਉਂਦੇ ਸਨ। ਬੰਗਾਲ-ਬੰਗਲਾਦੇਸ਼ ਦੀ ਸਰਹੱਦ 'ਤੇ ਇਕ ਥੇਹ ਹੋ ਚੁੱਕਾ ਗੌੜ ਸ਼ਹਿਰ ਵੀ ਹੈ। ਸੰਸਕ੍ਰਿਤ ਕੋਸ਼ਾਂ ਵਿਚ ਗੌਡ ਦੇ ਅਰਥ ਗੁੜ ਤੋਂ ਬਣੀ ਚੀਜ਼, ਮਿਠਾਈਆਂ, ਗੁੜ ਤੋਂ ਬਣੀ ਸ਼ਰਾਬ ਆਦਿ ਮਿਲਦੇ ਹਨ। ਗੌੜ ਬ੍ਰਾਹਮਣਾਂ ਦੀ ਇਕ ਜਾਤੀ ਵੀ ਹੁੰਦੀ ਹੈ। ਇਸ ਜਾਤੀ ਦੇ ਬ੍ਰਾਹਮਣ ਆਪਣੇ ਨਾਂ ਪਿਛੇ ਗੌੜ ਜਾਂ ਇਸ ਦੇ ਹੋਰ ਰੁਪਾਂਤਰ ਲਾਉਂਦੇ ਹਨ। ਇਹ ਬ੍ਰਾਹਮਣ ਮੁਢਲੇ ਤੌਰ 'ਤੇ ਯੱਗ ਆਦਿ ਸਮੇਂ ਸ਼ਰਾਬ ਦੀ ਰਸਮ ਅਦਾ ਕਰਦੇ ਸਨ। ਗੌੜ ਬ੍ਰਾਹਮਣ ਇਤਿਹਾਸਕ ਮਜਬੂਰੀਆਂ ਕਾਰਨ ਲਗਭਗ ਸਾਰੇ ਭਾਰਤ ਵਿਚ ਫੈਲ ਗਏ। ਸਾਬਕਾ ਪ੍ਰਧਾਨ ਮੰਤਰੀ ਦੇਵ ਗੌੜਾ ਦਾ ਨਾਂ ਬਥੇਰੇ ਜਾਣਦੇ ਹੋਣਗੇ। ਗੁੜ ਦੀ ਸ਼ਰਾਬ ਦਾ ਨਾਂ ਗੌੜੀ ਵੀ ਹੈ। ਗੌੜ, ਗਉੜ ਜਾਂ ਗਉੜੀ ਇਕ ਰਾਗਣੀ ਦਾ ਨਾ ਵੀ। ਗੁਰੂ ਗ੍ਰੰਥ ਸਾਹਿਬ ਵਿਚ ਇਸ ਰਾਗਣੀ ਦਾ ਤੀਸਰਾ ਨੰਬਰ ਹੈ ਅਤੇ ਇਸ ਦੇ ਕਈ ਭੇਦ ਹਨ। 'ਮਹਾਨ ਕੋਸ਼' ਅਨੁਸਾਰ ਕਵਿਤਾ ਦਾ ਇੱਕ ਪ੍ਰਕਾਰ ਦਾ ਨਾਂ ਵੀ ਗਉੜੀ ਹੈ। ਇਸ ਵਿਚ ਓਜ ਗੁਣ ਹੁੰਦਾ ਹੈ ਅਤੇ ਟਵਰਗ ਦਾ ਪ੍ਰਯੋਗ ਕਰੀਦਾ ਹੈ। ਗੌੜ ਦੇਸ਼ ਦੇ ਕਾਵਿ ਇਸ ਨਾਉਂ ਦਾ ਕਾਰਨ ਹਨ।

ਅੰਗਰੇਜ਼ੀ ਵਿਚ ਤੇ ਹੋਰ ਕਈ ਭਾਸ਼ਾਵਾਂ ਵਿਚ ਗੁੜ ਲਈ ਜੈਗਰੀ ਸ਼ਬਦ ਤੋਂ ਹੀ ਕੰਮ ਲਿਆ ਜਾਂਦਾ ਹੈ। ਜਿਵੇਂ ਸ਼ੱਕਰ ਵਾਲੇ ਲੇਖ ਵਿਚ ਦੱਸਿਆ ਗਿਆ ਹੈ, ਜੈਗਰੀ ਸ਼ਬਦ ਦਾ ਸਿਰਾ ਸ਼ੱਕਰ ਲਈ ਮਲਿਆਲਮ ਸ਼ਬਦ ਚੱਕਰ ਹੈ, ਇਹ ਪੁਰਤਗੀਜ਼ ਵਿਚ ਜਾ ਕੇ ਜਾਗਰ ਜਿਹਾ ਬਣਿਆ ਤੇ ਅੱਗੇ ਅੰਗਰੇਜ਼ੀ ਤੇ ਕੁਝ ਹੋਰ ਭਾਸ਼ਾਵਾਂ ਵਿਚ ਜੈਗਰੀ ਵਜੋਂ ਅਪਨਾਇਆ ਗਿਆ। ਗੌਰਤਲਬ ਹੈ ਕਿ ਮਲਿਆਲਮ ਭਾਸ਼ੀ ਲੋਕਾਂ ਲਈ ਚੱਕਰ ਸ਼ਬਦ ਤਾੜ ਤੋਂ ਬਣਾਈ ਜਾਂਦੀ ਸ਼ੱਕਰ ਲਈ ਵਰਤਿਆ ਜਾਂਦਾ ਰਿਹਾ ਹੋਵੇਗਾ। ਦੇਖਣ ਨੂੰ ਸੁਹਣੀ, ਗੋਰੀ-ਚਿੱਟੀ ਲਗਦੀ ਚੀਨੀ ਆਮ ਹੋ ਜਾਣ ਕਾਰਨ ਗੁੜ ਨੂੰ ਨਖਿਧ ਸਮਝਿਆ ਜਾਣ ਲੱਗਾ। ਪਰ ਗੁੜ ਦੀ ਚਾਹ ਦਾ ਜੋ ਮਜ਼ਾ ਹੈ, ਉਹ ਚੀਨੀ ਦੀ ਚਾਹ ਦਾ ਕਿੱਥੇ! ਇਕ ਵਾਰੀ ਪੰਜਾਬ ਵਿਚ ਚੀਨੀ ਦੀ ਸਪਲਾਈ ਘੱਟ ਹੋ ਗਈ ਤਾਂ ਮਧ ਵਰਗੀ ਲੋਕ ਅੱਧਾ ਗੁੜ ਤੇ ਅੱਧੀ ਖੰਡ ਪਾ ਕੇ ਚਾਹ ਬਣਾਉਣ ਲੱਗ ਪਏ ਪਰ ਆਏ ਗਏ ਨੂੰ ਚੀਨੀ ਦੀ ਚਾਹ ਹੀ ਵਰਤਾਈ ਜਾਂਦੀ ਸੀ। ਭਾਰਤ ਵਿਚ ਗੁੜ ਸਦੀਆਂ ਤੋਂ ਬਣਾਇਆ ਜਾ ਰਿਹਾ ਹੈ। ਭਾਰਤ ਦੇ ਦਤਟਵਰਤੀ ਪ੍ਰਦੇਸ਼ਾਂ ਵਿਚ ਗੁੜ ਤਾੜ ਦੇ ਕੱਟੇ ਹੋਏ ਫੁੱਲਾਂ 'ਚੋਂ ਸਿੰਮਦੇ ਰਸੇ ਤੋਂ ਵੀ ਬਣਾਇਆ ਜਾਂਦਾ ਹੈ। ਇਸੇ ਰਸੇ ਤੋਂ ਤਾੜੀ ਨਾਂ ਦੀ ਸ਼ਰਾਬ ਵੀ ਬਣਦੀ ਹੈ। ਬਾਕੀ ਦੇ ਭਾਰਤ ਵਿਚ ਗੁੜ, ਗੰਨੇ ਦੇ ਰਸ ਨੂੰ ਕਾੜ੍ਹ ਕੇ ਬਣਾਇਆ ਜਾਂਦਾ ਹੈ।

ਗੁੜ ਸ਼ਬਦ ਸੰਸਕ੍ਰਿਤ ਦੇ 'ਗੁਡ' ਸ਼ਬਦ ਤੋਂ ਵਿਉਤਪਤ ਹੋਇਆ ਦੱਸਿਆ ਜਾਂਦਾ ਹੈ ਜਿਸ ਦਾ ਮੁਖ ਅਰਥ ਹੈ- ਗੇਂਦ ਜਾਂ ਗੋਲਾ। ਸੰਸਕ੍ਰਿਤ ਵਿਚ ਇਸ ਦੇ ਹੋਰ ਅਰਥ ਹਨ- ਗੋਲੀ ਜਾਂ ਵੱਟੀ, ਮੂੰਹਭਰ, ਗੁੜ, ਹਾਥੀ ਦਾ ਕਵਚ, ਕਪਾਹ ਦਾ ਪੇੜ ਆਦਿ। ਜ਼ਾਹਿਰ ਹੈ ਕਿ ਹਰ ਚੀਜ਼ ਵਿਚ ਗੁਲਾਈ ਦਾ ਭਾਵ ਹੈ। ਅਸਲ ਵਿਚ ਤਾਂ 'ਗੁਲ' ਸ਼ਬਦ ਦਾ ਇਕ ਅਰਥ ਵੀ ਗੁੜ ਹੀ ਹੈ। ਮਰਾਠੀ ਵਿਚ ਗੁੜ ਨੂੰ ਗੂਲ, ਗੁਜਰਾਤੀ ਵਿਚ ਗੋਲ, ਪਾਲੀ ਵਿਚ ਗੁਲ ਅਤੇ ਬੰਗਾਲੀ ਵਿਚ ਗੁੜ ਕਿਹਾ ਜਾਂਦਾ ਹੈ। ਦਿਲਚਸਪ ਗੱਲ ਹੈ ਕਿ ਇੰਡੋਨੇਸ਼ੀਆ ਤੇ ਮਲਾਏ ਭਾਸ਼ਾਵਾਂ ਵਿਚ ਖੰਡ ਨੂੰ ਗੁਲਾ ਕਿਹਾ ਜਾਂਦਾ ਹੈ। ਪਰ ਗੁਡ ਦਾ ਅਰਥ ਰਸ, ਰਾਬ, ਸ਼ੀਰਾ ਵੀ ਹੈ ਤੇ ਰਹੁ ਤੋਂ ਤਿਆਰ ਹੁੰਦੀ ਪੇਸੀ ਜਾਂ ਭੇਲੀ ਵੀ ਹੈ। ਇਸ ਦੇ ਪਿਛੇ ਗਡ ਧਾਤੂ ਹੈ ਜਿਸ ਦਾ ਅਰਥ ਹੈ ਰਸ ਕਢਣਾ, ਕਸ਼ੀਦਣਾ। ਇਸ ਤਰ੍ਹਾਂ ਗੁੜ ਸ਼ਬਦ ਦੇ ਪਿਛੇ ਮੂਲ ਭਾਵ ਰਸ ਟਪਕਣ ਦਾ ਹੈ ਕਿਉਂਕਿ ਗੁੜ ਕਿਸੇ ਵੀ ਪ੍ਰਕਾਰ ਦੇ ਰਸ ਨੂੰ ਕਾੜ੍ਹ ਕੇ ਹੀ ਬਣਾਇਆ ਜਾਂਦਾ ਹੈ। ਗਡ ਧਾਤੂ ਬਾਰੇ ਫਿਰ ਕਦੇ ਹੋਰ ਚਰਚਾ ਕੀਤੀ ਜਾਵੇਗੀ।

# ਪੰਜਾਬ ਟਾਈਮਜ਼ ਦੀ 15ਵੀਂ ਵਰ੍ਹੇਗੰਢ

*(ਸਫਾ 19 ਦੀ ਬਾਕੀ)*

ਕਾਬਲੇ-ਤਾਰੀਫ਼ ਹੁੰਦਾ ਹੈ। ਅਮੋਲਕ ਇਸ ਦੀ ਮਿਸਾਲ ਹੈ ਜਿਸ ਨੇ ਸਰੀਰਕ ਤੌਰ 'ਤੇ ਲੱਖ ਮੁਸ਼ਕਿਲਾਂ ਹੋਣ ਦੇ ਬਾਵਜੂਦ ਮਾਨਸਿਕ ਜਿੱਤ, ਦਲੇਰੀ ਤੇ ਸਤੁੰਲਿਤ ਪੱਤਰਕਾਰੀ ਦਾ ਝੰਡਾ ਝੁਲਾਇਆ ਹੈ। ਇਸ ਕਾਰਜ ਵਿਚ ਉਸ ਦੀ ਪਤਨੀ ਜਸਪ੍ਰੀਤ ਕੌਰ ਦੇ ਯੋਗਦਾਨ ਨੂੰ ਵੀ ਬਰਾਬਰ ਹੀ ਰੱਖਿਆ ਜਾਵੇਗਾ। ਪੰਦਰਾਂ ਸਾਲ ਪਹਿਲਾਂ ਲੱਗਾ ਇਹ ਨਿੱਕਾ ਜਿਹਾ ਬੂਟਾ ਅਜ ਬੋਹੜ ਬਣ ਰਿਹਾ ਹੈ। ਆਮ ਖਬਰਾਂ ਦੇ ਨਾਲ-ਨਾਲ ਰਾਜਨੀਤੀ ਬਾਰੇ ਬਹੁਤ ਹੀ ਸੁਲਝੇ ਲੇਖ ਛਾਪਣ ਤੋਂ ਇਲਾਵਾ ਇਹ ਉਸਾਰੂ ਸਾਹਿਤ ਦੇਣ ਤੇ ਮਰਿਆਦਾ ਭਰੀ ਪੱਤਰਕਾਰੀ ਦਾ ਸੰਪੂਰਨ ਰੋਲ ਅਦਾ ਕਰ ਰਿਹਾ ਹੈ। ਵਧੀਆ ਲੇਖਕਾਂ ਦਾ ਇਸ ਅਖ਼ਬਾਰ ਦੇ ਕਾਫਲੇ ਵਿਚ ਲਗਾਤਾਰ ਸ਼ਾਮਲ ਹੁੰਦੇ ਜਾਣ ਨੂੰ ਸ. ਜੰਮੂ ਦਾ ਹੀ ਪਿਆਰ ਕਿਹਾ ਜਾਵੇਗਾ।

ਕਾਲਮਨਵੀਸ ਐਸ. ਅਸ਼ੋਕ ਭੌਰਾ ਦਾ ਕਹਿਣਾ ਸੀ ਕਿ ਉਨ੍ਹਾਂ ਡਾ. ਸਾਧੂ ਸਿੰਘ ਹਮਦਰਦ ਤੇ ਬਰਜਿੰਦਰ ਸਿੰਘ ਹਮਦਰਦ ਨਾਲ ਅਜੀਤ ਜਲੰਧਰ ਲਈ ਵੀ ਲੰਮਾ ਸਮਾਂ ਕੰਮ ਕੀਤਾ ਹੈ, ਪਰ 'ਪੰਜਾਬ ਟਾਈਮਜ਼' ਨੇ ਜੋ ਸਤਿਕਾਰ ਉਸ ਦੀਆਂ ਲਿਖਤਾਂ ਨੂੰ ਦਿੱਤਾ ਹੈ, ਉਹਦੇ ਲਈ ਅਮੋਲਕ ਭਾਅ ਜੀ ਦੀ ਦਿਲੀ ਸਾਂਝ ਦੀ ਅਹਿਮ ਭੂਮਿਕਾ ਹੈ। ਹੁਣ ਜੇ ਲੋਕ ਪੰਜਾਬ ਵਿਚ ਵੀ 'ਪੰਜਾਬ ਟਾਈਮਜ਼' ਵਰਗਾ ਅਖ਼ਬਾਰ ਕੱਢਣ ਦੀ ਗੱਲ ਕਰਦੇ ਹਨ ਤਾਂ ਇਸ ਪਿਛੇ ਕੋਈ ਗੱਲ ਤਾਂ ਹੈ ਹੀ।

ਫਰੀਮਾਂਟ (ਕੈਲੀਫੋਰਨੀਆ) ਤੋਂ ਪੁੱਜੇ 'ਪੰਜਾਬ ਟਾਈਮਜ਼' ਦੀ ਸਲਾਹਕਾਰ ਕਮੇਟੀ ਦੇ ਮੈਂਬਰ ਤੇ ਵਡੇ ਮੱਦਾਹ ਜੱਸੀ ਗਿੱਲ ਨੇ ਜਜ਼ਬਾਤੀ ਰੌਅ ਵਿਚ ਕਿਹਾ ਕਿ ਪੰਜਾਬ ਟਾਈਮਜ਼ ਇਕ ਪਰਿਵਾਰ ਬਣ ਚੁਕਾ ਹੈ ਅਤੇ ਮੈਨੂੰ ਫਖਰ ਹੈ ਕਿ ਮੈਂ ਇਸ ਪਰਿਵਾਰ ਦਾ ਮੈਂਬਰ ਹਾਂ। ਪਿਛਲੇ 12 ਸਾਲ ਤੋਂ ਪੰਜਾਬ ਟਾਈਮਜ਼ ਦੇ ਨਾਲ ਇਕ ਕੰਧ ਵਾਂਗ ਖੜਦੇ ਆਏ ਜੱਸੀ ਗਿੱਲ ਨੇ ਭਾਵੁਕ ਹੁੰਦਿਆਂ ਕਿਹਾ ਕਿ ਜਦੋਂ ਤੱਕ ਮੇਰੇ ਘਰ ਦਾ ਚੁੱਲ੍ਹਾ ਬਲਦਾ ਰਹੇਗਾ, ਮੈਂ ਸ. ਜੰਮੂ ਤੇ ਅਖ਼ਬਾਰ ਦੇ ਸਮੁੱਚੇ ਪਰਿਵਾਰ ਦੇ ਨਾਲ ਖੜਾ ਰਹਾਂਗਾ। ਅਮਰੀਕਾ ਵਿਚ ਪਹਿਲੇ ਨੰਬਰ 'ਤੇ ਮੰਨਿਆ ਗਿਆ ਸਾਡਾ ਅਖਬਾਰ ਨਾ ਕਦੇ ਡੋਲਿਆ ਹੈ, ਨਾ ਡੋਲਣ ਦਿਆਂਗੇ।

ਸ਼ਿਕਾਗੋ ਦੇ ਉਘੇ ਪਤਵੰਤੇ ਡਾ. ਰਛਪਾਲ ਸਿੰਘ ਬਾਜਵਾ ਨੇ ਬਹੁਤ ਸੰਖੇਪ ਸ਼ਬਦਾਂ ਵਿਚ ਪੰਜਾਬ ਟਾਈਮਜ਼ ਨਾਲ ਆਪਣੇ ਸਬੰਧਾਂ ਨੂੰ ਚੇਤੇ ਕਰਦਿਆਂ ਕਿਹਾ ਕਿ ਮੈਨੂੰ ਉਹ ਦਿਨ ਅਜ ਵੀ ਬਹੁਤ ਚੰਗੀ ਤਰ੍ਹਾਂ ਯਾਦ ਹਨ ਜਦੋਂ ਸੰਨ 2000 ਵਿਚ ਇਹ ਪਰਚਾ ਇਕ ਛੋਟੇ ਜਿਹੇ ਮੈਗਜ਼ੀਨ ਸਾਈਜ਼ ਵਿਚ ਛਪਣਾ ਸ਼ੁਰੂ ਹੋਇਆ ਸੀ ਅਤੇ ਅਮੋਲਕ ਸਿੰਘ ਤੇ ਉਸ ਦੇ ਨਿਕਟ ਸਹਿਯੋਗੀ ਬਲਕਾਰ ਸਿੰਘ ਢਿਲੋਂ ਤੇ ਸਵਰਗੀ ਹਰਜਾਪ ਸਿੰਘ ਸੰਘਾ ਇਸ ਨੂੰ ਚਲਾਉਣ ਲਈ ਮਾਲੀ ਮਦਦ ਹਾਸਲ ਕਰਨ ਲਈ ਜੂਝ ਰਹੇ ਸਨ। ਇਸ ਦਾ ਮਿਆਰ ਦੇਖ ਕੇ ਮੈਨੂੰ ਉਦੋਂ ਹੀ ਇਹ ਅਹਿਸਾਸ ਹੋ ਗਿਆ ਸੀ ਕਿ ਪੰਜਾਬ ਟਾਈਮਜ਼ ਵਡੀਆਂ ਪੁਲਾਂਘਾਂ ਭਰੇਗਾ।

ਪੰਜਾਬ ਟਾਈਮਜ਼ ਦੇ ਨਿੱਗਰ ਸਮਰਥਕ ਸਪਰਿੰਗਫੀਲਡ (ਓਹਾਇਓ) ਤੋਂ ਸ. ਅਵਤਾਰ ਸਿੰਘ ਨੇ ਪੰਜਾਬ ਟਾਈਮਜ਼ ਅਤੇ ਇਸ ਦੇ ਸੰਪਾਦਕ ਅਮੋਲਕ ਸਿੰਘ ਪ੍ਰਤੀ ਸਨੇਹ ਨਾਲ ਓਤ-ਪੋਤ ਇਕ ਕਵਿਤਾ ਪੜ੍ਹੀ। ਜਦੋਂ ਉਨ੍ਹਾਂ ਕਵਿਤਾ ਦਾ ਆਖਰੀ ਬੰਦ-"ਓਏ ਵੈਦੋ, ਹਕੀਮੋ ਤੇ ਲੁਕਮਾਨੋ, ਕੋਈ ਵੈਦਗਿਰੀ ਚਮਕਾ ਜਾਓ। ਪੰਜਾਬ ਟਾਈਮਜ਼ ਦੀ ਵਰ੍ਹੇਗੰਢ 'ਤੇ ਤੁਸੀਂ ਵੀ ਫੇਰਾ ਪਾ ਜਾਓ। ਜੰਮੂ ਵੀਰੇ ਨੂੰ ਦੇ ਕੇ ਗੋਲੀ ਹਕੀਮੀ ਦੀ, ਘੋੜੇ ਵਾਂਗ ਨੱਠਣ ਲਾ ਜਾਓ" ਪੜ੍ਹਿਆ ਤਾਂ ਹਾਜ਼ਰੀਨ ਬੇਹੱਦ ਜਜ਼ਬਾਤੀ ਹੋ ਗਏ।

ਸਿੱਖ ਰਿਲੀਜੀਅਸ ਸੁਸਾਇਟੀ, ਸ਼ਿਕਾਗੋ ਦੇ ਪ੍ਰਧਾਨ ਬੀਬੀ ਜਸਬੀਰ ਕੌਰ ਸਲੂਜਾ ਦਾ ਵਿਚਾਰ ਸੀ ਕਿ ਪੰਜਾਬ ਟਾਈਮਜ਼ ਵਿਚ ਹਰ ਵਰਗ ਦੇ ਪਾਠਕ ਲਈ ਕੁਝ ਨਾ ਕੁਝ ਜਰੂਰ ਹੁੰਦਾ ਹੈ, ਸਾਡੇ ਤੋਂ ਜਿੰਨੀ ਵੀ ਇਸ ਦੀ ਮਦਦ ਹੋ ਸਕੇ, ਕਰਨੀ ਚਾਹੀਦੀ ਹੈ। ਕੈਲੀਫੋਰਨੀਆ ਤੋਂ ਮਾਸਟਰ ਜਸਵੰਤ ਸਿੰਘ ਘਰਿੰਡਾ, ਜਿਨ੍ਹਾਂ ਦੇ ਲੇਖ ਪੰਜਾਬ ਟਾਈਮਜ਼ ਵਿਚ ਅਕਸਰ ਛਪਦੇ ਰਹਿੰਦੇ ਹਨ, ਨੇ ਕਿਹਾ ਕਿ ਇਸ ਸਮੇਂ ਅਮਰੀਕਾ ਵਿਚ ਬਹੁਤ ਸਾਰੇ ਅਖਬਾਰ ਛਪਦੇ ਹਨ ਪਰ ਜਿਸ ਤਰ੍ਹਾਂ ਦੀ ਵਧੀਆ ਸਮਗਰੀ ਪੰਜਾਬ ਟਾਈਮਜ਼ ਵਿਚ ਮਿਲਦੀ ਹੈ, ਹੋਰ ਕਿਸੇ ਅਖਬਾਰ ਵਿਚ ਨਹੀਂ।

ਇਸ ਸ਼ਾਮ ਦੇ ਮੁਖ ਮਹਿਮਾਨ ਡਾ. ਭੁਪਿੰਦਰ ਸਿੰਘ ਸੈਣੀ ਨੇ ਆਪਣੀ ਸੰਖੇਪ ਤਕਰੀਰ ਵਿਚ ਕਿਹਾ ਕਿ ਪੰਜਾਬ ਟਾਈਮਜ਼ ਦੇ ਸਾਲਾਨਾ ਸਮਾਗਮ ਵਿਚ ਮੇਰਾ ਸ਼ਾਮਲ ਹੋਣਾ 'ਓਵਰ ਡਿਊ' ਸੀ। ਮੈਨੂੰ ਮਹਿਸੂਸ ਹੁੰਦਾ ਹੈ ਕਿ ਮੈਂ ਬਹੁਤ ਕੁਝ ਮਿਸ ਕਰਦਾ ਰਿਹਾ ਹਾਂ ਪਰ ਯਕੀਨ ਦਿਵਾਉਂਦਾ ਹਾਂ ਕਿ ਮੈਂ ਪੰਜਾਬ ਟਾਈਮਜ਼ ਦੇ ਨਾਲ ਡਟ ਕੇ ਖੜਾ ਰਹਾਂਗਾ ਅਤੇ ਜਿਸ ਤਰ੍ਹਾਂ ਦੀ ਵੀ ਮਦਦ ਦੀ ਲੋੜ ਹੋਈ, ਕਰਾਂਗਾ। ਇਸ ਮੌਕੇ ਪੰਜਾਬ ਟਾਈਮਜ਼ ਦੇ ਸਲਾਹਕਾਰ ਬੋਰਡ ਵਲੋਂ ਇਕ ਯਾਦਗਾਰੀ ਚਿੰਨ੍ਹ ਦੇ ਕੇ ਉਨ੍ਹਾਂ ਦਾ ਮਾਣ-ਸਨਮਾਨ ਕੀਤਾ ਗਿਆ।

ਕੈਲੀਫੋਰਨੀਆ ਤੋਂ ਆਏ ਗਾਇਕ ਜੀਤਾ ਗਿੱਲ ਤੋਂ ਇਲਾਵਾ ਸ਼ਿਕਾਗੋ ਤੋਂ ਸੁਖਪਾਲ ਗਿੱਲ ਅਤੇ ਸਿਨਸਿਨੈਟੀ ਤੋਂ ਲਖਵਿੰਦਰ ਮਾਵੀ ਨੇ ਆਪਣੇ ਗੀਤਾਂ ਰਾਹੀਂ ਸਰੋਤਿਆਂ ਦਾ ਭਰਪੂਰ ਮਨੋਰੰਜਨ ਕੀਤਾ। ਸੰਗੀਤ ਮਾਸਟਰ ਹਿਤੇਸ਼ ਦਾ ਸੀ। ਪ੍ਰੋਗਰਾਮ ਦਾ ਮੰਚ ਸੰਚਾਲਨ ਗੁਰਮੁਖ ਸਿੰਘ ਭੁੱਲਰ ਅਤੇ ਡਾ. ਹਰਜਿੰਦਰ ਸਿੰਘ ਖਹਿਰਾ ਨੇ ਬਾਖੂਬੀ ਕੀਤਾ। ਪੰਜਾਬੀ ਵਿਰਾਸਤ ਸੰਸਥਾ ਦੇ ਸਾਬਕਾ ਪ੍ਰਧਾਨ ਜੈਰਾਮ ਸਿੰਘ ਕਾਹਲੋਂ ਨੇ ਪ੍ਰੋਗਰਾਮ ਨੂੰ ਨੇਪਰੇ ਚਾੜ੍ਹਨ ਵਿਚ ਵਿਸ਼ੇਸ਼ ਭੂਮਿਕਾ ਨਿਭਾਈ।

ਇਸ ਸ਼ਾਮ ਪੰਜਾਬ ਟਾਈਮਜ਼ ਦੇ ਸਲਾਹਕਾਰ ਬੋਰਡ ਦੇ ਮੈਂਬਰ ਡਾ. ਹਰਗੁਰਮੁਖਪਾਲ ਸਿੰਘ, ਸ. ਦਿਓਲ ਤੇ ਡਾ. ਬਸਰਾਨ ਤੋਂ ਇਲਾਵਾ ਡਾ. ਨਵਦੀਪ ਕੌਰ ਸੰਧੂ, ਨਿੱਕੀ ਸੇਖੋਂ, ਜੱਸੀ ਗਿੱਲ, ਦਰਸ਼ਨ ਸਿੰਘ ਗਰੇਵਾਲ, ਡਾ. ਤੇਜਿੰਦਰ ਸਿੰਘ ਮੰਡੇਰ, ਹਰਜੀਤ ਸਿੰਘ ਸਾਹੀ, ਦਰਸ਼ਨ ਸਿੰਘ ਦਰੜ, ਜਗਦੀਸ਼ਰ ਸਿੰਘ ਕਲੇਰ ਅਤੇ ਜੈਦੇਵ ਸਿੰਘ ਭੱਠਲ ਹਾਜਰ ਸਨ। ਸ. ਸਵਰਨਜੀਤ ਸਿੰਘ ਢਿਲੋਂ ਸਿਹਤ ਠੀਕ ਨਾ ਹੋਣ ਕਰਕੇ ਪਹੁੰਚ ਨਾ ਸਕੇ ਅਤੇ ਉਨ੍ਹਾਂ ਦੀ ਨੁਮਾਇੰਦਗੀ ਉਨ੍ਹਾਂ ਦੀ ਪਤਨੀ ਜਸਬੀਰ ਕੌਰ ਢਿਲੋਂ ਨੇ ਕੀਤੀ। ਪ੍ਰੋ. ਜੋਗਿੰਦਰ ਸਿੰਘ ਰਮਦੇਵ, ਬਲਵਿੰਦਰ (ਬਾਬ) ਸਿੰਘ ਸੰਧੂ, ਅਯੁਧਿਆ ਸਲਵਾਨ, ਅਮੋਲਕ ਸਿੰਘ ਗਾਖਲ, ਸਰਬਜੀਤ ਸਿੰਘ ਥਿਆੜਾ, ਮਨਦੀਪ ਸਿੰਘ ਭੂਰਾ, ਗੁਰਿੰਦਰ ਗਿੱਲ, ਸਰਵਣ ਸਿੰਘ ਟਿਵਾਣਾ ਅਤੇ ਰਾਜਿੰਦਰ ਸਿੰਘ ਬੈਂਸ ਕਿਸੇ ਕਾਰਨ ਪਹੁੰਚ ਨਾ ਸਕੇ ਪਰ ਉਨ੍ਹਾਂ ਨੇ ਆਪਣੀਆਂ ਸ਼ੁਭ ਇਛਾਵਾਂ ਭੇਜੀਆਂ।

ਸਮਾਗਮ ਦੇ ਮੁਖ ਸਪਾਂਸਰ ਹਰਜਿੰਦਰ ਸਿੰਘ ਸੰਧੂ, ਗੁਲਜ਼ਾਰ ਸਿੰਘ ਮੁਲਤਾਨੀ, ਨਿੱਕ ਗਾਖਲ ਅਤੇ ਮੇਜਰ ਗੁਰਚਰਨ ਸਿੰਘ ਝੱਜ ਸਨ।

ਸਥਾਨਕ ਸਭਿਆਚਾਰਕ ਸੰਸਥਾਵਾਂ- ਪੰਜਾਬੀ ਕਲਚਰਲ ਸੁਸਾਇਟੀ, ਪੰਜਾਬੀ ਹੈਰੀਟੇਜ਼ ਆਰਗੇਨਾਈਜੇਸ਼ਨ, ਪੰਜਾਬੀ ਅਮੈਰੀਕਨ ਆਰਗੇਨਾਈਜੇਸ਼ਨ ਅਤੇ ਖੇਡ ਸੰਸਥਾਵਾਂ-ਸ਼ੇਰੇ ਪੰਜਾਬ ਸਪੋਰਟਸ ਕਲੱਬ ਅਤੇ ਪੰਜਾਬ ਸਪੋਰਟਸ ਕਲੱਬ ਮਿਡਵੈਸਟ ਦੇ ਨੁਮਾਇੰਦਿਆਂ ਦੀ ਹਾਜਰੀ ਭਰਵੀਂ ਰਹੀ। ਸ਼੍ਰੋਮਣੀ ਅਕਾਲੀ ਦਲ ਅਮਰੀਕਾ ਦੀ ਸਥਾਨਕ ਇਕਾਈ ਦੇ ਨੁਮਾਇੰਦੇ ਵੀ ਹਾਜਰ ਸਨ।

ਸਿਨਸਿਨੈਟੀ, ਓਹਾਇਓ ਤੋਂ ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਦੇ ਨੁਮਾਇੰਦਿਆਂ ਪ੍ਰਧਾਨ ਹਰਵਿੰਦਰ ਸਿੰਘ ਵਾਲੀਆ ਚੇਅਰਮੈਨ ਅਮਰੀਕ ਟਿਵਾਣਾ, ਸੁਰਜੀਤ ਸਿੰਘ ਮਾਵੀ, ਜਸਵੰਤ ਜੱਸੀ, ਗੁਰਮਿੰਦਰ ਸੰਧੂ, ਗੁਰਚਰਨ ਸਿੰਘ ਕੰਗ, ਪਸ਼ਮਿੰਦਰ ਭੱਟੀ ਤੋਂ ਇਲਾਵਾ ਅਵਤਾਰ ਸਿੰਘ ਸਪਰਿੰਗਫੀਲਡ ਤੇ ਪੱਤਰਕਾਰ ਚਰਨਜੀਤ ਸਿੰਘ ਗੁਮਟਾਲਾ ਪ੍ਰੋਗਰਾਮ ਦੀ ਰੌਣਕ ਵਧਾ ਰਹੇ ਸਨ।

ਮਿਲਵਾਕੀ ਤੋਂ ਪੰਜਾਬ ਸਪੋਰਟਸ ਕਲੱਬ ਦੀ ਤਰਫੋਂ ਸੋਹਿੰਦਰ ਸਿੰਘ ਬਿਲਕੂ, ਬਰੈਟੀ ਗਿੱਲ, ਪੱਪੂ, ਨਵਪਰੀਤ, ਕਵੀ, ਸੋਨੂ ਤੂਰ, ਦਿਲਰਾਜ ਢੀਂਡਸਾ, ਸੈਮੀ ਤੂਰ ਤੋਂ ਇਲਾਵਾ ਲਾਲੀ ਸਿੱਧੂ ਅੰਮ੍ਰਿਤਪਾਲ, ਰਣਜੋਧ ਸਿੰਘ ਰਿਹਾਲ, ਦਰਸ਼ਨ ਗਰੇਵਾਲ, ਪਰਮਜੀਤ ਸਿੰਘ ਬਿਲਕੂ ਅਤੇ ਆਪਣੇ ਸਮੇਂ ਦੇ ਉਘੇ ਖਿਡਾਰੀ ਗੁਰਮੁਖ ਸਿੰਘ ਪਹੁੰਚੇ। ਪੰਜਾਬ ਟਾਈਮਜ਼ ਦੇ ਪੁਰਾਣੇ ਸਹਿਯੋਗੀ ਬੇਅੰਤ ਸਿੰਘ ਬੋਪਾਰਾਏ ਵੀ ਹਾਜਰ ਸਨ।

ਹੋਰ ਮੁਅੱਜ਼ਜ਼ ਮਹਿਮਾਨਾਂ 'ਚ ਕੈਲੀਫੋਰਨੀਆ ਤੋਂ ਆਏ ਸੈਮ ਚਾਹਲ, ਇੰਡੀਆਨਾ ਤੋਂ ਗੁਰਬਖਸ਼ ਰਾਹੀ ਤੇ ਸਾਥੀ, ਮਨਜੀਤ ਸਿੰਘ ਨਾਗਰਾ, ਸੁਖਦੇਵ ਸਿੰਘ ਸਮਰਾ, ਐਚ ਕੇ ਟਰਾਂਸਪੋਰਟ ਦੇ ਹਰਪਾਲ ਚੀਮਾ ਅਤੇ ਗਿਆਨਇੰਦਰ ਸਿੰਘ ਸ਼ਾਮਲ ਸਨ। ਇੰਡੋ ਅਮੈਰੀਕਨ ਸੀਨੀਅਰਜ਼ ਸੁਸਾਇਟੀ ਇੰਡੀਅਨਐਪੋਲਿਸ ਦੇ ਮੈਂਬਰ ਪ੍ਰੋ. ਨਿਰੰਜਨ ਸਿੰਘ ਢੇਸੀ, ਗੁਰਦਿਆਲ ਸਿੰਘ, ਸਵਰਨ ਸਿੰਘ ਧਾਮੀ, ਸੁਖਦੇਵ ਸਿੰਘ ਤੂਰ ਅਤੇ ਕੰਵਲਜੀਤ ਸਿੰਘ ਇਸ ਸ਼ਾਮ ਦਾ ਅਨੰਦ ਮਾਣ ਕੇ ਕਾਫੀ ਖੁਸ਼ ਨਜ਼ਰ ਆ ਰਹੇ ਸਨ।

ਮਿਸ਼ੀਗਨ ਤੋਂ ਸੁੱਖੀ ਨਰਵਾਲ, ਦਵਿੰਦਰ ਗਰੇਵਾਲ ਤੇ ਸਾਥੀ, ਬਲਬੀਰ ਗਰੇਵਾਲ, ਬਾਬ ਖਹਿਰਾ ਤੇ ਸੋਨੂੰ ਖਹਿਰਾ, ਮਨਜੀਤ ਕੌਰ ਕੰਗ ਅਤੇ ਅਮਨ ਕੰਗ ਨੇ ਵੀ ਸਮਾਗਮ ਦੀ ਰੌਣਕ ਵਧਾਈ।

ਸ਼ਿਕਾਗੋ ਤੋਂ ਹੋਰਨਾਂ ਤੋਂ ਇਲਾਵਾ ਬ੍ਰਿਹਾ ਦੇ ਸੁਲਤਾਨ ਸਵਰਗੀ ਸ਼ਿਵ ਕੁਮਾਰ ਬਟਾਲਵੀ ਦੀ ਧੀ ਪੂਜਾ ਅਤੇ ਉਸ ਦਾ ਪਤੀ ਜੈਦੇਵ ਸ਼ਰਮਾ; ਜਸਬੀਰ ਕੌਰ ਮਾਨ ਤੇ ਪਰਸ਼ਨ ਸਿੰਘ ਮਾਨ, ਸਵਰਨ ਸਿੰਘ ਸੇਖੋਂ, ਅੰਮ੍ਰਿਤਪਾਲ ਸਿੰਘ ਸੰਘਾ, ਕ੍ਰਿਪਾਲ ਸਿੰਘ ਰੰਧਾਵਾ, ਡਾ. ਸਰਬਜੀਤ ਸਿੰਘ ਭੰਡਾਲ, ਭੁਪਿੰਦਰ ਸਿੰਘ ਬਾਵਾ ਤੇ ਇੰਦਰਜੀਤ ਕੌਰ, ਕੁਲਦੀਪ ਕੌਰ ਭੱਠਲ, ਸੁਰਿੰਦਰ ਕੌਰ ਸੈਣੀ, ਸਤਿੰਦਰ ਸਿੰਘ ਸੁਸਾਣਾ, ਕਰਨਲ ਨਿਰਮਲ ਸਿੰਘ ਸਿੰਘਾ, ਸਤਨਾਮ ਸਿੰਘ ਔਲਖ, ਦਰਸ਼ਨ ਬਸਰਾਓ, ਰਘਵਿੰਦਰ ਸਿੰਘ ਮਾਹਲ, ਬਾਬ ਹੁੰਦਲ, ਅਜਮੇਰ ਸਿੰਘ ਪੰਨੂ, ਰਾਮ ਲਾਲ ਝੱਲੀ, ਦਰਸ਼ਨ ਸਿੰਘ ਬੈਨੀਪਾਲ, ਗੁਰਬਚਨ ਸਿੰਘ, ਮੱਤ ਸਿੰਘ ਢਿਲੋਂ ਤੇ ਲਾਲ ਸਿੰਘ, ਸ਼ਮਿੰਦਰ ਸਿੰਘ, ਡਾ. ਵਿਕਰਮ ਗਿੱਲ, ਠਾਕਰ ਸਿੰਘ ਬਸਾਤੀ, ਜਗਮੀਤ ਸਿੰਘ, ਪਾਲ ਡੰਡੋਨਾ, ਜਗਵਿੰਦਰ ਸਿੰਘ ਭੱਠਲ, ਮੱਖਣ ਸਿੰਘ ਕਲੇਰ, ਸੁਰਿੰਦਰਪਾਲ ਸਿੰਘ ਕਾਲੜਾ, ਜਸਦੇਵ ਸਿੰਘ, ਅਮੋਲਕ ਸਿੰਘ ਗਿੱਧਾ, ਲਾਡੀ ਸਿੰਘ, ਬਜੁਰਗ ਦੌੜਾਕ ਕੁਲਦੀਪ ਸਿੰਘ ਸਿੱਬਲ ਅਤੇ ਸਵਰਗੀ ਉਜਾਗਰ ਸਿੰਘ ਗਿੱਲ ਦੀ ਸੁਪਤਨੀ ਬੀਬੀ ਸੁਰਜੀਤ ਕੌਰ ਗਿੱਲ ਤੋਂ ਇਲਾਵਾ ਆਇਓਵਾ ਤੋਂ ਜੀਤ ਸਿੰਘ ਆਪਣੇ ਪਰਿਵਾਰ ਸਮੇਤ ਅਖਬਾਰ ਪ੍ਰਤੀ ਆਪਣੀ ਨਿਸ਼ਠਾ ਪ੍ਰਗਟਾਉਣ ਲਈ ਪਹੁੰਚੇ।

ਬਲਵਿੰਦਰ ਸਿੰਘ ਨਿੱਕ, ਰਵਿੰਦਰ ਰਵੀ, ਸੰਤੋਖ ਸਿੰਘ, ਸੁਖਮੇਲ ਅਟਵਾਲ, ਮਿਲਵਾਕੀ ਤੋਂ ਅਮਰਜੀਤ ਸਿੰਘ ਢੀਂਡਸਾ, ਗੁਰਦੇਵ ਸਿੰਘ ਜੌੜਾ ਤੇ ਅਮਰਜੀਤ ਸਿੰਘ ਸੰਧਰ, ਸਿਨਸਿਨੈਟੀ ਤੋਂ ਪਹਿਲਵਾਨ ਬੁਧ ਸਿੰਘ; ਇੰਡੀਅਨਐਪੋਲਿਸ ਤੋਂ ਪ੍ਰਿਥਪਾਲ ਘੋਤੜਾ ਅਤੇ ਪੰਜਾਬ ਟਾਈਮਜ਼ ਦੇ ਕਈ ਹੋਰ ਪ੍ਰਸ਼ੰਸਕ ਪਹੁੰਚ ਨਹੀਂ ਸਕੇ ਪਰ ਉਨ੍ਹਾਂ ਆਪਣੀਆਂ ਸ਼ੁਭ ਕਾਮਨਾਵਾਂ ਅਤੇ ਮਾਲੀ ਮਦਦ ਭੇਜਣ ਵਿਚ ਢਿੱਲ ਨਹੀਂ ਕੀਤੀ।

ਸਵਾਦੀ ਖਾਣਾ ਅਰੋਮਾ ਰੈਸਟੋਰੈਂਟ, ਵਰਨਨ ਹਿੱਲ ਨੇ ਪਰੋਸਿਆ।

ਚਿੱਤ ਚੇਤਾ



ਕਾਨਾ ਸਿੰਘ
ਫੋਨ:+91-95019-44944

# ਸਗਵਾਂ ਬਬਿਤਾ

*'ਸਗਵਾਂ ਬਬਿਤਾ' ਆਜ਼ਾਦੀ ਦੀਆਂ ਪੈੜਾਂ ਨੱਪਣ ਵਾਲੀ ਕਥਾ ਹੈ। ਕਾਨਾ ਸਿੰਘ ਨੇ ਆਜ਼ਾਦੀ ਦੀ ਇਹ ਚਿਣਗ ਬਹੁਤ ਬਾਰੀਕੀ ਨਾਲ ਫੜੀ ਹੈ ਅਤੇ ਬਹੁਤ ਸੌਖੇ ਢੰਗ ਨਾਲ ਪਾਠਕਾਂ ਤੱਕ ਪੁੱਜਦੀ ਕੀਤੀ ਹੈ। ਇਸ ਕਥਾ ਦੀ ਮੁੱਖ ਪਾਤਰ ਬਬਿਤਾ ਦੀ ਬੇਤਕੱਲਫੀ ਨਾਲ ਇਸ ਰਚਨਾ ਨੂੰ ਮੜਕ ਵਾਲਾ ਰੰਗ ਚੜ੍ਹ ਗਿਆ ਹੈ। ਅਸਲ ਵਿਚ ਲੇਖਕਾ ਨੇ ਬਬਿਤਾ ਦੇ ਬਹਾਨੇ ਆਪਣੇ ਮਨ ਵਿਚ ਉਠਦੀਆਂ ਤਰੰਗਾਂ ਲਈ ਰਾਹ ਖੋਲ੍ਹਿਆ ਹੈ। ਪਹਿਲਾਂ ਵਾਂਗ ਹੀ ਕਾਨਾ ਸਿੰਘ ਨੇ ਇਸ ਰਚਨਾ ਵਿਚ ਵੀ ਆਪਣੀ ਨਿਵੇਕਲੀ ਛੋਹ ਨਾਲ ਸਾਧਾਰਨ ਜਾਪਦੀਆਂ ਗੱਲਾਂ-ਬਾਤਾਂ ਨੂੰ ਅਸਾਧਾਰਨ ਬਣਾ ਧਰਿਆ ਹੈ, ਇਹੀ ਉਹਦੀ ਰਚਨਾ ਦੀ ਖ਼ੂਬਸੂਰਤੀ ਹੈ। -ਸੰਪਾਦਕ*

ਬਬਿਤਾ ਮੇਰੇ ਘਰੋਗੀ ਕੰਮਾਂ ਦੀ ਮਦਦਗਾਰ ਹੈ। ਉਹਦੇ ਕੰਮ ਵਿਚ ਸਫ਼ਾਈ ਅਤੇ ਤਰਤੀਬ ਦੀ ਘਾਟ ਹੈ। ਸੁਭਾਅ ਦੀ ਕਾਹਲੀ ਹੋਣ ਕਾਰਨ ਭਾਂਡਿਆਂ ਅਤੇ ਵਸਤਾਂ ਦੀ ਭੰਨ-ਤੋੜ ਵੀ ਬਥੇਰੀ ਕਰਦੀ ਹੈ। ਪੜ੍ਹਦਿਆਂ-ਲਿਖਦਿਆਂ ਬਬਿਤਾ ਦੀ ਠਾਹ-ਠੜੱਕ ਕਾਰਨ ਮੇਰੀ ਸੋਚ-ਪ੍ਰਕਿਰਿਆ ਨੂੰ ਬੜੇ ਝਟਕੇ ਲੱਗਦੇ ਹਨ। ਫਿਰ ਵੀ ਮੈਂ ਬਬਿਤਾ ਨੂੰ ਬਰਦਾਸ਼ਤ ਕਰੀ ਜਾਂਦੀ ਹਾਂ ਜਿਸ ਦਾ ਮੁੱਖ ਕਾਰਨ ਹੈ ਉਸ ਦੀ ਵਕਤ ਦੀ ਪਾਬੰਦੀ। ਉਹ ਨਾਗੇ ਵੀ ਬਾਹਲੇ ਨਹੀਂ ਕਰਦੀ। ਸਵੇਰੇ ਠੀਕ 8 ਵਜੇ ਹਾਜ਼ਰ ਹੋ ਜਾਂਦੀ ਹੈ, ਦਸ ਵਜੇ ਫਾਰਗ। ਨਾ ਹੀ ਤਨਖਾਹ ਤੋਂ ਬਿਨਾ ਕਿਸੇ ਹੋਰ ਚੀਜ਼ 'ਤੇ ਅੱਖ ਰੱਖਦੀ ਹੈ।

ਬਬਿਤਾ ਨੂੰ ਬਰਦਾਸ਼ਤ ਕਰਨਾ ਕੋਈ ਖਾਲਾ ਜੀ ਦਾ ਘਰ ਨਹੀਂ। ਪਤਾ ਨਹੀਂ ਕਿਹੜੇ ਵੇਲੇ ਉਹ ਅਜਿਹਾ ਸਲੋਕ-ਬੜੱਕ ਸੁਣਾ ਦੇਵੇ ਕਿ ਮੇਰੇ ਸੱਤੀਂ ਕੱਪੜੀਂ ਅੱਗ ਲੱਗ ਜਾਵੇ। ਲੌਬੀ ਵਿਚ ਪੋਚਾ ਮਾਰਦੀ ਬਬਿਤਾ ਨੇ ਕੁਰਸੀ ਨੂੰ ਇੰਨੇ ਜ਼ੋਰ ਨਾਲ ਧੱਕਾ ਦਿੱਤਾ ਕਿ ਠਾਹ ਕਰਦੀ ਕੁਰਸੀ ਫਰਿੱਜ ਨਾਲ ਟਕਰਾ ਕੇ ਮੂਧੀ ਢਹਿ ਪਈ। ਫਰਿੱਜ ਦੇ ਬੂਹੇ ਦੇ ਸੱਜੇ ਕੋਨੇ ਦਾ ਰੰਗ ਉਤਰ ਗਿਆ। ਪੱਕੀ ਝਰੀਟ ਪੈ ਗਈ।

"ਦਿਸਦਾ ਨਹੀਂ ਤੈਨੂੰ?" ਮੈਂ ਗੁੱਸੇ ਨਾਲ ਤਮਤਮਾਂਦੀ ਗਰਜੀ।

"ਰਾਤੀਂ ਕੀ ਖਾਧਾ ਸੀ ਤੁਸਾਂ ਜੁ ਗਰਜਣ ਲਈ ਇੰਨੀ ਤਾਕਤ ਆ ਗਈ?" ਆਪਣੀ ਗ਼ਲਤੀ ਮਹਿਸੂਸ ਕਰ ਕੇ ਮੁਆਫ਼ੀ ਮੰਗਣ ਦੀ ਬਜਾਇ ਉਹਦਾ ਉਤਰ ਸੀ। ਬੜੀ ਵੇਰਾਂ ਦਿਲ ਕੀਤਾ ਕਿ ਬਬਿਤਾ ਨੂੰ ਕੱਢ ਕੇ ਕੋਈ ਹੋਰ ਕੰਮ ਵਾਲੀ ਰੱਖ ਲਵਾਂ, ਪਰ ਟਾਲ ਜਾਂਦੀ ਹਾਂ। ਸ਼ਾਇਦ ਮੈਨੂੰ ਉਹਦੀ ਆਦਤ ਪੈ ਗਈ ਹੈ। ਵਿਆਹ ਅਤੇ ਫਿਰ ਪੁੱਤਰ ਜੰਮਣ ਮਗਰੋਂ ਬਬਿਤਾ ਨੇ ਸਿਰਫ਼ ਮੇਰਾ ਹੀ ਕੰਮ ਫੜਿਆ ਹੈ। ਉਹਦਾ ਨੀਰਜ ਦੋ ਸਾਲ ਦਾ ਹੈ।

ਬਬਿਤਾ ਆਪਣਾ ਜ਼ਿਕਰ ਪੁਲਿੰਗੀ ਸੰਬੋਧਨ ਨਾਲ ਕਰਦੀ ਹੈ, "ਮੈਂ ਆ ਗਿਆ। ਮੈਂ ਜਾਂਦਾ ਹਾਂ। ਮੈਂ ਕੱਲ੍ਹ ਨਹੀਂ ਆਵਾਂਗਾ।"... ਵਗੈਰਾ ਵਗੈਰਾ।

ਆਪਣੀ ਮੁੰਬਈਆ ਰਿਹਾਇਸ਼ ਦੌਰਾਨ ਮਰਾਠੀ ਮਦਦਗਾਰ ਔਰਤਾਂ ਦੇ ਪੁਲਿੰਗੀ ਲਹਿਜੇ ਦੀ ਮੈਂ ਆਦੀ ਸਾਂ। ਅੰਗਰੇਜ਼ੀ ਵਾਂਗ ਮਰਾਠੀ ਬੋਲੀ ਵਿਚ ਵੀ ਇਸਤਰੀ-ਲਿੰਗੀ ਸੰਬੋਧਨ ਮਨਫ਼ੀ ਹੈ ਪਰ ਪੰਜਾਬਣ ਬਬਿਤਾ ਦਾ ਇਹ ਮੁਹਾਵਰਾ ਮੈਨੂੰ ਅਜੀਬ ਲੱਗਦਾ ਹੈ। ਉਸ ਦਾ ਕਹਿਣਾ ਹੈ ਕਿ ਵੱਡੇ ਭਰਾਵਾਂ ਅਤੇ ਭਤੀਜਿਆਂ ਦੇ ਨਾਲ ਪਲੀ ਹੋਣ ਕਰ ਕੇ ਉਹ ਬਚਪਨ ਤੋਂ ਹੀ ਇਸ ਤਰ੍ਹਾਂ ਬੋਲਣ ਦੀ ਆਦੀ ਹੋ ਗਈ ਹੈ।

"ਤੇ ਸਹੁਰੇ ਘਰ ਵਿਚ ਤੇਰੀ ਸੱਸ ਜਾਂ ਘਰ ਵਾਲੇ ਨੇ ਤੇਰੇ ਇੰਦਾਂ ਬੋਲਣ 'ਤੇ ਕਦੇ ਇਤਰਾਜ਼ ਨਹੀਂ ਕੀਤਾ?" ਮੈਂ ਪੁੱਛਦੀ ਹਾਂ।

"ਨਹੀਂ, ਮੇਰੇ ਮੰਗਣੇ ਵੇਲੇ ਮੇਰੇ ਬਾਪੂ ਨੇ ਉਨ੍ਹਾਂ ਨੂੰ ਦੱਸ ਦਿੱਤਾ ਸੀ ਕਿ ਬਬਿਤਾ ਇੰਦਾਂ ਹੀ ਬੋਲਦਾ ਹੈ ਤੇ ਇੰਦਾਂ ਹੀ ਬੋਲੇਗਾ। ਤੇ ਤੁਹਾਨੂੰ ਜਰਨਾ ਈ ਪਏਗਾ। ਨਾਲੇ ਉਹ ਕੌਣ ਹੁੰਦੇ ਨੇ ਮੇਰੀ ਆਦਤ ਬਦਲਣ ਵਾਲੇ? ਬੱਸ ਮੈਂ ਇੰਦਾਂ ਹੀ ਬੋਲਾਂਗਾ।"

ਮੈਂ ਹੱਸ ਪੈਂਦੀ ਹਾਂ। ਬਬਿਤਾ ਨੂੰ ਮਰਦਾਵੀਂ ਗਾਲ੍ਹ ਕੱਢਣ ਦੀ ਆਦਤ ਹੈ। ਗਾਲ੍ਹਾਂ ਤੋਂ ਮੈਨੂੰ ਸਖਤ ਨਫ਼ਰਤ ਹੈ, ਪਰ ਬਬਿਤਾ ਦੇ ਮੂੰਹੋਂ ਗਾਲ੍ਹ ਸੁਣ ਕੇ ਮੇਰਾ ਹਾਸਾ ਨਿਕਲ ਪੈਂਦਾ ਹੈ। ਇਸ ਦਾ ਇਕ ਕਾਰਨ ਇਹ ਵੀ ਹੋ ਸਕਦਾ ਹੈ ਕਿ ਮੈਂ ਉਹਦੇ ਮੂੰਹੋਂ ਕਦੇ ਗੁੱਸੇ ਵਿਚ ਗਲੇਫ਼ੀ ਗਾਲ੍ਹ ਨਹੀਂ ਸੁਣੀ। ਉਹ ਖੁਸ਼ੀ ਨਾਲ ਮੱਚ ਕੇ ਹੀ ਗਾਲ੍ਹ ਕੱਢਦੀ ਹੈ।

ਗਲੀ ਵਿਚ ਸਾਗ ਵੇਚਣ ਵਾਲੇ ਦਾ ਹੋਕਾ ਸੁਣਦਿਆਂ ਹੀ ਬਬਿਤਾ ਬਾਹਰ ਭੱਜੀ ਗਈ। ਇਹ ਮਿਲੀ-ਜੁਲੀ ਸਬਜ਼ੀ ਵੇਚਣ ਵਾਲਾ ਭਾਈ ਨਹੀਂ ਸੀ, ਬਲਕਿ ਪਿੰਡੋਂ ਕੇਵਲ ਪਾਲਕ ਹੀ ਤੋੜ ਕੇ ਲਿਆਇਆ ਸੀ। ਤਾਜ਼ੀ-ਸੱਜਰੀ, ਸਾਵੀ-ਕਚੂਚ, ਲੁੱਸ-ਲੁੱਸ ਕਰਦੀ ਪਾਲਕ ਵੇਖਦਿਆਂ ਬਬਿਤਾ ਜਿਵੇਂ ਨੱਚ ਉਠੀ: "ਹਾਇ ਮੰਮੀ ਜੀ, ਭੈਣ... ਇੰਨੀ ਸੋਹਣੀ ਪਾਲਕ। ਹਾਇ ਮੈਂ ਮਰ ਜਾਂ ਇਹ ਤਾਂ ਮਾਂ...ਪੂਰਾ ਟੋਕਰਾ ਹੀ ਖਰੀਦ ਲਵੋ।"

ਸੋਹਣੀ ਚੀਜ਼, ਸੋਹਣਾ ਕੱਪੜਾ, ਸੋਹਣਾ ਬੰਦਾ ਵੇਖਦਿਆਂ ਹੀ ਬਬਿਤਾ ਫੜਕ ਉਠਦੀ ਹੈ, "ਹਾਇ ਮੈਂ ਮਰ ਜਾਂ, ਇਹ ਤਾਂ ਭੈਣ...ਗਜਬ ਹੀ ਗਜਬ ਏ। ਕਮਾਲ ਈ ਕਮਾਲ।" ਅਜਿਹੀ ਘੜੀ ਬਬਿਤਾ ਦੇ ਖੇੜੇ ਉਤੇ ਡਾਢਾ ਮੋਹ ਆਉਂਦਾ ਹੈ। ਮੇਰੇ ਘਰ ਦਾ ਕੰਮ ਨਿਬੇੜ ਕੇ ਬਬਿਤਾ ਘਰ ਭੱਜਣ ਨੂੰ ਡਾਢੀ 'ਤਾਵਲੀ ਹੁੰਦੀ ਹੈ। ਪੁੱਤਰ ਨੀਰਜ ਅਤੇ ਘਰ ਦੀ ਸਾਂਭ-ਸੰਭਾਲ ਤੋਂ ਵਧ ਉਸ ਲਈ ਹੋਰ ਕੋਈ ਖੁਸ਼ੀ ਨਹੀਂ। ਨੀਰਜ ਨੂੰ ਉਹ ਵਾਹ-ਵਾਹ ਸਾਫ਼-ਸੁਥਰਾ ਅਤੇ ਬੂਟਾਂ-ਜੁਰਾਬਾਂ ਸਣੇ ਚੁਸਤ ਪੌਸ਼ਾਕ 'ਚ ਲੈਸ ਰੱਖਦੀ ਹੈ, ਪਰ ਚਾਅ ਉਸ ਨੂੰ ਕੁੜੀ ਜੰਮਣ ਦਾ ਹੀ ਹੈ। "ਬਸ ਜਿਉਂ ਹੀ ਮੇਰਾ ਨੀਰਜ ਸਕੂਲ ਜਾਣ ਲੱਗੇਗਾ, ਮੈਂ ਕੁੜੀ ਜੰਮਾਂਗੀ, ਸੋਹਣੀ ਜਿਹੀ। ਤੇ ਫਿਰ ਆਪਣਾ 'ਪਰੇਸ਼ਨ' ਕਰਾਅ ਦਾਂਗਾ।"

"ਤੇ ਜੇ ਫਿਰ ਮੁੰਡਾ ਪੈਦਾ ਹੋ ਗਿਆ ਤਾਂ?" ਮੈਂ ਪੁੱਛਦੀ ਹਾਂ।

"ਫਿਰ ਮੈਂ ਕੁੜੀ ਗੋਦ ਲੈ ਲਾਂਗਾ ਤੇ ਅੱਗੇ ਲਈ ਬਸ। ਪਰੱਸਨ ਮੈਂ ਕਰਾਅ ਹੀ ਲੈਣੈ ਆਪਦਾ।" ਮੈਂ ਬਬਿਤਾ ਦੀ ਸਪਸ਼ਟਤਾ ਅਤੇ ਇਰਾਦੇ ਦੀ ਪਰਪੱਕਤਾ 'ਤੇ ਹੈਰਾਨ ਹੁੰਦੀ ਹਾਂ।

ਸਵੇਰ ਦੇ ਰਸੋਈ-ਟੁੱਕ ਦੇ ਰੁਝੇਵੇਂ ਦੌਰਾਨ ਮੇਰਾ ਰੇਡੀਓ ਚਾਲੂ ਰਹਿੰਦਾ ਹੈ। ਬਬਿਤਾ ਨੂੰ ਮੇਰੇ ਵਾਂਗ ਸ਼ਾਸਤ੍ਰੀ ਸੰਗੀਤ, ਬਾਂਸੁਰੀ, ਤਬਲਾ ਜਾਂ ਸਿਤਾਰ ਵਾਦਨ ਸੁਣਨਾ ਚੰਗਾ ਲੱਗਦਾ ਹੈ। ਆਮ ਘਰੇਲੂ ਕੰਮਕਾਜੀ ਔਰਤਾਂ ਤਾਂ ਟੀ.ਵੀ. ਚਾਲੂ ਰੱਖਣ 'ਤੇ ਜ਼ੋਰ ਦਿੰਦੀਆਂ ਹਨ।



ਅਭਿਸ਼ੇਕ ਬੱਚਨ ਅਤੇ ਐਸ਼ਵਰਿਆ ਰਾਇ ਦੀ ਇਕ ਤਸਵੀਰ।

*"ਅਰਬਾਂਪਤੀ ਅਮਿਤਾਭ ਬੱਚਨ ਤੇ ਐਸ਼ਵਰਿਆ ਦਾ ਸਹੁਰਾ। ਲੱਖਾਂ ਰੁਪਈਆਂ ਦੀ ਉਨ੍ਹਾਂ ਐਸ਼ਵਰਿਆ ਦੀ ਡੋਲੀ ਬਣਵਾਈ। ਕਰੋੜਾਂ ਦੇ ਗਹਿਣੇ ਤੇ ਕੱਪੜੇ ਬਣੇ ਤੇ ਬਰਾਤ ਕਿੰਨੀ? ਸਿਰਫ਼ ਤੇਰ੍ਹਾਂ ਬੰਦੇ। ਛੀ ਛੀ, ਕਿੰਨੀ ਜ਼ਿਆਦਤੀ ਹੈ ਇਹ ਐਸ਼ਵਰਿਆ ਨਾਲ? ਭੈਣ... ਮੈਂ ਉਹਦੀ ਥਾਂ 'ਤੇ ਹੁੰਦਾ ਤਾਂ ਵੀਹ ਹਜ਼ਾਰ ਬਰਾਤੀ ਲੈ ਕੇ ਜਾਂਦਾ। ਦੁਨੀਆਂ ਵਿਚ ਸਭ ਤੋਂ ਸੋਹਣੀ ਐਸ਼ਵਰਿਆ ਤੇ ਕੀ ਕਦਰ ਪਾਈ ਉਸ ਦੇ ਸਹੁਰਿਆਂ ਨੇ?" ਬਬਿਤਾ ਡਾਢੀ ਭੜਕੀ ਹੋਈ ਸੀ, ਬਿਫ਼ਰੀ ਹੋਈ ਸ਼ੇਰਨੀ।*

ਬਬਿਤਾ ਦਾ ਘਰ ਵਾਲਾ ਸ਼ਰਾਬ ਦਾ ਆਦੀ ਨਹੀਂ। ਉਸ ਦੀ ਨਿੱਕੀ ਭੈਣ ਉਸ ਦੇ ਦਿਓਰ ਨਾਲ ਵਿਆਹੀ ਹੋਈ ਹੈ। ਘਰ ਦਾ ਮਾਹੌਲ ਸੁਖਾਵਾਂ ਹੈ। ਘਰ ਦੇ ਜੀਆਂ ਵਿਚ ਚੰਗਾ ਤਾਲਮੇਲ ਹੈ। ਕੁਲ ਮਿਲਾ ਕੇ ਬਬਿਤਾ ਸੁਖੀ ਹੈ ਜਿਸ ਕਰ ਕੇ ਹੱਸਦੀ-ਖੇਡਦੀ ਹੀ ਕੰਮ 'ਤੇ ਆਂਦੀ-ਜਾਂਦੀ ਹੈ। ਇਹ ਉਦੋਂ ਦੀ ਗੱਲ ਹੈ ਜਦੋਂ ਟੀ.ਵੀ. ਦੀ ਹਰ ਅਤੇ ਖਾਸ ਤੌਰ 'ਤੇ 'ਆਜ ਕਲ੍ਹ' ਚੈਨਲ ਉਪਰ ਫਿਲਮ ਅਭਿਨੇਤਾ ਅਭਿਸ਼ੇਕ ਬੱਚਨ ਅਤੇ ਅਭਿਨੇਤਰੀ ਐਸ਼ਵਰਿਆ ਰਾਇ ਦੀ ਸ਼ਾਦੀ ਦੀਆਂ ਖ਼ਬਰਾਂ ਦਾ ਬਾਜ਼ਾਰ ਗਰਮ ਸੀ। ਬਬਿਤਾ ਦੇ ਸਿਰ 'ਤੇ ਐਸ਼ਵਰਿਆ ਦੀ ਖ਼ੂਬਸੂਰਤੀ ਦਾ ਭੂਤ ਸੁਆਰ ਸੀ।

"ਹਾਇ ਮੈਂ ਮਰ ਜਾਂ, ਕਿੰਨੀ ਸੋਹਣੀ ਏ ਐਸ਼ਵਰਿਆ। ਭੈਣ...ਉਹਨੂੰ ਨਿਗਲ ਜਾਣ 'ਤੇ ਜੀ ਕਰਦੈ ਮੇਰਾ। ਅਭਿਸ਼ੇਕ ਬੱਚਨ ਨਾਲ ਵਿਆਹ ਹੋ ਰਿਹਾ ਹੈ ਉਸ ਦਾ। ਕੇਡਾ ਕਿਸਮਤ ਵਾਲਾ ਹੈ ਅਭਿਸ਼ੇਕ। ਮੇਰਾ ਤਾਂ ਜੀ ਕਰਦੈ ਮੰਮੀ ਜੀ ਕਿ ਅਗਲੇ ਜਨਮ ਵਿਚ ਮੈਂ ਵੀ ਐਸ਼ਵਰਿਆ ਵਰਗਾ ਹੀ ਸੋਹਣਾ ਹੋਵਾਂ। ਮੈਂ ਤਾਂ ਦਿਨ-ਰਾਤ ਰੱਬ ਅੱਗੇ ਪ੍ਰਾਰਥਨਾ ਕਰਦਾਂ ਕਿ ਮੈਂ ਹੁਣੇ ਮਰ ਜਾਂ ਤੇ ਉਹ ਬਸ ਮੈਨੂੰ ਐਸ਼ਵਰਿਆ ਵਰਗਾ ਹੀ ਬਣਾ ਦੇਵੇ।"

ਇੰਝ ਆਖਦੀ ਬਬਿਤਾ ਆਪਣੀਆਂ ਬਾਹਵਾਂ ਵਿਚ ਇਸ ਤਰ੍ਹਾਂ ਸਿਮਟਦੀ ਜਿਵੇਂ ਐਸ਼ਵਰਿਆ ਨੂੰ ਆਪਣੇ ਕਲਾਵੇ ਵਿਚ ਲੈ ਰਹੀ ਹੋਵੇ। "ਦੂਜਾ ਜਨਮ ਲੈਣ ਲਈ ਤੂੰ ਮਰਨ ਲਈ ਵੀ ਤਿਆਰ ਏਂ ਤੇ ਉਹ ਵੀ ਇਸ ਜਵਾਨ-ਜਹਾਨ ਉਮਰ ਵਿਚ। ਹਾਲੇ ਤੂੰ ਵੇਖਿਆ ਹੀ ਕੀ ਹੈ?" ਮੈਂ ਕਹਿੰਦੀ।

"ਜੇ ਗਰੰਟੀ ਹੋਵੇ ਨਾ ਮੰਮੀ ਜੀ, ਕਿ ਮੈਂ ਮਰ ਕੇ ਐਸ਼ਵਰਿਆ ਹੀ ਬਣਾਂਗਾ ਤਾਂ ਹੁਣੇ ਹੀ ਮਰ ਜਾਂ, ਇਸੇ ਵੇਲੇ।" ਫਿਰ ਬਬਿਤਾ ਐਸ਼ਵਰਿਆ ਅਤੇ ਅਭਿਸ਼ੇਕ ਬੱਚਨ ਦੇ ਵਿਆਹ ਦੀਆਂ ਤਿਆਰੀਆਂ ਦੇ ਚਰਚੇ ਸੁਣਾਉਣ ਲੱਗਦੀ। ਕਦੇ ਐਸ਼ਵਰਿਆ ਦੇ ਘੱਗਰੇ ਦਾ ਜ਼ਿਕਰ ਤੇ ਕਦੇ ਉਸ ਦੇ ਗਹਿਣਿਆਂ ਦਾ। ਕਦੇ ਐਸ਼ਵਰਿਆ ਦੀ ਡੋਲੀ ਦਾ ਬਿਆਨ ਤੇ ਕਦੇ ਉਸ ਦੇ ਵਿਆਹ ਵਿਚ ਸ਼ਾਮਲ ਹੋ ਰਹੇ ਮੇਲ-ਮੰਡਲ ਦਾ। ਐਸ਼ਵਰਿਆ, ਐਸ਼ਵਰਿਆ, ਐਸ਼ਵਰਿਆ...ਬਸ ਉਸੇ ਦਾ ਜ਼ਿਕਰ ਹੁੰਦਾ ਬਬਿਤਾ ਦੀ ਜ਼ੁਬਾਨ 'ਤੇ ਉਨ੍ਹੀਂ ਦਿਨੀਂ।

ਇਕ ਦਿਨ ਤਾਂ ਹੱਦ ਹੀ ਕਰ ਦਿੱਤੀ ਬਬਿਤਾ ਨੇ। ਦੌੜ ਕੇ ਆਈ ਹਫ਼ਦੀ-ਹਫ਼ਦੀ, ਤੇ ਮਗਰ ਪੈ ਗਈ ਮੇਰੇ, ਟੀ.ਵੀ. ਚਾਲੂ ਕਰਨ ਲਈ।

"ਛੇਤੀ ਕਰੋ ਮੰਮੀ ਜੀ, ਟੀ.ਵੀ. ਦਾ ਬਟਨ ਦਬਾਓ, ਉਨੇ ਨਾ।"

"ਕੀ ਆਖਰ ਆ ਗਈ ਹੈ ਤੈਨੂੰ?"

"ਇਕ ਕੁੜੀ ਨੇ ਵੀਣੀ ਕੱਟ ਲਈ ਹੈ। ਉਹ ਕਹਿੰਦੀ ਹੈ ਕਿ ਅਭਿਸ਼ੇਕ ਬੱਚਨ ਨੇ ਉਸ ਨਾਲ ਵਿਆਹ ਕਰਵਾਇਆ ਸੀ...ਛੇਤੀ ਕਰੋ...ਵੇਖੋ ਤਾਂ ਸਹੀ...।" ਬਬਿਤਾ ਸਾਹੋ-ਸਾਹ ਸੀ।

ਮੈਂ ਟੀ.ਵੀ. ਚਾਲੂ ਕੀਤਾ। 'ਆਜ ਕਲ੍ਹ' ਚੈਨਲ ਉਪਰ ਜਾਹਨਵੀ ਕਪੂਰ ਨਾਂ ਦੀ ਕੁੜੀ ਪੁਲਿਸ ਅੱਗੇ ਬਿਆਨ ਦੇ ਰਹੀ ਸੀ ਕਿ ਅਭਿਸ਼ੇਕ ਬੱਚਨ ਨੇ ਉਸ ਨਾਲ ਧੋਖਾ ਕੀਤਾ ਸੀ।

"ਹਾਇ ਮੈਂ ਮਰ ਜਾਂ, ਕੱਲ੍ਹ ਐਸ਼ਵਰਿਆ ਦਾ ਵਿਆਹ ਏ ਤੇ ਅੱਜ ਏ ਉਸ ਦੀ ਮਹਿੰਦੀ ਦੀ ਰਾਤ। ਆਹ ਵੇਖੋ, ਕੇਡਾ 'ਨਰਥ ਹੋਣ ਲੱਗੈ ਐਸ਼ਵਰਿਆ ਨਾਲ। ਸਾਰੀ ਦੁਨੀਆਂ 'ਚੋਂ ਸੋਹਣੀ, ਨਿਰੀ ਪਰੀ ਤੇ ਉਸ ਨਾਲ ਏਡਾ ਧੱਕਾ...ਅਭਿਸ਼ੇਕ ਐਸ਼ਵਰਿਆ ਦੇ ਬਿਲਕੁਲ ਕਾਬਲ ਨਹੀਂ।" ਬਬਿਤਾ ਇੰਝ ਫੁੰਕਾਰੇ ਮਾਰ ਰਹੀ ਸੀ ਜਿਵੇਂ ਉਹ ਆਪ ਹੀ ਐਸ਼ਵਰਿਆ ਹੋਵੇ।

"ਇਹ ਸਭ ਚਰਚਾ 'ਚ ਆਉਣ ਦੇ ਹਥਕੰਡੇ ਵੀ ਤਾਂ ਹੋ ਸਕਦੇ ਨੇ।" ਮੈਂ ਬਬਿਤਾ ਨੂੰ ਸਮਝਾਉਣ ਦਾ ਜਤਨ ਕੀਤਾ, ਪਰ ਨਹੀਂ! ਬਬਿਤਾ ਦੀ ਹਮਦਰਦੀ ਸਿਰਫ਼ ਐਸ਼ਵਰਿਆ ਨਾਲ ਹੀ ਸੀ। ਉਸ ਲਈ ਅਭਿਸ਼ੇਕ ਦਰਿੰਦਾ ਸੀ, ਧੋਖੇਬਾਜ਼। ਬੁੜ-ਬੁੜ ਕਰਦੀ ਨੇ ਹੀ ਮੈਥੋਂ ਰੁਖ਼ਸਤ ਲਈ।

ਦੂਜੇ ਦਿਨ ਐਸ਼ਵਰਿਆ ਅਤੇ ਅਭਿਸ਼ੇਕ ਦੀ ਸ਼ਾਦੀ ਹੋਣੀ ਸੀ। ਸ਼ਾਦੀ ਮਗਰੋਂ ਉਹ ਆਪਣੀ ਸ਼ਰਧਾ ਮੁਤਾਬਕ ਭਗਵਾਨ ਤੋਂ ਆਸ਼ੀਰਵਾਦ ਲੈਣ ਲਈ ਦੱਖਣ ਵਲ ਬਾਲਾ ਜੀ ਦੇ ਮੰਦਰ ਲਈ ਰਵਾਨਾ ਹੋ ਗਏ। ਅਗਲੀ ਸਵੇਰ ਬਬਿਤਾ ਆਈ। ਚੁੱਪ-ਗੜੁੱਪ।

"ਅੱਜ ਐਸ਼ਵਰਿਆ ਦਾ ਕੀ ਸਮਾਚਾਰ ਹੈ?" ਮੈਂ ਛੇੜਿਆ। ਬਬਿਤਾ ਫਿਰ ਵੀ ਚੁੱਪ-ਗੜੁੱਪ।

"ਕੀ ਗੱਲ ਐ ਐਸ਼ਵਰਿਆ ਦੇ ਵਿਆਹ ਬਾਅਦ ਤੈਨੂੰ ਕੀ ਮੌਤ ਪੈ ਗਈ ਹੈ?"

"ਅਰਬਾਂਪਤੀ ਅਮਿਤਾਭ ਬੱਚਨ ਤੇ ਐਸ਼ਵਰਿਆ ਦਾ ਸਹੁਰਾ। ਲੱਖਾਂ ਰੁਪਈਆਂ ਦੀ ਉਨ੍ਹਾਂ ਐਸ਼ਵਰਿਆ ਦੀ ਡੋਲੀ ਬਣਵਾਈ। ਕਰੋੜਾਂ ਦੇ ਗਹਿਣੇ ਤੇ ਕੱਪੜੇ ਬਣੇ ਤੇ ਬਰਾਤ ਕਿੰਨੀ? ਸਿਰਫ਼ ਤੇਰ੍ਹਾਂ ਬੰਦੇ। ਛੀ ਛੀ, ਕਿੰਨੀ ਜ਼ਿਆਦਤੀ ਹੈ ਇਹ ਐਸ਼ਵਰਿਆ ਨਾਲ? ਭੈਣ...ਮੈਂ ਉਹਦੀ ਥਾਂ 'ਤੇ ਹੁੰਦਾ ਤਾਂ ਵੀਹ ਹਜ਼ਾਰ ਬਰਾਤੀ ਲੈ ਕੇ ਜਾਂਦਾ। ਦੁਨੀਆਂ ਵਿਚ ਸਭ ਤੋਂ ਸੋਹਣੀ ਐਸ਼ਵਰਿਆ ਤੇ ਕੀ ਕਦਰ ਪਾਈ ਉਸ ਦੇ ਸਹੁਰਿਆਂ ਨੇ?" ਬਬਿਤਾ ਡਾਢੀ ਭੜਕੀ ਹੋਈ ਸੀ, ਬਿਫ਼ਰੀ ਹੋਈ ਸ਼ੇਰਨੀ।

"ਪਰ ਸੁਰੱਖਿਆ ਦਾ ਵੀ ਤਾਂ ਮਸਲਾ ਹੁੰਦਾ ਹੈ। ਇੰਨੀਆਂ ਵੱਡੀਆਂ ਹਸਤੀਆਂ ਦਾ ਵਿਆਹ ਹੋਣਾ ਕੋਈ ਆਮ ਜਿਹੀ ਗੱਲ ਹੈ? ਸੌ ਤਰ੍ਹਾਂ ਦੀਆਂ ਦੁਸ਼ਮਣੀਆਂ ਹੁੰਦੀਆਂ ਨੇ, ਤੇ ਸੌ ਤਰ੍ਹਾਂ ਦੇ ਖਤਰੇ ਵੀ। ਤੂੰ ਹੀ ਤਾਂ ਕੱਲ੍ਹ ਜਾਹਨਵੀ ਕਪੂਰ ਦੀ ਖਬਰ ਵਿਖਾ ਰਹੀ ਸੀ ਟੀ.ਵੀ. 'ਤੇ। ਇੰਨੇ ਵਿਚ ਹੀ ਪੁਲਿਸ ਦੀ ਨੌਬਤ ਆਈ ਹੋਈ ਸੀ। ਅੱਗੇ ਵੀ ਯਾਤਰਾ ਜਾਂ ਹਨੀਮੂਨ ਲਈ ਉਹ ਜਿਥੇ ਕਿੱਥੇ ਵੀ ਜਾਣਗੇ, ਸਕਿਉਰਿਟੀ ਦਾ ਮਸਲਾ ਨਾਲੋ ਨਾਲ ਰਹੇਗਾ। ਲੋਕਾਂ ਨੂੰ ਤਿੱਤਰ-ਬਿੱਤਰ ਕਰ ਕੇ ਵਿਆਹੇ ਜੋੜੇ ਲਈ ਰਾਹ ਕੱਢਣਾ ਕੋਈ ਖਾਲਾ ਜੀ ਦਾ ਘਰ ਹੈ? ਅਭਿਸ਼ੇਕ ਤੇ ਐਸ਼ਵਰਿਆ ਤੇਰੇ-ਮੇਰੇ ਵਾਂਗ ਬਿਨਦਾਸ ਤੇ ਖੁਲ੍ਹ-ਮਖੁੱਲ੍ਹਾ ਥੋੜ੍ਹਾ ਹੀ ਵਿਚਰ ਸਕਦੇ ਹਨ।" ਮੈਂ ਦਲੀਲ ਦਿੱਤੀ।

"ਫਿਰ ਉਹ ਕਾਹਦੀ ਐਸ਼ਵਰਿਆ ਹੋਈ? ਉਹ ਤਾਂ ਕੈਦਣ ਹੋਈ ਕਿ? ਚਾਰੇ ਪਾਸੇ ਪੁਲਸੀਏ... ਭੈਣ...ਬਾਜ਼ ਆਏ ਅਸੀਂ ਇਸ ਖੂਬਸੂਰਤੀ ਅਤੇ ਅਮੀਰੀ ਤੋਂ। ਆਪਾਂ ਤਾਂ ਇੰਦਾਂ ਹੀ ਚੰਗੇ ਹਾਂ, ਕਾਲੇ ਕਲੂਟੇ। ਇਕਦਮ ਆਜ਼ਾਦ। ਜਿਥੇ ਜੀ ਕਰਦੈ, ਜਾਂਦੇ ਹਾਂ। ਘੁੰਮਦੇ ਹਾਂ। ਮਨਮਰਜ਼ੀ ਮੁਤਾਬਕ ਜੀਂਦੇ ਹਾਂ। ਦਫ਼ਾ ਕਰੋ। ਮੈਂ ਨਹੀਂ ਬਣਨਾ ਐਸ਼ਵਰਿਆ। ਮੈਂ ਬਬਿਤਾ ਹੀ ਰਹਾਂਗਾ। ਸਗਵਾਂ ਬਬਿਤਾ।" ਬਬਿਤਾ ਨੇ ਦੋ-ਟੁੱਕ ਫੈਸਲਾ ਸੁਣਾ ਦਿੱਤਾ।

# ਦਸਵੰਧ ਬਨਾਮ ਦਾਨ

ਸਿੱਖ ਧਰਮ ਵਿਚ ਦਸਵੰਧ ਦਾ ਬਹੁਤ ਹੀ ਸਤਿਕਾਰਤ ਅਤੇ ਆਰਥਿਕ ਮਹੱਤਵ ਹੈ। ਇਸ ਦੀ ਸ਼ੁਰੂਆਤ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਵਲੋਂ ਨਵਉਸਾਰੀਆਂ ਦੀ ਮੁਕੰਮਲਤਾ ਲਈ ਕੀਤੀ ਗਈ ਸੀ। ਦਸਵੰਧ ਦੀ ਪ੍ਰਥਾ ਅਸਲ ਵਿਚ ਮਸੰਦ ਪ੍ਰਥਾ ਦਾ ਹੀ ਇੱਕ ਨਿਖਰਿਆ ਰੂਪ ਹੈ। ਇਹ ਇੱਕ ਨਿਮਾਣੇ ਅਤੇ ਸੱਚੇ ਸਿੱਖ ਲਈ ਆਪਣੀ ਕਿਰਤ-ਕਮਾਈ ਵਿਚੋਂ ਗੁਰਮਤਿ ਦੇ ਲੋਕ ਭਲਾਈ ਹਿੱਤ ਕੀਤੇ ਜਾਣ ਵਾਲੇ ਕਾਰਜਾਂ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਨ ਲਈ ਲਾਜ਼ਮੀ ਕੀਤਾ ਗਿਆ ਇੱਕ ਮਾਲੀ ਯੋਗਦਾਨ ਹੈ ਜਿਸ ਦਾ ਆਧਾਰ ਬਣਦੇ ਹਨ ਸ੍ਰੀ ਗੁਰੂ ਨਾਨਕ ਦੇਵ ਦੇ ਪਾਵਨ ਬਚਨ 'ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥' ਇਨ੍ਹਾਂ ਬਚਨਾਂ ਨੂੰ ਕਮਾਉਣ ਵਾਲਾ ਸਿੱਖ ਆਪਣੀ ਨੇਕ ਕਮਾਈ ਦਾ ਦਸਵਾਂ ਹਿੱਸਾ ਗੁਰੂ ਘਰ ਨੂੰ ਅਰਪਿਤ ਕਰਕੇ ਗੁਰੂ ਬਾਬੇ ਦੀਆਂ ਖੁਸ਼ੀਆਂ ਦਾ ਪਾਤਰ ਬਣਦਾ ਹੈ।

ਕਈ ਵਾਰ ਦਸਵੰਧ ਨੂੰ ਇਕ ਦਾਨ-ਪੁੰਨ ਦੇ ਤੌਰ 'ਤੇ ਵੀ ਤਸਲੀਮ ਕਰ ਲਿਆ ਜਾਂਦਾ ਹੈ ਪਰ ਦਾਨ ਦੀ ਧਾਰਨਾ ਕਰਮਕਾਂਡੀ ਵਿਧੀ-ਵਿਧਾਨ ਨਾਲ ਜੁੜੀ ਹੋਈ ਹੋਣ ਕਰਕੇ ਮਨੁੱਖ ਨੂੰ ਮੁਕਤੀ ਦਾ ਲਾਰਾ ਲਗਾਉਂਦੀ ਹੈ, ਜਿਸ ਦੀ ਸਿੱਖੀ ਸਿਧਾਂਤ ਵਿਚ ਕੋਈ ਥਾਂ ਨਹੀਂ ਹੈ। ਇਸ ਦੇ ਨਾਲ ਹੀ ਦਾਨ ਵਿਹਲੜਾਂ ਅਤੇ ਮੰਗਤਿਆਂ ਨੂੰ ਕਿਰਤ-ਸਭਿਆਚਾਰ ਤੋਂ ਬੇਮੁੱਖ ਕਰੀ ਰੱਖਦਾ ਹੈ। ਦਸਵੰਧ ਦੀ ਰਕਮ ਸਿੱਖਾਂ ਵਲੋਂ ਸਵੈ-ਇੱਛਾ ਨਾਲ ਦਿੱਤੀ ਜਾਂਦੀ ਹੈ ਜੋ ਪਹਿਲ ਦੇ ਆਧਾਰ 'ਤੇ ਰੂਹਾਨੀ ਖੁਰਾਕ ਦੇਣ ਵਾਲੇ ਧਰਮ ਕਾਰਜਾਂ ਹਿੱਤ ਵਰਤੀ ਜਾਂਦੀ ਹੈ। ਇਹ ਖੁਰਾਕ ਸਾਧ-ਸੰਗਤ ਦੇ ਮਿਲਾਪ, ਗੁਰਬਾਣੀ ਕੀਰਤਨ ਤੇ ਗੁਰ ਉਪਦੇਸ਼ ਰਾਹੀਂ ਪ੍ਰਾਪਤ ਹੁੰਦੀ ਹੈ।

ਭਾਵੇਂ ਦਸਵੰਧ ਦੀ ਵਧੇਰੇ ਲੋੜ ਗੁਰੂ ਅਰਜਨ ਦੇਵ ਦੇ ਸਮੇਂ ਵਿਚ ਮਹਿਸੂਸ ਕੀਤੀ ਗਈ ਹੈ ਪਰ ਇਸ ਦੀ ਹਾਮੀ ਪੂਰਵਕਾਲੀ ਗੁਰੂ ਸਾਹਿਬਾਨ ਵਲੋਂ ਵੀ ਭਰੀ ਗਈ ਹੈ। ਜਦੋਂ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਅਕਬਰ ਬਾਦਸ਼ਾਹ ਤੀਸਰੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਦੇ ਦਰਸ਼ਨ-ਦੀਦਾਰੇ ਕਰਨ ਲਈ ਆਇਆ ਤਾਂ ਉਸ ਨੂੰ ਪੰਗਤ ਵਿਚ ਬੈਠ ਕੇ ਪ੍ਰਸ਼ਾਦਾ-ਪਾਣੀ ਛਕਣਾ ਪਿਆ। ਗੁਰੂ ਘਰ ਦੀ ਸਾਂਝੀਵਾਲਤਾ ਵਾਲੀ ਇਹ ਮਰਿਆਦਾ ਦੇਖ ਕੇ ਉਹ ਬਹੁਤ ਪ੍ਰਸੰਨਚਿੱਤ ਹੋਇਆ। ਅਕਬਰ ਨੇ ਜਦੋਂ ਗੁਰੂ ਅਮਰਦਾਸ ਨੂੰ ਗੁਰੂ ਕੇ ਲੰਗਰ ਵਾਸਤੇ ਜਗੀਰ ਦੇਣ ਦੀ ਗੱਲ ਕਹੀ ਤਾਂ ਗੁਰੂ ਸਾਹਿਬ ਨੇ ਕਿਹਾ ਕਿ 'ਗੁਰੂ ਕਾ ਲੰਗਰ ਸ਼ਰਧਾਲੂਆਂ ਦੀ ਕਿਰਤ-ਕਮਾਈ ਨਾਲ ਹੀ ਚੱਲਣਾ ਚਾਹੀਦਾ ਹੈ।' ਗੁਰੂ ਘਰ ਕਿਸੇ ਜਗੀਰ ਜਾਂ ਅਮੀਰ ਦਾ ਮੁਥਾਜ ਨਹੀਂ ਸਗੋਂ ਇਹ ਸਿਦਕੀ ਸਿੱਖਾਂ ਦੀ ਨੇਕ ਕਮਾਈ 'ਚੋਂ ਨਿਕਲੇ ਦਸਵੰਧ ਜਾਂ ਵਾਹਿਗੁਰੂ ਦੀ ਬਖਸ਼ਿਸ਼ ਨਾਲ ਚੱਲਦਾ ਆ ਰਿਹਾ ਹੈ ਤੇ ਚੱਲਦਾ ਰਹੇਗਾ।

ਧਰਮ-ਕਰਮ ਦੇ ਕਾਰਜਾਂ ਤੋਂ ਇਲਾਵਾ ਦਸਵੰਧ ਦੀ ਰਕਮ ਨਾਲ ਸੰਗਤਾਂ ਦੀ ਸੰਕਟ ਦੇ ਸਮੇਂ ਲੋੜ ਅਨੁਸਾਰ ਸਹਾਇਤਾ ਵੀ ਕੀਤੀ ਜਾਂਦੀ ਹੈ। ਦਸਵੰਧ ਦੀ ਮਾਇਆ ਨਾਲ ਹੀ ਭਗਤ ਪੂਰਨ ਸਿੰਘ ਵਰਗੇ ਮਹਾਂਪੁਰਖਾਂ ਨੇ ਨਿਆਸਰਿਆਂ ਨੂੰ ਆਸਰਾ ਦੇਣ ਵਾਲੀ ਪਿੰਗਲਵਾੜੇ ਵਰਗੀ ਮਹਾਨ ਸੰਸਥਾ ਦੀ ਸਥਾਪਨਾ ਕੀਤੀ ਜੋ ਅੱਜ ਵੀ ਕਈ ਲਾਵਾਰਿਸਾਂ ਦੀ ਵਾਰਿਸ ਬਣੀ ਹੋਈ ਹੈ। ਇਸ ਸੰਸਥਾ ਦਾ ਖਰਚ ਵੀ ਸ਼ਰਧਾਲੂ ਸੱਜਣਾਂ ਦੀ ਨੇਕ ਕਮਾਈ ਨਾਲ ਹੀ ਚੱਲ ਰਿਹਾ ਹੈ।

-ਰਮੇਸ਼ ਬੱਗਾ ਚੋਹਲਾ
ਫੋਨ: 91-94631-32719

## .ਗ਼ਜ਼ਲ

ਮੇਰੀ ਹਿੱਕ ਵਿਚ ਮਾਰਨ ਖਾਤਰ
ਉਸ ਦੇ ਹੱਥ ਵਿਚ ਖੰਜਰ ਹੈ।
ਕਮ ਅਕਲੇ ਨੂੰ ਕਿਹੜਾ ਦੱਸੇ,
ਕੀ ਕੁਝ ਮੇਰੇ ਅੰਦਰ ਹੈ।
ਵਿਚ ਅਯੁੱਧਿਆ ਮਸਜਿਦ ਢਾਹ ਕੇ,
ਬਾਬਰ ਬੇਘਰ ਕਰ ਦਿੱਤਾ,
ਤੀਨ ਲੋਕ ਦੇ ਮਾਲਕ ਖਾਤਰ,
ਜਿਸ ਥਾਂ ਬਣਨਾ ਮੰਦਰ ਹੈ।
ਕਿਹੜੇ ਵੇਲੇ ਚੰਨ ਚੜ੍ਹਦਾ
ਤੇ ਟੁੱਟਦੇ ਤਾਰੇ ਕਿੰਜ ਵੇਖਾਂ,
ਸੰਗ ਮਰ-ਮਰ ਦੀ ਧਰਤੀ ਉਤੇ
ਕੰਕਰੀਟ ਦਾ ਅੰਬਰ ਹੈ।
ਪੜ੍ਹੀ ਪੜ੍ਹਾਈ ਕੰਮ ਨਾ ਆਈ,
ਹੱਥ ਵਿਚ 'ਕੱਲੀਆਂ ਠੀਕਰੀਆਂ,
ਗਿਆਨ ਧਿਆਨ ਦੇ ਨਾਂ 'ਤੇ ਤਣਿਆ,
ਕਿੰਨਾ ਅਜਬ ਅਡੰਬਰ ਹੈ।
ਬਾਹੂਬਲ ਹੀ ਪਰਖ ਰਿਹਾ ਸੀ,
ਧੀ ਦੇ ਵਰ ਲਈ ਰਾਜਾ ਵੀ,
ਕਰੇ ਮੁਨਾਦੀ ਧਰਮੀ ਬਾਬਲ,
ਓਦਾਂ ਕਹੇ ਸਵੰਬਰ ਹੈ।
ਦਿੱਲੀਏ ਤੇਰੇ ਨੱਕ ਦੇ ਥੱਲੇ,
ਅਗਨੀ ਤਾਂਡਵ ਹੋਇਆ ਸੀ,
ਅਜੇ ਚੁਰਾਸੀ ਸੇਕ ਮਾਰਦਾ,
ਲਾਟੋ ਲਾਟ ਨਵੰਬਰ ਹੈ।
ਰਿੱਛਾਂ ਵਾਂਗ ਨਚਾਵੇ ਸਾਨੂੰ,
ਕੁਰਸੀ ਦਾ ਕਿਰਦਾਰ ਹਮੇਸ਼,
ਇਸ 'ਤੇ ਕਾਬਜ਼ ਹਰ ਯੁਗ ਅੰਦਰ
ਸ਼ਾਤਰ ਬੜਾ ਕਲੰਦਰ ਹੈ।

-ਗੁਰਭਜਨ ਗਿੱਲ

# ਇਉਂ ਸ਼ਾਇਦ ਹੀ ਕੋਈ ਲੇਖਕ ਬਣਿਆ ਹੋਵੇ...

## ਨੋਕ-ਝੋਕ



ਐਸ. ਅਸ਼ੋਕ ਭੌਰਾ
ਫੋਨ: 510-415-3315

***ਰੱਬ ਨੇ ਸ਼ਾਇਦ ਕੁਝ ਲੋਕਾਂ ਦੇ ਨੈਣ ਨਕਸ਼ ਬਣਾਉਣ ਲੱਗਿਆਂ ਧੱਕੇਸ਼ਾਹੀ ਵੀ ਕੀਤੀ ਹੈ, ਇਸੇ ਕਰ ਕੇ ਕਈਆਂ ਨੇ ਸਾਰੀ ਉਮਰ ਸ਼ੀਸ਼ੇ ਵੱਲ ਮੂੰਹ ਹੀ ਨਹੀਂ ਕੀਤਾ। ਇਹ ਮਿਹਣਾ ਵੀ ਇਨ੍ਹਾਂ ਦਾ ਹੀ ਲੱਗਦੈ ਕਿ 'ਕਾਲੇ ਕੀਤੇ ਜਹਾਨ 'ਤੇ ਕਿਉਂ ਪੈਦਾ ਰੱਬਾ, ਸਾਨੂੰ ਨ੍ਹੀਂ ਸੋਹਣੇ ਪਸੰਦ ਕਰਦੇ'। ਚਲੋ, ਉਹਦੀਆਂ ਧੱਕੇਸ਼ਾਹੀਆਂ ਤਾਂ ਫਿਰ ਵੀ ਝੱਲੀਆਂ ਜਾਂਦੀਆਂ ਨੇ, ਬੰਦੇ ਤਾਂ ਜ਼ਖਮ ਭਰਨ ਹੀ ਨਹੀਂ ਦਿੰਦੇ। ਗਮਲਿਆਂ ਵਿਚ ਤਾਂ ਬੂਟਿਆਂ ਨੂੰ ਫੁੱਲ ਖਿੜਦੇ ਹੀ ਸਨ, ਹੁਣ ਫਲ ਵੀ ਲੱਗਣ ਲੱਗ ਪਏ ਹਨ, ਕਿਉਂਕਿ ਦਰਖਤ ਸੋਚਣ ਲੱਗ ਪਏ ਨੇ ਕਿ ਬੜੇ ਬਣ ਕੇ ਕਤਲ ਹੋਣ ਨਾਲੋਂ ਬੌਣੇ ਰਹਿਣਾ ਹੀ ਚੰਗਾ ਹੈ। ਕੀੜੀ ਨੇ ਤੁਰੇ ਜਾਂਦੇ ਕਾਢੇ ਦੀ ਬੱਖੀ ਵਿਚ ਲੱਤ ਮਾਰੀ ਤਾਂ ਉਹ ਹੈਰਾਨ ਹੋਇਆ ਪੁੱਛਣ ਲੱਗਾ, "ਟਰੱਕ ਵਿਚ ਕਾਂ ਵੱਜਣ ਨਾਲ ਟਰੱਕ ਦਾ ਵਿਗੜਦਾ ਤਾਂ ਕੁਝ ਨਹੀਂ, ਪਰ ਇਹ ਨਵੀਂ ਵਾਰਦਾਤ ਤੂੰ ਕਮਲੀਏ ਅੱਜ ਕਾਹਤੋਂ ਕਰ'ਤੀ?" ਕੀੜੀ ਦੰਦ ਟੁੱਕ ਕੇ ਬੋਲੀ, "ਦੋ ਤੀਵੀਆਂ ਗੱਲਾਂ ਕਰਦੀਆਂ ਸਨ, ਪਈ ਬੰਦੇ ਚੰਡ ਕੇ ਰੱਖੀਦੇ ਆ।" ਕਾਢਾ ਹੱਸ ਪਿਆ, "ਉਰਾਂ ਨੂੰ ਕੰਨ ਕਰ ਕੇ ਸੁਣ...ਇਹ ਝੂਠ, ਝਗੜੇ, ਬੇਈਮਾਨੀਆਂ, ਹੇਰਾ-ਫੇਰੀਆਂ, ਦੁਸ਼ਮਣੀਆਂ, ਕਤਲ...ਇਹੀ ਲੋਕ ਕਰਦੇ ਨੇ ਜਿਨ੍ਹਾਂ ਦੇ ਤੂੰ ਮਗਰ ਲੱਗ'ਗੀ। ਕਿਸੇ ਵੀ ਪਸ਼ੂ, ਜਾਨਵਰ, ਪੰਛੀ ਤੇ ਕੀੜੇ-ਮਕੌੜੇ ਉਤੇ ਝੂਠ, ਚਲਾਕੀ, ਬੇਈਮਾਨੀ ਤੇ ਹੇਰਾ-ਫੇਰੀ ਦਾ ਦੋਸ਼ ਨ੍ਹੀਂ ਲੱਗਾ। ਕਾਹਨੂੰ ਇਨ੍ਹਾਂ ਪਿਛੇ ਘਰ ਪੱਟਦੀ ਆਂ?" ਕੀੜੀ ਹੌਲੀ ਦੇਣੀ ਬੋਲੀ, "ਮੈਂ ਕਹਾਂ, ਪਈ ਸਾਡੇ ਕੋਲ 'ਫੇਸਬੁੱਕ' ਤੇ 'ਵਟਸਐਪ' ਕਾਹਤੋਂ ਹੈ ਨ੍ਹੀਂ?" ਗਰੀਬ ਘਰਾਂ ਵਿਚ ਆਉਣ ਵਾਲੇ ਮਹਿਮਾਨਾਂ ਦੀ ਆਓ-ਭਗਤ ਖੜ੍ਹੇ ਹੋ ਕੇ ਤੇ ਹੱਥ ਜੋੜ ਕੇ ਕੀਤੀ ਜਾਂਦੀ ਹੈ, ਜਾਂ ਦਰਵਾਜ਼ਿਆਂ 'ਤੇ ਲਿਖਿਆ ਹੁੰਦਾ ਹੈ, 'ਤੁਹਾਡਾ ਸਵਾਗਤ ਹੈ'। ਵੱਡਿਆਂ ਘਰਾਂ ਦੇ ਉਚੇ ਦਰਵਾਜ਼ੇ ਚਲੋ ਦੰਦੀਆਂ ਤਾਂ ਮਾੜੇ ਨੂੰ ਚੁੰਘਾ ਲੈਣ...ਤਾਂ ਕੋਈ ਗੱਲ ਨ੍ਹੀਂ, ਤਰਸ ਇਨ੍ਹਾਂ 'ਤੇ ਉਦੋਂ ਆਉਂਦਾ ਹੈ ਜਦੋਂ ਨੇਮ ਪਲੇਟ ਦੇ ਨਾਲ ਦੂਜੀ ਪਲੇਟ 'ਤੇ ਲਿਖਿਆ ਹੁੰਦਾ ਹੈ, 'ਕੁੱਤਿਆਂ ਤੋਂ ਸਾਵਧਾਨ'! ਚਲੋ, ਝੱਗੇ ਜਾਂ ਕਮੀਜ਼ ਦੇ ਬਟਨ ਤਾਂ ਅੱਗੇ-ਪਿੱਛੇ ਬਹੁਤਿਆਂ ਤੋਂ ਲੱਗ ਜਾਂਦੇ ਹਨ, ਪਰ ਮੇਰੇ ਵਾਂਗ ਦੱਸਣਾ ਸਾਰਿਆਂ ਨੇ ਨਹੀਂ ਹੁੰਦਾ।***

ਜ਼ਰੂਰੀ ਨਹੀਂ ਕਿ ਸਾਰੀਆਂ ਵਾਰਦਾਤਾਂ ਦਾ ਮੀਡੀਆ ਨੂੰ ਪਤਾ ਲਗਦਾ ਹੋਵੇ, ਕਿਉਂਕਿ ਰੱਬ ਨੇ ਵੀ ਕਿਤੇ-ਕਿਤੇ ਨਾ-ਬਰਾਬਰੀ ਤੇ ਕਾਣੀ ਵੰਡ ਦੇ ਅਜਿਹੇ ਹੱਥ ਵਿਖਾਏ ਹਨ ਕਿ ਕੈਮਰੇ ਦੀ ਅੱਖ ਤੇ ਵਿਦਵਾਨ ਦੀ ਕਲਮ ਕੋਲੋਂ ਦੀ ਚੁੱਪ ਕਰ ਕੇ ਹੀ ਲੰਘ ਜਾਂਦੀ ਹੈ। ਸਬਰ ਵਾਲਾ ਮਨੁੱਖ ਬਾਦਸ਼ਾਹ ਹੀ ਹੁੰਦਾ ਹੈ, ਜਦੋਂ ਕਿ ਔਰਗਜ਼ੇਬ, ਗੱਦਾਫੀ ਤੇ ਸਦਾਮ ਹੁਸੈਨ ਬਾਦਸ਼ਾਹ ਬਣ ਕੇ ਰੁਲ ਜਾਂਦੇ ਹਨ। ਕਈਆਂ ਦੀ ਜ਼ਿੰਦਗੀ ਵਿਚ ਚਰਖੇ ਦੀ ਮਾਲ੍ਹ ਵੀ ਸਾਰੀ ਉਮਰ ਉਤਰੀ ਰਹੀ, ਪਰ ਕੱਤਿਆ ਫਿਰ ਵੀ ਉਨ੍ਹਾਂ ਨੇ ਸਾਰਿਆਂ ਤੋਂ ਵੱਧ ਹੀ ਹੁੰਦਾ ਹੈ। ਦੰਦ ਕਥਾ ਹੈ ਕਿ ਇਕ ਵਾਰ ਬਾਦਸ਼ਾਹ ਅਕਬਰ ਆਪਣੇ ਦਰਬਾਰ ਵਿਚ ਲੋਕਾਂ ਦੀਆਂ ਸਮੱਸਿਆਵਾਂ ਸੁਣ ਰਿਹਾ ਸੀ ਕਿ ਉਨੀਂਦਰੇ ਕਾਰਨ ਉਹਨੂੰ ਉਬਾਸੀ ਆ ਗਈ। ਲੋਕ ਹੱਸ ਪਏ ਤੇ ਤਾੜੀਆਂ ਵਜਾ ਦਿੱਤੀਆਂ। ਨਾਲ ਹੀ ਕੋਲ ਬੈਠੇ ਬੀਰਬਲ ਨੇ ਹੱਥ ਉਪਰ ਕਰ ਕੇ ਛੁਣਛੁਣਾ ਦਿਖਾ ਦਿੱਤਾ। ਅਕਬਰ ਨੂੰ ਬੜਾ ਗੁੱਸਾ ਆਇਆ ਕਿ ਬੀਰਬਲ ਤਾਂ ਉਹਦਾ ਵਫ਼ਾਦਾਰ ਹੈ, ਇਹਨੇ ਇੱਦਾਂ ਕਿਉਂ ਕੀਤਾ? ਉਹਨੇ ਗੁੱਸਾ ਤਾਂ ਮਾਰ ਲਿਆ, ਪਰ ਪੁੱਛਣ ਤੋਂ ਰਹਿ ਨਾ ਹੋਇਆ, "ਬੀਰਬਲ, ਲੋਕ ਤਾਂ ਮੇਰੀ ਉਬਾਸੀ 'ਤੇ ਹੱਸ ਪਏ, ਪਰ ਤੂੰ ਛੁਣਛੁਣਾ ਮੈਨੂੰ ਕਿਉਂ ਵਿਖਾਇਐ?" ਹਾਜ਼ਰ ਜਵਾਬ ਬੀਰਬਲ ਕਹਿਣ ਲੱਗਾ, "ਜਹਾਂ ਪਨਾਹ, ਛੁਣਛੁਣਾ ਮੈਂ ਤੁਹਾਨੂੰ ਨਹੀਂ, ਇਨ੍ਹਾਂ ਲੋਕਾਂ ਨੂੰ ਵਿਖਾਇਐ, ਜੋ ਦੰਦੀਆਂ ਕੱਢ ਕੇ ਤਾੜੀਆਂ ਵਜਾਉਣ ਲੱਗੇ ਹੋਏ ਆ, ਕੀ ਹੋਇਆ ਜੇ ਉਬਾਸੀ ਆ ਗਈ! ਅਕਬਰ ਤਾਂ ਫਿਰ ਵੀ ਬਾਦਸ਼ਾਹ ਹੈ, ਤੁਹਾਡੇ ਕੋਲ ਛੁਣਛੁਣਾ?"

ਤੇ ਦੋਵੇਂ ਇਕ ਦੂਜੇ ਦੇ ਗਲ ਨੂੰ ਚਿੰਬੜ ਗਏ।

ਇਸ ਤੋਂ ਵੱਡੀ ਗੱਲ ਇਹ ਹੈ ਕਿ ਅਕਬਰ ਤਾਂ ਚਲੋ ਹਕੂਮਤ ਦਾ ਬਾਦਸ਼ਾਹ ਰਿਹਾ ਹੈ, ਪਰ ਲੋਕਾਂ ਦੇ ਦਿਲਾਂ 'ਤੇ ਬਾਦਸ਼ਾਹੀ ਬੀਰਬਲ ਦੇ ਹਿੱਸੇ ਆਈ ਹੈ। ਕਲਾ ਕੋਈ ਵੀ ਹੋਵੇ, ਦਿਲ ਦੀ ਕੁੰਡੀ ਤੋੜ ਕੇ ਕਲਾ ਨਾਲ ਕਲਾ ਵਿਖਾ ਕੇ ਲੋਕਾਂ ਦੇ ਅੰਦਰ ਵੜਨ ਵਾਲੇ ਲੋਕਾਂ ਦੀਆਂ ਬਾਦਸ਼ਾਹੀਆਂ ਜਿਨ੍ਹਾਂ ਲੋਕਾਂ ਦੇ ਭਾਗੀਂ-ਨਸੀਬੀਂ ਹੋਈਆਂ ਹਨ, ਉਹ ਅੱਗੇ ਚੱਲ ਕੇ ਵਾਰਿਸ ਤੇ ਬੁੱਲ੍ਹੇ ਬਣੇ ਹਨ। ਹਿਟਲਰ, ਰਾਵਣ, ਕੰਸ ਤੇ ਔਰੰਗਜ਼ੇਬ ਨੂੰ ਕਿਸੇ ਵੀ ਯੁੱਗ ਵਿਚ ਪਿਆਰ ਕਰਨ ਦਾ ਸੰਕਲਪ ਹਾਲੇ ਪੈਦਾ ਨਹੀਂ ਹੋਇਆ।

ਵੱਡੇ ਲੋਕ, ਵੱਡੇ ਕਲਾਕਾਰ ਤਲਾਕ ਭਾਵੇਂ ਦੋ ਵਾਰ ਹੋਇਆ ਹੋਵੇ, ਆਪਣੀਆਂ ਪ੍ਰਾਪਤੀਆਂ ਦਾ ਸਿਹਰਾ ਆਪਣੀਆਂ ਪਤਨੀਆਂ ਨੂੰ ਹੀ ਦਿੰਦੇ ਹਨ, ਜਾਂ ਆਪਣੇ ਪਿਛੇ ਉਨ੍ਹਾਂ ਦਾ ਹੱਥ ਹੋਣਾ ਸਵੀਕਾਰਦੇ ਹਨ, ਪਰ ਜ਼ਿੰਦਗੀ ਨੂੰ ਜ਼ਿੰਦਗੀ ਸਮਝ ਕੇ ਜਿਨ੍ਹਾਂ ਨੇ ਬੇ-ਤਰਤੀਬ ਹਾਲਾਤ ਨਾਲ ਸਾਰੀ ਉਮਰ ਹੱਥੋਪਾਈ ਕੀਤੀ ਹੋਵੇ, ਉਨ੍ਹਾਂ ਪਿਛੇ ਭਲਾ ਕੀਹਦਾ ਹੱਥ ਸੀ? ਇਹ ਸ਼ਾਇਦ ਕਈਆਂ ਨੂੰ ਮੇਰੇ ਵਾਂਗ ਸਮਝ ਨਾ ਵੀ ਆਵੇ, ਊਂ ਸੁਆਦ ਜੇ ਬਹੁਤਾ ਨਹੀਂ, ਤਾਂ ਥੋੜ੍ਹਾ-ਬਹੁਤਾ ਜ਼ਰੂਰ ਆ ਜਾਵੇਗਾ...

ਮੈਂ ਉਦੋਂ ਮਸਾਂ 13-14 ਵਰ੍ਹਿਆਂ ਦਾ ਹੋਵਾਂਗਾ, ਜਦੋਂ ਮਾਸਟਰਾਂ ਤੋਂ ਚੋਰੀ ਕਿਤੇ ਮੇਰੇ ਹੱਥ ਅਖ਼ਬਾਰ ਲੱਗਣੀ, ਜਾਂ ਅਖਬਾਰ ਨਾਲ ਬਣੇ ਲਿਫ਼ਾਫ਼ੇ ਦੇਖਣੇ (ਜਿਨ੍ਹਾਂ ਵਿਚ ਘਰੇ ਚਾਹਪੱਤੀ, ਹਲਦੀ, ਦਾਲ ਆਦਿ ਆਉਂਦੀ ਸੀ), ਤਾਂ ਕਿਸੇ ਦਾ ਲੇਖ ਨਾਲ ਨਾਂ ਛਪਿਆ ਵੇਖਦਾ ਤਾਂ ਅੰਦਰ ਕੁਕੜੂੰ ਘੜੂੰ ਜਿਹੀ ਹੋਣੀ ਕਿ ਕਿਤੇ ਆਪਣਾ ਵੀ ਇੱਦਾਂ ਨਾਂ ਛਪੇਗਾ? ਉਦੋਂ ਖੈਰ, ਖਬਰਾਂ ਦੀ ਤਾਂ ਸੂਝ ਨਹੀਂ ਸੀ। ਮਾਂ ਨੂੰ ਜਾਂ ਪਿੰਡ ਦੇ ਸਿਆਣੇ ਬਜ਼ੁਰਗਾਂ ਨੂੰ ਗੱਲਾਂ ਕਰਦਿਆਂ ਸੁਣਨਾ, "ਬਈ ਅਕਾਲ ਤਖ਼ਤ ਦਾ ਜਥੇਦਾਰ ਬਣ ਕੇ ਗਿਆਨੀ ਸਾਧੂ ਸਿੰਘ ਭੌਰਾ ਨੇ ਤੇ ਢਾਡੀ ਅਵਤਾਰ ਸਿੰਘ ਨੇ ਬੜਾ ਨਾਂ ਉਚਾ ਕੀਤਾ ਪਿੰਡ ਦਾ।" ਇਨ੍ਹਾਂ ਭਾਵਨਾਵਾਂ ਨੇ ਮੇਰੇ ਅੰਦਰ ਇਸੇ ਕਤਾਰ ਵਿਚ ਲੱਗਣ ਦੀ ਲਾਲਸਾ ਪੈਦਾ ਕਰ ਦਿੱਤੀ ਤੇ ਮੈਂ ਛੋਟੀ ਬੱਤੀ ਨਾਲ ਵੱਡਾ ਦੀਵਾ ਜਗਾਉਣ ਲੱਗ ਪਿਆ।

ਸੰਨ ਸੱਤਰ ਵਿਚ ਮੈਂ ਅੱਠਵੀਂ ਵਿਚ ਪੜ੍ਹਦਾ ਸੀ, ਇਕ ਦਿਨ ਹੌਸਲਾ ਕਰ ਕੇ ਲੇਖ ਲਿਖ ਲਿਆ, 'ਭਾਰਤੀ ਨਾਰੀ ਦੇ ਹਾਲਾਤ'। ਲਿਖਿਆ ਵੀ ਕੱਚੀ ਪੈਂਸਲ ਨਾਲ ਉਵੇਂ ਲਾਈਨਾਂ ਲਾ ਕੇ ਜਿਵੇਂ ਅਖਬਾਰ ਵਿਚ ਕਾਲਮ ਹੁੰਦੇ ਹਨ। ਸੋਚਿਆ ਹੋਵੇਗਾ ਕਿ ਸ਼ਾਇਦ ਇਉਂ ਲਿਖਣ ਨਾਲ ਛਪ ਜਾਵੇਗਾ। ਇਹ ਤਾਂ ਬਹੁਤ ਦੇਰ ਬਾਅਦ ਜਾ ਕੇ ਪਤਾ ਲੱਗਾ ਕਿ ਅਖਬਾਰ ਵਿਚ ਆਮ ਤੌਰ 'ਤੇ ਅੱਠ ਕਾਲਮ ਤੇ ਬਵੰਜਾ ਸੈਂਟੀਮੀਟਰ ਲੰਬਾਈ ਹੁੰਦੀ ਐ। ਖੈਰ!



*ਪਿੰਡ ਭੌਰਾ ਵਿਚ ਅਸ਼ੋਕ ਭੌਰਾ ਦੇ ਘਰ ਦਿਖਾਈ ਦੇ ਰਹੇ ਹਨ ਬਾਲ ਮੁਕੰਦ ਸ਼ਰਮਾ, ਜਸਵਿੰਦਰ ਭੱਲਾ ਤੇ ਕਮਲਜੀਤ ਨੀਲੋਂ। ਜਸਵਿੰਦਰ ਭੱਲਾ ਦੇ ਕੁੱਛੜ ਅਸ਼ੋਕ ਭੌਰਾ ਦਾ ਵੱਡਾ ਪੁੱਤਰ ਮਨਵੀਰ ਹੈ। ਨਾਲ ਹਨ ਮਾਂ ਪ੍ਰਕਾਸ਼ ਕੌਰ, ਪਤਨੀ ਰੇਸ਼ਮ ਕੌਰ ਤੇ ਭਤੀਜਾ ਗੁਰਮਿੰਦਰ ਸਿੰਘ।*

ਇਸ ਲੇਖ ਨਾਲੋਂ ਵੀ ਵੱਧ ਮਹੱਤਵਪੂਰਨ ਉਹ ਬੇਨਤੀ ਪੱਤਰ ਸੀ ਜਿਹੜਾ ਮੈਂ ਸਕੂਲ ਤੋਂ ਬਿਮਾਰੀ ਦੀ ਛੁੱਟੀ ਲੈਣ ਵਾਲੀ ਅਰਜ਼ੀ ਵਾਂਗ 'ਅਜੀਤ' ਦੇ ਤਤਕਾਲੀ ਮੁੱਖ ਸੰਪਾਦਕ ਡਾਕਟਰ ਸਾਧੂ ਸਿੰਘ ਹਮਦਰਦ ਨੂੰ ਲਿਖਿਆ। ਪੂਰੀ ਇਬਾਰਤ ਤਾਂ ਮੈਨੂੰ ਯਾਦ ਨਹੀਂ, ਪਰ ਇਨਾ ਕੁ ਯਾਦ ਹੈ ਕਿ ਮੈਂ ਤਰਲੇ ਰੱਜ ਕੇ ਕੀਤੇ ਸਨ ਕਿ ਲੇਖ ਜ਼ਰੂਰ ਛਾਪਣਾ, ਅਸੀਂ ਗਰੀਬ ਹਾਂ, ਛੋਟੇ ਹੁੰਦਿਆਂ ਦਾ ਪਿਉ ਮਰ ਗਿਆ ਹੈ। ਇਹ ਤਰਲੇ ਇਸ ਕਰ ਕੇ ਵੀ ਕੀਤੇ ਸਨ ਕਿ ਸ਼ਾਇਦ ਪੈਸੇ ਬਹੁਤ ਮਿਲਣਗੇ ਤੇ ਮੈਂ ਅਮੀਰ ਹੋ ਜਾਵਾਂਗਾ। ਘਰ ਵਿਚ ਮੇਰੀ ਇਸ ਮੈਰਾਥਨ ਦਾ ਕਿਸੇ ਨੂੰ ਕੋਈ ਇਲਮ ਨਹੀਂ ਸੀ। ਆਟਾ ਗੁੰਨ੍ਹਦੀ ਮਾਂ ਦੀ ਪਰਾਤ ਵਿਚੋਂ ਆਟਾ ਚੁੱਕਿਆ ਤਾਂ ਉਹਨੇ ਲਿਬੜੇ ਹੱਥਾਂ ਕਰ ਕੇ ਚੁਪੇੜ ਮਾਰੀ ਵੱਟ ਕੇ, ਕਿ ਮੁੜ ਕੇ ਇੱਦਾਂ ਨਾ ਕਰੀਂ, ਪਰ ਉਸ ਆਟੇ ਨਾਲ ਮੈਂ ਚਿੱਟੇ ਕਾਗਜ਼ ਦਾ ਲਿਫ਼ਾਫ਼ਾ ਬਣਾਇਆ ਤੇ ਘਰ ਵਿਚ ਪੁਰਾਣੀ ਚਿੱਠੀ ਤੋਂ ਵੀਹ ਪੈਸੇ ਵਾਲੀ ਟਿਕਟ ਲਾਹ ਕੇ ਲਗਾਈ ਤੇ ਪਹਿਲਾ ਲੇਖ ਡਾਕ ਰਾਹੀਂ ਭੇਜ ਦਿੱਤਾ।

ਦੋ ਕੁ ਮਹੀਨੇ ਬੀਤ ਗਏ। ਮਾਹਿਲ ਗਹਿਲਾਂ ਦੇ ਸਕੂਲ ਵਿਚ ਪੜ੍ਹਦਾ ਸੀ। ਰਾਸ਼ਟਰਪਤੀ ਫਖਰੂਦੀਨ ਅਲੀ ਅਹਿਮਦ ਦੀ ਮੌਤ ਹੋ ਜਾਣ ਕਾਰਨ ਛੁੱਟੀ ਹੋ ਗਈ। ਅਸੀਂ ਕੁਝ ਮੁੰਡੇ ਲੀਰਾਂ ਦੀ ਬਣਾਈ ਖਿੱਦੋ ਨਾਲ ਪਿੰਡ ਦੇ ਪ੍ਰਾਇਮਰੀ ਸਕੂਲ ਵਿਚ ਖੇਡਣ ਲੱਗ ਪਏ। ਸਾਨੂੰ ਖੇਡਦਿਆਂ ਨੂੰ 'ਵਾਜ਼ ਮਾਰ ਕੇ ਪਿੰਡ ਦੇ ਲਾਲਿਆਂ ਦਾ ਮੰਗਲ ਸੈਨ ਪੁੱਛਣ ਲੱਗਾ, "ਓਏ ਥੋਨੂੰ ਪਤਾ ਅਸ਼ੋਕ ਭੌਰਾ ਕੀਹਦਾ ਮੁੰਡਾ ਆ?" ਸਾਰਿਆਂ ਨੇ ਨਾਂਹ ਵਿਚ ਸਿਰ ਹਿਲਾ ਦਿੱਤਾ। ਮੈਂ ਹੌਸਲਾ ਕਰ ਕੇ ਕਿਹਾ, "ਚਾਚਾ ਮੇਰਾ ਨਾਂ ਅਸ਼ੋਕ ਐ, ਕੀ ਗੱਲ ਹੋ ਗਈ?" ਉਹ ਬੋਲਿਆ, "ਛੱਡ ਪਰ੍ਹੇ, ਤੇਰੀ ਗੱਲ ਨ੍ਹੀਂ। ਤੈਨੂੰ ਤਾਂ ਹਾਲੇ ਨਲੀ ਨ੍ਹੀਂ ਪੂੰਝਣੀ ਆਉਂਦੀ। ਪਰਸੋਂ ਦੀ 'ਅਜੀਤ' ਅਖ਼ਬਾਰ ਵਿਚ ਮੈਂ ਇਹ ਨਾਂ ਪੜ੍ਹਿਆ, ਹੋਰ ਕੋਈ ਹੋਣਾ...ਭਾਨ ਸਿੰਘ ਭੌਰਾ ਵੀ ਹੈਗਾ ਇਕ।"

ਉਹ ਤਾਂ ਸਾਈਕਲ ਚੁੱਕ ਕੇ ਚਲਾ ਗਿਆ, ਪਰ ਮੈਨੂੰ ਲੱਗਾ...ਹੋ ਗਈ ਸੋਨੇ ਦੀ ਲੰਕਾ ਆਪਣੇ ਨਾਂ। ਮੈਂ ਬਸਤਾ ਚੁੱਕ ਕੇ ਘਰ ਸੁੱਟਿਆ। ਮੈਨੂੰ ਪਤਾ ਸੀ ਕਿ ਲਾਲਿਆਂ ਦੀ ਦੁਕਾਨ 'ਤੇ ਹੀ 'ਅਜੀਤ' ਆਉਂਦੀ ਹੈ। ਮੰਗਣ ਦਾ ਹੌਸਲਾ ਨਾ ਪਵੇ। ਸਰਪੰਚ ਦੇ ਕੋਈ ਭੱਈਆ ਲੱਗਾ ਹੁੰਦਾ ਸੀ। ਚੰਗਾ ਬੋਲਦਾ ਹੋਣ ਕਰ ਕੇ ਉਹਦੇ ਨਾਲ ਮੇਰਾ ਤਿਹੁ ਸੀ। ਉਹਨੂੰ ਮੈਂ ਕਿਹਾ, "ਬਿਸ਼ਨ ਦਾਸ ਦੀ ਹੱਟੀਓਂ ਅਖਬਾਰ ਲਿਆ।" ਉਹ ਪਤੰਦਰ ਮੂਹਰਿਓਂ ਕਹਿੰਦਾ, "ਘੋੜਾ ਗਾੜੀ ਬੀੜੀਆਂ ਦਾ ਬੰਡਲ ਲੈ ਕੇ ਦੇ।" ਮੈਂ ਲਾਰਾ ਲਾ ਦਿੱਤਾ ਕਿ ਕੱਲ੍ਹ ਨੂੰ ਲੈ ਦਊਂ। ਉਹ ਚਲੇ ਗਿਆ ਦੁਕਾਨ 'ਤੇ, ਅੱਗਿਓਂ ਲਾਲਾ ਆਖਣ ਲੱਗਾ, "ਪੱਚੀ ਪੈਸੇ ਦੀ ਅਖ਼ਬਾਰ ਆਉਂਦੀ ਆ, ਪੁਰਾਣੀ ਦਸੀ (ਦਸ ਪੈਸੇ) ਦੀ ਮਿਲੂ।" ਭੱਈਏ ਨੂੰ ਮੈਂ ਉਥੇ ਬਿਠਾ ਕੇ ਭੱਜਾ ਘਰ ਆਇਆ ਤੇ ਮਾਂ ਤੋਂ ਚੁਆਨੀ ਮੰਗੀ। ਸੁਭਾਅ ਦੀ ਰੱਜ ਕੇ ਕੌੜੀ ਮਾਂ ਦਾ ਜਵਾਬ ਸੁਣੋ, "ਨਾ ਤੇਰਾ ਪਿਉ ਵਲੈਤ ਨੂੰ ਜੂ ਗਿਆ ਆ...ਲੈ ਆ ਉਹਤੋਂ ਜਾ ਕੇ ਕਬਰਾਂ ਵਿਚੋਂ। ਕੱਲ੍ਹ ਫੀਸ ਦਿੱਤੀ ਦਸੀ, ਅੱਜ ਚੁਆਨੀ ਮੰਗਦਾ।" ਪਿਉ ਦੀ ਖਾਲੀ ਥਾਂ ਦਾ ਅਹਿਸਾਸ ਉਦਣ ਪਹਿਲੀ ਵਾਰ ਹੋਇਆ। ਸੋਚਿਆ, ਅਖ਼ਬਾਰਾਂ ਵਿਚ ਲਿਖਣਾ ਅਮੀਰਾਂ ਦੀ ਕਹਾਣੀ ਹੈ। ਮੇਰੀ ਅੱਖ ਵਿਚੋਂ ਅੱਥਰੂ ਡਿੱਗਿਆ ਤਾਂ ਮਾਂ ਪਿਘਲ ਗਈ। "ਰੋਂਦਾ ਕਿਉਂ ਮੇਰਾ ਪੁੱਤ? ਕੀ ਕਰਨੀ ਚੁਆਨੀ ਤੂੰ?" ਖਿਆਲ ਆਇਆ, ਜੇ ਇਹਨੂੰ ਲੇਖ ਦੀ ਕਹਾਣੀ ਦੱਸੀ ਤਾਂ ਵੱਜਣਗੀਆਂ। ਮੈਂ ਕੂਹਣੀ ਮੋੜ ਕੱਟਿਆ, "ਬੀਬੀ ਖੱਤਰੀਆਂ ਦੇ ਕਸ਼ਮੀਰੀ ਨੇ ਮੁਰਗੀਆਂ ਰੱਖੀਆਂ ਦੇਸੀ, ਇਕ ਆਂਡਾ ਲਿਆ ਕੇ ਉਬਾਲ ਕੇ ਖਾਣਾ।" ਚੁੰਨੀ ਦੇ ਲੜ ਨਾਲੋਂ ਗੰਢ ਖੋਲ੍ਹ ਕੇ ਉਸ ਚੁਆਨੀ ਦੇ ਕੇ ਹਦਾਇਤ ਕੀਤੀ, "ਮੈਂ ਪੱਠੇ-ਦੱਥੇ ਨੂੰ ਜਾਣਾ, ਛੇਤੀ ਲੈ ਕੇ ਆ, ਉਬਾਲ ਦਿਆਂ।" ਹਾਲਾਤ ਸ਼ਾਇਦ ਹੀ ਇੱਦਾਂ ਦੇ ਕਿਸੇ ਦੇ ਬਣੇ ਹੋਣ! ਪੈਸੇ ਲੈ ਕੇ ਮੈਂ ਤਾਂ ਉਡਣ ਖਟੋਲਾ ਬਣ ਗਿਆ। ਭੱਈਏ ਨੂੰ ਚੁਆਨੀ ਦਿੱਤੀ, ਆਪ ਦੁਕਾਨ ਦੇ ਬਾਹਰ ਖੜ੍ਹ ਗਿਆ। ਉਹ ਕੰਜਰ ਬੇਈਮਾਨ ਨਿਕਲਿਆ। ਦਸੀ ਦੀ ਅਖਬਾਰ, ਦਸੀ ਦਾ ਬੀੜੀਆਂ ਦਾ ਬੰਡਲ ਤੇ ਪੰਜੀ ਦਾ ਉਹਨੇ ਮੈਨੂੰ ਭੁਜੀਆ ਲਿਆ ਦਿੱਤਾ। ਬੋਹੜ ਹੇਠਾਂ ਬਹਿ ਕੇ ਮੈਂ ਦਸ ਵਾਰ ਲੇਖ ਪੜ੍ਹਿਆ, ਨਾਲੇ ਭੁਜੀਆ ਖਾਈ ਗਿਆ। ਲੇਖ ਨਾਲ ਫੋਟੋ ਰੁੱਸੇ ਮੀਆਂ-ਬੀਵੀ ਦੀ ਲੱਗੀ ਹੋਈ ਸੀ।

ਘਰ ਗਿਆ ਤਾਂ ਮਾਂ ਪੁੱਛਣ ਲੱਗੀ, "ਆਂਡਾ?" ਅਨਪੜ੍ਹ ਮਾਂ ਨੂੰ ਅਖ਼ਬਾਰ ਕੀ ਵਿਖਾਵਾਂ, ਬਹਾਨਾ ਲਾਇਆ, "ਬੀਬੀ ਆਂਡਾ ਹੱਥ ਵਿਚੋਂ ਡਿੱਗ ਕੇ ਟੁੱਟ ਗਿਆ।" ਚੁਪੇੜ ਮਾਰਨ ਤੋਂ ਤਾਂ ਉਹ ਰੁਕ ਗਈ, ਪਰ ਕਹਿਣ ਲੱਗੀ, "ਮੂਰਖਾ, ਗਰੀਬਾਂ ਦੀਆਂ ਜੇਬ੍ਹਾਂ ਪਾਟੀਆਂ ਹੁੰਦੀਆਂ ਨੇ।" ਫਿਰ ਇਕ ਦਮ ਪਤਾ ਨਹੀਂ ਕਾਹਤੋਂ ਲਾਲ-ਪੀਲੀ ਹੋ ਗਈ। ਮੇਰੇ ਮੂੰਹ ਦੇ ਦੋਹੀਂ ਪਾਸੀਂ ਦੋ-ਦੋ ਜੜ ਕੇ ਆਂਹਦੀ, "ਆਂਡੇ ਦਾ ਚੱਕਿਆ ਆ...ਅਮੀਰਾਂ ਦੇ ਸ਼ੌਕ ਪਾਲਦਾ।" ਸੋ, ਮੇਰਾ ਪਹਿਲਾ ਲੇਖ ਛਪਣ ਦਾ ਇਉਂ ਸੁਆਗਤ ਹੋਇਆ ਸੀ। ਚਾਰ ਭਰਾਵਾਂ ਤੇ ਦੋ ਭੈਣਾਂ ਵਿਚੋਂ ਛੋਟਾ ਹੋਣ ਕਰ ਕੇ ਮਰਨ ਲੱਗੀ ਮੇਰੀ ਮਾਂ ਫਿਰ ਆਖਦੀ ਰਹੀ ਸੀ, "ਪੇਟ ਘਰੋੜੀ ਦਾ ਪੁੱਤ ਇੱਦਾਂ ਦਾ ਹੋਣਾ ਚਾਹੀਦਾ।"

ਗੱਲ ਫਿਰ ਬਣ ਹੀ ਗਈ...ਪਹਿਲਾਂ ਦੋਂਹ ਨੂੰ, ਫਿਰ ਚਹੁੰ ਨੂੰ ਪਤਾ ਲੱਗ ਗਿਆ; ਪਿੰਡ ਵਿਚ ਵੀ ਤੇ ਬਾਹਰ ਵੀ। ਪੰਦਰਾਂ ਕੁ ਦਿਨਾਂ ਬਾਅਦ ਪਿੰਡ ਦੀ ਹਲਟੀ ਜਿਥੇ ਸਾਰਾ ਪਿੰਡ ਕੱਪੜੇ ਧੋਂਦਾ ਸੀ, ਧੁੱਪੇ ਅਸੀਂ ਬਾਂਟੇ ਖੇਡ ਰਹੇ ਸਾਂ, ਸਾਡੇ ਗੁਆਂਢੀਆਂ ਦਾ ਇਕ ਜਵਾਈ ਵੀ ਉਥੇ ਖੜ੍ਹਾ ਸੀ ਭੁੰਗਰਨੀ ਪਿੰਡ ਤੋਂ। ਉਹਨੇ ਆਪਣੇ ਸਹੁਰੇ ਗੁਰਬਖਸ਼ ਸਿੰਘ ਨੂੰ ਪੁੱਛਿਆ, "ਇਥੇ ਅਸ਼ੋਕ ਭੌਰਾ ਕਿਹੜੈ, ਜਿਹੜਾ ਲਿਖਦਾ ਆ?" ਉਹ ਉਂਗਲੀ ਕਰ ਕੇ ਦੱਸਣ ਲੱਗਾ, "ਹਾਅ ਆ, ਜਿਹੜਾ ਸਾਲਾ ਬਾਂਟੇ ਖੇਡਦਾ।" ਤੇ ਮੈਨੂੰ ਹੁਣ ਤੱਕ ਨਹੀਂ ਪਤਾ ਲੱਗਾ ਕਿ ਉਦਣ ਇੱਜ਼ਤ ਹੋਈ ਸੀ, ਜਾਂ ਕੁਝ ਹੋਰ! ਉਹ ਜਵਾਈ ਭਾਈ ਮੈਨੂੰ ਬੋਲਿਆ, "ਓਏ ਖੜ੍ਹਾ ਹੋ ਤਾਂ?" ਮੇਰੇ ਫਾਂਟਾ ਵਾਲਾ ਪਜਾਮਾ ਤੇ ਪੈਰੀਂ ਚੱਪਲਾਂ ਦੇਖ ਕੇ ਉਹਨੇ ਆਹ ਸ਼ਾਬਾਸ਼ ਦਿੱਤੀ, "ਤੂੰ ਗੱਲਾਂ ਕਰਦਾਂ ਭਾਰਤੀ ਨਾਰੀ ਦੀਆਂ, ਹਾਅ ਨਾਲਾ ਟੰਗ ਪਹਿਲਾਂ ਜਿਹੜਾ ਲਮਕਦਾ।" ਇਹ ਆਂਡੇ ਨਾਲੋਂ ਵੀ ਭੈੜੀ ਸੀ।

ਅਸਲ ਵਿਚ ਘਰ ਤਾਂ ਕੀ, ਪਿੰਡ ਵਿਚ ਤਾਂ ਕੀ, ਆਲੇ-ਦੁਆਲੇ ਇਲਾਕੇ ਵਿਚ ਵੀ ਲਿਖਣ ਵਾਲਾ ਹੈ ਨਹੀਂ ਸੀ ਕੋਈ। ਬੜਾ ਭਰਾ ਸੀ ਤਾਂ ਫੌਜੀ, ਪਰ ਉਹ ਚਾਹੁੰਦਾ ਸੀ, ਮੈਂ ਸਿਵਲ ਇੰਜਨੀਅਰਿੰਗ ਕਰ ਕੇ ਓਵਰਸੀਅਰ ਲੱਗਾਂ ਤੇ ਸੜਕਾਂ, ਪੁਲਾਂ ਦੇ ਠੇਕੇਦਾਰਾਂ ਨੂੰ ਲੁੱਟ-ਲੁੱਟ ਕੇ ਰਿਸ਼ਵਤ ਦੀ ਕਮਾਈ ਘਰ ਲਿਆਵਾਂ, ਪਰ ਕਹਾਣੀ ਇਹ ਸੀ ਕਿ ਪਾਂਡਵ ਹਾਰ ਰਹੇ ਸਨ। ਦਿਲਬਾਗ ਸਿੰਘ ਮੰਤਰੀ ਸਾਡੇ ਪਿੰਡ ਦਾ ਸੀ, ਕਿਤੇ ਡਾਕਖਾਨੇ ਜਾਣਾ ਤਾਂ ਘਰ ਕੋਲੋ-ਕੋਲੀ ਹੋਣ ਕਰ ਕੇ ਉਹਦੀਆਂ ਚਿੱਠੀਆਂ ਮੈਂ ਫੜ ਲਿਆਉਣੀਆਂ। ਪਿੰਡ ਤਾਂ ਉਹ ਰਹਿੰਦਾ ਨਹੀਂ ਸੀ, ਉਹਦੀ ਭਰਜਾਈ ਰਹਿੰਦੀ ਸੀ। ਮੰਤਰੀ ਸਾਹਿਬ ਦੀ ਡਾਕ ਵਿਚੋਂ ਹੀ ਮੈਂ 'ਸੋਵੀਅਤ ਦੇਸ' ਰਸਾਲਾ ਚੋਰੀ ਕੀਤਾ, ਭਾਸ਼ਾ ਵਿਭਾਗ ਦੇ ਪਰਚੇ 'ਜਨ ਸਾਹਿਤ' ਤੇ 'ਪੰਜਾਬੀ ਦੁਨੀਆਂ' ਵੀ। 'ਜਨ ਸਾਹਿਤ' ਵਿਚ ਮੈਂ ਆਪਣੇ ਇਲਾਕੇ ਦੀ ਲੇਖਕਾ ਕੁਲਬੀਰ ਬਡੇਸਰੋਂ ਜੋ ਦੂਰਦਰਸ਼ਨ ਜਲੰਧਰ ਦੀ ਨੌਕਰੀ ਤੋਂ ਬਾਅਦ ਇਕਬਾਲ ਚਾਨੇ ਨਾਲ ਵਿਆਹ ਕਰਵਾ ਕੇ ਫਿਲਮਾਂ ਵਿਚ ਚਲੇ ਗਈ, ਦੀ ਕਹਾਣੀ ਪੜ੍ਹੀ, ਤੇ ਨਾਲ ਹੀ ਫੋਟੋ ਨਾਲ ਉਹਦਾ ਸੰਖੇਪ ਜੀਵਨ ਵੇਰਵਾ ਤੇ ਯੋਗਤਾ। ਉਦੋਂ ਨਾ ਮੇਰੇ ਕੋਲ ਯੋਗਤਾ, ਨਾ ਕੋਈ ਵੇਰਵਾ; ਫਿਰ ਵੀ ਮਿੰਨੀ ਕਹਾਣੀ 'ਇਸ਼ਕ ਮਰ ਨਹੀਂ ਸਕਦਾ' ਲਿਖ ਕੇ ਭੇਜ ਦਿੱਤੀ।

ਟੱਬਰ ਨਾਲ ਮੈਂ ਕਣਕ ਦੀ ਵਾਢੀ ਕਰ ਰਿਹਾ ਸਾਂ, ਮਾਂ ਦੁਪਹਿਰ ਦੀ ਰੋਟੀ ਲੈ ਕੇ ਗਈ ਤਾਂ ਗਰਮੀ ਵਿਚ ਬੌਂਦਲੀ ਹੋਰ ਵੀ ਖਫ਼ਾ ਸੀ, ਆਂਹਦੀ, "ਉਰੇ ਆ ਤੇਰਾ ਸਿਰ ਭੰਨਾਂ, ਡਾਕੀਆ ਆਹ ਤੇਰੀ ਖਾਖੀ ਲਿਫਾਫ਼ੇ ਵਿਚ ਚਿੱਠੀ ਦੇ ਕੇ ਗਿਆ। ਕਹਿੰਦਾ ਪਟਿਆਲੇ ਤੋਂ ਆਈ ਆ ਸਰਕਾਰੀ। ਥੇਹ ਪੈਣਿਆਂ...ਸਰਕਾਰ ਤੈਨੂੰ ਕਾਹਤੋਂ ਚਿੱਠੀਆਂ ਲਿਖਣ ਲੱਗ ਪਈ, ਤੈਂ ਕੋਈ ਪਾ ਲਿਆ ਨਵਾਂ ਪੰਗਾ। ਤੇਰਾ ਪੇ ਹੈਨ੍ਹੀਂ, ਤੈਨੂੰ ਛਡਾਉਣਾ ਵੀ ਕਿਸੇ ਨੇ ਨਹੀਂ। ਇਹ ਚਿੱਠੀ ਹੈ ਕਾਹਦੀ?" ਉਹ ਇੱਕੋ ਸਾਹੇ ਬਹੁਤ ਕੁਝ ਬੋਲੀ। ਚਿੱਠੀ ਭਾਸ਼ਾ ਵਿਭਾਗ ਦੀ ਸੀ। ਖੋਲ੍ਹੀ ਤਾਂ ਲਿਖਿਆ ਸੀ, 'ਤੁਹਾਡੀ ਰਚਨਾ 'ਜਨ ਸਾਹਿਤ' ਦੇ ਆਉਂਦੇ ਅੰਕਾਂ ਵਿਚ ਛਾਪ ਦਿੱਤੀ ਜਾਵੇਗੀ ਤੇ ਮਾਣ ਵਜੋਂ ਤੁਹਾਨੂੰ ਪੰਦਰਾਂ ਰੁਪਏ ਕਿਰਤ ਫਲ ਵੀ ਭੇਜ ਦਿੱਤਾ ਜਾਵੇਗਾ'। ਪੜ੍ਹ ਕੇ ਸੁਣਾਈ ਤਾਂ ਚਿਹਰਾ ਬਦਲ ਗਿਆ, "ਪਚਵੰਜਾ ਦੀ ਕਣਕ ਦੀ ਬੋਰੀ ਆਉਂਦੀ ਐ...ਤੇ ਤੈਨੂੰ ਪੰਦਰਾਂ...।" ਫਿਰ ਹੱਸ ਪਈ, "ਕੋਈ ਖਤਰੇ ਆਲੀ ਗੱਲ ਤਾਂ ਨ੍ਹੀਂ?"

ਸਾਡੇ ਇਲਾਕੇ ਵਿਚ ਬੈਂਸਾਂ ਪਿੰਡ ਦੀ ਛਿੰਝ ਬੜੀ ਮਸ਼ਹੂਰ ਹੁੰਦੀ ਸੀ। ਉਥੋਂ ਦਾ ਸਰਪੰਚ ਜੋਗਿੰਦਰ ਸਿੰਘ ਤੇ ਕਾਮਰੇਡ ਲਾਲ ਸਿੰਘ ਮੇਰੇ ਕੋਲ ਆਏ ਕਿ ਛਿੰਝ ਦੀ ਰਿਪੋਰਟ ਮੈਂ ਲਿਖਣੀ ਆਂ। ਘਟਨਾ ਇਹ ਵੀ ਬੜੀ ਅਜੀਬ ਸੀ। ਉਹ ਸਾਈਕਲ ਪਿੱਪਲ ਥੱਲੇ ਖੜ੍ਹਾ ਕਰ ਕੇ ਪੈਦਲ ਘਰ ਆਏ ਤੇ ਮੈਨੂੰ ਪੁੱਛਣ ਲੱਗੇ, "ਜੁਆਨਾ, ਤੇਰਾ ਭਰਾ ਘਰੇ ਆ?" ਮੈਂ ਕਿਹਾ, "ਅਮਰੀਕ ਕਿ ਕਮਲ?" ਕਿਉਂਕਿ ਤੀਜਾ ਤਾਂ ਫੌਜ ਵਿਚ ਸੀ। ਆਖਣ ਲੱਗੇ, "ਨਹੀਂ ਅਸ਼ੋਕ ਭੌਰਾ?" ਉਹ ਮੈਨੂੰ ਜੁਆਕੜਾ ਜਿਹਾ ਦੇਖ ਕੇ ਹੈਰਾਨ ਰਹਿ ਗਏ, ਅਖੇ, "ਤੂੰ?" ਚਲੋ ਨੌਵੀਂ ਵਿਚ ਪੜ੍ਹਦਾ ਕੋਈ ਰਿਪੋਰਟਰ ਬਣੇ, ਹੈ ਤਾਂ ਅਜੀਬ ਪਰ ਉਹ ਛਿੰਝ ਬਾਰੇ ਲਿਖਣ ਦਾ ਸੱਦਾ ਦੇ ਕੇ ਚਲੇ ਗਏ। ਦੁਸਹਿਰੇ ਵਾਲੇ ਨਰਾਤਿਆਂ ਵਿਚਲੇ ਐਤਵਾਰ ਨੂੰ ਹਾਲੇ ਵੀ ਇਹ

*(ਬਾਕੀ ਸਫਾ 33 'ਤੇ)*

## ਗੱਲ ਬਣੀ ਕਿ ਨਹੀਂ

*-ਐਸ. ਅਸ਼ੋਕ ਭੌਰਾ*

### ਚੁਗਲੀ ਦਾ ਕਾਵਿ-ਚਿੱਤਰ

**ਲੋਕਾਂ ਦੇ ਇਹ ਸਿਰ ਪੜਵਾਵੇ, ਪੁੱਠੇ ਕਾਰੇ ਕਰਦੀ ਆ।<br>
ਡੱਬੂ ਵਾਂਗੂੰ ਲਾਂਬੂ ਲਾ ਕੇ, ਕੰਧ 'ਤੇ ਫਿਰ ਜਾ ਚੜ੍ਹਦੀ ਆ।<br>
ਮਿੱਠੀ ਹੋ ਕੇ ਜ਼ਹਿਰਾਂ ਵੰਡ ਜਾਏ, ਟੱਬਰ ਟੁਕੜੇ ਕਰ ਜਾਂਦੀ।<br>
ਐਧਰੋਂ-ਓਧਰੋਂ ਲਾ ਲੂਤੀਆਂ, ਭਾਂਡੇ ਮੂਧੇ ਕਰ ਜਾਂਦੀ।<br>
ਵੇਖਣ ਨੂੰ ਤਾਂ ਚੁਗਲੀ ਸੱਚੀ ਲੱਗਦੀ ਬੜੀ ਸੁਨੱਖੀ ਆ।<br>
ਲਾਵਣ ਅਤੇ ਬੁਝਾਵਣ ਵਾਲੀ, ਖੂਬ ਚਲਾਉਂਦੀ ਚੱਕੀ ਆ।<br>
ਕਿੱਥੇ ਕਿੱਥੇ ਪਾਏ ਪੁਆੜੇ, ਕੀ ਕੀ ਦੱਸਾਂ ਚੰਦ ਕੁਰੇ।<br>
ਢਿੱਲ੍ਹੀਆਂ ਚੂਲਾਂ, ਢਿੱਲ੍ਹਾ ਮੰਜਾ, ਕੀ ਕੀ ਦੱਸਾਂ ਚੰਦ ਕੁਰੇ।<br>
ਜੁੱਤੀਆਂ ਖਾਧੇ ਬਿਨ ਨਹੀਂ ਹਟਦੀ, ਵਿਗੜੀ ਹੋਈ ਨਟਣੀ ਆ।<br>
ਫਸ ਗਏ ਤਾਂ ਕੁਝ ਮੂੰਹ 'ਚ ਦੇ ਦਿਓ ਤਾਂ ਭੌਂਕਣ ਤੋਂ ਹਟਣੀ ਆ।<br>
ਲੂਤਰੋ ਦੀ ਲੂਤਰੋ ਨਾ ਰਹਿੰਦੀ, ਰੋਜ਼ ਚੜ੍ਹਾਉਂਦੀ ਚੰਦ ਨਵਾਂ।<br>
ਲਾਉਂਦੀ ਅਤਰ-ਫੁਲੇਲਾਂ ਰੱਜ ਕੇ, ਪਾਉਂਦੀ ਫਿਰ ਵੀ ਗੰਦ ਨਵਾਂ।<br>
ਕਿੱਥੇ 'ਭੌਰੇ' ਵਾਂਗ ਕਿਤਾਬਾਂ, ਲੋਕ ਪੜ੍ਹੇ ਇਹ ਜਾਂਦੇ ਨੇ।<br>
ਬੇਸ਼ਰਮਾਂ ਦੀ ਨਿੱਤ ਪੂਛ 'ਤੇ ਵਾਲ ਨਵੇਂ ਆ ਜਾਂਦੇ ਨੇ।**

ਗੁਰਮਤਿ ਗਿਆਨ

# ਕਾਇਆ ਕੋਟੁ ਅਪਾਰੁ ਹੈ ਮਿਲਣਾ ਸੰਜੋਗੀ



ਡਾ. ਗੁਰਨਾਮ ਕੌਰ, ਕੈਨੇਡਾ

ਗੁਰਮਤਿ ਦਰਸ਼ਨ ਵਿਚ ਅਕਾਲ ਪੁਰਖ ਨਾਲ ਮੇਲ ਨੂੰ ਸੰਜੋਗ ਅਤੇ ਉਸ ਤੋਂ ਵਿਛੋੜੇ ਨੂੰ ਵਿਜੋਗ ਕਿਹਾ ਗਿਆ ਹੈ। ਇਸ ਪਉੜੀ ਵਿਚ ਮਨੁੱਖ ਦੇ ਸਰੀਰ ਦੀ ਤੁਲਨਾ ਇੱਕ ਵੱਡੇ ਕਿਲੇ ਨਾਲ ਕੀਤੀ ਗਈ ਹੈ, ਜੋ ਮਨੁੱਖ ਨੂੰ ਚੰਗੀ ਕਿਸਮਤ ਨਾਲ ਮਿਲਦਾ ਹੈ ਅਤੇ ਇਸ ਕਿਲੇ ਵਿਚ ਅਕਾਲ ਪੁਰਖ ਦਾ ਨਿਵਾਸ ਹੈ, ਇਸ ਲਈ ਉਹ ਅਕਾਲ ਪੁਰਖ ਕਿਧਰੇ ਭੋਗੀ ਹੋ ਕੇ ਵੱਖਰੇ ਵੱਖਰੇ ਰਸਾਂ ਦਾ ਭੋਗ ਕਰ ਰਿਹਾ ਹੈ ਤੇ ਕਿਧਰੇ ਤਿਆਗੀ ਹੋ ਕੇ ਇਸ ਸੰਸਾਰਕ ਰਸਾਂ ਤੋਂ ਵਿਰਕਤ ਹੈ, ਜੋਗੀ ਹੈ, ਮਾਇਆ ਦੇ ਅਸਰ ਤੋਂ ਨਿਰਲੇਪ ਰਹਿੰਦਾ ਹੈ, ਉਸ ਨਾਲ ਜੁੜਿਆ ਨਹੀਂ ਹੋਇਆ। ਇਹ ਸਭ ਕੁਝ ਅਕਾਲ ਪੁਰਖ ਦੇ ਭਾਣੇ ਵਿਚ ਹੋ ਰਿਹਾ ਹੈ ਕਿਉਂਕਿ ਸਭ ਕੁਝ ਕਰਨ ਵਾਲਾ ਉਹ ਆਪ ਹੀ ਹੈ, ਜੋ ਕੁਝ ਉਹ ਚਾਹੁੰਦਾ ਹੈ, ਉਹੀ ਵਾਪਰਦਾ ਹੈ। ਗੁਰੂ ਸਾਹਿਬ ਉਪਦੇਸ਼ ਕਰਦੇ ਹਨ ਕਿ ਜੇ ਗੁਰੂ ਦੇ ਸਨਮੁਖ ਹੋ ਕੇ ਅਕਾਲ ਪੁਰਖ ਦੇ ਨਾਮ ਦਾ ਸਿਮਰਨ ਕਰੀਏ ਤਾਂ ਪਰਮਾਤਮਾ ਤੋਂ ਵਿਛੜੇ ਰਹਿਣ ਦੇ ਸਾਰੇ ਕਾਰਨ ਦੂਰ ਹੋ ਜਾਂਦੇ ਹਨ,

ਕਾਇਆ ਕੋਟੁ ਅਪਾਰੁ ਹੈ
ਮਿਲਣਾ ਸੰਜੋਗੀ॥
ਕਾਇਆ ਅੰਦਰਿ ਆਪਿ ਵਸਿ ਰਹਿਆ
ਆਪੇ ਰਸ ਭੋਗੀ॥
ਆਪਿ ਅਤੀਤੁ ਅਲਿਪਤੁ ਹੈ
ਨਿਰਜੋਗੁ ਹਰਿ ਜੋਗੀ॥
ਜੋ ਤਿਸੁ ਭਾਵੈ ਸੋ ਕਰੇ
ਹਰਿ ਕਰੇ ਸੁ ਹੋਗੀ॥
ਹਰਿ ਗੁਰਮੁਖਿ ਨਾਮੁ ਧਿਆਈਐ
ਲਹਿ ਜਾਹਿ ਵਿਜੋਗੀ॥੧੩॥ (ਪੰਨਾ ੫੧੪)

ਸਿੱਖ ਧਰਮ ਦਰਸ਼ਨ ਵਿਚ ਬਾਣੀ ਨੂੰ ਪਰਮਸਤਿ ਦਾ ਪਰਗਟਾਅ ਮੰਨਿਆ ਗਿਆ ਹੈ ਜਿਸ ਦਾ ਪ੍ਰਕਾਸ਼ਨ ਗੁਰੂ ਜੋਤਿ ਅਤੇ ਗੁਰੂ ਜੁਗਤਿ ਰਾਹੀਂ ਹੋਇਆ। ਬਾਣੀ ਆਪ ਸਤਿ-ਸਰੂਪ ਹੈ, ਇਸੇ ਲਈ ਬਾਣੀ ਨੂੰ, ਸ਼ਬਦ ਨੂੰ ਮਨੁੱਖ ਦੇ ਇਸ ਸੰਸਾਰ ਸਾਗਰ ਤੋਂ ਪਾਰ ਲੰਘਣ ਦਾ ਸਾਧਨ ਪ੍ਰਵਾਨ ਕੀਤਾ ਗਿਆ ਹੈ। ਬਾਣੀ ਗੁਰੂ ਹੈ ਜੋ ਮਨੁੱਖ ਨੂੰ ਰਸਤਾ ਦਿਖਾਉਂਦੀ ਹੈ। ਇਸ ਸਲੋਕ ਵਿਚ ਗੁਰੂ ਅਮਰਦਾਸ ਸਾਹਿਬ ਸ਼ਬਦ ਦੀ, ਬਾਣੀ ਦੀ ਮਹਿਮਾ ਦੱਸਦੇ ਹਨ ਕਿ ਗੁਰੂ ਦੇ ਦੱਸੇ ਰਸਤੇ 'ਤੇ ਚੱਲਣ ਵਾਲਾ ਕੋਈ ਗੁਰਮੁਖ ਹੀ ਸਮਝਦਾ ਹੈ ਕਿ 'ਵਾਹ ਵਾਹ' ਕਹਿਣਾ ਅਕਾਲ ਪੁਰਖ ਦੀ ਵਡਿਆਈ ਕਰਨਾ ਹੈ, ਉਸ ਦੀ ਸਿਫਤਿ-ਸਾਲਾਹ ਕਰਨੀ ਹੈ (ਜਦੋਂ ਮਨੁੱਖ ਅਚਾਨਕ ਕੋਈ ਵਧੀਆ ਸੁੰਦਰ ਚੀਜ਼ ਜਾਂ ਅਦਭੁੱਤ ਨਜ਼ਾਰਾ ਦੇਖਦਾ ਹੈ, ਜਿਸ ਨੂੰ ਦੇਖ ਕੇ ਮਨ 'ਚ ਵਿਸਮਾਦ/ਅਸਚਰਜਤਾ ਦਾ ਅਹਿਸਾਸ ਪੈਦਾ ਹੁੰਦਾ ਹੈ ਤਾਂ ਉਸ ਦੇ ਮੂੰਹੋਂ 'ਵਾਹ ਵਾਹ' ਨਿਕਲਦਾ ਹੈ)। ਉਹ ਸਦੀਵੀ ਹਸਤੀ ਅਕਾਲ ਪੁਰਖ ਆਪ ਹੀ ਮਨੁੱਖ ਦੇ ਮੂੰਹੋਂ 'ਵਾਹ ਵਾਹ' ਕਰਵਾਉਂਦਾ ਹੈ। ਵਾਹਿਗੁਰੂ ਦੀ ਸਿਫਤਿ-ਸਾਲਾਹ ਦੀ ਬਾਣੀ ਪਰਮ ਹਸਤੀ ਦਾ ਸਰੂਪ ਹੈ, ਬਾਣੀ ਰਾਹੀਂ ਉਸ ਅਕਾਲ ਪੁਰਖ ਨਾਲ ਮੇਲ ਹੁੰਦਾ ਹੈ। ਗੁਰੂ ਸਾਹਿਬ ਅੱਗੇ ਦੱਸਦੇ ਹਨ ਕਿ ਪਰਮਾਤਮਾ ਦੀ ਸਿਫਤਿ-ਸਾਲਾਹ ਕਰਦਿਆਂ, ਉਸ ਦੇ ਗੁਣ ਗਾਉਂਦਿਆ ਪਰਮਾਤਮਾ ਨਾਲ ਮੇਲ ਹੋ ਜਾਂਦਾ ਹੈ ਪਰ ਇਹ ਸਿਫਤਿ-ਸਾਲਾਹ ਵੀ ਉਸ ਦੀ ਮਿਹਰ ਸਦਕਾ ਹੀ ਹੁੰਦੀ ਹੈ,

ਵਾਹੁ ਵਾਹੁ ਆਪਿ ਅਖਾਇਦਾ
ਗੁਰ ਸਬਦੀ ਸਚੁ ਸੋਇ॥
ਵਾਹੁ ਵਾਹੁ ਸਿਫਤਿ ਸਲਾਹ ਹੈ
ਗੁਰਮੁਖਿ ਬੂਝੈ ਕੋਇ॥
ਵਾਹੁ ਵਾਹੁ ਬਾਣੀ ਸਚੁ ਹੈ
ਸਚਿ ਮਿਲਾਵਾ ਹੋਇ॥
ਨਾਨਕ ਵਾਹੁ ਵਾਹੁ ਕਰਤਿਆ ਪ੍ਰਭੁ ਪਾਇਆ
ਕਰਮਿ ਪਰਾਪਤਿ ਹੋਇ॥੧॥ (ਪੰਨਾ ੫੧੪)

ਅਗਲੇ ਸਲੋਕ ਵਿਚ ਗੁਰੂ ਅਮਰਦਾਸ ਸਾਹਿਬ ਦੱਸਦੇ ਹਨ ਕਿ ਉਹ ਜੀਭ/ਰਸਨਾ ਵੀ ਧੰਨ ਹੈ, ਵਡਿਆਈ ਜੋਗ ਹੈ ਜੋ ਗੁਰੂ ਦੇ ਸ਼ਬਦ ਰਾਹੀਂ 'ਵਾਹੁ ਵਾਹੁ' ਆਖਦੀ ਹੈ। ਅਕਾਲ ਪੁਰਖ ਨਾਲ ਮੇਲ ਗੁਰੂ ਦੇ ਪੂਰਨ ਸ਼ਬਦ ਰਾਹੀਂ ਹੀ ਹੁੰਦਾ ਹੈ। ਜਿਨ੍ਹਾਂ ਦੇ ਭਾਗ ਵੱਡੇ ਹੁੰਦੇ ਹਨ ਉਨ੍ਹਾਂ ਦੇ ਮੁੱਖ ਤੋਂ ਅਕਾਲ ਪੁਰਖ ਸਿਫਤਿ-ਸਾਲਾਹ ਕਰਵਾਉਂਦਾ ਹੈ। ਜਿਹੜੇ ਲੋਕ ਆਪਣੇ ਮੁੱਖ ਤੋਂ ਅਕਾਲ ਪੁਰਖ ਦੀ 'ਵਾਹੁ ਵਾਹੁ' ਕਰਦੇ ਹਨ, ਉਹ ਬਹੁਤ ਸੋਹਣੇ ਲੱਗਦੇ ਹਨ ਅਤੇ ਲੋਕਾਈ ਉਨ੍ਹਾਂ ਦੇ ਪੈਰ ਛੂਹਣ ਲਈ ਆਉਂਦੀ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਜਿਨ੍ਹਾਂ 'ਤੇ ਅਕਾਲ ਪੁਰਖ ਦੀ ਮਿਹਰ ਹੁੰਦੀ ਹੈ, ਉਨ੍ਹਾਂ ਕੋਲੋਂ ਹੀ ਅਕਾਲ ਪੁਰਖ ਦੀ ਸਿਫਤਿ-ਸਾਲਾਹ ਹੁੰਦੀ ਹੈ ਅਤੇ ਉਨ੍ਹਾਂ ਨੂੰ ਅਕਾਲ ਪੁਰਖ ਦੇ ਦਰਵਾਜ਼ੇ 'ਤੇ ਸ਼ੋਭਾ ਮਿਲਦੀ ਹੈ,

ਵਾਹੁ ਵਾਹੁ ਕਰਤੀ ਰਸਨਾ ਸਬਦਿ ਸੁਹਾਈ॥
ਪੂਰੈ ਸਬਦਿ ਪ੍ਰਭੁ ਮਿਲਿਆ ਆਈ॥
ਵਡਭਾਗੀਆ ਵਾਹੁ ਵਾਹੁ ਮੁਹਹੁ ਕਢਾਈ॥
ਵਾਹੁ ਵਾਹੁ ਕਰਹਿ ਸੇਈ ਜਨ ਸੋਹਣੇ
ਤਿਨ੍ ਕਉ ਪਰਜਾ ਪੂਜਣ ਆਈ॥
ਵਾਹੁ ਵਾਹੁ ਕਰਮਿ ਪਰਾਪਤਿ ਹੋਵੈ
ਨਾਨਕ ਦਰਿ ਸਚੈ ਸੋਭਾ ਪਾਈ॥੨॥ (ਪੰਨਾ ੫੧੪)

ਅਭਿਮਾਨ ਜਾਂ ਅਹੰਕਾਰ ਨੂੰ ਗੁਰਮਤਿ ਵਿਚ ਅਜਿਹੀ ਕੂੜ ਦੀ ਕੰਧ ਮੰਨਿਆ ਹੈ ਜੋ ਮਨੁੱਖ ਅਤੇ ਅਕਾਲ ਪੁਰਖ ਵਿਚ ਵਿੱਥ ਪਾਈ ਰੱਖਦੀ ਹੈ। ਅੱਗੇ ਪਉੜੀ ਵਿਚ ਗੁਰੂ ਅਮਰਦਾਸ ਸਾਹਿਬ ਇਸੇ ਪਰਥਾਇ ਗੱਲ ਕਰਦੇ ਹਨ ਕਿ ਅਭਿਮਾਨੀ ਮਨੁੱਖਾਂ ਦੇ ਸਰੀਰ ਰੂਪੀ ਕਿਲੇ ਨੂੰ ਕੁਸੱਤ ਅਤੇ ਕੂੜ ਦੇ ਅਰਥਾਤ ਝੂਠ ਅਤੇ ਮਾਇਆ ਦੇ ਸਖਤ ਦਰਵਾਜ਼ੇ ਲੱਗੇ ਹੋਏ ਹਨ। ਆਪਣੇ ਮਨ ਦੀ ਮਤਿ ਪਿੱਛੇ ਲੱਗ ਕੇ ਤੁਰਨ ਵਾਲੇ ਗਿਆਨ-ਵਿਹੂਣੇ ਮਨੁੱਖ ਅਗਿਆਨ ਦੇ ਹਨੇਰੇ ਕਾਰਨ ਭਰਮ ਵਿਚ ਪਏ ਹਨ ਜਿਸ ਕਰਕੇ ਉਨ੍ਹਾਂ ਨੂੰ ਇਹ ਨਜ਼ਰ ਨਹੀਂ ਆਉਂਦੇ। ਭੇਖੀ ਮਨੁੱਖ ਭੇਖ ਕਰ ਕਰ ਕੇ ਥੱਕ ਗਏ ਹਨ ਪਰ ਉਹ ਵੀ ਇਨ੍ਹਾਂ ਨੂੰ ਦੇਖਣ ਦਾ ਕੋਈ ਵੀ ਉਪਾਅ ਨਹੀਂ ਲੱਭ ਸਕੇ। ਜਿਹੜੇ ਅਕਾਲ ਪੁਰਖ ਦਾ ਨਾਮ ਸਿਮਰਨ ਕਰਦੇ ਹਨ, ਉਨ੍ਹਾਂ ਦੇ ਇਹ ਸਖਤ ਦਰਵਾਜ਼ੇ ਗੁਰੂ ਦੇ ਸ਼ਬਦ ਰਾਹੀਂ ਖੁਲ੍ਹਦੇ ਹਨ। ਅਕਾਲ ਪੁਰਖ ਦਾ ਨਾਮ ਅੰਮ੍ਰਿਤ ਦਾ ਰੁੱਖ ਹੈ ਅਤੇ ਜਿਨ੍ਹਾਂ ਨੇ ਇਹ ਅੰਮ੍ਰਿਤ ਪੀਤਾ ਹੈ, ਉਨ੍ਹਾਂ ਦੀ ਪਿਆਸ ਸਦਾ ਲਈ ਸਰਚ ਗਈ ਹੈ,

ਬਜਰ ਕਪਾਟ ਕਾਇਆ
ਗੜ੍ਹ ਭੀਤਰਿ ਕੂੜੁ ਕੁਸਤੁ ਅਭਿਮਾਨੀ॥
ਭਰਮਿ ਭੂਲੇ ਨਦਰਿ ਨ ਆਵਨੀ
ਮਨਮੁਖ ਅੰਧ ਅਗਿਆਨੀ॥
ਉਪਾਇ ਕਿਤੈ ਨ ਲਭਨੀ
ਕਰਿ ਭੇਖ ਥਕੇ ਭੇਖਵਾਨੀ॥
ਗੁਰਸਬਦੀ ਖੋਲਾਈਅਨ੍ਹਿ
ਹਰਿ ਨਾਮੁ ਜਪਾਨੀ॥
ਹਰਿ ਜੀਉ ਅੰਮ੍ਰਿਤ ਬਿਰਖੁ
ਜਿਨ ਪੀਆ ਤੇ ਤ੍ਰਿਪਤਾਨੀ॥੧੪॥ (ਪੰਨਾ ੫੧੪)

ਅਗਲੇ ਸਲੋਕ ਵਿਚ ਕਿਹਾ ਗਿਆ ਹੈ ਕਿ ਹੇ ਮੇਰੀ ਮਾਂ! ਅਕਾਲ ਪੁਰਖ ਦੀ ਸਿਫਤਿ-ਸਾਲਾਹ ਕਰਦਿਆਂ ਮਨੁੱਖਾ ਜਨਮ ਰੂਪੀ ਰਾਤ ਸੁੱਖ ਵਿਚ ਬੀਤ ਗਈ ਅਰਥਾਤ ਪਰਮਾਤਮਾ ਦੀ ਵਡਿਆਈ ਕਰਦਿਆਂ ਇਹ ਜੀਵਨ ਸੌਖਾ ਬੀਤ ਗਿਆ ਹੈ। ਅਕਾਲ ਪੁਰਖ ਦੀ ਵਡਿਆਈ ਕਰਦਿਆਂ ਸਦੀਵੀ ਅਨੰਦ ਦੀ ਅਵਸਥਾ ਬਣੀ ਰਹਿੰਦੀ ਹੈ। ਉਸ ਪਰਵਰਦਗਾਰ ਦੀ ਸਿਫਤਿ-ਸਾਲਾਹ ਕਰਦਿਆਂ ਉਸ ਨਾਲ ਸੁਰਤਿ ਜੁੜ ਜਾਂਦੀ ਹੈ। ਕੋਈ ਵਿਰਲਾ ਮਨੁੱਖ ਜਿਸ 'ਤੇ ਅਕਾਲ ਪੁਰਖ ਦੀ ਮਿਹਰ ਹੁੰਦੀ ਹੈ, ਉਹ ਉਸ ਪਰਵਰਦਗਾਰ ਦੀ ਸਿਫਤਿ-ਸਾਲਾਹ ਕਰਦਾ ਹੈ, ਉਸ ਦੀ ਮਿਹਰ ਸਦਕਾ ਉਸ ਵਲੋਂ ਪ੍ਰੇਰਤ ਹੋ ਕੇ ਉਸ ਦੇ ਨਾਮ ਦੀ ਵਡਿਆਈ ਕਰਦਾ ਹੈ। ਇਸ ਤਰ੍ਹਾਂ ਉਸ ਦੀ ਸਿਫਤਿ-ਸਾਲਾਹ ਕਰਦਿਆਂ ਉਹ ਆਪ ਵੀ ਦੁਨੀਆਂ 'ਤੇ ਸ਼ੋਭਾ ਖੱਟਦਾ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਉਸ ਦੀ ਸਿਫਤਿ-ਸਾਲਾਹ ਉਸ ਅਕਾਲ ਪੁਰਖ ਦੀ ਰਜ਼ਾ ਨਾਲ ਜੋੜੀ ਰੱਖਦੀ ਹੈ,

ਵਾਹੁ ਵਾਹੁ ਕਰਤਿਆ ਰੈਣਿ ਸੁਖਿ ਵਿਹਾਇ॥
ਵਾਹੁ ਵਾਹੁ ਕਰਤਿਆ
ਸਦਾ ਅਨੰਦੁ ਹੋਵੈ ਮੇਰੀ ਮਾਇ॥
ਵਾਹੁ ਵਾਹੁ ਕਰਤਿਆ
ਹਰਿ ਸਿਉ ਲਿਵ ਲਾਇ॥
ਵਾਹੁ ਵਾਹੁ ਕਰਮੀ ਬੋਲੈ ਬੋਲਾਇ॥
ਵਾਹੁ ਵਾਹੁ ਕਰਤਿਆ ਸੋਭਾ ਪਾਇ॥
ਨਾਨਕ ਵਾਹੁ ਵਾਹੁ ਸਤਿ ਰਜਾਇ॥੧॥
(ਪੰਨਾ ੫੧੪)

ਸਿੱਖ ਧਰਮ ਦਰਸ਼ਨ ਵਿਚ ਇਲਹਾਮ ਬਾਣੀ ਦੇ ਰੂਪ ਵਿਚ ਮੰਨਿਆ ਗਿਆ ਹੈ ਅਰਥਾਤ ਬਾਣੀ ਪਰਮ ਸਤਿ ਦਾ ਪ੍ਰਕਾਸ਼ਨ ਹੈ ਜਿਸ ਦਾ ਮਾਧਿਅਮ ਗੁਰੂ ਜੋਤਿ ਅਤੇ ਗੁਰੂ ਜੁਗਤਿ ਹੈ। ਗੁਰੂ ਸੁਰਤਿ ਉਸ ਪਰਮਸਤਿ ਨਾਲ ਇੱਕਸੁਰ ਹੋਈ ਅਤੇ ਉਸ ਇਕਸੁਰਤਾ ਦੇ ਪਲਾਂ ਵਿਚ ਸਤਿ ਦਾ ਜੋ ਪ੍ਰਕਾਸ਼ਨ ਹੋਇਆ, ਉਸ ਨੂੰ ਉਨ੍ਹਾਂ ਨੇ ਬਾਣੀ ਰਾਹੀਂ ਪਰਗਟ ਕੀਤਾ। ਇਸੇ ਕਰਕੇ ਬਾਣੀ ਨੂੰ ਸਤਿ-ਸਰੂਪ ਅਰਥਾਤ ਅਕਾਲ ਪੁਰਖ ਦਾ ਪਰਗਟ ਸਰੂਪ ਮੰਨਿਆ ਹੈ। ਬਾਣੀ ਦੇ ਇਸੇ ਸਰੂਪ ਦਾ ਪਰਗਟਾਵਾ ਕਰਦਿਆਂ ਗੁਰੂ ਅਮਰਦਾਸ ਫਰਮਾਉਂਦੇ ਹਨ ਕਿ ਅਕਾਲ ਪੁਰਖ ਦੀ ਸਿਫਤਿ-ਸਾਲਾਹ ਦੀ ਬਾਣੀ ਉਸ ਦਾ ਹੀ ਪਰਗਟ ਸਰੂਪ ਹੈ ਜੋ ਮਨੁੱਖ ਗੁਰੂ ਦੇ ਸਨਮੁਖ ਹੋ ਕੇ ਵਿਚਰਦਾ ਹੈ, ਉਸ ਨੇ ਇਹ ਲੱਭ ਲਈ ਹੈ। ਗੁਰੂ ਦੇ ਸ਼ਬਦ ਰਾਹੀਂ ਉਹ 'ਵਾਹੁ ਵਾਹੁ' ਉਚਰਾਦਾ ਹੈ ਅਤੇ ਹਿਰਦੇ ਨਾਲ ਲਾ ਕੇ ਰੱਖਦਾ ਹੈ। ਗੁਰਮੁਖਿ ਨੇ ਉਸ ਅਕਾਲ ਪੁਰਖ ਦੀ ਸਿਫਤਿ-ਸਾਲਾਹ ਕਰਦਿਆਂ ਸਹਿਜ ਵਿਚ ਹੀ ਉਸ ਦੀ ਭਾਲ ਕਰਕੇ ਉਸ ਨੂੰ ਲੱਭ ਲਿਆ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਉਹ ਮਨੁੱਖ ਵੱਡੇ ਭਾਗਾਂ ਵਾਲੇ ਹਨ ਜਿਹੜੇ ਅਕਾਲ ਪੁਰਖ ਦੇ ਨਾਮ ਨੂੰ ਆਪਣੇ ਅੰਦਰ ਸੰਭਾਲ ਕੇ ਰੱਖਦੇ ਹਨ,

ਵਾਹੁ ਵਾਹੁ ਬਾਣੀ ਸਚੁ ਹੈ
ਗੁਰਮੁਖਿ ਲਧੀ ਭਾਲਿ॥
ਵਾਹੁ ਵਾਹੁ ਸਬਦੇ ਉਚਰੈ
ਵਾਹੁ ਵਾਹੁ ਹਿਰਦੈ ਨਾਲਿ॥
ਵਾਹੁ ਵਾਹੁ ਕਰਤਿਆ ਹਰਿ ਪਾਇਆ
ਸਹਜੇ ਗੁਰਮੁਖਿ ਭਾਲਿ॥
ਸੇ ਵਡਭਾਗੀ ਨਾਨਕਾ
ਹਰਿ ਹਰਿ ਰਿਦੈ ਸਮਾਲਿ॥੨॥ (ਪੰਨਾ ੫੧੪)

ਅੱਗੇ ਪਉੜੀ ਵਿਚ ਗੁਰੂ ਅਮਰਦਾਸ ਸਾਹਿਬ ਮਨ ਨੂੰ ਸੰਬੋਧਨ ਕਰਦੇ ਹਨ ਕਿ ਮਨੁੱਖੀ ਮਨ ਬਹੁਤ ਲਾਲਚੀ ਹੈ ਅਤੇ ਦਿਨ-ਰਾਤ ਲੋਭ ਵਿਚ ਹੀ ਮਸ਼ਰੂਫ ਰਹਿੰਦਾ ਹੈ। ਮਾਇਆ ਦੇ ਮੋਹ ਵਿਚ ਫਸਿਆ ਹੋਇਆ ਦਸਾਂ ਦਿਸ਼ਾਵਾ ਵਿਚ ਘੁੰਮਦਾ ਰਹਿੰਦਾ ਹੈ ਇਸ ਲਈ ਮਨਮੁਖ ਨੂੰ ਅੱਗੇ ਜਾ ਕੇ ਦੁੱਖ ਸਹਿਣਾ ਪੈਂਦਾ ਹੈ ਕਿਉਂਕਿ ਅੱਗੇ ਮਨੁੱਖ ਦਾ ਨਾਂ ਅਤੇ ਜਾਤਿ ਆਦਿ ਨਹੀਂ ਜਾਂਦੀ। ਮਨਮੁਖ ਨੇ ਆਪਣੀ ਜੀਭ ਤੋਂ ਅਕਾਲ ਪੁਰਖ ਦਾ ਨਾਮ ਜਪ ਕੇ ਉਸ ਦਾ ਰਸ ਨਹੀਂ ਮਾਣਿਆ ਬਲਕਿ ਮਾਇਆ ਦਾ ਫਿੱਕਾ ਸੁਆਦ ਹੀ ਚੱਖਿਆ ਹੈ। ਜਿਹੜੇ ਗੁਰੂ ਦੀ ਸਿੱਖਿਆ 'ਤੇ ਚੱਲ ਕੇ ਅਕਾਲ ਪੁਰਖ ਦੇ ਨਾਮ ਦਾ ਅੰਮ੍ਰਿਤ ਪੀਂਦੇ ਹਨ, ਉਨ੍ਹਾਂ ਦਾ ਮਨ ਸਦਾ ਤ੍ਰਿਪਤਿਆ ਰਹਿੰਦਾ ਹੈ,

ਏ ਮਨਾ ਅਤਿ ਲੋਭੀਆ ਨਿਤ ਲੋਭੇ ਰਾਤਾ॥
ਮਾਇਆ ਮਨਸਾ ਮੋਹਣੀ
ਦਹਦਿਸ ਫਿਰਾਤਾ॥
ਅਗੈ ਨਾਉ ਜਾਤਿ ਨ ਜਾਇਸੀ
ਮਨਮੁਖਿ ਦੁਖੁ ਖਾਤਾ॥
ਰਸਨਾ ਹਰਿ ਰਸੁ ਨ ਚਖਿਓ
ਫੀਕਾ ਬੋਲਾਤਾ॥
ਜਿਨਾ ਗੁਰਮੁਖਿ ਅੰਮ੍ਰਿਤੁ ਚਾਖਿਆ
ਸੇ ਜਨ ਤ੍ਰਿਪਤਾਤਾ॥੧੫॥ (ਪੰਨਾ ੫੧੪)

ਅਗਲੇ ਸਲੋਕ ਵਿਚ ਗੁਰੂ ਅਮਰਦਾਸ ਸਾਹਿਬ ਦੱਸਦੇ ਹਨ ਕਿ ਉਸ ਅਕਾਲ ਪੁਰਖ ਦੇ ਗੁਣਾਂ ਦੀ ਸਿਫਤਿ-ਸਾਲਾਹ ਕਰਨੀ ਚਾਹੀਦੀ ਹੈ ਜੋ ਸਦਾ ਕਾਇਮ ਰਹਿਣ ਵਾਲਾ ਤੇ ਬਹੁਤ ਵਿਸ਼ਾਲ ਹਿਰਦੇ ਦਾ ਮਾਲਕ ਹੈ। ਉਸ ਪਰਮ ਹਸਤੀ ਦੀ ਸਿਫਤਿ-ਸਾਲਾਹ ਕਰਨੀ ਚਾਹੀਦੀ ਹੈ ਜੋ ਗੁਣਾਂ ਦੀ ਬਖਸ਼ਿਸ਼ ਕਰਨ ਵਾਲਾ ਤੇ ਅਡੋਲ ਬੁੱਧੀ ਦਾ ਮਾਲਕ ਹੈ। ਉਸ ਦੀ ਵਡਿਆਈ ਕਰਨੀ ਬਣਦੀ ਹੈ ਜੋ ਹਰ ਇੱਕ ਦੇ ਅੰਦਰ ਵਸ ਰਿਹਾ ਹੈ। ਉਸ ਦੀ ਉਸਤਤਿ ਕਰੀਏ ਜੋ ਸਭ ਨੂੰ ਰੋਜ਼ੀ-ਰੋਟੀ ਦਿੰਦਾ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਉਸ ਦੀ 'ਵਾਹੁ ਵਾਹੁ' ਕਰੀਏ ਜੋ ਇੱਕੋ ਇੱਕ ਹੈ ਅਤੇ ਜਿਸ ਨੂੰ ਸਤਿਗੁਰੂ ਦੀ ਮਿਹਰ ਸਦਕਾ ਦੇਖ ਸਕੀਦਾ ਹੈ,

ਵਾਹੁ ਵਾਹੁ ਤਿਸ ਨੋ ਆਖੀਐ
ਜਿ ਸਚਾ ਗਹਿਰ ਗੰਭੀਰੁ॥
ਵਾਹੁ ਵਾਹੁ ਤਿਸ ਨੋ ਆਖੀਐ
ਜਿ ਗੁਣਦਾਤਾ ਮਤਿ ਧੀਰੁ॥
ਵਾਹੁ ਵਾਹੁ ਤਿਸ ਨੋ ਆਖੀਐ
ਜਿ ਸਭ ਮਹਿ ਰਹਿਆ ਸਮਾਇ॥
ਵਾਹੁ ਵਾਹੁ ਤਿਸ ਨੋ ਆਖੀਐ
ਜਿ ਦੇਦਾ ਰਿਜਕੁ ਸਬਾਹਿ॥
ਨਾਨਕ ਵਾਹੁ ਵਾਹੁ ਇਕੋ ਕਰਿ ਸਾਲਾਹੀਐ
ਜਿ ਸਤਿਗੁਰ ਦੀਆ ਦਿਖਾਇ॥੧॥
(ਪੰਨਾ ੫੧੪-੧੫)

ਅਗਲੇ ਸਲੋਕ 'ਚ ਗੁਰੂ ਅਮਰਦਾਸ ਗੁਰਮੁਖਿ ਅਤੇ ਮਨਮੁਖ ਦੀਆਂ ਬਿਰਤੀਆਂ ਦਾ ਫਰਕ ਸਮਝਾਉਂਦੇ ਹਨ ਕਿ ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖ ਸਦਾ ਅਕਾਲ ਪੁਰਖ ਦੀ ਸਿਫਤਿ-ਸਾਲਾਹ ਕਰਦੇ ਰਹਿੰਦੇ ਹਨ ਅਤੇ ਆਪਣੇ ਮਨ ਦੀਆਂ ਬਿਰਤੀਆਂ ਅਨੁਸਾਰ ਚੱਲਣ ਵਾਲੇ ਮਨੁੱਖ ਮਾਇਆ ਰੂਪੀ ਜ਼ਹਿਰ ਖਾ ਕੇ ਮਰਦੇ ਹਨ। ਮਨ ਦੀਆਂ ਬਿਰਤੀਆਂ ਅਨੁਸਾਰ ਚੱਲਣ ਵਾਲੇ ਮਨੁੱਖਾਂ ਨੂੰ ਅਕਾਲ ਪੁਰਖ ਦੀ ਸਿਫਤਿ-ਸਾਲਾਹ ਚੰਗੀ ਨਹੀਂ ਲਗਦੀ, ਇਸ ਲਈ ਉਹ ਦੁੱਖਾਂ ਵਿਚ ਹੀ ਆਪਣੀ ਜ਼ਿੰਦਗੀ ਗੁਜ਼ਾਰ ਕੇ ਚਲੇ ਜਾਂਦੇ ਹਨ। ਗੁਰੂ ਦੀ ਸਿੱਖਿਆ 'ਤੇ ਚੱਲਣ ਵਾਲੇ ਮਨੁੱਖ ਅਕਾਲ ਪੁਰਖ ਦੇ ਨਾਮ ਦਾ ਅੰਮ੍ਰਿਤ ਪੀਂਦੇ ਹਨ ਅਤੇ ਆਪਣੀ ਸੁਰਤਿ ਜੋੜ ਕੇ ਉਸ ਦੀ ਸਿਫਤਿ-ਸਾਲਾਹ ਕਰਦੇ ਹਨ। ਗੁਰੂ ਸਾਹਿਬ ਫਰਮਾਉਂਦੇ ਹਨ ਕਿ ਜੋ ਮਨੁੱਖ ਅਕਾਲ ਪੁਰਖ ਦੀ ਸਿਫਤਿ-ਸਾਲਾਹ ਕਰਦੇ ਹਨ, ਉਹ ਪਵਿੱਤਰ ਹੋ ਜਾਂਦੇ ਹਨ ਅਤੇ ਉਨ੍ਹਾਂ ਨੂੰ ਤਿੰਨਾਂ ਲੋਕਾਂ ਵਿਚ ਵਿਆਪਕ ਅਕਾਲ ਪੁਰਖ ਦੀ ਸੋਝੀ ਹੋ ਜਾਂਦੀ ਹੈ,

ਵਾਹੁ ਵਾਹੁ ਗੁਰਮੁਖ ਸਦਾ ਕਰਹਿ
ਮਨਮੁਖ ਮਰਹਿ ਬਿਖੁ ਖਾਇ॥
ਓਨਾ ਵਾਹੁ ਵਾਹੁ ਨ ਭਾਵਈ
ਦੁਖੇ ਦੁਖਿ ਵਿਹਾਇ॥
ਗੁਰਮੁਖਿ ਅੰਮ੍ਰਿਤੁ ਪੀਵਣਾ
ਵਾਹੁ ਵਾਹੁ ਕਰਹਿ ਲਿਵ ਲਾਇ॥
ਨਾਨਕ ਵਾਹੁ ਵਾਹੁ ਕਰਹਿ ਸੇ ਜਨ ਨਿਰਮਲੇ
ਤ੍ਰਿਭਵਣ ਸੋਝੀ ਪਾਇ॥੨॥ (ਪੰਨਾ ੫੧੫)

ਅੱਗੇ ਪਉੜੀ ਵਿਚ ਗੁਰੂ ਜੀ ਫੁਰਮਾਉਂਦੇ ਹਨ ਕਿ ਜੇ ਅਕਾਲ ਪੁਰਖ ਦੀ ਰਜ਼ਾ ਹੋਵੇ ਤਾਂ ਮਨੁੱਖ ਦਾ ਮੇਲ ਗੁਰੂ ਨਾਲ ਹੁੰਦਾ ਹੈ ਅਤੇ ਗੁਰੂ ਨੂੰ ਮਿਲਣ ਨਾਲ ਮਨੁੱਖ ਨੂੰ ਸੇਵਾ ਕਰਨ ਅਤੇ ਭਗਤੀ ਕਰਨ ਦੀ ਜਾਚ ਆਉਂਦੀ ਹੈ, ਗੁਰੂ ਨਾਲ ਮਿਲਾਪ ਸੇਵਾ ਅਤੇ ਭਗਤੀ ਕਰਨ ਦਾ ਸਬੱਬ ਬਣ ਜਾਂਦਾ ਹੈ। ਅਕਾਲ ਪੁਰਖ ਦੀ ਰਜ਼ਾ ਵਿਚ ਅਕਾਲ ਪੁਰਖ ਦਾ ਨਿਵਾਸ ਮਨੁੱਖ ਦੇ ਮਨ ਵਿਚ ਹੁੰਦਾ ਹੈ ਅਤੇ ਮਨੁੱਖ ਸਹਿਜ ਅਵਸਥਾ ਵਿਚ ਉਸ ਦੇ ਨਾਮ ਦਾ ਰਸ ਪੀਂਦਾ ਹੈ। ਉਸ ਦੇ ਭਾਣੇ ਵਿਚ ਮਨੁੱਖ ਨੂੰ ਸੁਖ-ਅਨੰਦ ਪ੍ਰਾਪਤ ਹੁੰਦਾ ਹੈ ਅਤੇ ਅਕਾਲ ਪੁਰਖ ਦੇ ਨਾਮ ਸਿਮਰਨ ਦਾ ਲਾਭ ਪ੍ਰਾਪਤ ਹੁੰਦਾ ਹੈ। ਭਾਣੇ 'ਚ ਚੱਲਣ ਵਾਲਾ ਮਨੁੱਖ ਉਚੀ ਅਧਿਆਤਮਕ ਅਵਸਥਾ 'ਤੇ ਬਿਰਾਜਮਾਨ ਹੋ ਜਾਂਦਾ ਹੈ ਤੇ ਸਦਾ ਆਪਣੇ ਨਿਜ-ਘਰ ਅਰਥਾਤ ਆਤਮ-ਅਨੁਭਵ ਦੀ ਅਵਸਥਾ ਵਿਚ ਟਿਕਿਆ ਰਹਿੰਦਾ ਹੈ। ਜਿਨ੍ਹਾਂ ਦਾ ਸਤਿਗੁਰੂ ਨਾਲ ਮਿਲਾਪ ਹੋ ਜਾਂਦਾ ਹੈ, ਉਹ ਸਦਾ ਅਕਾਲ ਪੁਰਖ ਦੀ ਰਜ਼ਾ ਵਿਚ ਵਿਚਰਦੇ ਹਨ,

ਹਰਿ ਕੈ ਭਾਣੈ ਗੁਰੁ ਮਿਲੈ
ਸੇਵਾ ਭਗਤਿ ਬਨੀਜੈ॥
ਹਰਿ ਕੈ ਭਾਣੈ ਹਰਿ ਮਨਿ ਵਸੈ
ਸਹਜੇ ਰਸੁ ਪੀਜੈ॥
ਹਰਿ ਕੈ ਭਾਣੈ ਸੁਖੁ ਪਾਈਐ
ਹਰਿ ਲਾਹਾ ਨਿਤ ਲੀਜੈ॥
ਹਰਿ ਕੈ ਤਖਤਿ ਬਹਾਲੀਐ
ਨਿਜ ਘਰਿ ਸਦਾ ਵਸੀਜੈ॥
ਹਰਿ ਕਾ ਭਾਣਾ ਤਿਨੀ ਮੰਨਿਆ
ਜਿਨਾ ਗੁਰੂ ਮਿਲੀਜੈ॥੧੬॥ (ਪੰਨਾ ੫੧੫)

## ਦਇਆ ਮਇਆ ਕਰਿ ਪ੍ਰਾਨਪਤਿ ਮੋਰੇ

ਗੁਰਬਾਣੀ ਗਿਆਨ

**ਗਉੜੀ ਮਹਲਾ ੫**
ਦਇਆ ਮਇਆ ਕਰਿ ਪ੍ਰਾਨਪਤਿ ਮੋਰੇ
ਮੋਹਿ ਅਨਾਥ ਸਰਣਿ ਪ੍ਰਭ ਤੋਰੀ॥
ਅੰਧ ਕੂਪ ਮਹਿ ਹਾਥ ਦੇ ਰਾਖਹੁ
ਕਛੂ ਸਿਆਨਪ
ਉਕਤਿ ਨ ਮੋਰੀ॥੧॥ ਰਹਾਉ॥
ਕਰਨ ਕਰਾਵਨ ਸਭ ਕਿਛੁ ਤੁਮ ਹੀ
ਤੁਮ ਸਮਰਥ ਨਾਹੀ ਅਨ ਹੋਰੀ॥
ਤੁਮਰੀ ਗਤਿ ਮਿਤਿ ਤੁਮ ਹੀ ਜਾਨੀ
ਸੇ ਸੇਵਕ ਜਿਨ ਭਾਗ ਮਥੋਰੀ॥੧॥
ਅਪੁਨੇ ਸੇਵਕ ਸੰਗਿ ਤੁਮ ਪ੍ਰਭ ਰਾਤੇ
ਓਤਿ ਪੋਤਿ ਭਗਤਨ ਸੰਗਿ ਜੋਰੀ॥
ਪ੍ਰਿਉ ਪ੍ਰਿਉ ਨਾਮੁ ਤੇਰਾ ਦਰਸਨੁ ਚਾਹੈ
ਜੈਸੇ ਦ੍ਰਿਸਟਿ ਓਹ ਚੰਦ ਚਕੋਰੀ॥੨॥
ਰਾਮ ਸੰਤ ਮਹਿ ਭੇਦੁ ਕਿਛੁ ਨਾਹੀ
ਏਕੁ ਜਨੁ ਕਈ ਮਹਿ ਲਾਖ ਕਰੋਰੀ॥
ਜਾ ਕੈ ਹੀਐ ਪ੍ਰਗਟੁ ਪ੍ਰਭੁ ਹੋਆ
ਅਨਦਿਨੁ ਕੀਰਤਨੁ ਰਸਨ ਰਮੋਰੀ॥੩॥
ਤੁਮ ਸਮਰਥ ਅਪਾਰ ਅਤਿ ਉਚੇ
ਸੁਖਦਾਤੇ ਪ੍ਰਭ ਪ੍ਰਾਨ ਅਧੋਰੀ॥
ਨਾਨਕ ਕਉ ਪ੍ਰਭ ਕੀਜੈ ਕਿਰਪਾ
ਉਨ ਸੰਤਨ ਕੈ ਸੰਗਿ ਸੰਗੋਰੀ॥੪॥

ਪੰਚਮ ਪਾਤਸ਼ਾਹ ਇਸ ਪਾਵਨ ਸ਼ਬਦ ਵਿਚ ਪ੍ਰਭੂ ਨੂੰ ਆਵਾਜ਼ ਦਿੰਦੇ ਹਨ- ਦਇਆ ਮਇਆ ਕਰਿ ਪ੍ਰਾਨਪਤਿ ਮੋਰੇ, ਹੇ ਮੇਰੇ ਪ੍ਰਾਣ ਪਤੀ ਪ੍ਰਭ ਜੀਓ! ਮੇਰੀ ਜਿੰਦ ਦੇ ਮਾਲਕ ਪ੍ਰਭੂ! ਮੇਰੇ ਉਤੇ ਦਇਆ ਕਰ; ਮੋਹਿ ਅਨਾਥ ਸਰਣਿ ਪ੍ਰਭ ਤੋਰੀ, ਹੇ ਮਿਹਰਵਾਨ ਪ੍ਰਭ ਜੀਓ! ਮੈਂ ਅਨਾਥ ਤੇਰੀ ਸ਼ਰਨ ਆਇਆ ਹਾਂ; ਅੰਧ ਕੂਪ ਮਹਿ ਹਾਥ ਦੇ ਰਾਖਹੁ, ਹੇ ਪ੍ਰਭੂ! ਮੈਂ ਮੋਹ ਮਾਇਆ ਦੇ ਹਨੇਰੇ ਅੰਨ੍ਹੇ ਖੂਹ ਵਿਚ ਡਿੱਗਾ ਪਿਆ ਹਾਂ, ਆਪਣਾ ਹੱਥ ਦੇ ਕੇ ਮੈਨੂੰ ਅੰਨ੍ਹੇ ਖੂਹ ਵਿਚੋਂ ਬਚਾਅ ਲਵੋ, ਪ੍ਰਭੂ ਮੇਰੀ ਕੋਈ ਵੀ ਸਿਆਣਪ ਕੋਈ ਦਲੀਲ ਹੁਣ ਇਥੇ ਚੱਲ ਨਹੀਂ ਸਕਦੀ।

ਕਰਨ ਕਰਾਵਨ ਸਭ ਕਿਛੁ ਤੁਮ ਹੀ
ਤੁਮ ਸਮਰਥ ਨਾਹੀ ਅਨ ਹੋਰੀ॥
ਤੁਮਰੀ ਗਤਿ ਮਿਤਿ ਤੁਮ ਹੀ ਜਾਨੀ
ਸੇ ਸੇਵਕ ਜਿਨ ਭਾਗ ਮਥੋਰੀ॥੧॥

ਹੇ ਪ੍ਰਭੂ! ਸਭ ਜੀਵਾਂ ਦੇ ਅੰਦਰ ਬੈਠਾ ਤੂੰ ਆਪ ਹੀ ਸਭ ਕੁਝ ਕਰ ਰਿਹਾ ਹੈਂ ਤੇ ਆਪ ਹੀ ਸਭ ਕੁਛ ਕਰਵਾ ਰਿਹਾ ਹੈਂ; ਤੂੰ ਸਭ ਤਾਕਤਾਂ ਦਾ ਮਾਲਕ ਹੈਂ, ਤੇਰੇ ਬਰਾਬਰ ਦਾ ਹੋਰ ਕੋਈ ਦੂਜਾ ਹੈ ਹੀ ਨਹੀਂ ਹੈ। ਹੇ ਪ੍ਰਭ ਜੀ! ਤੂੰ ਕਿਹੋ ਜਿਹਾ ਹੈਂ ਤੇ ਕਿੰਨਾ ਵੱਡਾ ਹੈਂ, ਇਹ ਆਪਣਾ ਭੇਤ ਪ੍ਰਭੂ ਜੀਓ! ਤੂੰ ਆਪ ਹੀ ਜਾਣਦਾ ਹੈਂ; ਜਿਨ੍ਹਾਂ ਦੇ ਮੱਥੇ ਉਤੇ ਤੇਰੀ ਮਿਹਰ ਦੇ ਭਾਗ ਜਾਗ ਪੈਂਦੇ ਹਨ, ਉਹ ਤੇਰੇ ਸੇਵਕ ਬਣ ਜਾਂਦੇ ਹਨ।

ਅਪੁਨੇ ਸੇਵਕ ਸੰਗਿ ਤੁਮ ਪ੍ਰਭ ਰਾਤੇ
ਓਤਿ ਪੋਤਿ ਭਗਤਨ ਸੰਗਿ ਜੋਰੀ॥
ਪ੍ਰਿਉ ਪ੍ਰਿਉ ਨਾਮੁ ਤੇਰਾ ਦਰਸਨੁ ਚਾਹੈ
ਜੈਸੇ ਦ੍ਰਿਸਟਿ ਓਹ ਚੰਦ ਚਕੋਰੀ॥੨॥

ਹੇ ਮੇਰੇ ਪ੍ਰਭ ਜੀਓ! ਤੂੰ ਆਪਣੇ ਸੇਵਕਾਂ ਨਾਲ ਸਦਾ ਹੀ ਪਿਆਰ ਕਰਦਾ ਹੈਂ, ਹੇ ਪ੍ਰਭੂ! ਆਪਣੇ ਭਗਤਾਂ ਨਾਲ ਤੂੰ ਆਪਣੀ ਪ੍ਰੀਤ ਇਵੇਂ ਜੋੜੀ ਹੋਈ ਹੈ, ਜਿਵੇਂ ਤਾਣੇ ਤੇ ਪੇਟੇ ਵਿਚ ਧਾਗੇ ਇਕ-ਮਿਕ ਹੋਏ ਹੁੰਦੇ ਹਨ। ਹੇ ਪ੍ਰਭੂ ਜੀ! ਤੇਰਾ ਭਗਤ ਤੈਨੂੰ 'ਮੇਰਾ ਪਿਆਰਾ ਪ੍ਰਭੂ, ਮੇਰਾ ਪਿਆਰਾ ਪ੍ਰਭੂ' ਆਖ ਆਖ ਕੇ ਤੇਰਾ ਨਾਮ ਜਪਦਾ ਹੈ, ਤੇਰਾ ਦੀਦਾਰ ਮੰਗਦਾ ਹੈ; ਜਿਵੇਂ ਚਕੋਰ ਦੀ ਨਿਗ੍ਹਾ ਹਰ ਵੇਲੇ ਚੰਦਰਮਾ ਵੱਲ ਹੀ ਰਹਿੰਦੀ ਹੈ।

ਰਾਮ ਸੰਤ ਮਹਿ ਭੇਦੁ ਕਿਛੁ ਨਾਹੀ
ਏਕੁ ਜਨੁ ਕਈ ਮਹਿ ਲਾਖ ਕਰੋਰੀ॥
ਜਾ ਕੈ ਹੀਐ ਪ੍ਰਗਟੁ ਪ੍ਰਭੁ ਹੋਆ
ਅਨਦਿਨੁ ਕੀਰਤਨੁ ਰਸਨ ਰਮੋਰੀ॥੩॥

ਗੁਰਦੇਵ ਜੀ ਆਖ ਰਹੇ ਹਨ- ਹੇ ਭਾਈ! ਪਰਮਾਤਮਾ ਅਤੇ ਪਰਮਾਤਮਾ ਦੇ ਸੰਤ ਵਿਚ ਕੋਈ ਫਰਕ ਨਹੀਂ ਹੁੰਦਾ; ਪਰ ਭਾਈ! ਇਹੋ ਜਿਹਾ ਪ੍ਰਭੂ ਦਾ ਪਿਆਰਾ ਕਈ ਲੱਖਾਂ-ਕਰੋੜਾਂ ਵਿਚੋਂ ਕੋਈ ਇਕ ਹੀ ਹੁੰਦਾ ਹੈ; ਹੇ ਭਾਈ! ਜਿਸ ਵੱਡੇ ਭਾਗਾਂ ਵਾਲੇ ਜੀਵ ਦੇ ਹਿਰਦੇ ਵਿਚ ਪ੍ਰਭੂ ਆਪਣਾ ਪ੍ਰਕਾਸ਼ ਪ੍ਰਗਟ ਕਰ ਦਿੰਦਾ ਹੈ, ਉਹ ਪ੍ਰਭੂ ਦਾ ਪਿਆਰਾ ਹਰ ਵੇਲੇ ਆਪਣੀ ਜੀਭਾ ਨਾਲ ਪ੍ਰਭੂ ਦੀ ਸਿਫਤਿ-ਸਾਲਾਹ ਦਾ ਕੀਰਤਨ ਕਰਦਾ ਰਹਿੰਦਾ ਹੈ।

ਤੁਮ ਸਮਰਥ ਅਪਾਰ ਅਤਿ ਉਚੇ
ਸੁਖਦਾਤੇ ਪ੍ਰਭ ਪ੍ਰਾਨ ਅਧੋਰੀ॥
ਨਾਨਕ ਕਉ ਪ੍ਰਭ ਕੀਜੈ ਕਿਰਪਾ
ਉਨ ਸੰਤਨ ਕੈ ਸੰਗਿ ਸੰਗੋਰੀ॥੪॥

ਸ਼ਬਦ ਦੇ ਅਖੀਰ ਵਿਚ ਗੁਰਦੇਵ ਪਿਤਾ ਜੀ ਅਰਦਾਸ ਕਰਦੇ ਹਨ- ਤੁਮ ਸਮਰਥ ਅਪਾਰ ਅਤਿ ਉਚੇ, ਮੇਰੀ ਜਿੰਦ-ਜਾਨ ਦੇ ਸਹਾਰੇ ਪ੍ਰਭ ਜੀਓ!, ਹੇ ਅਤਿ ਉਚੇ ਪ੍ਰਭੂ ਜੀਓ; ਹੇ ਸੁੱਖਾਂ ਦੇ ਦਾਤੇ ਤੇ ਪ੍ਰਾਣਾਂ ਦੇ ਆਧਾਰ ਪ੍ਰਭੂ! ਤੂੰ ਸਭ ਤਾਕਤਾਂ ਦਾ ਮਾਲਕ ਹੈਂ। ਹੇ ਮੇਰੇ ਮਿਹਰਵਾਨ ਪ੍ਰਭੂ ਜੀਓ! ਮੈਂ ਨਾਨਕ ਉਤੇ ਆਪਣੀ ਕਿਰਪਾ ਕਰ, ਮੈਂ ਤੇਰੇ ਅੱਗੇ ਬੇਨਤੀ ਕਰਦਾ ਹਾਂ; ਮੇਰੇ ਪ੍ਰੀਤਮ ਪਿਆਰੇ ਪ੍ਰਭੂ ਜੀਓ! ਮੈਨੂੰ ਆਪਣੇ ਸੰਤ ਜਨਾਂ ਦੀ ਸੰਗਤ ਵਿਚ ਥਾਂ ਦੇਈ ਰੱਖ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# 1699 ਦੀ ਇਤਿਹਾਸਕ ਵਿਸਾਖੀ

ਵਿਸਾਖੀ 'ਤੇ ਵਿਸ਼ੇਸ਼

ਗੁਰੂ ਨਾਨਕ ਜੋਤਿ ਦੇ ਦਸਵੇਂ ਸਰੂਪ ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਦੀ ਇਤਿਹਾਸਕ ਵਿਸਾਖੀ ਨੂੰ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਨੂੰ ਦੋਧਾਰੇ ਖੰਡੇ ਵਿਚ ਸਮਰੂਪ ਕਰਦਿਆਂ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਖਾਲਸਾ ਪੰਥ ਦੀ ਸਾਜਨਾ ਕੀਤੀ ਸੀ। ਜਿਸ 'ਸਚਿਆਰ' (ਕਿਵ ਸਚਿਆਰਾ ਹੋਈਐ) ਅਤੇ ਗੁਰਮੁਖ (ਗੁਰਮੁਖ ਖੋਜਤ ਭਏ ਉਦਾਸੀ) ਦੀ ਘਾੜਤ ਨੌਂ ਗੁਰੂ ਸਾਹਿਬਾਨ ਨੇ ਸ਼ਬਦ ਦੀ ਸੱਚੀ ਟਕਸਾਲ ਦੀ

**ਮਨਜੀਤ ਸਿੰਘ ਕਲਕੱਤਾ**

ਘਾਲਣਾ ਨਾਲ 230 ਸਾਲਾਂ ਵਿਚ ਘੜੀ, ਉਸੇ ਆਦਰਸ਼ਕ ਮਨੁੱਖ ਨੇ ਜਦ 'ਸਤਿਗੁਰ ਆਗੈ ਸੀਸ ਭੇਟ ਦੇਉ' ਦੀ ਅਗੰਮੀ ਪ੍ਰੀਖਿਆ ਪਾਸ ਕਰ ਲਈ ਤਾਂ ਸੰਤ ਸਿਪਾਹੀ ਦੇ ਰੂਪ ਵਿਚ ਖਾਲਸੇ ਦੀ ਪਦਵੀ ਪ੍ਰਾਪਤ ਹੋਈ।

ਸ੍ਰੀ ਆਨੰਦਪੁਰ ਸਾਹਿਬ ਦੀ ਪਾਵਨ ਧਰਤੀ ਉੱਤੇ 80 ਹਜ਼ਾਰ ਦੇ ਕਰੀਬ ਨਾਨਕ ਨਾਮ ਲੇਵਾ ਸੰਗਤਾਂ ਦੇ ਦੀਵਾਨ ਵਿਚ ਜਦੋਂ ਦਸਮੇਸ਼ ਪਿਤਾ ਨੇ ਲਿਸ਼ਕਦੀ ਸ੍ਰੀ ਸਾਹਿਬ ਕੱਢ ਕੇ ਲਲਕਾਰਿਆ ਕਿ 'ਕੋਈ ਹੈ ਸਿੱਖ ਜੋ ਸਤਿਗੁਰ ਸਾਹਵੇਂ ਸੀਸ ਭੇਟ ਕਰੇ' ਤਾਂ ਕਥਾ ਕੀਰਤਨ ਸੁਣਨ ਆਈਆਂ ਸੰਗਤਾਂ ਲਈ ਇਹ ਬਹੁਤ ਵੱਡਾ ਝਟਕਾ ਸੀ। ਚਾਰੇ ਪਾਸੇ ਸੁੰਨ ਅਤੇ ਘਬਰਾਹਟ ਪਸਰ ਗਈ ਸੀ। ਗੁਰਸੰਗਤਾਂ ਦਾ ਧਨ ਖਾਣ ਵਾਲੇ ਮਸੰਦ ਤਾਂ ਬਚ-ਬਚਾ ਕੇ ਨਿਕਲਣ ਲੱਗ ਪਏ ਪਰ ਉਦੋਂ ਸਭ ਹੈਰਾਨ ਹੋ ਗਏ ਜਦੋਂ ਇੱਕ ਸਿੱਖ ਉੱਠ ਕੇ ਸੀਸ ਭੇਟ ਕਰਨ ਲਈ ਸਾਹਮਣੇ ਆਇਆ। ਇਸ ਸਿੱਖ ਨੂੰ ਨਾਲ ਦੇ ਤੰਬੂ ਵਿਚ ਲਿਜਾਇਆ ਗਿਆ ਤੇ ਫਿਰ ਇੱਕ ਝਟਕੇ ਨਾਲ ਲਹੂ ਲਿਬੜੀ ਸ੍ਰੀ ਸਾਹਿਬ ਲੈ ਕੇ ਗੁਰੂ ਜੀ ਫਿਰ ਪ੍ਰਗਟ ਹੋਏ ਤੇ ਇੱਕ ਹੋਰ ਸੀਸ ਦੀ ਮੰਗ ਕੀਤੀ। ਇਸ ਤਰ੍ਹਾਂ ਇੱਕ-ਇੱਕ ਕਰ ਕੇ ਪੰਜ ਸਿੱਖ ਸੀਸ ਭੇਟ ਕਰਨ ਲਈ ਨਿਤਰੇ।

ਗੁਰੂ ਜੀ ਵੱਲੋਂ ਅਪਨਾਈ ਗਈ ਇਹ ਝਟਕਾ ਤਕਨੀਕ ਅੱਜ ਕੱਲ੍ਹ ਦੀ 'ਸ਼ਾਕ ਥੇਰੇਪੀ' ਦਾ ਹਿੱਸਾ ਸੀ ਜਿਸ ਰਾਹੀਂ ਕੈਂਸਰ ਵਰਗੀਆਂ ਨਾਮੁਰਾਦ ਬਿਮਾਰੀਆਂ ਦਾ ਇਲਾਜ ਕੀਤਾ ਜਾਂਦਾ ਹੈ ਕਿਉਂਕਿ ਗੁਰੂ ਜੀ ਜਾਣਦੇ ਸਨ ਕਿ ਮੌਤ ਦਾ ਡਰ ਹੀ ਮਨੁੱਖ ਨੂੰ ਨਿਰਬਲ ਬਣਾਉਂਦਾ ਹੈ ਜਿਸ ਦੇ ਫਲਸਰੂਪ ਮਨੁੱਖ ਪਰਾਧੀਨਤਾ ਸਵੀਕਾਰ ਕਰਦਾ ਹੈ। ਇਸੇ ਲਈ ਡਰ, ਭੈਅ ਅਤੇ ਬੁਜ਼ਦਿਲੀ ਦੇ ਇਲਾਜ ਲਈ ਇਹ ਅਲੌਕਿਕ ਇਮਤਿਹਾਨ ਹੋਇਆ ਜਿਸ ਨਾਲ ਸੁਆਰਥੀ ਜੀਵਨ ਦੀ ਲਾਲਸਾ ਅਤੇ ਮਰਨ ਕਾਲ ਦਾ ਡਰ ਖਤਮ ਹੋਇਆ।

ਇਸ ਦੇਸ਼ ਵਿਚ ਧਰਮ ਅਤੇ ਇਖਲਾਕ ਕੇਵਲ ਗਿਆਨ ਗੋਸ਼ਟੀ ਅਤੇ ਬਹਿਸ ਲਈ ਹੀ ਰਾਖਵੇਂ ਸਨ। ਗੁਰੂ ਨਾਨਕ ਦੇਵ ਜੀ ਨੇ ਇਸ ਦਸ਼ਾ ਨੂੰ ਖਤਮ ਕਰਨ ਅਤੇ ਸੁੱਤੇ ਹੋਏ ਦੇਸ਼ ਵਾਸੀਆਂ ਨੂੰ ਜਗਾਉਣ ਲਈ ਲਲਕਾਰਿਆ ਸੀ। ਆਨੰਦਪੁਰ ਸਾਹਿਬ ਦੇ ਭਰੇ ਦੀਵਾਨ ਵਿਚ ਸੀਸ ਦੇਣ ਲਈ ਅੱਗੇ ਆਏ ਸਿੰਘਾਂ ਨੂੰ ਦਸਮੇਸ਼ ਪਿਤਾ ਨੇ ਨਵਾਂ ਜਨਮ, ਨਵੀਂ ਦਿੱਖ, ਨਵਾਂ ਚੋਲਾ (ਪੁਸ਼ਾਕ) ਤੇ ਨਵੀਂ ਰਹਿਤ ਦੇ ਕੇ ਸੰਤ ਸਿਪਾਹੀ ਦੇ ਰੂਪ ਵਿਚ ਸੰਗਤਾਂ ਦੇ ਸਨਮੁੱਖ ਕੀਤਾ। ਸ੍ਰੀ ਆਨੰਦਪੁਰ ਸਾਹਿਬ ਵਿਖੇ 1699 ਈਸਵੀ ਵਿਚ ਖਾਲਸੇ ਦੀ ਸਿਰਜਣਾ ਕਰ ਕੇ ਜੋ ਕ੍ਰਾਂਤੀ ਅਤੇ ਬਦਲਾਅ ਦਸਮ ਪਿਤਾ ਨੇ ਲਿਆਂਦਾ, ਉਸ ਨੇ ਸਦੀਆਂ ਤੋਂ ਲਿਤਾੜੇ ਜਾ ਰਹੇ ਕਥਿਤ ਨੀਵੀਆਂ ਜਾਤਾਂ ਦੇ ਗ਼ਰੀਬ, ਪਛੜੇ ਤੇ ਸਾਧਾਰਨ ਲੋਕਾਂ ਨੂੰ ਅਧਿਕਾਰ ਸੰਪੰਨ ਕੀਤਾ। ਕੋਈ ਜੰਗ-ਯੁੱਧ ਨਹੀਂ ਹੋਇਆ। ਨਾ ਹੀ ਕੋਈ ਬਗ਼ਾਵਤ ਤੇ ਨਾ ਹੀ ਕੋਈ ਰਾਜ ਪਲਟਾ ਹੋਇਆ। ਨਾ ਹੀ ਮਨੁੱਖੀ ਅਬਾਦੀਆਂ ਦਾ ਤਬਾਦਲਾ ਤੇ ਨਾ ਹੀ ਕੋਈ ਜਮਾਤੀ ਵੰਡ ਹੋਈ। ਰਾਜ ਨਹੀਂ ਬਦਲਿਆ, ਸਿਰਫ਼ ਪਰਜਾ ਬਦਲੀ। ਸਾਧਾਰਨ ਲੋਕਾਂ ਵਿਚ ਚੇਤਨਤਾ ਆਈ, ਮਜ਼ਹਬੀ, ਸਮਾਜੀ ਅਤੇ ਰਾਜਸੀ ਬੰਧਨਾਂ ਦਾ ਅਹਿਸਾਸ ਹੋਇਆ। ਖੰਡੇ ਬਾਟੇ ਦੇ ਅੰਮ੍ਰਿਤ ਤੇ ਗੁਰਮਤਿ ਰਹਿਤ ਨੇ ਆਤਮਿਕ ਬਲ ਤੇ ਸਵੈ-ਵਿਸ਼ਵਾਸ ਪੈਦਾ ਕੀਤਾ। ਸੀਸ ਭੇਟ ਦੀ ਮਿਸਾਲ ਨੇ ਸਵੈ-ਤਿਆਗ ਤੇ ਜਮਾਤੀ ਜ਼ਬਤ ਪੈਦਾ ਕੀਤਾ। ਜੀਵਨ ਦੀ ਨਿਰਾਸ਼ਤਾ ਤੇ ਨਿਰਾਰਥਕਤਾ ਦੇ ਮਾਹੌਲ ਵਿਚ ਤਬਦੀਲੀ ਆਈ। ਨਵੇਂ ਨਿਸ਼ਾਨੇ, ਉਦੇਸ਼ ਅਤੇ ਟੀਚੇ ਸਥਾਪਤ ਹੋਏ। ਨਾਮ ਬਾਣੀ ਦੀ ਰਹਿਤ ਨੇ ਆਤਮਿਕ ਬਲ ਬਖ਼ਸ਼ਿਆ। ਆਦਰਸ਼ ਦੀ ਏਕਤਾ ਕਾਇਮ ਹੋਈ ਜਿਸ ਦੇ ਆਧਾਰ 'ਤੇ ਸੰਗਤੀ ਭਾਵ ਲੋਕ ਸ਼ਕਤੀ ਗਠਿਤ ਹੋਈ। ਆਦਰਸ਼ ਅਤੇ ਸੰਗਤੀ ਸ਼ਕਤੀ ਦੇ ਸੁਮੇਲ ਨੇ ਮਜ਼ਹਬੀ ਪਖੰਡ ਤੇ ਫੋਕਟ ਕਰਮ, ਮਨੂੰ ਦੀ ਸਮਾਜਕ ਉਚ-ਨੀਚ ਦੀ ਵੰਡ ਖਤਮ ਕਰ ਕੇ ਜਨਤਕ ਏਕਤਾ ਨਾਲ ਰਾਜਸੀ ਜ਼ੁਲਮ ਤੇ ਗੁਲਾਮੀ ਖਿਲਾਫ਼ ਜੱਦੋ-ਜਹਿਦ ਦਾ ਐਲਾਨ ਹੋਇਆ।

ਪੰਜ ਪਿਆਰਿਆਂ ਦੀ ਸੀਸ ਭੇਟ ਦੇ ਸਾਹਸ ਤੇ ਕੁਰਬਾਨੀ ਨੇ ਮੌਤ ਦਾ ਡਰ ਖਤਮ ਕਰ ਕੇ ਜੱਦੋ-ਜਹਿਦ ਦੀ ਅਗਵਾਈ ਕੀਤੀ ਪਰ ਇਹ ਨਹੀਂ ਕਿ ਇੰਨੇ ਵੱਡੇ ਸਮਾਜਕ ਬਦਲਾਅ ਦਾ ਵਿਰੋਧ ਨਹੀਂ ਹੋਇਆ। ਕਥਿਤ ਸਵਰਨ ਜਾਤੀਆਂ ਅਤੇ ਪਹਾੜੀ ਰਾਜਿਆਂ ਨੇ ਇਸ ਨੂੰ ਵਰਣ ਧਰਮ ਦੇ ਉਲਟ ਕਹਿ ਕੇ ਸਖ਼ਤ ਵਿਰੋਧ ਜਤਾਇਆ। ਬ੍ਰਾਹਮਣਾਂ ਨੇ ਧਮਕੀ ਦੇ ਦਿੱਤੀ ਕਿ ਉਹ ਸਿੱਖਾਂ ਦੇ ਘਰਾਂ ਦੇ ਕਿਸੇ ਜਨਮ, ਮਰਨ, ਸ਼ਾਦੀ, ਵਿਆਹ ਆਦਿ ਦੀ ਰਸਮ ਨਹੀਂ ਨਿਭਾਉਣਗੇ। ਦਾਨ ਕਬੂਲ ਨਹੀਂ ਕਰਨਗੇ ਪਰ ਗੁਰੂ ਜੀ ਨੇ ਵੀ ਐਲਾਨ ਕਰ ਦਿੱਤਾ ਸੀ:

ਇਨ ਤੇ ਗਹਿ ਪੰਡਿਤ ਉਪਜਾਊ ਕਥਾ ਕਰਨ ਕੀ ਰੀਤ ਸਿਖਾਊਂ।

...

ਦਾਨ ਦੀਉ ਇਨਹੀ ਕੋ ਭਲੋ ਅਰ ਅਉਰ ਕੋ ਦਾਨ ਨਾ ਲਾਗਤ ਨੀਕੋ।

ਰਾਜਪੂਤ ਵੀ ਆਪਣੇ-ਆਪ ਨੂੰ ਵੱਡਾ ਸਮਝਦੇ ਸਨ ਪਰ ਦਸਮੇਸ਼ ਪਿਤਾ ਨੇ ਉਨ੍ਹਾਂ ਨੂੰ ਸਪਸ਼ਟ ਕੀਤਾ:

ਸ੍ਰੀ ਅਸਪਾਨਿਜ ਤਦਪਿ ਕਹਾਊਂ।
ਚਿੜੀਅਨ ਤੇ ਜਬ ਬਾਜ ਤੁੜਾਊਂ।

ਖਾਲਸਾ ਸਾਜਨਾ ਕੋਈ ਅਚਨਚੇਤ ਹੋਣ ਵਾਲੀ ਘਟਨਾ ਨਹੀਂ ਸੀ ਬਲਕਿ ਇਹ ਇਨਕਲਾਬ ਲਿਆਉਣ ਲਈ 230 ਸਾਲ ਲੱਗ ਗਏ ਸਨ। ਪ੍ਰਸਿੱਧ ਇਤਿਹਾਸਕਾਰ ਡਾ. ਗੋਕਲ ਚੰਦ ਨਾਰੰਗ ਅਨੁਸਾਰ ਗੁਰੂ ਦਸਮੇਸ਼ ਦੇ ਸਰਬਲੋਹ ਦਾ ਖੰਡਾ ਜਿਸ ਸਟੀਲ ਤੋਂ ਬਣਿਆ, ਉਹ ਗੁਰੂ ਨਾਨਕ ਨੇ ਪ੍ਰਦਾਨ ਕੀਤੀ ਸੀ। ਇਸ ਇਤਿਹਾਸਕ ਪਿਛੋਕੜ ਅਤੇ ਵਿਰਾਸਤ ਦੀ ਰੋਸ਼ਨੀ ਵਿਚ ਦਸਮ ਪਾਤਸ਼ਾਹ ਨੇ 33 ਸਾਲ ਦੀ ਉਮਰ ਵਿਚ ਖ਼ਾਲਸਾ ਪੰਥ ਦੀ ਸਾਜਨਾ ਕੀਤੀ।

ਦਸਮੇਸ਼ ਪਿਤਾ ਨੇ ਇਨ੍ਹਾਂ ਪੰਜ ਪਿਆਰਿਆਂ ਨੂੰ ਗੁਰੂ ਰੂਪ ਸਵੀਕਾਰ ਕਰਦਿਆਂ ਆਪ ਉਨ੍ਹਾਂ ਤੋਂ ਅੰਮ੍ਰਿਤ ਛਕਿਆ ਅਤੇ ਇੰਝ ਗੁਰੂ ਨਾਨਕ ਸਾਹਿਬ ਦੇ ਸਿਧਾਂਤ 'ਗੁਰੂ ਸਿੱਖ, ਸਿੱਖ ਗੁਰੂ ਹੈ' ਨੂੰ ਪ੍ਰਵਾਨ ਚੜ੍ਹਾਇਆ। ਜਿਨ੍ਹਾਂ ਪੰਜ ਪਿਆਰਿਆਂ ਨੇ ਸਤਿਗੁਰੂ ਨੂੰ ਸੀਸ ਭੇਟ ਕੀਤੇ, ਉਨ੍ਹਾਂ ਵਿਚੋਂ ਸਿਰਫ਼ ਇੱਕ ਪਿਆਰਾ ਹੀ ਪੰਜਾਬ ਨਾਲ ਸਬੰਧਤ ਸੀ; ਬਾਕੀ ਦੇਸ਼ ਦੇ ਵੱਖ-ਵੱਖ ਸਥਾਨਾਂ ਤੋਂ ਸਨ ਜੋ ਪ੍ਰਗਟਾਉਂਦਾ ਹੈ ਕਿ ਦਸਮ ਪਾਤਸ਼ਾਹ ਦੇ ਸਮੇਂ ਤਕ ਸਿੱਖੀ ਦਾ ਪ੍ਰਚਾਰ ਸਾਰੇ ਦੇਸ਼ ਵਿਚ ਹੋ ਚੁੱਕਿਆ ਸੀ। ਅੰਮ੍ਰਿਤ ਛਕਾਉਣ ਤੋਂ ਬਾਅਦ ਪੰਜ ਪਿਆਰਿਆਂ ਨੂੰ ਪਾਤਸ਼ਾਹ ਦੁਆਰਾ ਜੋ ਨਾਂ ਬਖ਼ਸ਼ੇ ਗਏ, ਉਹ ਵੀ ਅਰਥ ਭਰਪੂਰ ਸਨ। ਸੀਸ ਭੇਟ ਕਰਨ ਵਾਲਾ ਪਹਿਲਾ ਸਿੱਖ ਲਾਹੌਰ ਤੋਂ ਸੀ। ਪਾਤਸ਼ਾਹ ਨੇ ਉਸ ਨੂੰ ਦਇਆ ਸਿੰਘ ਨਾਂ ਬਖ਼ਸ਼ਿਆ। ਗੁਰਬਾਣੀ ਅਨੁਸਾਰ ਦਇਆ ਧਰਮ ਦਾ ਮੂਲ ਹੈ। ਦੂਜਾ ਪਿਆਰਾ ਹਸਤਨਾਪੁਰ, ਅਰਥਾਤ ਦਿੱਲੀ ਤੋਂ ਸੀ। ਖ਼ਾਲਸੇ ਦੀ ਰਾਜਨੀਤੀ ਧਰਮ ਤੇ ਇਖਲਾਕ 'ਤੇ ਟਿਕੀ ਹੋਈ ਹੈ। ਪਾਤਸ਼ਾਹ ਨੇ ਇਸ ਪਿਆਰੇ ਨੂੰ ਧਰਮ ਸਿੰਘ ਨਾਂ ਬਖ਼ਸ਼ਿਆ। ਤੀਜਾ ਪਿਆਰਾ ਜਗਨਨਾਥ ਪੁਰੀ (ਉੜੀਸਾ) ਨਾਲ ਸਬੰਧਤ ਸੀ। ਗੁਰੂ ਜੀ ਨੇ ਇੱਥੋਂ ਆਏ ਪਿਆਰੇ ਨੂੰ ਹਿੰਮਤ ਸਿੰਘ ਨਾਂ ਬਖ਼ਸ਼ਿਆ। ਸੀਸ ਭੇਟ ਕਰਨ ਵਾਲਾ ਜੋ ਚੌਥਾ ਸਿੱਖ ਨਿਤਰਿਆ, ਉਹ ਦਵਾਰਕਾ (ਗੁਜਰਾਤ) ਤੋਂ ਸੀ ਜਿਸ ਨੂੰ ਮੋਹਕਮ ਸਿੰਘ ਨਾਂ ਬਖ਼ਸ਼ਿਆ ਗਿਆ। ਮੋਹਕਮ ਹਠੀ ਅਤੇ ਬਲੀ ਸੂਰਬੀਰ ਨੂੰ ਕਹਿੰਦੇ ਹਨ ਜੋ ਕਦੇ ਮੈਦਾਨ ਨਹੀਂ ਛੱਡਦਾ। ਪੰਜਵਾਂ ਸੀਸ ਭੇਟ ਕਰਨ ਵਾਲਾ ਬਿਦਰ ਸ਼ਹਿਰ ਜੋ ਆਂਧਰਾ ਅਤੇ ਕਰਨਾਟਕਾ ਰਾਜ ਦੀ ਸਰਹੱਦ 'ਤੇ ਸਥਿਤ ਹੈ, ਤੋਂ ਸੀ। ਇਸ ਪੰਜਵੇਂ ਪਿਆਰੇ ਨੂੰ ਸਾਹਿਬ ਸਿੰਘ ਨਾਂ ਬਖ਼ਸ਼ਿਆ ਗਿਆ। ਲਾਹੌਰ ਤੋਂ ਦਇਆ, ਦਿੱਲੀ ਤੋਂ ਧਰਮ, ਜਗਨਨਾਥ ਪੁਰੀ ਤੋਂ ਹਿੰਮਤ, ਦੁਆਰਕਾ ਤੋਂ ਮੋਹਕਮ ਤੇ ਬਿਦਰ ਤੋਂ ਸਾਹਿਬ, ਉਸੇ ਤਰ੍ਹਾਂ ਦੀ ਕਰਾਮਾਤ ਹੈ ਜਿਵੇਂ ਅਸ਼ੋਕ ਮਹਾਨ ਨੇ ਪਾਟਲੀਪੁੱਤਰ ਤੋਂ ਗੰਗਾ ਵਿਚ ਸ਼ਸਤਰ ਵਹਾ ਦਿੱਤੇ ਸਨ, ਪਰ ਦਸਮੇਸ਼ ਪਿਤਾ ਨੇ ਇਸੇ ਪਾਟਲੀਪੁਤਰ (ਹੁਣ ਪਟਨਾ ਸਾਹਿਬ) ਵਿਖੇ ਮਨੁੱਖੀ ਸਨਮਾਨ ਬਹਾਲ ਕਰਨ ਖ਼ਾਤਰ ਸ਼ਸਤਰ ਚੁੱਕੇ।

ਜਦੋਂ ਅਸੀਂ ਖ਼ਾਲਸੇ ਦੀ ਸਾਜਨਾ ਦੀ ਗੱਲ ਕਰਦੇ ਹਾਂ ਤਾਂ ਇਸ ਨੂੰ ਇੱਕ ਸੂਤਰ ਵਿਚ ਪਰੋਣ ਵਾਲੀ ਪੰਜ ਕਕਾਰੀ ਰਹਿਤ ਅਤੇ ਚਾਰ ਕੁਰਹਿਤਾਂ ਨੂੰ ਕਿਵੇਂ ਭੁੱਲਿਆ ਜਾ ਸਕਦਾ ਹੈ? ਪਾਤਸ਼ਾਹ ਨੇ ਅੰਮ੍ਰਿਤ ਛਕਣ ਵਾਲੇ ਦਾ ਪਿਛਲਾ ਧਰਮ, ਕਰਮ, ਕੁਲ, ਜਾਤ ਸਭ ਨਾਸ਼ ਕਰ ਦਿੱਤੇ। ਪੰਜ ਕਕਾਰੀ ਰਹਿਤ ਵਿਚ ਕੇਸ ਰਹਿਤ ਵਿਚ ਵੀ ਹਨ ਤੇ ਕੁਰਹਿਤ ਵਿਚ ਵੀ। ਹਜਾਮਤ ਜਾਂ ਕੇਸ ਅਤੇ ਦਾੜ੍ਹੀ ਨੂੰ ਕੱਟਣ ਜਾਂ ਛਾਂਗਣ ਵਾਲਾ ਗੁਰੂ ਦਾ ਸਿੱਖ ਨਹੀਂ ਹੋ ਸਕਦਾ। ਪਾਤਸ਼ਾਹ ਨੇ ਹੁੱਕਾ ਹਲਾਲ, ਹਜਾਮਤ, ਹਰਾਮ, ਟਿੱਕਾ, ਧੋਤੀ ਅਤੇ ਜੰਞੂ ਦਾ ਤਿਆਗ ਕਰਵਾਇਆ। ਕੇਸਾਂ ਦੀ ਰਹਿਤ ਬਖ਼ਸ਼ ਕੇ ਪਾਤਸ਼ਾਹ ਨੇ ਪੰਥ ਦੀ ਹਸਤੀ ਨਿਆਰੀ ਅਤੇ ਆਜ਼ਾਦ ਬਣਾ ਦਿੱਤੀ। ਕੇਸ ਖ਼ੂਬਸੂਰਤੀ ਅਤੇ ਜਿੱਤ ਦਾ ਚਿੰਨ੍ਹ ਹਨ। ਡਿਕਸ਼ਨਰੀ ਆਫ਼ ਸਿੰਬਲ ਵਿਚ ਵਾਹਿਗੁਰੂ ਨੂੰ 'ਹੁਸਨਲ ਚਿਰਾਗ' ਕਿਹਾ ਗਿਆ ਹੈ।

ਅੱਜ ਦੇ ਯੁੱਗ ਵਿਚ ਥਾਂ-ਥਾਂ ਸ਼ਖ਼ਸੀ ਪੂਜਾ ਦੇ ਅੱਡੇ ਖੁੱਲ੍ਹ ਗਏ ਹਨ। ਕੇਸਾਂ ਦਾ ਤਿਆਗ ਕਰਨਾ ਫੈਸ਼ਨ ਸਮਝਿਆ ਜਾ ਰਿਹਾ ਹੈ, ਪਰ ਅਜਿਹੇ ਲੋਕ ਹੀ ਦੁਨੀਆਂ ਨੂੰ ਬਦਲਣ ਦੀਆਂ ਡੀਗਾਂ ਮਾਰਨ ਵਿਚ ਸਭ ਤੋਂ ਮੋਹਰੀ ਹਨ। ਅਜਿਹੇ ਨੌਜਵਾਨਾਂ ਤੇ ਅਖੌਤੀ ਗੁਰੂਆਂ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਜੋ ਵਿਰਾਸਤ ਸਾਡੇ ਸਿੱਖ ਗੁਰੂ ਸਾਹਿਬਾਨ ਇਸ ਦੇਸ਼ ਤੇ ਸਮਾਜ ਨੂੰ ਦੇ ਗਏ ਹਨ, ਉਹ ਕਿਸੇ ਕੌਮਾਂਤਰੀ ਇਨਕਲਾਬ ਤੋਂ ਘੱਟ ਨਹੀਂ ਹੈ। ਉਹ ਸਾਨੂੰ ਵਿਗਿਆਨ ਦੀ ਕਸਵੱਟੀ 'ਤੇ ਖਰਾ ਉਤਰਨ ਵਾਲਾ, ਕੁਦਰਤੀ ਅਤੇ ਆਧੁਨਿਕ ਧਰਮ ਮਾਰਗ ਬਖ਼ਸ਼ ਗਏ ਹਨ। ਇਸ 'ਤੇ ਚੱਲਣ ਲਈ ਕਿਸੇ ਵੀ ਦੁਨਿਆਵੀ ਪੰਧ 'ਤੇ ਤੁਰਨ ਵਾਂਗ ਨਿਯਮਾਂ ਦੀ ਪਾਲਣਾ ਕਰਨੀ ਜ਼ਰੂਰੀ ਹੈ। ਨਿਯਮਾਂ ਦੀ ਅਣਦੇਖੀ ਕਰਨ ਵਾਲਾ ਆਪਣੇ ਅਤੇ ਸਮਾਜ ਲਈ ਹਮੇਸ਼ਾਂ ਘਾਤਕ ਹੁੰਦਾ ਹੈ। ਦੁਨੀਆਂ ਦੇ ਲੋਕਾਂ ਦੀ ਤਕਦੀਰ ਬਦਲਣ ਦੇ ਦਾਅਵੇ ਕਰਨ ਵਾਲਿਆਂ ਨੂੰ ਇਹ ਸਮਝਣ ਅਤੇ ਸਮਝਾਉਣ ਦੀ ਲੋੜ ਹੈ ਕਿ 1699 ਈਸਵੀ ਵਿਚ ਖ਼ਾਲਸੇ ਦੀ ਸਾਜਨਾ ਤੋਂ ਵੱਡਾ ਅਤੇ ਮਾਨਮੱਤਾ ਇਨਕਲਾਬ ਅਜੇ ਤਕ ਦੁਨੀਆਂ ਵਿਚ ਨਹੀਂ ਆ ਸਕਿਆ ਜੋ ਹਰ ਮਨੁੱਖ ਸਵੈਮਾਨ ਨਾਲ ਖ਼ੁਦ ਤੇ ਦੂਜਿਆਂ ਨੂੰ ਜਿਉਣ ਦੇਣ ਦੀ ਪ੍ਰੇਰਨਾ ਦਿੰਦਾ ਹੈ। ਖ਼ਾਲਸਾ ਇਨਕਲਾਬ ਦੇ ਮਾਣਮੱਤੇ ਇਤਿਹਾਸ ਨੂੰ ਮਹਿਜ਼ ਨਾਅਰਿਆਂ ਜਾਂ ਭਾਸ਼ਣਾਂ ਨਾਲ ਨਹੀਂ, ਬਲਕਿ ਹਕੀਕਤ ਵਿਚ ਜਿਉਂ ਕੇ ਹੀ ਬਰਕਰਾਰ ਰੱਖਿਆ ਜਾ ਸਕਦਾ ਹੈ।

# ਵਿਸਾਖੀ ਦੀ ਰੂਹ ਭੰਗੜਾ

ਖੁਸ਼ੀਆਂ ਖੇੜਿਆਂ ਦਾ ਪ੍ਰਤੀਕ ਵਿਸਾਖੀ ਦਾ ਤਿਉਹਾਰ ਭਾਰਤੀਆਂ ਖ਼ਾਸ ਕਰ ਪੰਜਾਬੀਆਂ ਲਈ ਧਾਰਮਿਕ, ਸਭਿਆਚਾਰਕ ਅਤੇ ਇਤਿਹਾਸਕ ਮਹੱਤਤਾ ਰੱਖਦਾ ਹੈ। ਖ਼ਾਲਸਾ ਪੰਥ ਦੀ ਸਾਜਨਾ ਅਤੇ ਜਲ੍ਹਿਆਂਵਾਲਾ ਬਾਗ਼ ਦਾ ਖ਼ੂਨੀ ਸਾਕਾ ਵਿਸਾਖੀ ਨਾਲ ਸਬੰਧਿਤ ਅਹਿਮ ਇਤਿਹਾਸਕ ਘਟਨਾਵਾਂ ਹਨ।

ਸਭਿਆਚਾਰਕ ਦ੍ਰਿਸ਼ਟੀਕੋਣ ਤੋਂ ਵੇਖਿਆ ਜਾਵੇ ਤਾਂ ਵਿਸਾਖੀ ਅਸਲ ਵਿਚ ਕਿਸਾਨਾਂ ਦਾ ਤਿਉਹਾਰ ਹੈ ਜਿਸ ਨੂੰ ਉੱਤਰੀ ਭਾਰਤ ਵਿਚ ਬੜੇ ਉਤਸ਼ਾਹ ਨਾਲ ਦਰਿਆਵਾਂ, ਝੀਲਾਂ ਅਤੇ ਸਰੋਵਰਾਂ

**ਸੁਖਦੇਵ ਮਾਦਪੁਰੀ**
**ਫੋਨ: 91-94630-34472**

ਦੇ ਕੰਢੇ ਮਨਾਇਆ ਜਾਂਦਾ ਹੈ। ਉੱਤਰੀ ਭਾਰਤ ਦੀ ਹਾੜ੍ਹੀ ਦੀ ਫ਼ਸਲ ਕਣਕ ਜੋ ਇਸ ਖ਼ਿੱਤੇ ਦੀ ਮੁੱਖ ਫ਼ਸਲ ਹੈ, ਇਸ ਸਮੇਂ ਪੱਕ ਕੇ ਤਿਆਰ ਹੋ ਜਾਂਦੀ ਹੈ। ਇਸ ਫ਼ਸਲ ਨਾਲ ਕਿਸਾਨਾਂ ਦੀਆਂ ਆਰਥਿਕ, ਸਮਾਜਕ ਅਤੇ ਮਾਨਸਿਕ ਲੋੜਾਂ ਤੇ ਭਾਵਨਾਵਾਂ ਜੁੜੀਆਂ ਹੋਈਆਂ ਹਨ। ਜਦੋਂ ਜੋਬਨ 'ਤੇ ਆਈ ਕਣਕ ਦੀ ਫ਼ਸਲ ਦੇ ਸੁਨਹਿਰੀ ਸਿੱਟੇ ਹਵਾ ਵਿਚ ਝੂਮਦੇ ਹਨ ਤਾਂ ਕਿਸਾਨ ਦਾ ਮਨ ਵਜਦ ਵਿਚ ਆ ਜਾਂਦਾ ਹੈ। ਭਰਪੂਰ ਫ਼ਸਲ ਦੀ ਪ੍ਰਾਪਤੀ ਲਈ ਸ਼ੁਕਰਾਨੇ ਵਜੋਂ ਕਿਸਾਨ ਵਿਸਾਖੀ ਦਾ ਤਿਉਹਾਰ ਮਨਾਉਂਦੇ ਹਨ। ਸਾਰੇ ਲੋਕ ਇਹ ਤਿਉਹਾਰ ਉਸੇ ਉਤਸ਼ਾਹ ਨਾਲ ਮਨਾਉਂਦੇ ਹਨ ਜਿਸ ਉਤਸ਼ਾਹ ਨਾਲ ਕਿਸਾਨ ਮਨਾਉਂਦਾ ਹੈ। ਔਰਤਾਂ, ਮਰਦ, ਗੱਭਰੂ, ਮੁਟਿਆਰਾਂ ਤੇ ਬੱਚੇ ਬੈਲ ਗੱਡੀਆਂ, ਘੋੜੀਆਂ, ਊਠਾਂ ਅਤੇ ਟਰੈਕਟਰਾਂ 'ਤੇ ਸਵਾਰ ਹੋ ਕੇ ਵਿਸਾਖੀ ਦਾ ਮੇਲਾ ਦੇਖਣ ਜਾਂਦੇ ਹਨ। ਮੇਲਾ ਵੇਖਣ ਜਾਂਦੇ ਪੰਜਾਬੀਆਂ ਦੀ ਤਾਬ ਝੱਲੀ ਨਹੀਂ ਜਾਂਦੀ। ਉਹ ਖ਼ੁਦ ਨੂੰ ਸ਼ਿੰਗਾਰ ਕੇ ਵੰਨ-ਸੁਵੰਨੇ ਪਹਿਰਾਵੇ ਪਹਿਨ ਮੇਲੇ ਦੀ ਰੌਣਕ ਵਧਾਉਂਦੇ ਹਨ। ਪੰਜਾਬ ਦੀ ਨੱਚਦੀ-ਗਾਉਂਦੀ ਸੰਸਕ੍ਰਿਤੀ ਲੋਕ ਮਨਾਂ ਨੂੰ ਤ੍ਰਿਪਤ ਕਰਦੀ ਹੈ। ਗੱਭਰੂ ਮਸਤੀ ਵਿਚ ਝੂਮਦੇ ਹੋਏ ਢੋਲ ਦੇ ਡੱਗੇ ਦੀ ਤਾਲ 'ਤੇ ਭੰਗੜਾ ਪਾਉਂਦੇ ਹਨ। ਭੰਗੜਾ ਪੰਜਾਬੀਆਂ ਦਾ ਹਰਮਨ ਪਿਆਰਾ ਲੋਕ ਨਾਚ ਹੈ ਜੋ ਪੁਰਾਤਨ ਸਮੇਂ ਤੋਂ ਹੀ ਪੱਛਮੀ ਪੰਜਾਬ ਵਿਚ ਵਿਸਾਖੀ ਮੌਕੇ ਪਾਇਆ ਜਾਂਦਾ ਰਿਹਾ ਹੈ। ਤਕਰੀਬਨ ਹਰ ਪਿੰਡ ਵਿਚ ਭੰਗੜੇ ਪੈਂਦੇ ਸਨ। ਸਰਗੋਧਾ, ਸਿਆਲਕੋਟ ਅਤੇ ਗੁੱਜਰਾਂਵਾਲਾ ਦੇ ਇਲਾਕੇ ਵਿਚ ਵਿਸਾਖੀ ਨੂੰ ਵਿਸ਼ੇਸ਼ ਤੌਰ 'ਤੇ ਭੰਗੜੇ ਪੈਂਦੇ ਸਨ। ਐਬਟਾਬਾਦ ਦੀ ਵਿਸਾਖੀ ਦੇ ਮੇਲੇ 'ਤੇ ਤਾਂ ਭੰਗੜੇ ਦੇ ਮੁਕਾਬਲੇ ਵੀ ਕਰਵਾਏ ਜਾਂਦੇ ਸਨ। ਲੋਕ ਨਾਚ ਭੰਗੜੇ ਵਿਚ ਵਿਸਾਖੀ ਦੀ ਰੂਹ ਵਿਦਮਾਨ ਹੈ। ਢੋਲੀ ਜੋ ਆਮ ਕਰ ਕੇ ਭਰਾਈ ਹੁੰਦੇ ਸਨ, ਢੋਲ 'ਤੇ ਡੱਗਾ ਮਾਰਦਾ ਹੈ। ਡੱਗਾ ਵੱਜਦੇ ਹੀ ਗੱਭਰੂ ਘਰਾਂ 'ਚੋਂ ਨਿਕਲ ਤੁਰਦੇ ਹਨ। ਢੋਲ ਦੀ ਆਵਾਜ਼ ਧੂਹ ਪਾਉਂਦੀ ਹੈ। ਖ਼ੁਸ਼ੀ ਵਿਚ ਖੀਵਾ ਹੋਇਆ ਕੋਈ ਗੱਭਰੂ ਕੰਨ 'ਤੇ ਹੱਥ ਰੱਖ ਕੇ ਹੇਕ ਲਾਉਂਦਾ ਹੈ:

ਪਾਰ ਝਨਾਉਂ ਦਿਸਦਾ ਈ ਬੇਲਾ
ਦੱਬ ਕੇ ਡੱਗਾ ਮਾਰ ਓ ਸੇ
ਦੁਨੀਆਂ ਝੱਟ ਦਾ ਮੇਲਾ।




ਪਿੰਡ ਦੀ ਮੋਕਲੀ ਸੱਥ ਵਿਚ ਖੜੋਤਾ ਢੋਲੀ ਢੋਲ 'ਤੇ ਡੱਗਾ ਮਾਰਦਾ ਹੈ ਤੇ ਗੱਭਰੂ ਉਸ ਦੁਆਲੇ ਘੇਰਾ ਘੱਤ ਲੈਂਦੇ ਹਨ। ਡੱਗੇ ਦੀ ਮਿੱਠੀ-ਮਿੱਠੀ ਤਾਲ ਹੌਲੀ-ਹੌਲੀ ਤੇਜ਼ ਹੁੰਦੀ ਜਾਂਦੀ ਹੈ ਤੇ ਨਾਚ ਸ਼ੁਰੂ ਹੋ ਜਾਂਦਾ ਹੈ। ਗੱਭਰੂ ਮਸਤੀ ਵਿਚ ਆ ਕੇ ਗੋਲ ਦਾਇਰੇ 'ਚ ਹੌਲੀ-ਹੌਲੀ ਝੂਮਦਿਆਂ ਢੋਲ ਦੇ ਡੱਗੇ ਨਾਲ ਤਾਲ ਮਿਲਾਉਂਦੇ, ਆਪਣੇ ਪੈਰਾਂ ਅਤੇ ਹੱਥਾਂ ਨੂੰ ਹਿਲਾਉਂਦੇ, ਸਰੀਰਾਂ ਨੂੰ ਲਚਕਾਉਂਦੇ, ਮੋਢੇ ਮਾਰਦੇ ਅਤੇ 'ਹਈ ਸ਼ਾ, ਹਈ ਸ਼ਾ' ਬੋਲਦੇ ਹੋਏ ਨੱਚਦੇ ਹਨ। ਨਾਚ ਤੇਜ਼ੀ ਫੜਦਾ ਹੈ। ਕਦੀ ਗੱਭਰੂ ਦਾਇਰੇ ਤੋਂ ਬਾਹਰ ਨਿਕਲ ਕੇ ਜੋਟੀਆਂ ਬਣਾ ਕੇ ਪੈਰਾਂ ਭਾਰ ਬੈਠਦੇ ਹੋਏ ਅੱਗੇ-ਪਿੱਛੇ ਨੱਚਦੇ ਹਨ। ਕੋਈ ਕੀਮਾ-ਮਲਕੀ ਦਾ ਖੂਹ 'ਤੇ ਪਾਣੀ ਪਿਆਉਣ ਦਾ ਸਾਂਗ ਕਰਦਾ ਹੈ, ਕੋਈ ਸੱਪ ਤੇ ਬਗਲੇ ਦੀ ਝਾਕੀ ਪੇਸ਼ ਕਰਦਾ ਹੈ। ਉਨ੍ਹਾਂ ਦੀਆਂ ਵੰਨ-ਸੁਵੰਨੀਆਂ ਹਰਕਤਾਂ ਦਰਸ਼ਕਾਂ ਦਾ ਮਨ ਮੋਹ ਲੈਂਦੀਆਂ ਹਨ। ਢੋਲੀ ਤਾਲ ਨੂੰ ਤੇਜ਼ ਕਰਦਾ ਹੈ ਤੇ ਨਾਲ ਹੀ ਨੱਚਣ ਵਾਲੇ ਵੀ ਆਪਣੀਆਂ ਹਰਕਤਾਂ ਤੇਜ਼ ਕਰੀ ਜਾਂਦੇ ਹਨ। ਸਾਰਿਆਂ ਦੇ ਸਰੀਰ ਮੁੜ੍ਹਕੋ-ਮੁੜ੍ਹਕੀ ਹੋ ਜਾਂਦੇ ਹਨ। ਢੋਲੀ ਤਾਲ ਬਦਲਦਾ ਹੈ ਤੇ ਸਾਰੇ ਪਾਸੇ ਚੁੱਪ ਛਾ ਜਾਂਦੀ ਹੈ। ਨਾਚ ਰੁਕ ਜਾਂਦਾ ਹੈ। ਫਿਰ ਘੇਰੇ ਵਿਚੋਂ ਇੱਕ ਗੱਭਰੂ ਅੱਗੇ ਵਧਦਾ ਹੈ ਤੇ ਆਪਣਾ ਇੱਕ ਹੱਥ ਆਪਣੇ ਕੰਨ ਅਤੇ ਦੂਜਾ ਢੋਲ 'ਤੇ ਰੱਖ ਕੇ ਕਿਸੇ ਢੋਲੇ ਨੂੰ ਹੇਕ ਨਾਲ ਗਾਉਂਦਾ ਹੈ:

ਕੰਨਾਂ ਨੂੰ ਬੁੰਦੇ ਸਿਰ ਛੱਤੇ ਨੇ ਕਾਲੇ
ਦਹੀਂ ਦੇ ਧੋਤੇ ਮੇਰੇ ਮੱਖਣਾਂ ਦੇ ਪਾਲੇ
ਰਲ ਮਿੱਟੀ ਵਿਚ ਗਏ ਨੇ
ਸੱਜਣ ਕੌਲ ਨਹੀਂ ਪਾਲੇ
ਤੇਰੇ ਬਾਝੋਂ ਢੋਲਿਆ
ਸਾਨੂੰ ਕੌਣ ਸੰਭਾਲੇ।

ਕੋਈ ਹੋਰ ਗੱਭਰੂ ਅੱਗੇ ਵਧ ਕੇ ਹੇਕ ਲਾਉਂਦਾ ਹੈ:

ਚੜ੍ਹਿਆ ਏ ਚੰਨ
ਨਾਲੇ ਚੜ੍ਹੀਆਂ ਨੇ ਤਾਰੀਆਂ
ਕੁਝ ਡੁੱਬ ਗਈਆਂ
ਤੇ ਕੁਝ ਡੁੱਬਣ ਹਾਰੀਆਂ
ਮੇਰਾ ਪੀਠਾ ਸੁਰਮਾ
ਲੁੱਟ ਲਿਆ ਕੁਆਰੀਆਂ
ਉਨ੍ਹਾਂ ਕੀ ਵਸਣਾ ਸਹੁਰੇ ਸੇ
ਜਿਨ੍ਹਾਂ ਪੇਕੇ ਲਾਈਆਂ ਯਾਰੀਆਂ...

ਜਦੋਂ ਢੋਲਾ ਖ਼ਤਮ ਹੁੰਦਾ ਹੈ ਤਾਂ ਢੋਲੀ ਫਿਰ ਢੋਲ 'ਤੇ ਡੱਗਾ ਮਾਰਦਾ ਹੈ ਤੇ ਨਾਚ ਵਾਲਾ ਤਾਲ ਵੱਜਦਾ ਹੈ ਤੇ ਨਾਚ ਮੁੜ ਸ਼ੁਰੂ ਹੋ ਜਾਂਦਾ ਹੈ। ਪਹਿਲਾਂ ਵਾਂਗ ਨਾਚ ਦੀ ਗਤੀ ਹੌਲੀ ਹੁੰਦੀ ਹੈ ਤੇ ਤਾਲ ਦੀ ਰਫ਼ਤਾਰ ਨਾਲ ਤੇਜ਼ ਹੋ ਜਾਂਦੀ ਹੈ। ਨਾਚ ਦਾ ਘੇਰਾ ਘਟਦਾ-ਵਧਦਾ ਰਹਿੰਦਾ ਹੈ। ਜਿਹੜੇ ਥੱਕ ਜਾਂਦੇ ਹਨ, ਉਹ ਬੈਠ ਜਾਂਦੇ ਹਨ ਤੇ ਨਾਲੋ-ਨਾਲ ਹੋਰ ਗੱਭਰੂ ਘੇਰੇ ਵਿਚ ਸ਼ਰੀਕ ਹੋਈ ਜਾਂਦੇ ਹਨ। ਇਸ ਰਵਾਇਤੀ ਨਾਚ ਵਿਚ ਨੱਚਣ ਵਾਲਿਆਂ ਦੀ ਕੋਈ ਪੱਕੀ ਗਿਣਤੀ ਨਹੀਂ ਹੁੰਦੀ। ਇੱਕ ਗੱਲ ਲਾਜ਼ਮੀ ਹੈ ਕਿ ਕੋਈ ਨਚਾਰ ਤਾਲ ਨਾ ਤੋੜੇ ਤੇ ਢੋਲ ਦੀ ਤਾਲ 'ਤੇ ਨੱਚਦਾ ਰਹੇ, ਸਰੀਰਕ ਹਰਕਤਾਂ ਜਿਵੇਂ ਮਰਜ਼ੀ ਕਰੀ ਜਾਵੇ। ਇਸ ਨਾਚ ਦੀ ਹੋਰਨਾਂ ਲੋਕ ਨਾਚਾਂ ਵਾਂਗ ਕੋਈ ਬੱਝਵੀਂ ਤਕਨੀਕ ਨਹੀਂ ਹੈ। ਇਸ ਲਈ ਵਿਸ਼ੇਸ਼ ਪਹਿਰਾਵੇ ਦੀ ਵੀ ਲੋੜ ਨਹੀਂ ਪਰ ਅੱਜ ਕੱਲ੍ਹ ਸਕੂਲਾਂ ਅਤੇ ਕਾਲਜਾਂ ਵਾਲੇ ਆਪਣੀਆਂ-ਆਪਣੀਆਂ ਭੰਗੜਾ ਟੀਮਾਂ ਲਈ ਵਿਸ਼ੇਸ਼ ਪ੍ਰਕਾਰ ਦੀਆਂ ਪੁਸ਼ਾਕਾਂ ਤਿਆਰ ਕਰਵਾਉਂਦੇ ਹਨ ਜਿਨ੍ਹਾਂ ਵਿਚ ਆਮ ਕਰ ਕੇ ਚਾਦਰੇ, ਕਮੀਜ਼ਾਂ ਅਤੇ ਜਾਕਟਾਂ ਹੁੰਦੀਆਂ ਹਨ। ਅੱਜ ਕੱਲ੍ਹ ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਯੂਥ ਫ਼ੈਸਟੀਵਲਾਂ 'ਚ ਭੰਗੜੇ ਦੇ ਮੁਕਾਬਲੇ ਵੀ ਕਰਵਾਏ ਜਾਂਦੇ ਹਨ। ਇਹ ਅਜੋਕੇ ਪੰਜਾਬੀਆਂ ਦਾ ਹਰਮਨ ਪਿਆਰਾ ਲੋਕ ਨਾਚ ਬਣ ਗਿਆ ਹੈ। ਜੋਸ਼ ਭਰਪੂਰ ਅਤੇ ਵਲਵਲਿਆਂ ਭਰਪੂਰ ਇਸ ਨਾਚ ਦੀਆਂ ਧੁੰਮਾਂ ਪੂਰੀ ਦੁਨੀਆਂ ਵਿਚ ਪੈ ਰਹੀਆਂ ਹਨ।

## ਆਰਮੀਨੀ ਨਸਲਕੁਸ਼ੀ-2

# ਸਿਆਸਤ ਹੇਠ ਦਬੀਆਂ ਬੇਗੁਨਾਹਾਂ ਦੀਆਂ ਚੀਕਾਂ

*ਸਾਲ 1915-16 ਵਿਚ ਅਰਮੀਨੀਆਈ ਲੋਕਾਂ ਦੇ ਹੋਏ ਘਾਣ ਬਾਰੇ ਜੱਗ-ਜਹਾਨ ਨੂੰ ਨਾਲ ਦੀ ਨਾਲ ਹੀ ਖਬਰ ਹੋ ਗਈ ਸੀ। ਇਸ ਘਾਣ ਦੇ ਵੇਰਵੇ ਬੜੇ ਹੌਲਨਾਕ ਹਨ। ਸਿੱਖ ਵਿਦਵਾਨ ਪ੍ਰੋ. ਹਰਪਾਲ ਸਿੰਘ ਪੰਨੂ ਨੇ ਇਸ ਘਾਣ ਬਾਰੇ ਕੁਝ ਵੇਰਵੇ ਆਪਣੇ ਲੰਮੇ ਲੇਖ 'ਅਰਮੀਨੀ ਨਸਲਕੁਸ਼ੀ' ਵਿਚ ਸਾਂਝੇ ਕੀਤੇ ਹਨ। ਦੋ ਹਿੱਸਿਆਂ ਵਿਚ ਛਾਪੇ ਜਾ ਰਹੇ ਇਸ ਲੇਖ ਦਾ ਪਹਿਲਾ ਹਿੱਸਾ ਤੁਸੀਂ ਪਿਛਲੇ ਅੰਕ ਵਿਚ ਪੜ੍ਹ ਚੁੱਕੇ ਹੋ, ਦੂਜਾ ਹਿੱਸਾ ਐਤਕੀਂ ਛਾਪਿਆ ਜਾ ਰਿਹਾ ਹੈ। -ਸੰਪਾਦਕ*

### ਲੇਖਕ ਦੀ ਟਿੱਪਣੀ

*1984 ਵਿਚ ਪਹਿਲਾਂ ਦਰਬਾਰ ਸਾਹਿਬ ਸਮੇਤ 42 ਗੁਰਦੁਆਰਿਆਂ ਉਪਰ ਪੰਜਵੇਂ ਪਾਤਸ਼ਾਹ ਦੇ ਸ਼ਹੀਦੀ ਪੁਰਬ ਸਮੇਂ ਫੌਜਾਂ ਚੜ੍ਹੀਆਂ, ਫਿਰ ਇੰਦਰਾ ਗਾਂਧੀ ਦੇ ਕਤਲ ਪਿਛੋਂ ਸਿੱਖਾਂ ਦਾ ਵਿਆਪਕ ਕਤਲੇਆਮ ਹੋਇਆ; ਮੇਰੇ ਦਿਮਾਗ ਵਿਚ ਅਕਸਰ ਖਿਆਲ ਆਉਂਦਾ ਕਿ ਜੇ ਗਲੋਬ ਉਪਰ ਸਿੱਖਾਂ ਦਾ ਕੋਈ ਦੇਸ ਹੁੰਦਾ, ਉਸ ਦੀ ਮਦਦ ਸਦਕਾ ਬਚਣ ਦੀ ਸੰਭਾਵਨਾ ਹੋ ਸਕਦੀ। ਆਰਮੀਨੀ ਲੋਕਾਂ ਦਾ ਇਕ ਸਦੀ ਦਾ ਇਤਿਹਾਸ ਪੜ੍ਹਿਆ ਤਾਂ ਦੇਖਿਆ, ਇਨ੍ਹਾਂ ਈਸਾਈਆਂ ਨੂੰ ਬਚਾਉਣ ਕੋਈ ਈਸਾਈ ਮੁਲਕ ਨਹੀਂ ਆਇਆ। ਅਮਰੀਕਾ ਅਤੇ ਇੰਗਲੈਂਡ ਨੇ ਤਬਾਹੀ ਦੀਆਂ ਰਿਪੋਰਟਾਂ ਜ਼ਰੂਰ ਤਿਆਰ ਕਰਵਾਈਆਂ, ਕਸੂਰਵਾਰ ਤੁਰਕਾਂ ਨੂੰ ਸਜ਼ਾਵਾਂ ਤੱਕ ਨਹੀਂ ਦੇ ਸਕੇ ਹਾਲਾਂਕਿ ਦੂਜੀ ਸੰਸਾਰ ਜੰਗ ਸਮੇਂ ਤੁਰਕੀ ਉਪਰ ਅੰਗਰੇਜ਼ਾਂ ਦਾ ਕਬਜ਼ਾ ਹੋ ਗਿਆ ਸੀ। ਹਰ ਦੇਸ ਦਾ ਆਪੋ-ਆਪਣਾ ਸਿਆਸੀ ਏਜੰਡਾ ਸੀ ਜਿਸ ਵਿਚੋਂ ਆਰਮੀਨੀ ਲੋਕਾਂ ਦੇ ਬਚਾਉਣ ਦੀ ਵਿਉਂਤ ਮਨਫੀ ਸੀ। ਭਾਰਤ ਵਿਚ ਮੁਸਲਮਾਨਾਂ ਦੇ ਕਤਲੇਆਮ ਹੁੰਦੇ ਰਹਿੰਦੇ ਹਨ, ਇਸਲਾਮੀ ਦੇਸ ਉਨ੍ਹਾਂ ਵਾਸਤੇ ਹਾਅ ਦਾ ਨਾਅਰਾ ਵੀ ਨਹੀਂ ਮਾਰਦੇ।*

ਸਾਲ 1993 ਵਿਚ ਰਾਬਰਟ ਫਿਸਕ ਦਾ ਆਰਮੀਨੀ ਲੋਕਾਂ ਦੀ ਹੋਣੀ ਬਾਰੇ ਲੇਖ 'ਇੰਡੀਪੈਂਡੈਂਟ' ਵਿਚ ਲੇਖ ਛਪਿਆ। ਤੁਰਕੀ ਦੇ ਪਾਠਕਾਂ ਨੇ ਸੰਪਾਦਕ ਨੂੰ ਖਤ ਲਿਖੇ- ਫਿਸਕ ਗਪੌੜ-ਸੰਖ ਹੈ। ਜੋ ਉਹਨੇ ਲਿਖਿਆ, ਜੇ ਇਹ ਵਾਪਰਿਆ ਵੀ, ਤਾਂ ਇਸ ਦਾ ਕਾਰਨ ਓਟੋਮਾਨ ਤੁਰਕੀ ਵਿਚ ਪਹਿਲੀ ਸੰਸਾਰ ਜੰਗ ਵੇਲੇ ਦੀ ਅਫਰਾ-ਤਫਰੀ ਹੈ ਕਿਉਂਕਿ ਉਦੋਂ ਆਰਮੀਨੀ ਲੋਕ ਦੁਸ਼ਮਣ ਰੂਸ ਦੀ ਫੌਜ ਵਿਚ ਭਰਤੀ ਹੋ ਗਏ ਸਨ। ਇਹ ਸਿਆਸੀ ਪ੍ਰਾਪੇਗੰਡਾ ਹੈ। ਸੰਪਾਦਕ ਨੂੰ ਕਿਹਾ, ਫਿਸਕ ਨੂੰ ਨੌਕਰੀ ਤੋਂ ਕੱਢੋ। ਤੁਰਕੀ-ਅਮਰੀਕਾ ਸਭਾਵਾਂ ਦੇ ਮੁਖੀ ਗੁਲੇਰ ਨੇ ਸੰਪਾਦਕ ਨੂੰ ਲਿਖਿਆ, ਸਾਰੇ ਆਰਮੀਨੀ ਲੋਕਾਂ ਨੇ ਦੁਸ਼ਮਣ ਨਾਲ ਰਲ ਕੇ ਤੁਰਕ ਮੁਸਲਮਾਨਾਂ ਖਿਲਾਫ ਸਿਵਲ ਵਾਰ ਛੇੜ ਦਿੱਤੀ ਸੀ ਤਾਂ ਇਹੋ ਹੋਣਾ ਸੀ। ਬੀਬੀ ਸੂਨ ਕਾਕਿਰ ਨੇ ਫਿਸਕ ਨੂੰ ਲਿਖਿਆ, ਆਰਮੀਨੀ




ਹਰਪਾਲ ਸਿੰਘ ਪੰਨੂ
ਫੋਨ: 91- 94642-51454

ਨਸਲਕੁਸ਼ੀ ਦੀ ਕਹਾਣੀ ਨਿਰੀ ਮਨਘੜਤ, ਗੱਪ, ਕੋਰੀ ਕਲਪਨਾ ਹੈ। ਏਰਾਨ ਨੇ ਲਿਖਿਆ, ਉਲਟ ਹੋਇਆ ਸੀ। ਆਰਮੀਨੀ ਲੋਕਾਂ ਨੇ ਰੂਸੀਆਂ ਨਾਲ ਮਿਲ ਕੇ ਤੁਰਕਾਂ ਦੀ ਨਸਲਕੁਸ਼ੀ ਕਰਨੀ ਚਾਹੀ ਸੀ। ਜਿਨ੍ਹਾਂ ਨੂੰ ਤੁਸੀਂ ਕਾਤਲ ਤੇ ਅਪਰਾਧੀ ਆਖਦੇ ਹੋ, ਉਹ ਆਰਮੀਨੀਆਂ ਦੇ ਜ਼ੁਲਮੋ-ਸਿਤਮ ਦੇ ਸ਼ਿਕਾਰ ਹੋਏ। ਨਿਊ ਯਾਰਕ ਰਹਿੰਦੇ ਜ਼ੋਰਬਾ ਨੇ ਲਿਖਿਆ, ਬਦਨੀਤ ਨਾਲ ਲਿਖਿਆ ਇਕ ਸਦੀ ਪਹਿਲਾਂ ਹੋਈ ਘਟਨਾ ਬਾਰੇ ਤੇਰਾ ਲੇਖ ਪੜ੍ਹਿਆ। ਤੂੰ ਜੱਜ ਬਣ ਕੇ ਹੁਕਮ ਸੁਣਾਉਣ ਵਾਲਾ ਕੌਣ ਹੁੰਨੈਂ? ਇਤਿਹਾਸਕਾਰ ਇਸ ਦਾ ਫੈਸਲਾ ਕਰਨ ਤਾਂ ਕਰਨ, ਪੱਤਰਕਾਰਾਂ ਦਾ ਕੰਮ ਨਹੀਂ ਇਹ!

ਲੰਡਨ ਵਿਚ ਤੁਰਕ ਰਾਜਦੂਤ ਕੋਰਕਮਜ਼ ਨੇ ਅਖਬਾਰ ਦੇ ਸੰਪਾਦਕ ਨੂੰ ਲਿਖਿਆ, ਮੇਰੇ ਪਰਿਵਾਰ ਅਤੇ ਨਸਲ ਦੇ ਕਈ ਬੰਦੇ ਆਰਮੀਨੀ ਅਤਿਵਾਦੀਆਂ ਹੱਥੋਂ ਮਰੇ। ਫਿਸਕ ਪੁਰਾਣੇ ਜ਼ਖਮ ਕਿਉਂ ਹਰੇ ਕਰ ਰਿਹੈ?

ਫਿਸਕ ਨੇ ਜਵਾਬ ਦਿੱਤਾ, ਸ਼ੁਕਰ ਐ ਇੰਨਾ ਕੁ ਤਾਂ ਮੰਨ ਗਿਆ ਕਿ ਜ਼ਖਮ ਹੈ ਸਨ। 1982 ਦੇ ਸਾਲ ਤਲਅਵੀਵ (ਇਜ਼ਰਾਈਲ) ਵਿਚ ਨਸਲਕੁਸ਼ੀ ਵਿਸ਼ੇ ਉਪਰ ਕਾਨਫਰੰਸ ਹੋਈ। ਤੁਰਕ ਸਰਕਾਰ ਨੇ ਕਿਹਾ, ਜੇ ਆਰਮੀਨੀ ਘੱਲੂਘਾਰੇ ਬਾਰੇ ਤੱਥ-ਰਿਕਾਰਡ ਪੇਸ਼ ਕੀਤਾ ਗਿਆ ਤਾਂ ਸਾਡੇ ਇਜ਼ਰਾਈਲ ਨਾਲ ਸਬੰਧ ਵਿਗੜ ਜਾਣਗੇ। ਇਜ਼ਰਾਈਲ ਦੇ ਨਸਲਕੁਸ਼ੀ ਮਾਹਿਰ ਇਜ਼ਰੀਲ ਚਰਨੀ ਨੂੰ ਸ਼ਿਮੋਨ ਪੀਅਰਜ਼ ਨੇ ਕਿਹਾ, ਆਰਮੀਨੀ ਲੋਕਾਂ ਬਾਰੇ ਵਿਚਾਰ-ਵਟਾਂਦਰਾਂ ਨਹੀਂ ਕਰਨਾ। ਸ਼ਿਮੋਨ ਦੀ ਗੱਲ ਨਹੀਂ ਮੰਨੀ ਗਈ। ਮਸਲਾ ਆਰਮੀਨੀਆਂ ਤੋਂ ਸ਼ੁਰੂ ਹੁੰਦਾ।



*ਮੁਸਤਫਾ ਕਮਲ ਅੱਤਾਤੁਰਕ ਜੋ ਆਧੁਨਿਕ ਤੁਰਕੀ ਦਾ ਪਿਤਾਮਾ ਹੈ, ਨੇ 23 ਅਪਰੈਲ 1920 ਨੂੰ ਆਰਮੀਨੀ ਜੀਆਘਾਤ ਦੀ ਨਿਖੇਧੀ ਕਰਦਿਆਂ ਇਸ ਨੂੰ ਸ਼ਰਮਨਾਕ ਕਾਰਵਾਈ ਕਿਹਾ ਸੀ।*

2001 ਵਿਚ ਪੀਅਰਜ਼ ਇਜ਼ਰਾਈਲ ਦਾ ਵਿਦੇਸ਼ ਮੰਤਰੀ ਸੀ; ਉਸ ਨੇ ਸਰਕਾਰੀ ਦੌਰੇ 'ਤੇ ਅੰਕਾਰਾ ਜਾਣਾ ਸੀ। ਜਾਣ ਤੋਂ ਪਹਿਲਾਂ ਅਨਾਤੋਲੀਆ ਨਿਊਜ਼ ਏਜੰਸੀ ਨੂੰ ਇੰਟਰਵਿਊ ਦੇਣ ਵਕਤ ਉਸ ਨੇ ਕਿਹਾ, ਆਰਮੀਨੀ ਲੋਕਾਂ ਦੀ ਨਸਲਕੁਸ਼ੀ ਹੋਈ, ਅਸੀਂ ਇਸ ਗੱਲ ਤੋਂ ਇਨਕਾਰ ਕਰਦੇ ਹਾਂ। ਇਹੋ ਜਿਹਾ ਕੋਈ ਭਾਣਾ ਨਹੀਂ ਵਾਪਰਿਆ। ਆਰਮੀਨੀ ਲੋਕ ਮੁਸ਼ਕਿਲਾਂ ਵਿਚੋਂ ਲੰਘੇ, ਇਹ ਸਹੀ ਹੈ, ਪਰ ਘੱਲੂਘਾਰੇ ਵਰਗਾ ਕੁਝ ਨਹੀਂ। ਇਤਿਹਾਸਕ ਤੱਥਾਂ ਨੂੰ ਵਿਗਾੜਨਾ ਠੀਕ ਨਹੀਂ ਹੁੰਦਾ। ਚਰਨੀ ਨੇ ਇਸ ਬਿਆਨ ਦਾ ਜਵਾਬ ਦੇਣਾ ਹੀ ਸੀ:

ਤੂੰ ਸਦਾਚਾਰ ਦੀ ਹੱਦ ਟੱਪ ਗਿਆ ਹੈਂ, ਕਿਸੇ ਯਹੂਦੀ ਨੂੰ ਅਜਿਹੀ ਉਲੰਘਣਾ ਨਹੀਂ ਕਰਨੀ ਚਾਹੀਦੀ। ਤੇਰਾ ਇਹ ਬਿਆਨ ਇਜ਼ਰਾਈਲ ਸਟੇਟ ਦੇ ਹਿਤਾਂ ਵਾਸਤੇ ਮਜਬੂਰੀਵਸ ਵੀ ਦਿੱਤਾ ਹੋ ਸਕਦਾ ਹੈ ਪਰ ਯਹੂਦੀ ਅਤੇ ਇਜ਼ਰਾਈਲੀ ਨਾਗਰਿਕ ਹੋਣ ਕਾਰਨ ਮੈਨੂੰ ਤੇਰਾ ਬਿਆਨ ਪੜ੍ਹ ਕੇ ਸ਼ਰਮ ਆਈ। ਤੈਨੂੰ ਯਾਦ ਕਰਾ ਦਿਆਂ ਕਿ 2000 ਵਿਚ ਫਿਲਾਡੈਲਫੀਆ 'ਚ ਯਹੂਦੀ ਨਸਲਕੁਸ਼ੀ ਉਪਰ ਕਾਨਫਰੰਸ ਹੋਈ ਸੀ। ਉਥੇ ਦੁਨੀਆਂ ਭਰ ਦੇ ਖੋਜੀਆਂ, ਇਤਿਹਾਸਕਾਰਾਂ ਵਿਚ ਯਹੂਦੀ ਵਿਦਵਾਨ ਵੀ ਸਨ। ਉਸ 'ਐਸੋਸੀਏਸ਼ਨ ਆਫ ਜੀਨੋਸਾਈਡ ਸਕਾਲਰਜ਼' ਵਿਚ ਆਰਮੀਨੀ ਫੁੱਲ ਸਕੇਲ ਨਸਲਕੁਸ਼ੀ ਮਤੇ ਦੇ ਐਲਾਨਨਾਮੇ ਉਪਰ ਸਭ ਨੇ ਸਰਬ ਸੰਮਤੀ ਨਾਲ ਦਸਤਖਤ ਕੀਤੇ ਸਨ। ਇਸੇ ਤਰ੍ਹਾਂ ਦਾ ਮਤਾ 1997 ਵਿਚ ਵੀ ਪਾਸ ਹੋਇਆ ਸੀ ਕਿ ਤੁਰਕਾਂ ਨੇ ਆਰਮੀਨੀ ਲੋਕਾਂ ਦਾ ਬੀਜ ਨਾਸ ਕਰਨਾ ਚਾਹਿਆ।

ਇਜ਼ਰੀਲ ਚਰਨੀ ਆਪਣੀ ਧੁਨ ਦਾ ਇੰਨਾ ਪੱਕਾ ਕਿ ਦੋ ਜਿਲਦਾਂ ਵਿਚ ਘੱਲੂਘਾਰਿਆਂ ਦਾ ਵਿਸ਼ਵਕੋਸ਼ ਛਾਪ ਦਿੱਤਾ, 'ਐਨਸਾਈਕਲੋਪੀਡੀਆ ਆਫ ਜੀਨੋਸਾਈਡ', ਜਿਸ ਵਿਚ ਤੁਰਕ ਰਿਕਾਰਡ ਦੇ ਹਵਾਲੇ ਨੱਥੀ ਕਰ ਕੇ 45 ਪੰਨੇ ਆਰਮੀਨੀ ਕਤਲੇਆਮ ਉਪਰ ਲਿਖੇ। ਇਸ ਬਿਰਤਾਂਤ ਵਿਚ ਪ੍ਰਸਿੱਧ ਤੁਰਕ ਇਤਿਹਾਸਕਾਰ ਅਹਿਮਦ ਰਫੀਕ ਦਾ ਵਾਕ ਛਾਪਿਆ। ਰਫੀਕ ਓਟੋਮਾਨ ਹਕੂਮਤ ਦੇ ਜਨਰਲ ਸਟਾਫ ਵਿਚ ਉਦੋਂ ਇੰਟੈਲੀਜੈਂਸ ਅਫਸਰ ਸੀ। ਉਸ ਨੇ ਦੱਸਿਆ, ਸਰਕਾਰ ਦਾ ਪੂਰੀ ਆਰਮੀਨੀ ਵਸੋਂ ਨੂੰ ਮਿਟਾ ਦੇਣ ਦਾ ਮਕਸਦ ਸੀ।

1982 ਦੀ ਨਸਲਕੁਸ਼ੀ ਬਾਰੇ ਕਾਨਫਰੰਸ ਤੋਂ ਪਹਿਲਾਂ ਏਲੀ ਵੀਜ਼ਲ ਨੂੰ ਤੁਰਕ ਸਰਕਾਰ ਦੇ ਨੁਮਾਇੰਦੇ ਨੇ ਕਿਹਾ, ਜੇ ਕਾਨਫਰੰਸ 'ਚ ਆਰਮੀਨੀ ਵਿਦਵਾਨ ਸੱਦੇ ਤਾਂ ਤੁਰਕ ਇਹਨੂੰ ਗੰਭੀਰਤਾ ਨਾਲ ਲੈਣਗੇ ਤੇ ਮੁਸ਼ਕਿਲਾਂ ਖੜ੍ਹੀਆਂ ਹੋਣਗੀਆਂ।

ਆਰਮੀਨੀ ਮੁਆਵਜ਼ੇ ਨਹੀਂ ਮੰਗਦੇ, ਮੁਆਫੀਆਂ ਨਹੀਂ ਮੰਗਵਾਉਂਦੇ। ਕੀ ਤੁਰਕਾਂ ਦੇ ਹੁਕਮ ਸਦਕਾ ਸਾਢੇ ਪੰਜ ਲੱਖ ਪਿੰਜਰਾਂ ਬਾਰੇ ਗੱਲ ਕਰਨੀ ਵੀ ਮਨ੍ਹਾਂ ਹੈ? ਸੋ ਤੁਰਕ ਇਨ੍ਹਾਂ ਪਿੰਜਰਾਂ ਬਾਰੇ ਗੱਲ ਕਰਨ ਤੋਂ ਵੀ ਰੋਕਣਗੇ। ਯਹੂਦੀਆਂ ਦੀ ਨਸਲਕੁਸ਼ੀ ਦੀ ਖਿਮਾ ਜਰਮਨ ਸਰਕਾਰ ਨੇ ਮੰਗ ਲਈ ਹੈ, ਮੰਨ ਲਿਆ ਕਿ ਪਾਪ ਹੋਇਆ। ਤੁਰਕ ਆਪਣੇ ਗੁਨਾਹਾਂ ਤੋਂ ਇੰਨੇ ਖੌਫਜ਼ਦਾ ਹਨ ਕਿ ਗੱਲ ਨਹੀਂ ਕਰਨ ਦਿੰਦੇ, ਇਸ ਨਸਲਕੁਸ਼ੀ ਤੋਂ ਪੂਰਨ ਮੁਨਕਰ ਹਨ। ਨਿਊ ਯਾਰਕ ਯੂਨੀਵਰਸਿਟੀ ਦੇ ਏਰਿਕ ਲੇਵਿਸ ਨੇ ਕਿਹਾ, ਮ੍ਰਿਤਕ ਆਰਮੀਨੀ ਲੋਕਾਂ ਦੇ ਘਰ, ਦੁਕਾਨਾਂ, ਜ਼ਮੀਨਾਂ ਉਪਰ ਤੁਰਕਾਂ ਦਾ ਕਬਜ਼ਾ ਹੋ ਗਿਆ ਹੈ; ਸੋਚਦੇ ਨੇ ਕਿ ਜੇ ਮੰਨ ਲਿਆ, ਇਹ ਜੁਰਮ ਕੀਤਾ ਸੀ, ਤਾਂ ਦੁਨੀਆਂ ਕਹੇਗੀ, ਫਿਰ ਉਨ੍ਹਾਂ ਦੀ ਜਾਇਦਾਦ ਛੱਡੋ। ਕਾਬਜ਼ ਕਦੋਂ ਜਾਇਦਾਦ ਛੱਡਦੇ? ਮੰਨੋ ਨਾ ਕਿ ਕੁਝ ਹੋਇਆ ਸੀ। ਚਾਹੀਦਾ ਇਹ ਹੈ ਕਿ ਤੁਰਕ ਸਰਕਾਰ ਆਪਣੇ ਸਿਖਿਆ ਸਿਲੇਬਸਾਂ ਵਿਚ ਆਰਮੀਨੀ ਲੋਕਾਂ ਦੀ ਕਥਾ ਆਧੁਨਿਕ ਇਤਿਹਾਸ ਦਾ ਹਿੱਸਾ ਬਣਾਏ।

ਜਦੋਂ ਪੋਪ ਜਾਨ ਪਾਲ ਦੂਜੇ ਦਾ ਬਿਆਨ ਆਇਆ ਕਿ ਆਰਮੀਨੀ ਨਸਲਕੁਸ਼ੀ ਤੋਂ ਸਿੱਖਣਾ ਪਏਗਾ, ਇਹੋ ਜਿਹੀਆਂ ਦੁਰਘਟਨਾਵਾਂ ਮੁੜ ਨਾ ਵਾਪਰਨ ਤਾਂ ਤੁਰਕੀ ਅਖਬਾਰ 'ਮਿਲਿਤ' ਨੇ ਪਹਿਲੇ ਸਫੇ ਤੇ ਸੁਰਖੀ ਲਾਈ, 'ਸਠਿਆਏ ਬੁੱਢੇ ਦਾ ਦਿਮਾਗ ਹਿੱਲ ਗਿਐ।' ਅਮਰੀਕਾ ਅਤੇ ਯੂਰਪ ਨੂੰ ਕੋਈ ਲੋੜ ਨਹੀਂ ਤੁਰਕੀ ਨੂੰ ਅਕਲ ਸਿਖਾਉਣ ਕਿਉਂਕਿ ਉਹ ਇਨ੍ਹਾਂ ਦੇ ਹਥਿਆਰਾਂ ਦਾ ਵੱਡਾ ਗਾਹਕ ਹੈ। ਅਮਰੀਕਾ ਵਿਚ ਮਜ਼ਬੂਤ ਤੁਰਕ ਲਾਬੀ ਉਸ ਪੱਤਰਕਾਰ 'ਤੇ ਹਮਲਾ ਕਰਵਾ ਦਿੰਦੀ ਹੈ ਜਿਹੜਾ ਆਰਮੀਨੀ ਲੋਕਾਂ ਦੇ ਹੱਕ ਵਿਚ ਕੁੱਝ ਲਿਖੇ। 'ਨਿਊ ਯਾਰਕ ਟਾਈਮਜ਼' ਨੇ 1915 ਵਿਚ ਪੂਰੀ ਬਹਾਦਰੀ ਅਤੇ ਇਮਾਨਦਾਰੀ ਨਾਲ ਦੁਨੀਆਂ ਨੂੰ ਆਰਮੀਨੀ ਸਾਕੇ ਤੋਂ ਜਾਣੂ ਕਰਵਾਇਆ ਸੀ, ਹੁਣ ਇਹ ਅਖਬਾਰ ਵੀ ਕੂਟਨੀਤੀ ਦੀ ਵਜ੍ਹਾ ਕਰ ਕੇ ਕਮਜ਼ੋਰ ਹੋ ਗਿਆ ਹੈ। ਸਟੀਫਨ ਦਾ 26 ਮਾਰਚ 1998 ਨੂੰ ਇਸ ਮਸਲੇ 'ਤੇ ਲੇਖ ਛਪਿਆ, ਉਸ ਨੇ ਤੁਰਕੀ ਵਿਚ 70 ਹਜ਼ਾਰ ਬਚੇ ਆਰਮੀਨੀ ਲੋਕਾਂ ਬਾਰੇ ਲਿਖਿਆ:

ਓਟੋਮਾਨ ਹਕੂਮਤ ਵੇਲੇ ਆਰਮੀਨੀ ਲੋਕਾਂ ਦੇ ਤੁਰਕਾਂ ਨਾਲ ਸਬੰਧ ਚੰਗੇ ਸਨ ਪਰ 1915 ਦੀਆਂ ਗਰਮੀਆਂ ਵਿਚ ਪੂਰਬੀ ਅਨਾਤੋਲੀਆ ਇਲਾਕਿਆਂ ਵਿਚ ਕਤਲ ਸ਼ੁਰੂ ਹੋ ਗਏ। ਜੋ ਕੁਝ ਹੋਇਆ, ਉਸ ਬਾਰੇ ਭਾਵੇਂ ਵਾਦ-ਵਿਵਾਦ ਹਨ ਪਰ ਕਾਫੀ ਆਰਮੀਨੀ, ਨਸਲੀ ਸਫਾਈ ਕਾਰਨ ਅਚਾਨਕ ਹਿੰਸਾ ਭੜਕਣ ਕਾਰਨ, ਲੰਮੇ ਪੈਦਲ ਸਫਰਾਂ ਵਿਚ ਮਰ ਗਏ ਜਾਂ ਮਾਰੇ ਗਏ।

ਸਟੀਫਨ ਲੱਖਾਂ ਦੀ ਗੱਲ ਨਹੀਂ ਕਰਦਾ, 'ਕਾਫੀ ਸਾਰੇ' ਆਖਦਾ ਹੈ ਤੇ ਇਹ ਮਸਲਾ ਵਿਵਾਦ ਵਾਲਾ ਦੱਸਦਾ ਹੈ। ਬੀਜ ਨਾਸ ਨਹੀਂ ਕਹਿੰਦਾ, ਨਸਲੀ ਸਫਾਈ ਆਖਦਾ ਹੈ। ਇਸ ਲੇਖ ਤੋਂ ਪਤਾ ਲਗਦਾ ਹੈ ਕਿ ਆਰਮੀਨੀ ਨਸਲਕੁਸ਼ੀ ਤੋਂ ਇਨਕਾਰੀ ਤਾਕਤਵਰ ਲਾਬੀ ਕੰਮ ਕਰ ਰਹੀ ਹੈ। ਬਾਅਦ ਵਿਚ ਸਟੀਫਨ ਨੇ ਇਕ ਹੋਰ ਲੇਖ ਲਿਖਿਆ ਜਿਸ ਦਾ ਟਾਈਟਲ ਸੀ, 'ਜੋ ਯਾਦ ਹੈ, ਆਰਮੀਨੀ ਉਸ ਨੂੰ ਭੁੱਲ ਜਾਣ।' ਸਟੀਫਨ ਨੂੰ ਚਾਹੀਦੈ, ਯਹੂਦੀਆਂ ਨੂੰ ਵੀ ਸਮਝਾਏ ਕਿ ਉਨ੍ਹਾਂ ਨਾਲ ਅੱਵਲ ਤਾਂ ਜ਼ਿਆਦਤੀ ਹੋਈ ਨਹੀਂ, ਜੇ ਮਾੜੀ ਮੋਟੀ ਹੋਈ, ਉਸ ਨੂੰ ਭੁੱਲ ਜਾਣ। 'ਨਿਊ ਯਾਰਕ ਟਾਈਮਜ਼' ਨੇ 27 ਅਪਰੈਲ 2002 ਨੂੰ ਫਿਰ ਸਟੀਫਨ ਦਾ ਲੇਖ ਛਾਪਿਆ। ਪਤਾ ਲੱਗਾ ਕਿ ਵਾਸ਼ਿੰਗਟਨ ਵਿਚ ਆਰਮੀਨੀ ਨਸਲਕੁਸ਼ੀ ਤੇ ਅਜਾਇਬਘਰ ਬਣੇਗਾ। ਸਟੀਫਨ ਦੀ ਟਿੱਪਣੀ:

ਵਾਸ਼ਿੰਗਟਨ ਵਿਚ ਪਹਿਲਾਂ ਹੀ ਯੂਨਾਈਟਿਡ ਸਟੇਟਸ ਹੋਲੋਕਾਸਟ ਮਿਊਜ਼ੀਅਮ ਮੌਜੂਦ ਹੈ ਜਿਸ ਵਿਚ ਉਨ੍ਹਾਂ ਲੋਕਾਂ ਦਾ ਰਿਕਾਰਡ ਹੈ ਜਿਨ੍ਹਾਂ ਦੀ ਨਸਲਕੁਸ਼ੀ ਹੋਈ। ਉਸ ਵਿਚ ਰੱਖੀ ਸਮੱਗਰੀ ਨਿਰਵਿਵਾਦ ਹੈ ਪਰ 1915 ਦੀਆਂ ਘਟਨਾਵਾਂ ਦੇ ਤੱਥ ਤਾਂ ਅਜੇ ਵਿਵਾਦ ਵਾਲੇ ਹਨ।

8 ਜੂਨ 2003 ਨੂੰ ਇਸੇ ਅਖਬਾਰ ਨੇ ਇਤਿਹਾਸਕ ਫੋਟੋ ਛਾਪੀ; ਕੈਪਸ਼ਨ ਸੀ: 'ਆਰਮੀਨੀ ਲੋਕ ਫੌਜ ਦੀ ਨਿਗਰਾਨੀ ਵਿਚ ਕੂਚ ਕਰਦੇ ਜੇਲ੍ਹ ਵੱਲ ਜਾਂਦੇ ਹੋਏ।'

ਬਦਨਸੀਬ ਆਰਮੀਨੀਆਂ ਨੂੰ ਜੇਲ੍ਹ ਦਾ ਸੁੱਖ ਭੋਗਣਾ ਨਸੀਬ ਨਹੀਂ ਹੋਇਆ। ਕਤਲ ਕਰਨ ਤੋਂ ਪਹਿਲੋਂ ਤਸੀਹੇ ਦੇਣ ਲਈ ਉਹ ਸਭ ਨੂੰ ਪੈਦਲ ਤੋਰਦੇ, ਰਸਤੇ ਵਿਚ ਰੇਪ ਕਰਦੇ ਜਾਂਦੇ ਤੇ ਆਖਰ ਸਮੂਹਕ ਸਫਾਇਆ। ਇਹ ਹਰਪੁਤ ਕਸਬੇ ਦੀ ਉਹੀ ਫੋਟੋ ਹੈ ਜੋ ਜਰਮਨ ਵਪਾਰੀ ਨੇ ਖਿੱਚੀ ਸੀ।

ਲਾਉਰੀ ਨੇ ਓਟੋਮਾਨ ਹਕੂਮਤ 'ਤੇ ਡਾਕਟਰੇਟ ਕਰਨੀ ਸੀ, ਇਸਤੰਬੂਲ ਜਾ ਕੇ ਪੜ੍ਹਦਾ ਰਿਹਾ, ਉਥੇ ਦੀ ਯੂਨੀਵਰਸਿਟੀ ਵਿਚ ਲੈਕਚਰ ਦਿੱਤੇ। ਤੁਰਕੀ ਸਰਕਾਰ ਨੇ ਵਾਸ਼ਿੰਗਟਨ ਵਿਚ ਆਪਣੇ ਖਰਚੇ ਨਾਲ 'ਇੰਸਟੀਚਿਊਟ ਫਾਰ ਟਰਕਿਸ਼ ਸਟੱਡੀਜ਼' ਖੋਲ੍ਹਿਆ। ਪੜ੍ਹਾਈ ਪੂਰੀ ਕਰਨ ਪਿਛੋਂ ਲਾਉਰੀ 1986 ਵਿਚ ਇਸ ਦਾ ਡਾਇਰੈਕਟਰ ਲੱਗ ਗਿਆ। ਉਦੋਂ ਤੋਂ ਲੈ ਕੇ ਹੁਣ ਤੱਕ ਆਪਣੀਆਂ ਲਿਖਤਾਂ ਰਾਹੀਂ ਸਿੱਧ ਕਰਨ ਲੱਗਾ ਹੋਇਆ ਹੈ ਕਿ 1915 ਵਿਚ ਕੋਈ ਨਸਲਕੁਸ਼ੀ ਨਹੀਂ ਹੋਈ। ਉਹ ਪਾਰਲੀਮੈਂਟ ਦੇ ਮੈਂਬਰਾਂ ਨੂੰ ਮਿਲਦਾ ਰਿਹਾ ਹੈ ਕਿ ਆਰਮੀਨੀ ਲੋਕਾਂ ਦੇ ਹੱਕ ਵਿਚ ਪਾਸ ਕੀਤੇ ਮਤੇ ਵਾਪਸ ਲਵੋ।

ਰਾਬਰਟ ਨੇ ਕਿਤਾਬ ਲਿਖੀ 'ਦਿ ਨਾਜ਼ੀ ਡਾਕਟਰਜ਼' ਜਿਸ ਵਿਚ ਆਰਮੀਨੀਆਂ ਦੇ ਅਨੇਕ ਹਵਾਲੇ ਹਨ। ਅਮਰੀਕਾ ਵਿਚ ਤੁਰਕ ਸਫੀਰ ਨੁਜ਼ਹਿਤ ਨੇ ਰਾਬਰਟ ਨੂੰ ਖਤ ਲਿਖਿਆ ਕਿ ਤੁਹਾਨੂੰ ਅਜਿਹੇ ਹਵਾਲੇ ਨਹੀਂ ਦੇਣੇ ਚਾਹੀਦੇ। ਕਲਰਕ ਤੋਂ ਗਲਤੀ ਨਾਲ ਲਿਫਾਫੇ ਵਿਚ ਉਹ ਖਤ ਵੀ ਪੈ ਗਿਆ ਜਿਹੜਾ ਲਾਉਰੀ ਨੇ ਇਸ ਸਫੀਰ ਨੂੰ ਲਿਖਿਆ ਸੀ। ਸਫੀਰ ਨੇ ਰਾਬਰਟ ਨੂੰ ਖਤ ਕਿਵੇਂ ਲਿਖਣਾ ਹੈ, ਉਸ ਵਿਚ ਕੀ-ਕੀ ਲਿਖਣਾ ਹੈ, ਇਹ ਲਾਉਰੀ ਦਾ ਤਿਆਰ ਕੀਤਾ ਡ੍ਰਾਫਟ ਸੀ ਜੋ ਸਫੀਰ ਨੇ ਆਪਣੇ ਲੈਟਰ ਪੈਡ 'ਤੇ ਟਾਈਪ ਕਰਵਾ ਕੇ ਆਪਣੇ ਦਸਤਖਤਾਂ ਹੇਠ ਭੇਜਣਾ ਸੀ। ਲਾਉਰੀ ਦੀਆਂ ਸੇਵਾਵਾਂ ਜੱਗ ਜ਼ਾਹਿਰ ਹੋ ਗਈਆਂ।

ਹਾਰਵਰਡ, ਜਾਰਜ ਟਾਊਨ, ਇੰਡੀਆਨਾ, ਪੋਰਟਲੈਂਡ ਸਟੇਟ ਅਤੇ ਸ਼ਿਕਾਗੋ ਵਿਚ ਵੀ ਤੁਰਕੀ ਚੇਅਰਾਂ ਹਨ। ਇਨ੍ਹਾਂ ਦੇ ਡਾਇਰੈਕਟਰ ਲੱਗਣ ਲਈ ਵਿਦਿਅਕ ਯੋਗਤਾ ਇਹ ਹੋਣੀ ਚਾਹੀਦੀ ਹੈ ਕਿ ਉਮੀਦਵਾਰ ਤੁਰਕੀ ਵਿਚ ਜਾ ਕੇ ਪੜ੍ਹਿਆ ਹੋਵੇ, ਤੁਰਕਾਂ ਨਾਲ ਦੋਸਤਾਨਾ ਸਬੰਧ ਹੋਣ ਤੇ ਤੁਰਕ ਵਿਦਵਾਨ ਉਸ ਨੂੰ ਚੰਗਾ ਸਮਝਣ। ਇਸ ਤੋਂ ਸਾਬਤ ਹੋ ਜਾਂਦਾ ਹੈ ਕਿ ਆਰਮੀਨੀਆਂ ਬਾਰੇ ਜ਼ਿਕਰ ਕਰਨਾ ਨੁਕਸਾਨਦਾਇਕ ਹੋਵੇਗਾ, ਦੋਸਤਾਨਾ ਸਬੰਧ ਨਹੀਂ ਰਹਿਣਗੇ। ਅਮਰੀਕਾ ਦੇ ਲਾਸ ਏਂਜਲਸ ਵਿਖੇ ਕੈਲੀਫੋਰਨੀਆ ਯੂਨੀਵਰਸਿਟੀ ਵਿਚ ਤੁਰਕੀ ਚੇਅਰ ਬੰਦ ਕਰ ਦਿੱਤੀ ਹੈ। ਡੇਢ ਸੌ ਵਿਦਵਾਨ ਜੋ ਨਸਲਕੁਸ਼ੀ ਵਿਸ਼ੇ ਦੇ ਮਾਹਿਰ ਹਨ, ਨੇ ਦਸਤਖਤ ਕਰ ਕੇ ਤੁਰਕੀ ਤੋਂ ਮੰਗ ਕੀਤੀ ਹੈ ਕਿ ਆਰਮੀਨੀ ਬੀਜ ਨਾਸ ਤੋਂ ਇਨਕਾਰੀ ਅੰਦੋਲਨ ਨਾ ਚਲਾਓ। ਮਕਤੂਲ ਦੂਹਰੀ ਮੌਤ ਮਰੇ। ਇਕ ਤਾਂ ਨਸਲਘਾਤ ਵੇਲੇ, ਦੂਜੀ ਵਾਰ ਉਦੋਂ ਮਰੇ ਜਦੋਂ ਕਿਹਾ ਗਿਆ ਨਸਲਘਾਤ ਹੋਇਆ ਹੀ ਨਹੀਂ। ਜਿਹੜੇ ਦੁਖਿਆਰੇ ਬਚ ਗਏ, ਉਨ੍ਹਾਂ ਨੂੰ ਇਹ ਸੰਦੇਸ਼ ਹੈ ਕਿ ਤੁਸੀਂ ਦੁਖੀ ਨਹੀਂ।

ਅਜੇ ਤਾਂ ਵੱਡੀਆਂ ਹਸਤੀਆਂ ਨੇ ਆਪਣੇ ਜਲਵੇ ਦਿਖਾਉਣੇ ਹਨ, ਸਾਲ 2000 ਵਿਚ ਅਮਰੀਕਾ ਦੀ ਪਾਰਲੀਮੈਂਟ ਵਿਚ ਆਰਮੀਨੀ ਲੋਕਾਂ ਦੀ ਨਸਲਕੁਸ਼ੀ ਉਪਰ ਹਮਦਰਦੀ ਪ੍ਰਗਟ ਕਰਦਿਆਂ ਬਿਲ ਪੇਸ਼ ਹੋਇਆ। ਕੁਦਰਤੀ ਹੈ, ਵੋਟਾਂ ਨਾਲ ਪਾਸ ਹੋਣਾ ਸੀ। ਤੁਰਕੀ ਨੇ ਵਾਸ਼ਿੰਗਟਨ ਨੂੰ ਤਾੜਨਾ ਕੀਤੀ ਕਿ ਜੇ ਬਿਲ ਪਾਸ ਹੋਇਆ, ਤਾਂ ਨਾ ਅਸੀਂ ਤੁਹਾਡੇ ਜਹਾਜ਼ ਤੁਰਕੀ ਵਿਚ ਉਤਰਨ ਦਿਆਂਗੇ, ਨਾ ਤੁਰਕੀ ਉਪਰ ਦੀ ਲੰਘਣ ਦਿਆਂਗੇ। ਤੁਰਕ ਰੱਖਿਆ ਮੰਤਰੀ ਨੇ ਕਿਹਾ, ਅਸੀਂ ਹਥਿਆਰ ਖਰੀਦਣ ਦੀ ਸੰਧੀ ਰੱਦ ਕਰ ਦਿਆਂਗੇ। ਇਜ਼ਰਾਈਲ ਨੇ ਤੁਰਕੀ ਦੀ ਹਮਾਇਤ ਵਿਚ ਅਮਰੀਕਾ ਨੂੰ ਕਿਹਾ। ਬਿਲ ਕਲਿੰਟਨ ਨੇ ਸ਼ਰਮਨਾਕ ਕਾਰਵਾਈ ਕੀਤੀ, ਬਿਲ ਵਾਪਸ ਲੈ ਲਿਆ।

ਹਮਦਰਦ ਵੀ ਮਿਲੇ। ਫਰਾਂਸ ਦੇ ਇਤਿਹਾਸਕਾਰ ਬਰਨਰਡ ਲੇਵਿਸ ਨੇ ਲਿਖ ਦਿੱਤਾ ਸੀ ਕਿ ਇਸ ਤਰ੍ਹਾਂ ਦੀ ਕੋਈ ਗੱਲ ਨਹੀਂ ਹੋਈ, ਆਰਮੀਨੀ ਲੋਕਾਂ ਦੀ ਨਸਲਕੁਸ਼ੀ ਬਾਰੇ ਕੇਵਲ ਆਰਮੀਨੀ ਲੋਕ ਕਹਿੰਦੇ ਹਨ। ਇਹ ਉਨ੍ਹਾਂ ਦਾ ਪੱਖ ਹੈ। ਫਰਾਂਸ ਵਿਚ ਰੌਲਾ ਪੈ ਗਿਆ ਕਿਉਂਕਿ ਫਰਾਂਸ ਵਿਚ ਆਰਮੀਨੀ ਨਸਲਕੁਸ਼ੀ ਤੋਂ ਇਨਕਾਰੀ ਹੋਣਾ ਅਪਰਾਧ ਹੈ। ਹਾਈਕੋਰਟ ਨੇ ਬਰਨਰਡ ਨੂੰ ਦੋਸ਼ੀ ਮੰਨ ਕੇ ਸਜ਼ਾ ਦਿੱਤੀ। ਫਰਾਂਸ ਦੀ ਸੈਨੇਟ ਨੇ ਇਸ ਨਸਲਕੁਸ਼ੀ ਬਾਰੇ ਬਿਲ ਪਾਸ ਕਰਨਾ ਸੀ। ਫਰਾਂਸੀਸੀ ਵਿਦੇਸ਼ ਸਕੱਤਰ ਨੇ ਬਿਆਨ ਦਿੱਤਾ, ਕੀ ਹੋਇਆ ਸੀ, ਕੀ ਨਹੀਂ ਹੋਇਆ, ਇਸ ਦਾ ਫੈਸਲਾ ਇਤਿਹਾਸਕਾਰ ਕਰਨ, ਸੈਨੇਟ ਦਾ ਇਸ ਨਾਲ ਕੀ ਸਬੰਧ? ਲਗਦੈ, ਤੁਰਕੀ ਸਰਕਾਰ ਨੇ

(ਬਾਕੀ ਅਗਲੇ ਸਫੇ 'ਤੇ)

*ਸਾਲ 1993 ਵਿਚ ਰਾਬਰਟ ਫਿਸਕ ਦਾ ਆਰਮੀਨੀ ਲੋਕਾਂ ਦੀ ਹੋਣੀ ਬਾਰੇ ਲੇਖ 'ਇੰਡੀਪੈਂਡੈਂਟ' ਅਖਬਾਰ ਵਿਚ ਲੇਖ ਛਪਿਆ। ਤੁਰਕੀ ਦੇ ਪਾਠਕਾਂ ਨੇ ਸੰਪਾਦਕ ਨੂੰ ਖਤ ਲਿਖੇ ਕਿ ਫਿਸਕ ਗਪੌੜ-ਸੰਖ ਹੈ। ਜੋ ਉਸ ਨੇ ਲਿਖਿਆ, ਜੇ ਇਹ ਵਾਪਰਿਆ ਵੀ, ਤਾਂ ਇਸ ਦਾ ਕਾਰਨ ਓਟੋਮਾਨ ਤੁਰਕੀ ਵਿਚ ਪਹਿਲੀ ਸੰਸਾਰ ਜੰਗ ਵੇਲੇ ਦੀ ਅਫਰਾ-ਤਫਰੀ ਹੈ, ਕਿਉਂਕਿ ਉਦੋਂ ਆਰਮੀਨੀ ਲੋਕ ਸਾਡੇ ਦੁਸ਼ਮਣ ਰੂਸ ਦੀ ਫੌਜ ਵਿਚ ਭਰਤੀ ਹੋ ਗਏ ਸਨ। ਇਹ ਸਿਆਸੀ ਪ੍ਰਾਪੇਗੰਡਾ ਹੈ।*



ਰਾਬਰਟ ਫਿਸਕ

ਵਿਦੇਸ਼ ਸਕੱਤਰ ਨੂੰ ਅਜਿਹਾ ਕਰਨ ਦੀ ਸਲਾਹ ਦਿੱਤੀ ਹੋਵੇ? ਪਰ ਇਸ ਸਕੱਤਰ ਦੇ ਬਿਆਨ ਨੇ ਅਸਰ ਨਹੀਂ ਕੀਤਾ। ਨਵੰਬਰ ਵਿਚ ਸੈਨੇਟ ਨੇ ਬਿਲ ਪਾਸ ਕੀਤਾ, ਦੋ ਮਹੀਨਿਆਂ ਬਾਅਦ ਨੈਸ਼ਨਲ ਅਸੈਂਬਲੀ ਨੇ ਪਾਸ ਕਰ ਦਿੱਤਾ।

ਅਸਮਾਨ ਡਿਗਣਾ ਹੀ ਸੀ। ਫਰਾਂਸ ਦੀ ਕੰਪਨੀ 'ਅਲਮੇ ਤਿਲ' ਨਾਲ ਤੁਰਕੀ ਨੇ ਉਪਗ੍ਰਹਿ ਜਾਸੂਸੀ ਵਾਸਤੇ 200 ਮਿਲੀਅਨ ਡਾਲਰ ਦਾ ਸੌਦਾ ਤੈਅ ਕੀਤਾ ਸੀ, ਸੋ ਰੱਦ ਕਰ ਦਿੱਤਾ। ਫਰੈਂਚ ਕੰਪਨੀ 'ਗਿਆਤ' ਨਾਲ ਟੈਂਕਾਂ ਦੀ ਖਰੀਦ ਲਈ ਸੱਤ ਬਿਲੀਅਨ ਡਾਲਰ ਦਾ ਸੌਦਾ ਕੈਂਸਲ ਕੀਤਾ। ਤੁਰਕੀ ਪਾਰਲੀਮੈਂਟ ਵਿਚ ਮਤਾ ਪਾਸ ਕੀਤਾ ਕਿ ਫਰਾਂਸੀਸੀਆਂ ਨੇ ਅਲਜੀਰੀਅਨਾਂ ਦੀ ਨਸਲਕੁਸ਼ੀ ਕੀਤੀ ਸੀ ਜਿਸ ਨੂੰ ਸਖਤ ਸ਼ਬਦਾਂ ਵਿਚ ਨਿੰਦਦੇ ਹਾਂ। ਇੰਗਲੈਂਡ ਦੇ ਪ੍ਰਧਾਨ ਮੰਤਰੀ ਨੂੰ ਕਿਹਾ ਗਿਆ, ਤੁਸੀਂ ਵੀ ਆਰਮੀਨੀਆਂ ਬਾਰੇ ਹਾਅ ਦਾ ਨਾਅਰਾ ਮਾਰੋ। ਉਸ ਨੇ ਉਤਰ ਦਿੱਤਾ, 80 ਸਾਲ ਪਹਿਲਾਂ ਵਾਪਰੀਆਂ ਘਟਨਾਵਾਂ ਦਾ ਜ਼ਿਕਰ ਕਿਸ ਵਾਸਤੇ ਫਾਇਦੇਮੰਦ ਹੋਵੇਗਾ? ਇਹ ਸਰਕਾਰਾਂ ਦੇ ਕੰਮ ਨੇ? ਤੁਰਕਾਂ ਅਤੇ ਆਰਮੀਨੀਆਂ ਲਈ ਇਹੋ ਸਹੀ ਰਸਤਾ ਹੈ ਕਿ ਹੁਣ ਆਪਣੇ ਸਬੰਧ ਨਾ ਵਿਗਾੜਨ। ਯਹੂਦੀਆਂ ਨੇ ਕਿਹਾ, ਨਸਲਕੁਸ਼ੀ ਕੇਵਲ ਸਾਡੀ ਕੀਤੀ ਸੀ ਹਿਟਲਰ ਨੇ, ਉਸ ਦੇ ਮੁਕਾਬਲੇ ਆਰਮੀਨੀ ਲੋਕਾਂ ਦਾ ਕੇਸ ਕੁਝ ਵੀ ਨਹੀਂ।

ਮ੍ਰਿਤਕਾਂ ਦੇ ਵਾਰਸਾਂ ਨੂੰ ਪਤਾ ਲੱਗਾ ਕਿ ਸਾਡੇ ਵਡੇਰਿਆਂ ਨੇ ਬੀਮੇ ਕਰਵਾਏ ਹੋਏ ਸਨ। ਕੰਪਨੀਆਂ ਉਨ੍ਹਾਂ ਨੂੰ ਰਕਮਾਂ ਦੇਣ। ਕੰਪਨੀਆਂ ਨੇ ਕਿਹਾ, ਮੌਤ ਦਾ ਸਬੂਤ ਦਿਉ। ਮੌਤ ਦਾ ਸਰਟੀਫਿਕੇਟ ਤੁਰਕ ਸਰਕਾਰ ਦੇਵੇ? ਚੋਣ ਰੈਲੀ ਦੌਰਾਨ ਜਾਰਜ ਬੁਸ਼ ਆਰਮੀਨੀ ਸੰਗਤ ਨੂੰ ਮਿਲਿਆ, ਉਨ੍ਹਾਂ ਨੇ ਕਿਹਾ, ਜੇ ਜਿੱਤ ਗਏ, ਸਾਡੇ ਹੱਕ ਦੀ ਬੀਮਾ ਰਕਮ ਦਿਉਗੇ? ਬੁਸ਼ ਨੇ ਵਾਅਦਾ ਕਰ ਕੇ ਵੋਟਾਂ ਲਈਆਂ, ਜਿੱਤ ਗਿਆ, ਭੁੱਲ ਗਿਆ ਕੋਈ ਵਾਅਦਾ ਕੀਤਾ ਸੀ। ਅਮਰੀਕਾ ਦੇ ਪ੍ਰੈਜ਼ੀਡੈਂਟ ਅਤੇ ਬ੍ਰਿਟਿਸ਼ ਪ੍ਰਧਾਨ ਮੰਤਰੀ ਟੋਨੀ ਬਲੇਅਰ ਨੂੰ ਤੁਰਕੀ ਨੇ ਸਾਫ ਕਹਿ ਦਿੱਤਾ ਸੀ, ਸਾਡੇ ਨਾਲ ਚੱਲਣਾ ਹੈ ਕਿ ਸਾਡੇ ਦੁਸ਼ਮਣਾਂ ਨਾਲ, ਇਹ ਤੁਹਾਡੀ ਮਰਜ਼ੀ। ਜਾਰਜ ਬੁਸ਼ ਅਤੇ ਟੋਨੀ ਬਲੇਅਰ ਤੁਰਕੀ ਦੇ ਦੋਸਤ ਰਹੇ।

3 ਫਰਵਰੀ 2001 ਵਿਚ ਅਜੀਬ ਘਟਨਾ ਵਾਪਰੀ। ਤੁਰਕੀ ਟੈਲੀਵਿਜ਼ਨ ਉਪਰ ਤੁਰਕ ਲੇਖਕ ਤੇ ਇਤਿਹਾਸਕਾਰ ਤਨੇਰ ਅੱਕਾਮ ਆਪਣੇ ਵਤਨੀਆਂ ਨੂੰ 1915 ਦੇ ਜੀਆਘਾਤ ਦੇ ਤੱਥ ਅਤੇ ਵੇਰਵੇ ਦੱਸ ਰਿਹਾ ਸੀ; ਦੱਸਦਿਆਂ ਉਸ ਨੇ ਕਿਹਾ, 'ਜੋ ਹੋਇਆ, ਸਾਨੂੰ ਉਸ ਦਾ ਪਛਤਾਵਾ ਕਰਨਾ ਚਾਹੀਦਾ ਹੈ। ਜੇ ਤੁਸੀਂ ਇਸ ਨੂੰ ਨਸਲਕੁਸ਼ੀ ਨਹੀਂ ਆਖਣਾ, ਨਾ ਆਖੋ; ਕਤਲੇਆਮ ਆਖ ਲਉ ਪਰ ਇਹ ਮਨੁੱਖਤਾ ਵਿਰੁਧ ਜੁਰਮ ਸੀ। ਆਰਮੀਨੀ ਲੋਕਾਂ ਨੂੰ ਕਹੋ, ਖਿਮਾ ਕਰ ਦੇਣ ਤੇ ਵਾਅਦਾ ਕਰੋ ਕਿ ਸਿਆਸੀ ਵਿਰੋਧ ਅਤੇ ਅਸਹਿਮਤੀ ਪ੍ਰਗਟਾਉਣ ਨੂੰ ਅਪਰਾਧ ਨਾ ਮੰਨਿਆ ਜਾਏ।'

ਤੁਰਕਾਂ ਲਈ ਗੱਦਾਰੀ ਵਾਲੇ ਇਹ ਲਫ਼ਜ਼ ਹਜ਼ਮ ਕਰਨੇ ਕਿਹੜਾ ਸੌਖੇ ਸਨ? ਇਹ ਛੇ ਘੰਟਿਆਂ ਦੀ ਕੌੜੀ ਬਹਿਸ ਸੀ। ਟੈਲੀਵਿਜ਼ਨ ਨਾਲ ਸਰੋਤੇ ਫੋਨ 'ਤੇ ਜੁੜੇ ਹੋਏ ਸਨ। ਇਕ ਸਰੋਤੇ ਨੇ ਉਚੀ ਆਵਾਜ਼ ਵਿਚ ਕਿਹਾ, ਇਸ ਆਦਮੀ ਨੂੰ ਇਥੇ ਬੋਲਣ ਕਿਸ ਨੇ ਸੱਦਿਐ? ਇਸ ਦੀ ਜ਼ਬਾਨ ਬੰਦ ਕਰੋ। ਆਵਾਜ਼ ਸਿਮਰਾ ਓਜ਼ਲ ਦੀ ਸੀ, ਮਰਹੂਮ ਤੁਰਕ ਰਾਸ਼ਟਰਪਤੀ ਤੁਰਗੁਤ ਓਜ਼ਲ ਦੀ ਬੀਵੀ; ਪਰ ਅੱਕਾਮ ਰੁਕਿਆ ਨਹੀਂ, ਕਿਹਾ, 'ਜਦੋਂ ਤੱਕ ਅਸੀਂ ਇਸ ਅਪਰਾਧ ਲਈ ਜ਼ਿੰਮੇਵਾਰ ਬੰਦਿਆਂ ਤੋਂ ਦੂਰੀ ਨਹੀਂ ਰੱਖਦੇ ਜਿਨ੍ਹਾਂ ਨੇ ਨਸਲਕੁਸ਼ੀ ਕੀਤੀ, ਉਦੋਂ ਤਕ ਅਸੀਂ ਆਪਣੀ ਰੂਹ ਤੋਂ ਇਹ ਭਾਰ ਨਹੀਂ ਉਤਾਰ ਸਕਦੇ।' ਸਾਰੇ ਪ੍ਰੋਗਰਾਮ ਵਿਚ ਉਸ ਨੇ ਨਸਲਕੁਸ਼ੀ ਵਾਸਤੇ ਤੁਰਕੀ ਲਫ਼ਜ਼ 'ਸੋਇਕਿਰਿਮ' ਵਰਤਿਆ। 'ਅਸੀਂ ਅਪਰਾਧੀ ਨਹੀਂ, ਆਰਮੀਨੀ ਕਸੂਰਵਾਰ ਨੇ', ਇਸ ਕਥਨ ਨਾਲ ਤੁਰਕੀ ਦਾ ਅਕਸ ਵਿਗੜਦਾ ਹੈ। ਮੁਸਤਫਾ ਕਮਲ ਅੱਤਾਤੁਰਕ ਜੋ ਆਧੁਨਿਕ ਤੁਰਕੀ ਦਾ ਪਿਤਾਮਾ ਹੈ, ਨੇ 23 ਅਪਰੈਲ 1920 ਨੂੰ ਆਰਮੀਨੀ ਜੀਆਘਾਤ ਦੀ ਨਿਖੇਧੀ ਕਰਦਿਆਂ ਇਸ ਨੂੰ ਸ਼ਰਮਨਾਕ ਕਾਰਵਾਈ ਕਿਹਾ ਸੀ।

'ਏਦਿਨਲਿਕ' ਦੇ ਸੰਪਾਦਕ ਹਿਕਮਤ ਨੇ ਤੁਰਤ ਅੱਕਾਮ ਨੂੰ ਗੱਦਾਰ ਕਹਿ ਦਿੱਤਾ ਪਰ ਬਾਕੀ ਪੱਤਰਕਾਰ ਹੌਸਲੇ ਵਾਲੇ ਸਨ। 'ਹੁਰੀਅਤ' ਦੇ ਸੰਪਾਦਕ ਨੇ ਲਿਖਿਆ, ਨਸਲਕੁਸ਼ੀ ਲਈ ਸਾਡੇ ਆਪਣੇ ਪੋਲ ਪੋਟ, ਆਪਣੇ ਸਤਾਲਿਨ ਸਨ, ਜਦੋਂ ਤਕ ਅਸੀਂ ਇਨ੍ਹਾਂ ਨੂੰ ਦੋਸ਼ਾਂ ਲਈ ਜ਼ਿੰਮੇਵਾਰ ਨਹੀਂ ਠਹਿਰਾਉਂਦੇ, ਉਦੋਂ ਤੱਕ ਜੁਰਮ ਤੋਂ ਮੁਕਤ ਨਹੀਂ ਹੋ ਸਕਦੇ। ਤੁਸੀਂ ਕਹੋ, ਅਸੀਂ ਨਹੀਂ ਕੀਤੀ, ਨਾ ਕਰਾਂਗੇ ਪਰ ਜਿਨ੍ਹਾਂ ਨੇ ਨਸਲਕੁਸ਼ੀ ਕੀਤੀ, ਉਹ ਤਾਂ ਅਪਰਾਧੀ ਸਨ।

ਅੱਕਾਮ ਦੀ ਟੀ.ਵੀ. ਬਹਿਸ ਤੋਂ ਤਿੰਨ ਸਾਲ ਬਾਅਦ 500 ਤੋਂ ਵਧੀਕ ਯੂਨੀਵਰਸਿਟੀ ਅਧਿਆਪਕਾਂ, ਲੇਖਕਾਂ ਤੇ ਮਨੁੱਖੀ ਅਧਿਕਾਰ ਕਾਰਕੁਨਾਂ ਨੇ ਇਕੱਠੇ ਹੋ ਕੇ ਸਕੂਲ ਦੇ ਇਤਿਹਾਸ ਦੇ ਸਿਲੇਬਸ ਵਿਰੁਧ ਜ਼ਬਰਦਸਤ ਰੋਸ ਮੁਜ਼ਾਹਰਾ ਕੀਤਾ ਕਿਉਂਕਿ ਇਤਿਹਾਸ ਵਿਚ ਦਰਜ ਕੀਤਾ ਹੋਇਆ ਸੀ ਕਿ ਆਰਮੀਨੀ ਲੋਕ ਬਕਵਾਸ ਕਰ ਰਹੇ ਹਨ, ਉਨ੍ਹਾਂ ਵਲੋਂ ਲਾਏ ਦੋਸ਼ ਝੂਠੇ ਹਨ। ਤੁਰਕ ਵਿਦਵਾਨਾਂ ਨੇ ਪਹਿਲੀ ਵਾਰ ਅਜਿਹਾ ਨਹੀਂ ਕੀਤਾ। ਇਸਤੰਬੂਲ ਦੀ ਸਟੇਟ ਸਕਿਓਰਿਟੀ ਕੋਰਟ ਨੰਬਰ 3 ਨੇ ਤਿੰਨ ਬੰਦਿਆਂ ਉਪਰ ਮੁਕੱਦਮਾ ਚਲਾਇਆ ਕਿਉਂਕਿ ਉਨ੍ਹਾਂ ਨੇ ਮਾਰਚ 1994 ਵਿਚ ਫਰੈਂਚ ਵਿਚੋਂ ਤੁਰਕੀ ਵਿਚ ਅਨੁਵਾਦ ਕਰ ਕੇ ਇਕ ਕਿਤਾਬ ਦੀਆਂ 15,000 ਕਾਪੀਆਂ ਛਪਵਾ ਲਈਆਂ ਸਨ। ਇਹ ਕਿਤਾਬ ਆਰਮੀਨੀ ਨਸਲਕੁਸ਼ੀ ਦਾ ਜ਼ਿਕਰ ਵਿਸਥਾਰ ਨਾਲ ਕਰਦੀ ਹੈ। ਇਨ੍ਹਾਂ ਨੇ ਬਗਾਵਤ ਕੀਤੀ ਹੈ, ਨਸਲੀ ਤੇ ਇਲਾਕਾਈ ਵੱਖਵਾਦ ਪੈਦਾ ਕੀਤਾ ਹੈ, ਤੁਰਕੀ ਨੂੰ ਤੋੜਨ ਦੇ ਯਤਨ ਕਰ ਕੇ ਗੱਦਾਰੀ ਕੀਤੀ ਹੈ। ਇਕ ਆਰਮੀਨੀ ਅਧਿਕਾਰ ਗਰੁਪ ਨੇ ਇਨ੍ਹਾਂ ਤਿੰਨ ਜਣਿਆਂ ਦੇ ਹੱਕ ਵਿਚ ਵਿਆਪਕ ਲਹਿਰ ਚਲਾਈ।

ਆਪਣੇ ਬੱਚਿਆਂ ਨੂੰ ਆਰਮੀਨੀ ਕਿਤਾਬਾਂ ਵਿਚ ਮਾਪੇ ਖੁਦ ਅਲੈਪੋ ਦੇ ਗਵਰਨਰ ਜਲਾਲ ਪਾਸ਼ਾ ਬਾਰੇ ਪੜ੍ਹਾਉਂਦੇ ਹਨ ਜਿਸ ਤੁਰਕ ਨੇ ਕਤਲੇਆਮ ਦਾ ਹੁਕਮ ਮੰਨਣ ਤੋਂ ਇਹ ਕਹਿ ਕੇ ਇਨਕਾਰ ਕੀਤਾ ਸੀ, ਮੈਂ ਗਵਰਨਰ ਹਾਂ, ਜੱਲਾਦ ਨਹੀਂ, ਹਰ ਬੰਦੇ ਨੂੰ ਕੁਦਰਤ ਨੇ ਜਿਉਣ ਦਾ ਹੱਕ ਦਿੱਤਾ ਹੈ। ਉਸ ਸਦਕਾ ਹਜ਼ਾਰਾਂ ਜਾਨਾਂ ਬਚੀਆਂ।

ਮ੍ਰਿਤਜਾ ਦੱਸਦੀ ਹੈ, ਕੁਰਦ ਇਕ ਕੁੜੀ ਨੂੰ ਰੇਪ ਕਰਨ ਵਾਸਤੇ ਲਿਜਾਣ ਲੱਗੇ। ਕੁੜੀ ਨੇ ਤੁਰਕ ਸਿਪਾਹੀ ਅੱਗੇ ਬਚਾਉਣ ਦਾ ਵਾਸਤਾ ਪਾਇਆ। ਉਸ ਨੇ ਭਜਾ ਦਿਤੇ। ਉਚੇ ਟਿਬੇ 'ਤੇ ਚੜ੍ਹ ਕੇ ਕੁਰਦਾਂ ਦੀ ਬੋਲੀ ਵਿਚ ਲਲਕਾਰਾ ਮਾਰ ਕੇ ਖਬਰਦਾਰ ਰਹਿਣ ਲਈ ਕਿਹਾ। ਅਸੀਂ ਭੁੱਖੀਆਂ ਪਿਆਸੀਆਂ ਸਾਂ। ਸਾਡੇ ਲਈ ਪਾਣੀ ਲੈ ਆਇਆ। ਉਸੇ ਰਾਤ ਮੇਰੀ ਦਰਾਣੀ ਦੇ ਬੱਚਾ ਹੋ ਗਿਆ। ਤੁਰਕ ਨੇ ਦੋ ਜਨਾਨੀਆਂ ਨੂੰ ਉਸ ਦੀ ਸੇਵਾ ਲਈ ਕਿਹਾ। ਆਪ ਪੈਦਲ ਤੁਰ ਪਿਆ, ਮਾਂ ਤੇ ਬੱਚਾ ਆਪਣੇ ਘੋੜੇ 'ਤੇ ਬਿਠਾ ਦਿੱਤੇ।

ਇਹੋ ਜਿਹੇ ਨੇਕ ਤੁਰਕਾਂ ਦਾ ਸਨਮਾਨ ਕੇਵਲ ਆਰਮੀਨੀ ਕਿਉਂ ਕਰਨ? ਤੁਰਕ ਕਿਉਂ ਨਹੀਂ? ਤੁਰਕ ਇਸ ਲਈ ਇਨ੍ਹਾਂ ਨੂੰ ਨਜ਼ਰ-ਅੰਦਾਜ਼ ਕਰਨਗੇ ਕਿ ਦੁਸ਼ਮਣਾਂ ਦੇ ਮਦਦਗਾਰ ਸਨ? ਜਾਂ ਫਿਰ ਡਰਦੇ ਹੋਣਗੇ ਕਿ ਇਨ੍ਹਾਂ ਦੀ ਇੱਜ਼ਤ ਕਰਨ ਨਾਲ ਨਸਲਕੁਸ਼ੀ ਸਾਬਤ ਹੋਵੇਗੀ!


ਬੈਰੂਤ ਵਿਚ ਆਰਮੀਨੀ ਨੇਤਰਹੀਣਾਂ ਲਈ ਆਸ਼ਰਮ ਹੈ ਜਿਥੇ ਦੋ ਬਿਰਧ ਉਸ ਕਾਲੇ ਦੌਰ ਵਿਚੋਂ ਬਚੇ ਰਹਿ ਰਹੇ ਸਨ। ਇਕ ਔਰਤ, ਇਕ ਮਰਦ। ਬਜ਼ੁਰਗ ਦੇ ਹੱਥ ਵਿਚ ਬ੍ਰੇਲ ਲਿਪੀ ਦੀ ਬਾਈਬਲ ਸੀ, ਉਂਗਲਾਂ ਫੇਰ ਕੇ ਪੜ੍ਹ ਰਿਹਾ ਸੀ। ਉਸ ਨੇ ਦੱਸਿਆ, ਅਸੀਂ ਦੋਰਤਾਇਲ ਰਿਹਾ ਕਰਦੇ, ਪਿਤਾ ਦਾ ਨਾਮ ਸਰਕਿਜ਼ ਤੇ ਮਾਂ ਮਰੀਅਮ। ਸਾਰੇ ਭੈਣ ਭਰਾਵਾਂ ਦੀ ਗਿਣਤੀ ਦਸ। ਪਿੰਡ ਦੇ ਸਾਰੇ ਲੋਕ ਇਕੱਠੇ ਤੋਰ ਲਏ। ਸਾਡੇ ਘੋੜੇ, ਖੱਚਰਾਂ, ਗਧੇ ਵੀ ਲੈ ਤੁਰੇ। ਸਾਨੂੰ ਕਿਹਾ, ਅਲੈਪੋ ਚੱਲੋ ਹਾਂ। ਮੈਂ ਅੱਠ ਸਾਲ ਦਾ ਸਾਂ, ਮੇਰੀ ਭੈਣ 18 ਸਾਲ ਦੀ ਤੇ ਮਾਂ- ਬਸ ਤਿੰਨ ਜਣੇ ਬਚੇ, ਬਾਕੀ ਰਸਤੇ ਵਿਚ ਮਾਰ ਦਿੱਤੇ।

ਹਬੂਰ ਦਰਿਆ ਆ ਗਿਆ। ਸਭ ਨੂੰ ਕਿਹਾ, ਕੱਪੜੇ ਉਤਾਰੋ। ਮੇਰੀ ਭੈਣ ਨੂੰ ਕੋਈ ਕੁਰਦ ਖੋਹ ਕੇ ਲੈ ਗਿਆ। ਮਾਂ ਤਰਲੇ ਕਰਨ ਲੱਗੀ, ਨਾ ਲਿਜਾਉ। ਤੁਰਕ ਮਾਂ ਨੂੰ ਕੁੱਟਣ ਲੱਗੇ। ਕੁਟ ਖਾਂਦੀ-ਖਾਂਦੀ ਮਰ ਗਈ। ਵਾਰ-ਵਾਰ ਮੇਰਾ ਨਾਮ ਲੈਂਦੀ ਰਹੀ। ਉਦੋਂ ਮੈਂ ਅੰਨ੍ਹਾ ਨਹੀਂ ਸਾਂ। ਇਕ ਅਰਬ ਮੈਨੂੰ ਆਪਣੇ ਘਰ ਲੈ ਗਿਆ। ਤਿੰਨ ਸਾਲ ਉਥੇ ਰਿਹਾ। ਕੁਝ ਬੰਦਿਆਂ ਤੋਂ ਪਤਾ ਲੱਗਾ ਕਿ ਯਤੀਮਾਂ ਬਾਰੇ ਪੁੱਛ ਰਹੇ ਨੇ, ਯਤੀਮਖਾਨੇ ਲਿਜਾਣਗੇ। ਯਤੀਮਖਾਨੇ ਚਲਾ ਗਿਆ। ਅੱਖਾਂ ਦੁਖਣੀਆਂ ਆ ਗਈਆਂ। ਮੁੜ ਕੇ ਕਦੀ ਨਹੀਂ ਦਿਸਿਆ। ਜੋ ਕੁਝ ਮੇਰੀਆਂ ਅੱਖਾਂ ਸਾਹਮਣੇ ਹੋਇਆ, ਉਹ ਯਾਦ ਆਉਂਦਾ, ਮੈਨੂੰ ਬੜਾ ਗੁੱਸਾ ਚੜ੍ਹਦਾ। ਫਿਰ ਮੈਂ ਸੰਭਲਿਆ ਕਿ ਮਰਦਾਂ ਦਾ ਇਹ ਕੰਮ ਨਹੀਂ। ਜਦੋਂ ਰੱਬ ਨੇ ਸਭ ਕੁਝ ਦੇਖਿਆ, ਫਿਰ ਉਹ ਕਰੇ ਜੋ ਕਰਨਾ ਹੈ, ਮੈਂ ਤੈਸ਼ ਵਿਚ ਕਿਉਂ ਆਵਾਂ? ਹੁਣ ਮੈਂ ਸ਼ਾਂਤ ਹਾਂ। ਰੱਬ ਕੋਲ ਜਾਣ ਦਾ ਵੇਲਾ ਆ ਗਿਆ ਹੈ। ਪਿਛਲੇ ਸਾਲ ਤੁਰਕੀ ਵਿਚ ਭੂਚਾਲ ਆਇਆ ਸੀ, ਬਹੁਤ ਤੁਰਕ ਮਰੇ। ਮੈਂ ਉਨ੍ਹਾਂ ਦੇ ਗੁਨਾਹ ਬਖਸ਼ਣ ਲਈ ਰੱਬ ਅੱਗੇ ਅਰਦਾਸ ਕੀਤੀ।


ਔਰਤ ਤੁਰਕੀ ਜਾਣਦੀ ਹੈ, ਆਰਮੀਨੀ ਨਹੀਂ ਸਿੱਖੀ। ਉਸ ਨੂੰ ਕੇਵਲ ਗੀਤ ਯਾਦ ਹਨ ਜਿਹੜੇ ਉਦੋਂ ਮਾੜੇ ਦਿਨਾਂ ਵਿਚ ਮਾਂ ਤੋਂ ਸਿੱਖੇ। ਇਕ ਗੀਤ ਦੇ ਬੋਲ,

ਰਾਹੇ ਰਾਹੇ ਟਹਿਕਦੇ ਗੁਲਾਬ।
ਦਹਿਲ ਪਾਉਂਦਾ ਮੌਤ ਦਾ ਅਜ਼ਾਬ।
ਪਰਜਾ ਦੇ ਖੂਨੀ ਹੰਝੂ ਦੇਖ
ਉਠ ਵੇ ਸੁਲਤਾਨ ਨੀਂਦੋਂ ਜਾਗ।

*(ਸਮਾਪਤ)*




***ਇਜ਼ਰੀਲ ਚਰਨੀ ਧੁਨ ਦਾ ਇੰਨਾ ਪੱਕਾ ਕਿ ਦੋ ਜਿਲਦਾਂ ਵਿਚ ਘੱਲੂਘਾਰਿਆਂ ਦਾ ਵਿਸ਼ਵਕੋਸ਼ ਛਾਪ ਦਿੱਤਾ- ਐਨਸਾਈਕਲੋਪੀਡੀਆ ਆਫ ਜੀਨੋਸਾਈਡ ਜਿਸ ਵਿਚ ਤੁਰਕ ਰਿਕਾਰਡ ਦੇ ਹਵਾਲੇ ਨੱਥੀ ਕਰ ਕੇ 45 ਪੰਨੇ ਆਰਮੀਨੀ ਕਤਲੇਆਮ ਉਪਰ ਲਿਖੇ। ਇਸ ਬਿਰਤਾਂਤ ਵਿਚ ਪ੍ਰਸਿੱਧ ਤੁਰਕ ਇਤਿਹਾਸਕਾਰ ਅਹਿਮਦ ਰਫੀਕ ਦਾ ਵਾਕ ਛਾਪਿਆ। ਰਫੀਕ ਓਟੋਮਾਨ ਹਕੂਮਤ ਦੇ ਜਨਰਲ ਸਟਾਫ ਵਿਚ ਉਦੋਂ ਇੰਟੈਲੀਜੈਂਸ ਅਫਸਰ ਸੀ। ਉਸ ਨੇ ਦੱਸਿਆ- ਸਰਕਾਰ ਦਾ ਪੂਰੀ ਆਰਮੀਨੀ ਵਸੋਂ ਨੂੰ ਮਿਟਾ ਦੇਣ ਦਾ ਮਕਸਦ ਸੀ।***


*ਇਜ਼ਰੀਲ ਚਰਨੀ*

ਲੋਕ ਰਾਏ

# ਭਗਵੰਤ ਮਾਨ ਦੇ ਨਾਂ ਖੁੱਲ੍ਹਾ ਖ਼ਤ

**ਸਤਿਕਾਰਯੋਗ ਭਗਵੰਤ ਮਾਨ,**
**ਮੈਂਬਰ ਪਾਰਲੀਮੈਂਟ।**

ਤੁਸੀਂ ਪਿਛਲੇ ਕਈ ਸਾਲਾਂ ਤੋਂ ਅਖ਼ਬਾਰੀ ਸੁਰਖੀਆਂ ਵਿਚ ਹੋ ਪਰ ਕੁਝ ਅਜਿਹੀਆਂ ਤਾਜ਼ਾ ਖ਼ਬਰਾਂ ਹਨ ਜਿਨ੍ਹਾਂ ਨੇ ਪੰਜਾਬੀ ਦੇ ਇਸ ਨਿਮਾਣੇ ਲੇਖਕ ਨੂੰ ਉਦਾਸ ਕੀਤਾ ਹੈ। ਤੁਸਾਂ ਆਪਣੇ ਪਰਿਵਾਰ ਤੇ ਪੂਰੇ ਪੰਜਾਬ ਨੂੰ ਦੋ ਵੱਖ ਵੱਖ ਪੱਲੜਿਆਂ ਵਿਚ ਰੱਖਿਆ ਤੇ ਇਨ੍ਹਾਂ ਵਿਚੋਂ ਪੰਜਾਬ ਨੂੰ ਚੁਣਿਆ ਹੈ। ਤੁਹਾਡਾ ਦਾਅਵਾ ਹੈ ਕਿ ਪੰਜਾਬ ਦੀ ਸੇਵਾ ਕਰਨ ਵਾਸਤੇ ਤੁਸੀਂ ਪਰਿਵਾਰਕ ਸੁੱਖ ਦਾ ਤਿਆਗ ਕਰਨ ਦੀ ਕੁਰਬਾਨੀ ਕਰ ਰਹੇ ਹੋ ਤੇ ਇਸ ਵਾਸਤੇ ਤਲਾਕ ਦੀ ਅਰਜ਼ੀ ਦਾਖਲ ਕਰ ਦਿੱਤੀ ਹੈ। ਬਤੌਰ ਪੰਜਾਬ ਦੇ ਜੰਮਪਲ ਤੇ ਬਤੌਰ ਪੰਜਾਬ ਪ੍ਰੇਮੀ ਮੈਨੂੰ ਨਹੀਂ ਪਤਾ ਲੱਗ ਰਿਹਾ ਕਿ ਤੁਹਾਡਾ ਧੰਨਵਾਦ ਕਿਸ ਤਰ੍ਹਾਂ ਕਰਾਂ ਕਿਉਂਕਿ ਪਰਿਵਾਰਕ ਜੀਵਨ ਵੀ ਮੇਰੇ ਵਾਸਤੇ ਹਮੇਸ਼ਾ ਅਹਿਮ ਹੈ। ਇਸ ਵਾਸਤੇ ਕੁਝ ਗੱਲਾਂ ਸਿਰਫ ਮੂੰਹ 'ਤੇ ਹੀ ਨਹੀਂ, ਪੰਜਾਬ ਦੇ ਸਾਹਮਣੇ ਕਰਨ ਦੀ ਜ਼ਰੂਰਤ ਹੈ।

ਸਰਗਰਮ ਰਾਜਨੀਤੀ ਵਿਚ ਆ ਕੇ ਵੱਡੀ ਜਿੱਤ ਨਾਲ ਪਾਰਲੀਮੈਂਟ ਵਿਚ ਪਹੁੰਚਣ ਤੋਂ ਪਹਿਲਾਂ ਤੁਸਾਂ ਗਾਇਕੀ ਦੀ ਕਲਾ ਵਿਚ ਵੱਡਾ ਨਾਮਣਾ ਖੱਟਿਆ ਹੈ। ਆਮ ਹੀ ਸਮਝਿਆ ਜਾਂਦਾ ਹੈ ਕਿ ਗਾਇਕੀ ਦੀ ਪ੍ਰਸਿੱਧੀ ਕਰਕੇ ਹੀ ਤੁਹਾਨੂੰ ਰਾਜਨੀਤੀ ਵਿਚ ਮਾਣ ਮਿਲਿਆ। ਰਾਜਨੀਤੀ ਵਿਚ ਤੁਸਾਂ ਇਕ ਨਵੀਂ ਝਲਕ ਦਿੱਤੀ ਹੈ। ਤੁਹਾਡੇ ਕੋਲੋਂ ਤੇ ਤੁਹਾਡੀ ਪਾਰਟੀ ਕੋਲੋਂ ਲੋਕਾਂ ਨੂੰ ਬਹੁਤ ਉਮੀਦਾਂ ਹਨ। ਪੰਜਾਬ ਦੇ ਲੋਕਾਂ ਨੂੰ ਤੁਹਾਡੀ ਸਰਗਰਮ ਸੇਵਾ ਦੀ ਤਾਂਘ ਹੈ ਪਰ ਸਵਾਲ ਇਹ ਹੈ ਕਿ ਕੀ ਉਹ ਇਸ ਸੇਵਾ ਦੇ ਬਦਲੇ ਤੁਹਾਡੇ ਪਰਿਵਾਰਕ ਜੀਵਨ ਦੀ ਕੀਮਤ ਦੇਣ ਵਾਸਤੇ ਤਿਆਰ ਹੋਣਗੇ। ਮੇਰਾ ਨਹੀਂ ਖਿਆਲ ਕਿ ਪੰਜਾਬ ਦੇ ਲੋਕ ਇਤਨੇ ਖੁਦਗਰਜ਼ ਹੋਣਗੇ।

ਅਸਾਂ ਚੋਣ ਅਭਿਆਨ ਦੇ ਵਕਤ ਦੀਆਂ ਕੁਝ ਤਸਵੀਰਾਂ ਵੇਖੀਆਂ ਹਨ ਕਿ ਕਿਸ ਤਰ੍ਹਾਂ ਤੁਹਾਡਾ ਪਰਿਵਾਰ ਤੁਹਾਡੀ ਜਿੱਤ ਵਾਸਤੇ ਸਰਗਰਮ ਰਿਹਾ ਤੇ ਜਿੱਤਣ ਤੋਂ ਬਾਅਦ ਕਿਤਨੀ ਸ਼ਿੱਦਤ ਨਾਲ ਤੁਹਾਡੀ ਖੁਸ਼ੀ ਵਿਚ ਸ਼ਾਮਿਲ ਹੋਇਆ। ਸਭ ਨੂੰ ਹੈਰਾਨੀ ਹੈ ਕਿ ਹੁਣ ਅਚਾਨਕ ਅਜਿਹਾ ਕੀ ਹੋ ਗਿਆ ਕਿ ਨੌਬਤ ਤਲਾਕ ਤੱਕ ਪਹੁੰਚ ਗਈ ਹੈ। ਹਾਂ ਜੇ ਇਹ ਨਿਰੋਲ ਜਾਤੀ ਮਾਨਸਿਕ ਉਲਝਣ ਹੈ ਤਾਂ ਸਾਡਾ ਕਿਸੇ ਦਾ ਵੀ ਦਖਲ ਦੇਣ ਦਾ ਹੱਕ ਨਹੀਂ ਪਰ ਉਸ ਹਾਲਤ ਵਿਚ ਤੁਹਾਨੂੰ ਪੰਜਾਬ ਉਪਰ ਇਤਨਾ ਭਾਰ ਜਾਂ ਪਾਪ ਨਹੀਂ ਚੜ੍ਹਾਉਣਾ ਚਾਹੀਦਾ।


*ਭਗਵੰਤ ਮਾਨ*

ਇਕ ਵਿਹਾਰੀ ਪੱਖ ਵੀ ਅਪਨਾਉਣਾ ਚਾਹੀਦਾ ਹੈ, ਸੰਗਰੂਰ ਸੀਟ ਤੋਂ ਹਮੇਸ਼ਾ ਨੁਮਾਇੰਦੇ ਬਦਲਦੇ ਆਏ ਹਨ। ਮੰਨਿਆ ਕਿ ਤੁਹਾਡੀ ਲੋਕਪ੍ਰਿਅਤਾ ਬਹੁਤ ਵੱਡੇ ਪੈਮਾਨੇ ਦੀ ਹੋਵੇਗੀ ਪਰ ਸਪਸ਼ਟ ਹੈ ਕਿ ਅਗਲੀ ਵਾਰ ਵੀ ਸੀਟ ਜਿੱਤ ਲੈਣ ਦੀ ਗਾਰੰਟੀ ਕੋਈ ਨਹੀਂ ਲੈ ਸਕਦਾ। ਸਵਾਲ ਹੈ ਕਿ ਉਸ ਹਾਲਤ ਵਿਚ ਕੀ ਤੁਸੀਂ ਇਸੇ ਪਰਿਵਾਰ ਨੂੰ ਦੋਬਾਰਾ ਜੋੜੋਗੇ ਜਾਂ ਕੋਈ ਨਵਾਂ ਬਣਾਉਗੇ? ਜਦੋਂ ਤੁਸਾਂ ਘਰ ਦੀਆਂ ਗੱਲਾਂ ਸਾਰੇ ਪੰਜਾਬ ਨਾਲ ਜੋੜ ਹੀ ਲਈਆਂ ਹਨ ਤਾਂ ਇਕ ਪੰਜਾਬੀ ਨੂੰ ਇਹ ਪੁੱਛਣ ਦਾ ਵੀ ਹੱਕ ਹੋਵੇਗਾ ਕਿ ਤਲਾਕ ਤੋਂ ਬਾਅਦ ਕੀ ਤੁਸੀਂ ਹੋਰ ਵਿਆਹ ਕਰਵਾਉਗੇ ਕਿ ਇਕੱਲੇ ਰਹੋਗੇ? ਜੇ ਹੋਰ ਵਿਆਹ ਕਰਵਾਉਂਦੇ ਹੋ ਤਾਂ ਕੀ ਗਾਰੰਟੀ ਹੈ ਕਿ ਤੁਹਾਡਾ ਨਵਾਂ ਪਰਿਵਾਰ ਪੰਜਾਬ ਸੇਵਾ ਦੇ ਰਸਤੇ ਵਿਚ ਰੁਕਾਵਟ ਨਹੀਂ ਬਣੇਗਾ ਤੇ ਜੇ ਨਹੀਂ ਕਰਵਾਉਂਦੇ ਤਾਂ ਆਮ ਆਦਮੀ ਨੂੰ ਕੀ ਮਸ਼ਵਰਾ ਦਿੰਦੇ ਹੋ ਕਿ ਸਮਾਜ ਦੀ ਸੇਵਾ ਬਿਨਾਂ ਪਰਿਵਾਰ ਤੋਂ ਰਹਿ ਕੇ ਹੀ ਕੀਤੀ ਜਾ ਸਕਦੀ ਹੈ।

ਇਸ ਬਾਰੇ ਮੈਂ 'ਆਮ ਆਦਮੀ ਪਾਰਟੀ' ਦੀ ਰਾਏ ਜਾਨਣਾ ਵੀ ਬਹੁਤ ਜ਼ਰੂਰੀ ਸਮਝਦਾ ਹਾਂ ਕਿ ਕੀ ਉਹ ਆਪਣੇ ਕਿਸੇ ਕਾਰਕੁੰਨ ਕੋਲੋਂ ਪੰਜਾਬ ਦੀ ਸੇਵਾ ਵਾਸਤੇ ਪਰਿਵਾਰਕ ਸੁਖ ਦੀ ਕੁਰਬਾਨੀ ਲੈਣਾ ਪਸੰਦ ਕਰਦੀ ਹੈ। ਇਕ ਹੋਰ ਗੱਲ ਹੈ ਜੋ ਸ਼ਾਇਦ ਭਗਵੰਤ ਮਾਨ ਨੂੰ ਪਸੰਦ ਨਾ ਆਵੇ। ਸੰਗਰੂਰ ਹਲਕੇ ਦੇ ਲੋਕਾਂ ਤੇ ਪੰਜਾਬ ਦੇ ਲੋਕਾਂ ਨੂੰ ਵੀ, ਭਾਵੇਂ ਉਸ ਤੋਂ ਘੱਟ ਕਾਬਲੀਅਤ ਵਾਲਾ ਹੀ ਸਹੀ, ਕੋਈ ਨਾ ਕੋਈ ਹੋਰ ਪ੍ਰਤੀਨਿਧ ਲੱਭ ਜਾਵੇਗਾ ਪਰ ਉਨ੍ਹਾਂ ਦੇ ਪਰਿਵਾਰ ਨੂੰ ਹੋਰ ਮੁਖੀ ਨਹੀਂ ਲੱਭ ਸਕਦਾ।

ਆਖਰ ਵਿਚ ਮੈਂ ਪੰਜਾਬ ਦੇ ਸ਼ਹਿਰੀਆਂ, ਆਮ ਲੋਕਾਂ ਤੇ ਆਮ ਆਦਮੀ ਪਾਰਟੀ ਨੂੰ ਅਪੀਲ ਕਰਨੀ ਚਾਹੁੰਦਾ ਹਾਂ ਜਿਸ ਵਿਅਕਤੀ ਵਿਚ ਪੰਜਾਬ ਵਾਸਤੇ ਅਜਿਹਾ ਜਜ਼ਬਾ ਹੈ, ਉਸ ਦੀ ਮਦਦ ਕਰਨੀ ਚਾਹੀਦੀ ਹੈ। ਉਸ ਨੇ ਆਪਣੇ ਜੋਸ਼ੀਲੇ ਬਿਆਨ ਰਾਹੀਂ ਸਾਨੂੰ ਇਕ ਹੱਕ ਦੇ ਦਿੱਤਾ ਹੈ ਜੋ ਵਰਤਣਾ ਚਾਹੀਦਾ ਹੈ। ਸਾਨੂੰ ਜ਼ੋਰਦਾਰ ਸ਼ਬਦਾਂ ਵਿਚ ਕਹਿਣਾ ਚਾਹੀਦਾ ਹੈ ਕਿ ਅਸੀਂ ਉਸ ਦੀ ਸੇਵਾ ਵਾਸਤੇ ਇਤਨੀ ਦਰਦਨਾਕ ਕੀਮਤ ਨਹੀਂ ਸਹਿਣ ਕਰ ਸਕਦੇ। ਸਾਨੂੰ ਉਸ ਦਾ ਪਰਿਵਾਰਕ ਜੀਵਨ ਬਹੁਤ ਪਿਆਰਾ ਹੈ, ਉਹ ਉਸ ਨੂੰ ਪਹਿਲ ਦੇਵੇ। ਸੂਬਿਆਂ ਦੇ ਬੁੱਤੇ ਮਾੜੇ ਮੋਟੇ ਸਰਦੇ ਰਹਿਣਗੇ ਪਰ ਪਰਿਵਾਰ ਨਹੀਂ ਲੱਭਦੇ। ਜੋੜਿਆਂ ਦੀਆਂ ਪਿਆਰ ਪੀਂਘਾਂ 'ਮਨਫ਼ੀ' ਨਹੀਂ ਹੋ ਸਕਦੀਆਂ ਤੇ ਨਾ ਹੀ ਪੈਦਾ ਕੀਤੇ ਬੱਚੇ ਦੋਬਾਰਾ ਢਿੱਡ ਵਿਚ ਪਾਏ ਜਾ ਸਕਦੇ ਹਨ।

ਅੱਜ ਪੰਜਾਬ ਦੀਆਂ ਅਨੇਕਾਂ ਆਰਥਕ ਸਮੱਸਿਆਵਾਂ ਹਨ ਪਰ ਸਮਾਜਕ ਸਮੱਸਿਆਵਾਂ ਵਿਚੋਂ ਮੁੱਖ ਨਸ਼ਾਖੋਰੀ ਤੇ ਦੂਜੀ ਪਰਿਵਾਰਾਂ ਦੇ ਟੁੱਟਣ ਦੀ ਚੱਲ ਰਹੀ ਹਵਾ ਹੈ। ਇਸ ਹਾਲਤ ਵਿਚ ਜੇ ਉਹ ਇਕ ਪਰਿਵਾਰ, ਆਪਣੇ ਖ਼ੁਦ ਦੇ ਪਰਿਵਾਰ ਨੂੰ, ਟੁੱਟਣ ਤੋਂ ਬਚਾ ਲੈਣਗੇ ਤਾਂ ਪੰਜਾਬ ਵਾਸਤੇ ਵੱਡੀ ਸੇਵਾ ਹੋਵੇਗੀ। ਤੁਸੀਂ ਇਕ ਚੰਗੀ ਉਦਾਹਰਣ ਬਣੋ ਤੇ ਜਿਸ ਸ਼ਾਨ ਨਾਲ ਕਚਹਿਰੀ ਵਿਚ ਉਮੀਦਵਾਰੀ ਦੇ ਕਾਗਜ਼ ਦਾਖਲ ਕਰਨ ਗਏ ਸੀ, ਉਸੇ ਸ਼ਾਨ ਨਾਲ ਤਲਾਕ ਦੀ ਅਰਜ਼ੀ ਵਾਪਸ ਲੈਣ ਵਾਸਤੇ ਜਾਓ। ਲੋਕੀਂ ਬਾਗੋ ਬਾਗ ਹੋਣਗੇ। ਤੁਹਾਨੂੰ ਤੇ ਤੁਹਾਡੇ ਪਰਿਵਾਰ ਨੂੰ ਜੁਗ ਜੁਗ ਜੀਣ ਦੀਆਂ ਅਰਦਾਸਾਂ ਨਾਲ,

***-ਅਭੈ ਸਿੰਘ***
***ਫੋਨ: 91-98783-75903***

# ਇਉਂ ਸ਼ਾਇਦ ਹੀ ਕੋਈ ਲੇਖਕ ਬਣਿਆ ਹੋਵੇ...

***(ਸਫਾ 29 ਦੀ ਬਾਕੀ)***

ਭਰਵੀਂ ਛਿੰਝ ਪੈਂਦੀ ਹੈ। ਜਿਵੇਂ ਓਲੰਪਿਕ ਖੇਡਾਂ ਕਵਰ ਕਰਨੀਆਂ ਹੋਣ, ਸਕੂਲ ਦੀ ਖਾਕੀ ਪੈਂਟ ਮਾਂ ਨੇ ਧੋਤੀ, ਪ੍ਰੈਸ ਤਾਂ ਹੈ ਨਹੀਂ ਸੀ, ਤਹਿ ਲਾ ਕੇ ਸਿਰਹਾਣੇ ਹੇਠ ਰੱਖੀ ਤੇ ਸਿਰਾਹਣਾ ਸਾਰੀ ਰਾਤ ਸਿਰ ਦੀ ਥਾਂ ਲੱਕ ਹੇਠਾਂ; ਤੇ ਨਾਲ ਫੁੱਲਾਂ ਵਾਲੀ ਕਮੀਜ਼ ਪਾ ਕੇ ਗਿਆ। ਛਿੰਝ ਦੀ ਰਿਪੋਰਟ 'ਪੰਜਾਬੀ ਟ੍ਰਿਬਿਊਨ' ਵਿਚ ਛਪ ਗਈ। ਵੀਹ ਰੁਪਏ ਅਖ਼ਬਾਰ ਨੇ ਭੇਜ ਦਿੱਤੇ ਤੇ ਪੰਜਾਹ ਰੁਪਏ ਸਰਪੰਚ ਤੋਂ ਮਿਲੇ। ਸੱਤਰਾਂ ਵਿਚੋਂ ਸੱਠ ਮਾਂ ਨੂੰ ਤੇ ਦਸ ਜੇਬ੍ਹ ਵਿਚ, ਤੇ ਉਸੇ ਲਾਲੇ ਦੀ ਦੁਕਾਨ 'ਤੇ ਪੂਰਾ ਰੁਪਈਆ ਖਰਚਿਆ। ਬੈਂਸਾਂ ਦਾ ਇਹ ਸਰਪੰਚ ਫਿਰ ਬਹੁਤ ਦੇਰ ਮੇਰਾ ਯਾਰ ਰਿਹਾ। ਫਿਰ ਕਹਿੰਦੇ, ਖਾੜਕੂਆਂ ਨੇ ਮਾਰ ਦਿੱਤਾ। ਦੋ ਕੁ ਸਾਲ ਪਹਿਲਾਂ ਲਾਲ ਸਿੰਘ ਨੇ ਦੱਸਿਆ ਸੀ, ਇਸ ਬੇਕਸੂਰ ਨੂੰ ਮਾਰਨ ਵਾਲੇ ਵੀ ਭੱਜ ਕੇ ਹੁਣ ਅਮਰੀਕਾ ਹੀ ਰਹਿੰਦੇ ਹਨ।

ਸਕੂਲ ਵਿਚ ਪੜ੍ਹਦਿਆਂ ਭਾਵੇਂ ਮੇਰੀ ਕਦਰ ਤਾਂ ਸੀ, ਫਿਰ ਵੀ ਜਦੋਂ ਪੜ੍ਹਨ ਵਿਚ ਉਕਨਾ, ਤਾਂ ਮੇਰੇ ਸਖ਼ਤ ਅਧਿਆਪਕ ਮੰਗਤ ਰਾਮ ਨੇ ਕਹਿਣਾ, "ਚੱਕਿਆ ਅਖ਼ਬਾਰ ਦਾ, ਆਹ ਪੜ੍ਹ। ਇਹ ਕੰਮ ਆਉਣਾ।"

ਇੰਜੀਨੀਅਰਿੰਗ ਮੈਂ ਸਿਵਲ ਨਹੀਂ, ਮਕੈਨੀਕਲ ਕੀਤੀ ਹੈ। ਪੜ੍ਹਾਈ ਵਿਚ ਵੀ ਪੈਂਡਾਂ ਪਾਈਆਂ ਤੇ ਫਿਰ ਸਫ਼ਰ ਲਿਖਣ ਦਾ ਵੀ ਵਾਹੋ-ਦਾਹੀ ਤੈਅ ਕੀਤਾ।

ਪ੍ਰੋ. ਬਲਦੇਵ ਧਾਲੀਵਾਲ ਅੱਜ ਕੱਲ੍ਹ ਪੰਜਾਬੀ ਯੂਨੀਵਰਸਿਟੀ ਵਿਚ ਹੈ। ਕੁਝ ਸਮਾਂ ਉਹ 'ਅਜੀਤ' ਦਾ ਮੈਗਜ਼ੀਨ ਐਡੀਟਰ ਰਿਹਾ ਹੈ। ਉਹਦੇ ਕੋਲ ਮਰਹੂਮ ਕਹਾਣੀਕਾਰ ਜਸਵੰਤ ਵਿਰਦੀ ਨੇ ਕਈ ਵਾਰ ਪਿੱਟਣ ਵਰਗਾ ਗਿਲਾ ਕਰਨਾ ਕਿ ਕਹਾਣੀ ਛਾਪਣ ਵਿਚ ਚਾਰ ਮਹੀਨੇ ਲਾ ਦਿੰਦੇ ਹੋ ਤੇ ਅਸ਼ੋਕ ਭੌਰਾ ਇਕ ਦਿਨ ਵਿਚ ਦੋ-ਦੋ ਵਾਰ।

ਸੱਚ ਹੈ ਕਿ ਸ਼ਬਦਾਂ ਨਾਲ ਪੈਸੇ ਦੀ ਕਮਾਈ ਨਾ ਸਹੀ, ਜਿਹੜੀਆਂ ਹੋਰ ਕਮਾਈਆਂ ਮੈਂ ਕੀਤੀਆਂ ਹਨ, ਉਹ ਸ਼ਾਇਦ ਹੀ ਕਿਸੇ ਨੇ ਕੀਤੀਆਂ ਹੋਣ। ਮਾਣ ਨਾਲ ਕਹਾਂਗਾ ਕਿ ਮੇਰੇ ਪਿੰਡ ਦੇ ਲੋਕ ਮਾਣ ਨਾਲ ਹੁਣ ਆਖਦੇ ਹਨ, ਅਸ਼ੋਕ ਸਾਡੇ ਪਿੰਡ ਦਾ ਹੈ, ਜਾਂ ਅਸੀਂ ਉਹਦੇ ਪਿੰਡੋਂ ਹਾਂ।

#

ਅੰਮ੍ਰਿਤਾ ਪ੍ਰੀਤਮ-7

# ਬਾਬੁਲ ਮੋਰਾ ਨੇਹਰ ਛੂਟੋ ਹੀ ਜਾਏ!



ਗੁਰਬਚਨ ਸਿੰਘ ਭੁੱਲਰ
ਫੋਨ: 1191-1142502364
bhullargs@gmail.com

ਮੇਰੇ ਉਥੇ ਬੈਠਿਆਂ ਭਾਪਾ ਜੀ ਦਾ ਨੌਕਰ ਤਿੰਨ-ਚਾਰ ਪੁਸਤਕਾਂ ਲੈ ਕੇ ਆ ਗਿਆ। ਭਾਪਾ ਜੀ ਦੀ ਇਹ ਸਿਫ਼ਤ ਸੀ, ਉਹ ਨਵੀਂ ਛਪੀ ਹਰ ਪੁਸਤਕ ਦੀਆਂ ਕੁਝ ਕਾਪੀਆਂ ਦੋਸਤਾਂ-ਮਿੱਤਰਾਂ ਨੂੰ ਸੁਗਾਤ ਭੇਜਦੇ। ਮੇਰੀ ਆਪਣੀ ਲਾਇਬਰੇਰੀ ਵਿਚ ਉਨ੍ਹਾਂ ਦੀਆਂ ਇਉਂ ਭੇਜੀਆਂ ਹੋਈਆਂ ਕਿੰਨੀਆਂ ਹੀ ਪੁਸਤਕਾਂ ਸ਼ਾਮਲ ਹਨ। ਅੰਮ੍ਰਿਤਾ ਬੋਲੀ, "ਵਾਪਸ ਲੈ ਜਾ, ਕਾਕਾ। ਭਾਪਾ ਜੀ ਨੂੰ ਮੇਰਾ ਧੰਨਵਾਦ ਕਹੀਂ। ਮੈਥੋਂ ਹੁਣ ਕੁਝ ਪੜ੍ਹਿਆ ਨਹੀਂ ਜਾਂਦਾ। ਇਥੇ ਬੇਅਰਥ ਪਈਆਂ ਰਹਿਣਗੀਆਂ। ਉਨ੍ਹਾਂ ਦੇ ਕਿਸੇ ਹੋਰ ਕੰਮ ਆ ਜਾਣਗੀਆਂ। ਲੈ ਜਾ ਵਾਪਸ।"

ਮੇਰੇ ਕੰਨਾਂ ਵਿਚ ਅਵਧ ਦੇ ਆਖ਼ਰੀ ਬਾਦਸ਼ਾਹ, ਨਵਾਬ ਵਾਜਿਦ ਅਲੀ ਸ਼ਾਹ ਦੀ 1857 ਵਿਚ ਉਹਨੂੰ ਅੰਗਰੇਜ਼ ਵੱਲੋਂ ਉਹਦੇ ਪਿਆਰੇ ਲਖਨਊ ਤੋਂ ਸਦਾ ਵਾਸਤੇ ਕਲਕੱਤੇ ਜਲਾਵਤਨ ਕੀਤੇ ਜਾਣ ਸਮੇਂ ਲਿਖੀ ਤੇ ਗਾਈ ਅਤੇ 80 ਸਾਲ ਮਗਰੋਂ ਮੇਰੇ ਜਨਮ-ਸਾਲ 1937 ਵਿਚ ਫ਼ਿਲਮ 'ਸਟਰੀਟ ਸਿੰਗਰ' ਲਈ ਗਾ ਕੇ ਆਪਣੇ ਕੁੰਦਨ ਲਾਲ ਸਹਿਗਲ ਦੀ ਸੁਰਜੀਤ ਤੇ ਅਮਰ ਕੀਤੀ ਰਾਗ ਭੈਰਵੀ ਦੀ ਠੁਮਰੀ ਗੂੰਜਣ ਲੱਗੀ: ਬਾਬੁਲ ਮੋਰਾ ਨੇਹਰ ਛੂਟੋ ਹੀ ਜਾਏ...ਚਾਰ ਕਹਾਰ ਮਿਲ ਮੋਰੀ ਡੋਲੀਆ ਸਜਾਵੇਂ, ਮੋਰਾ ਅਪਨਾ ਬੇਗਾਨਾ ਛੂਟੋ ਜਾਏ। ਬਾਬੁਲ ਮੋਰਾ ਨੇਹਰ ਛੂਟੋ ਹੀ ਜਾਏ...ਅੰਗਨਾ ਤੋ ਪਰਬਤ ਭਇਆ, ਦੇਹਰੀ ਭਈ ਬਿਦੇਸ...ਲੇ ਘਰ ਬਾਬੁਲ ਆਪਨੋ, ਮੈਂ ਚਲੀ ਪੀਆ ਕੇ ਦੇਸ...ਬਾਬੁਲ ਮੋਰਾ ਨੇਹਰ ਛੂਟੋ ਹੀ ਜਾਏ! ਤੇ ਮੇਰੇ ਕਾਲਜੇ ਵਿਚ ਕਸਕ ਉਠੀ, ਸਾਹਿਤ ਹੀ ਸਾਡੀ ਜਿਸ ਲੇਖਿਕਾ ਦਾ ਸਮੁੱਚਾ ਜੀਵਨ ਸੀ, ਸਾਹਿਤ ਦੀ ਡੋਰ ਉਸ ਲਾਚਾਰ ਤੇ ਬੇਵੱਸ ਦੇ ਹੱਥੋਂ ਕਿਵੇਂ ਖਿਸਕਦੀ ਤੇ ਛੁਟਦੀ ਜਾ ਰਹੀ ਸੀ: ਬਾਬੁਲ ਮੋਰਾ ਸਾਹਿਤ ਛੂਟੋ ਹੀ ਜਾਏ!

ਕਈ ਸਾਲ ਹੋਰ ਲੰਘ ਗਏ। ਜਸਬੀਰ ਭੁੱਲਰ ਤੇ ਮੈਂ ਕਿਸੇ ਕੰਮ ਗਰੇਟਰ ਕੈਲਾਸ਼ ਗਏ। ਮੁੜਦਾ ਹੋਇਆ ਉਹ ਕਹਿੰਦਾ, "ਭਾ ਜੀ, ਹੌਜ਼ ਖਾਸ ਨਾ ਹੋ ਚੱਲੀਏ? ਅੰਮ੍ਰਿਤਾ ਜੀ ਦੀ ਸਿਹਤ ਦਾ ਪਤਾ ਕਰ ਆਈਏ।"

ਮੈਂ ਕਿਹਾ, "ਇਕ ਤਾਂ ਇਮਰੋਜ਼ ਨੂੰ ਆਉਣ ਬਾਰੇ ਦੱਸ ਦੇ, ਦੂਜੇ ਇਹ ਵੀ ਦੱਸ ਦੇ ਕਿ ਮੈਂ ਨਾਲ ਹਾਂ।"

ਇਮਰੋਜ਼ ਉਹਦਾ ਆਉਣਾ ਸੁਣ ਕੇ ਬੋਲਿਆ, ਜੀ ਆਏ ਨੂੰ! ਫੇਰ ਨਾਲ ਮੇਰਾ ਆਉਣਾ ਸੁਣ ਕੇ ਬੋਲਿਆ, ਜੀ ਆਇਆਂ ਨੂੰ!

ਉਹਨੇ ਚਾਹ ਬਣਾ ਲਈ ਅਤੇ ਅਸੀਂ ਰਸੋਈ ਅੱਗੇ ਬੈਠ ਕੇ ਚਾਹ ਪੀਂਦੇ ਰਹੇ ਤੇ ਗੱਲਾਂ ਕਰਦੇ ਰਹੇ। ਜਸਬੀਰ ਕਹਿੰਦਾ, ਚਲੋ ਦੀਦੀ ਨੂੰ ਮਿਲ ਲਈਏ।

ਮੈਂ ਇਮਰੋਜ਼ ਨੂੰ ਕਿਹਾ, ਜਾਓ, ਪਹਿਲਾਂ ਦੱਸ ਦਿਓ ਤੇ ਪੁੱਛ ਲਓ।

ਅੰਮ੍ਰਿਤਾ ਦੀ ਸਿਹਤ ਬੁਰੀ ਤਰ੍ਹਾਂ ਡਿੱਗੀ ਹੋਈ ਸੀ। ਸਰੀਰ ਸੁੱਕ ਕੇ ਅੱਧਾ ਰਹਿ ਗਿਆ ਸੀ। ਕਮਰੇ ਵਿਚ ਉਦਾਸੀ, ਦਰਦ ਤੇ ਨੀਰਸਤਾ ਦਾ ਬੋਲਬਾਲਾ ਸੀ। ਧਿਆਨ ਨਾਲ ਦੇਖਿਆਂ ਪਤਲੀ ਧੁੰਦ ਵਾਂਗ ਹਵਾ ਵਿਚ ਅਟਕੀ ਹੋਈ ਮੌਤ ਦੀ ਹਾਜ਼ਰੀ ਮਹਿਸੂਸ ਕੀਤੀ ਜਾ ਸਕਦੀ ਸੀ ਤੇ ਨਕਸ਼ ਪਛਾਣੇ ਜਾ ਸਕਦੇ ਸਨ। ਅਸੀਂ ਹਾਲ ਪੁੱਛਿਆ ਤਾਂ ਔਖ ਨਾਲ ਬੋਲੀ, "ਹਾਲ ਮੇਰਾ ਦਿਸਦਾ ਹੀ ਹੈ!...ਹੁਣ ਤਾਂ ਇਹ ਬੈਡ ਹੀ ਪੂਰਾ ਸੰਸਾਰ ਹੋ ਗਿਆ!...ਬੈਡ ਦੇ ਹੋ ਕੇ ਰਹਿਆਂ...ਹਾਲ ਕਿਹੋ ਜਿਹਾ ਹੋ ਸਕਦਾ ਹੈ?" ਅੰਗਨਾ ਤੋ ਪਰਬਤ ਭਇਆ, ਦੇਹਰੀ ਭਈ ਬਿਦੇਸ...ਲੇ ਘਰ ਬਾਬੁਲ ਆਪਨੋ, ਮੈਂ ਚਲੀ ਪੀਆ ਕੇ ਦੇਸ...ਬਾਬੁਲ ਮੋਰਾ ਨੇਹਰ ਛੂਟੋ ਹੀ ਜਾਏ!

ਆਖ਼ਰ ਇਕ ਦਿਨ ਉਹ ਸਭ ਕਸ਼ਟ-ਕਲੇਸ਼ਾਂ ਤੋਂ ਮੁਕਤ ਹੋ ਗਈ। ਉਹਦੀ ਇੱਛਾ ਅਨੁਸਾਰ ਕਿਸੇ ਲੇਖਕ ਜਾਂ ਹੋਰ ਦੋਸਤ-ਵਾਕਿਫ਼ ਨੂੰ ਖ਼ਬਰ ਕੀਤੇ ਬਿਨਾਂ ਘਰ ਦੇ ਜੀਆਂ ਨੇ ਉਹਦਾ ਅੰਤਿਮ ਸੰਸਕਾਰ ਕਰ ਦਿੱਤਾ। ਪਰ ਇਸ ਨਾਲ ਉਹ ਮੌਤ ਦੀ ਪੂਰਨਤਾ ਨੂੰ ਪ੍ਰਾਪਤ ਨਾ ਕਰ ਸਕੀ। ਇਹ ਉਹਦੀ ਸਿਰਫ਼ ਪਹਿਲੀ ਮੌਤ ਸੀ!

ਪੂਰੇ ਸਮਾਜ ਨੂੰ ਅਤੇ ਉਹਦੇ ਨੇਮਾਂ ਤੇ ਬੰਧਨਾਂ ਨੂੰ ਦਰਕਿਨਾਰ ਕਰ ਕੇ ਜਿਸ ਕਿਸਮ ਦਾ ਮਨ-ਇੱਛਤ ਜੀਵਨ ਉਹਨੇ ਜੀਵਿਆ ਸੀ, ਉਸ ਵਿਚ ਉਹਦੀਆਂ ਕੋਈ ਜਿਉਂਦੇ-ਜੀਅ ਮੌਤਾਂ ਵੀ ਸ਼ਾਮਲ ਸਨ ਕਿ ਨਹੀਂ, ਇਹ ਭੇਤ ਤਾਂ ਉਹਦੇ ਨਾਲ ਹੀ



ਚਲਿਆ ਗਿਆ, ਪਰ ਇਸ ਮੌਤ ਨੂੰ ਚਿਤਾ ਦੀ ਅਗਨ-ਕੁਠਾਲੀ ਵਿਚੋਂ ਲੰਘ ਕੇ ਵੀ ਗਤੀ ਪ੍ਰਾਪਤ ਨਾ ਹੋ ਸਕੀ। ਉਹਦੇ ਨਸੀਬ ਵਿਚ ਅਜੇ ਹੋਰ ਦੋ ਵਾਰ ਮਰਨਾ ਲਿਖਿਆ ਸੀ।

ਇਸ ਸੰਸਾਰ ਤੋਂ ਜਾਣ ਸਮੇਂ ਕੋਠੀ ਉਹ ਸ਼ੈਲੀ ਦੇ ਨਾਂ ਲਿਖ ਗਈ ਸੀ। ਨਾਲ ਹੀ ਉਹ ਆਪਣੀ ਇਹ ਇੱਛਾ ਵੀ ਗੂੜ੍ਹੇ ਅੱਖਰਾਂ ਵਿਚ ਦੱਸ ਗਈ ਸੀ ਕਿ ਉਹਦੇ ਨਿਵਾਸ ਵਾਲੀ ਪਹਿਲੀ ਮੰਜ਼ਿਲ ਇਮਰੋਜ਼ ਦੀ ਨਿਗਰਾਨੀ ਹੇਠ ਉਹਦਾ ਸਿਮਰਤੀ-ਸਥਾਨ ਬਣੀ ਰਹੇਗੀ। ਪਰ ਨਵਰਾਜ ਨੇ ਛੇਤੀ ਹੀ ਕੋਠੀ ਵਿਕਾਊ ਕਰ ਦਿੱਤੀ ਅਤੇ ਵੇਚੀ ਵੀ ਇਕ ਅਜਿਹੇ ਆਦਮੀ ਨੂੰ ਜਿਸ ਨੇ ਉਹਨੂੰ ਜਿਉਂ-ਦੀ-ਤਿਉਂ ਰੱਖ ਕੇ ਰਹਿਣਾ ਨਹੀਂ ਸੀ ਸਗੋਂ ਪੂਰੀ ਤਰ੍ਹਾਂ ਢਾਹ ਕੇ ਟੋਟੇ ਕਈ ਲੋਕਾਂ ਨੂੰ ਵੰਡਣੇ-ਵੇਚਣੇ ਸਨ। ਕੋਠੀ ਵੇਚਣ ਵਿਚ ਸ਼ੈਲੀ ਦੀ ਪੈਸੇ ਦੀ ਲੋੜ ਦਾ ਕਿੰਨਾ ਹੱਥ ਸੀ ਅਤੇ ਉਹਦੀਆਂ ਕੰਧਾਂ ਉਤੇ ਡੂੰਘੀਆਂ ਉਕਰੀਆਂ ਹੋਈਆਂ ਕੋੜੀਆਂ ਯਾਦਾਂ ਦਾ ਕਿੰਨਾ, ਇਹ ਤੱਥ-ਸੱਚ ਤਾਂ ਸ਼ੈਲੀ ਆਪਣੇ ਨਾਲ ਹੀ ਲੈ ਗਿਆ, ਪਰ ਜੇ ਮਾਮਲਾ ਇਕੱਲੇ ਪੈਸੇ ਦਾ ਹੀ ਹੁੰਦਾ, ਪਿਤਾ ਦੀ ਹੌਜ਼ਖਾਸ ਤੋਂ ਵੀ ਮਹਿੰਗੇ ਇਲਾਕੇ ਨਿਊ ਫ਼੍ਰੈਂਡਜ਼ ਕਾਲੋਨੀ ਵਾਲੀ ਕੋਠੀ ਦੇ ਪੈਸਿਆਂ ਦੇ ਗੱਠੜ ਹੀ ਬਹੁਤ ਸਨ। ਜਦੋਂ ਅੰਮ੍ਰਿਤਾ ਦੇ ਆਪਣੇ ਸਿਮਰਤੀ-ਸਥਾਨ ਵਜੋਂ ਚਾਹੇ-ਚਿਤਵੇ ਘਰ ਨੂੰ ਮਲੀਆਮੇਟ ਕੀਤਾ ਜਾਣ ਲੱਗਿਆ, ਵਦਾਨੀ ਮਾਰ ਸਿਰਫ਼ ਛੱਤਾਂ ਨੂੰ ਅਤੇ ਇਮਰੋਜ਼ ਦੀਆਂ ਉਹਦੇ ਸ਼ਿਅਰਾਂ ਨਾਲ ਸਜਾਈਆਂ ਕੰਧਾਂ ਨੂੰ ਹੀ ਨਾ ਪਈ, ਅੰਮ੍ਰਿਤਾ ਦੀ ਆਤਮਾ ਨੂੰ ਵੀ ਪਈ। ਇਹ ਉਹਦੀ ਦੂਜੀ ਮੌਤ ਸੀ!

ਫੇਰ ਇਕ ਦਿਨ ਅਚਾਨਕ ਅਖ਼ਬਾਰਾਂ ਨੇ ਖ਼ਬਰ ਛਾਪੀ, ਪੰਜਾਬੀ ਕਵਿੱਤਰੀ ਅੰਮ੍ਰਿਤਾ ਪ੍ਰੀਤਮ ਦੇ ਫ਼ਿਲਮ ਫ਼ਾਈਨਾਂਸਰ, ਫ਼ਿਲਮ ਨਿਰਮਾਤਾ, ਫ਼ੋਟੋਗਰਾਫ਼ਰ ਬੇਟੇ ਨਵਰਾਜ ਕਵਾਤੜਾ ਦਾ ਮੁੰਬਈ ਵਾਲੇ ਉਹਦੇ ਫ਼ਲੈਟ ਵਿਚ ਕਤਲ ਹੋ ਗਿਆ। ਉਹਦਾ ਅੰਤ ਸਿਰਫ਼ ਅਚਾਨਕ ਤੇ ਬੇਮੌਕਾ ਹੀ ਨਹੀਂ ਸੀ, ਗ਼ੈਰ-ਕੁਦਰਤੀ ਹੋਣ ਦੇ ਨਾਲ ਨਾਲ ਬਹੁਤ ਬੇਕਿਰਕ, ਬੇਰਹਿਮ ਤੇ ਕਰੂਰ ਵੀ ਸੀ। ਉਹਦੀ ਮੌਤ ਦਾ ਭਿਆਨਕ ਵੇਰਵਾ ਪੜ੍ਹ ਕੇ ਅੰਦਰ ਕੰਬ ਗਿਆ! ਪਰ ਖ਼ਬਰ ਇਥੇ ਹੀ ਨਾ ਰੁਕੀ, ਉਹ ਤੁਰਦੀ ਰਹੀ ਤੇ ਆਉਂਦੇ ਦਿਨਾਂ ਵਿਚ ਇਕ ਇਕ ਕਰ ਕੇ ਉਹਦੀਆਂ ਹੋਰ ਹੋਰ ਤਹਿਆਂ ਖੁਲ੍ਹਦੀਆਂ ਗਈਆਂ। ਤਹਿਆਂ ਜਿਨ੍ਹਾਂ ਨਾਲ ਪਰੇਸ਼ਾਨੀ ਪਹਿਲਾਂ ਹੈਰਾਨੀ ਵਿਚ ਅਤੇ ਫੇਰ ਪਸ਼ੇਮਾਨੀ ਤੇ ਗਿਲਾਨੀ ਵਿਚ ਬਦਲ ਗਈ! ਹੈਰਾਨੀ ਉਸ ਜੀਵਨ-ਮਾਰਗ ਦੀ ਜੋ ਪ੍ਰੀਤਮ ਸਿੰਘ ਵਰਗੇ ਨੇਕ ਤੇ ਧੀਰਜਵਾਨ ਪਿਤਾ ਅਤੇ ਅੰਮ੍ਰਿਤਾ ਪ੍ਰੀਤਮ ਵਰਗੀ ਵੱਡੀ ਲੇਖਿਕਾ ਮਾਂ ਦਾ ਬੇਟਾ ਹੋਣ ਦੇ ਬਾਵਜੂਦ ਉਹਨੇ ਚੁਣਿਆ, ਪਸ਼ੇਮਾਨੀ ਤੇ ਗਿਲਾਨੀ ਉਸ ਮੰਜ਼ਿਲ ਦੀ ਜਿਸ ਉਤੇ ਉਹਨੂੰ ਇਹ ਮਾਰਗ ਲੈ ਗਿਆ!

ਉਹਦੀ ਉਮਰ ਭਰ ਦੀ ਪਰੇਸ਼ਾਨੀ ਅਤੇ ਪਸ਼ੇਮਾਨੀ ਉਹਨੂੰ ਹੇਠਾਂ ਵੱਲ ਧਕਦੀ ਧਕਦੀ ਅਸ਼ਲੀਲਤਾ ਦੀ ਹਨੇਰੀ ਗੁਫ਼ਾ ਵਿਚ ਲੈ ਗਈ, ਅਪਰਾਧ ਜਿਸ ਦਾ ਜੌੜਾ ਭਾਈ ਹੁੰਦਾ ਹੈ। ਇਸ ਹਨੇਰੀ ਗੁਫ਼ਾ ਦੀ ਸਜਾਵਟ ਗੁਪਤ ਕੈਮਰੇ ਸਨ, ਕਾਮ-ਖਿਡੌਣੇ ਸਨ, ਨਗਨ ਫ਼ਿਲਮਾਂ ਸਨ ਤੇ ਸੌਖੇ ਪੈਸੇ ਨੂੰ ਤਾਂਘਦੀਆਂ ਖ਼ੂਬਸੂਰਤ ਜਵਾਨ ਕੁੜੀਆਂ ਸਨ। ਅਪਰਾਧ ਦੀ ਬੰਬਈਆ ਦੁਨੀਆਂ ਵਿਚ ਸਭ ਤੋਂ ਡਰਾਉਣਾ ਸ਼ਬਦ ਹੈ 'ਭਾਈ'। ਪੁਲਿਸ ਨੂੰ ਖ਼ੂਬਸੂਰਤ ਕਾਗ਼ਜ਼ ਵਿਚ ਲਪੇਟਿਆ ਜੋ ਅਣਖੋਲ੍ਹਿਆ ਪਿਆ ਸੁਗਾਤੀ ਡੱਬਾ ਮਿਲਿਆ, ਦੋਵੇਂ ਕਾਤਲ "ਸਲੀਮਭਾਈ ਦਾ ਭੇਜਿਆ" ਆਖ ਕੇ ਉਹਦੇ ਬਹਾਨੇ ਹੀ ਅੰਦਰ ਆਏ ਸਨ।

ਜੇ ਸੋਚੀਏ, ਪੁਰਾਤਨ ਯੂਨਾਨ ਦੇ ਦੁਖਾਂਤ ਨਾਟਕਾਂ ਵਾਂਗ ਇਸ ਨਾਟਕ ਦਾ ਇਹੋ ਅੰਤ ਨਿਸ਼ਚਿਤ ਸੀ। ਇਸ ਅੰਤ ਉਤੇ ਸ਼ਾਇਦ ਵਿਧਮਾਤਾ ਨੇ ਉਸੇ ਦਿਨ ਦਸਖ਼ਤ ਕਰ ਦਿੱਤੇ ਸਨ ਜਿਸ ਦਿਨ ਸ਼ੈਲੀ ਨੇ ਮਾਂ ਨੂੰ ਸਾਹਿਰ ਅੰਕਲ ਵਾਲਾ ਸਵਾਲ ਪੁੱਛਿਆ ਸੀ। ਇਸ ਨਾਟਕ ਦੀ ਕਥਾ ਜਿਉਂ-ਜਿਉਂ ਅੱਗੇ ਵਧੀ, ਨਵਰਾਜ ਨੂੰ ਇਸ ਅੰਤ ਵੱਲ ਧਕਦੀ ਗਈ ਅਤੇ ਉਹ ਹੋਣੀ ਦੇ ਹੱਥਾਂ ਵਿਚ ਮੋਹਰਾ ਬਣਿਆ, ਨੀਂਦ ਵਿਚ ਤੁਰਦੇ ਬੰਦੇ ਵਾਂਗ, ਅੰਜਾਮ ਤੋਂ ਬੇਖ਼ਬਰ ਅੱਗੇ ਵਧਦਾ ਗਿਆ। ਦੇਖਣ ਨੂੰ ਲੋਹੇ-ਸੀਮਿੰਟ ਦੇ ਪੁਖ਼ਤਾ ਜਾਪਦੇ ਪਰ ਅਸਲ ਵਿਚ ਅੰਦਰੋਂ ਪਾਟੀਆਂ ਕੰਧਾਂ ਵਾਲੇ ਹੌਜ਼ਖਾਸ ਵਿਚਲੇ ਘਰ ਦੇ ਚਰਾਗ਼ ਦਾ ਹਨੇਰੀ ਦੇ ਬੁੱਲਿਆਂ ਨਾਲ ਲੰਮਾ ਸਮਾਂ ਕੰਬ-ਡੋਲ ਕੇ ਆਖ਼ਰ ਨੂੰ ਬੁਝ ਜਾਣਾ ਕੋਈ ਅਣਹੋਣੀ ਜਾਂ ਅਲੋਕਾਰ ਗੱਲ ਨਹੀਂ ਸੀ।

ਪਰ ਬਿਚਾਰੇ ਨਵਰਾਜ ਨੂੰ ਕੌਣ ਜਾਣਦਾ ਸੀ! ਖ਼ਬਰ ਵਿਚ ਉਹਦਾ ਨਾਂ ਤਾਂ ਘਟਨਾ ਦੇ ਮੁੱਖ-ਪਾਤਰ ਵਜੋਂ ਆ ਰਿਹਾ ਸੀ। ਪਛਾਣ ਤਾਂ ਉਹਦੀ ਜੇ ਕੋਈ ਹੈ ਸੀ, ਉਹ ਅੰਮ੍ਰਿਤਾ ਦਾ ਬੇਟਾ ਹੋਣਾ ਸੀ। ਕਈ ਵੱਡੇ ਅਖ਼ਬਾਰਾਂ ਨੇ ਸੁਰਖ਼ੀ 'ਅੰਮ੍ਰਿਤਾ ਪ੍ਰੀਤਮ ਦੇ ਬੇਟੇ ਦਾ ਕਤਲ' ਦੀ ਲਾਈ । ਕੁਝ ਅਖ਼ਬਾਰ ਤਾਂ ਇਸ ਪਛਾਣ ਨੂੰ ਇਥੋਂ ਤੱਕ ਲੈ ਗਏ ਕਿ ਕਤਲ ਨਵਰਾਜ ਦਾ ਹੋਇਆ ਸੀ, ਖ਼ਬਰ ਨਾਲ ਫ਼ੋਟੋ ਉਨ੍ਹਾਂ ਨੇ ਅੰਮ੍ਰਿਤਾ ਪ੍ਰੀਤਮ ਦੀ ਛਾਪੀ। ਇਉਂ ਇਹ ਮੌਤ ਇਕੱਲੇ ਨਵਰਾਜ ਦੀ ਹੀ ਨਹੀਂ ਸੀ, ਅੰਮ੍ਰਿਤਾ ਦੀ ਵੀ ਸੀ। ਸਗੋਂ ਇਹ ਕਹਿਣਾ ਵਧੇਰੇ ਠੀਕ ਹੈ ਕਿ ਇਹ ਮੌਤ ਨਵਰਾਜ ਦੀ ਘੱਟ ਤੇ ਅੰਮ੍ਰਿਤਾ ਦੀ ਵੱਧ ਸੀ ਤੇ ਇਹ ਅੰਮ੍ਰਿਤਾ ਦੀ ਤੀਜੀ ਮੌਤ ਸੀ। ਸ਼ਾਇਦ, ਆਪਣੀ ਇਸ ਸੁਭਾਗੀ-ਨਿਭਾਗੀ ਵੱਡੀ ਲੇਖਿਕਾ ਦੀ ਟੋਟਿਆਂ ਵਿਚ ਵੰਡੀ ਮੌਤ ਨੂੰ ਇਸ ਤੀਜੇ ਮਰਨੇ ਨਾਲ ਆਖ਼ਰ ਪੂਰਨਤਾ ਪ੍ਰਾਪਤ ਹੋ ਗਈ ਹੋਵੇਗੀ। ਘੁੱਟ-ਘੁੱਟ ਮੇਰੇ ਵਰਗੇ ਉਹਦੇ ਕਿਸੇ ਨਾ ਕਿਸੇ ਹੱਦ ਤੱਕ ਸਾਹਿਤਕ ਦੇਣਦਾਰਾਂ ਦੀ ਤਾਂ ਇਹੋ ਅਰਦਾਸ ਹੈ!

(ਸਮਾਪਤ)

# ਪੰਜਾਬ ਦੀ ਵੰਡ ਅਤੇ ਪੰਡਤ ਮੋਹਨ ਲਾਲ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com


1956 ਤੋਂ 1967 ਤੱਕ ਪੰਜਾਬ ਦੇ ਗ੍ਰਿਹ ਮੰਤਰੀ ਅਤੇ ਵਿੱਤ ਮੰਤਰੀ ਰਹੇ ਪੰਡਤ ਮੋਹਨ ਲਾਲ ਪੰਜਾਬ ਦੀ ਵੰਡ ਦਰ ਵੰਡ ਦੇ ਚਸ਼ਮਦੀਦ ਗਵਾਹ ਸਨ। ਪੰਜਾਬੀ ਸੂਬਾ ਬਣਾਉਣ ਲਈ ਵਿੱਢੇ ਗਏ ਅਕਾਲੀ ਅੰਦੋਲਨ ਨਾਲ ਨਿਪਟਣ ਵਾਲੇ ਵੀ ਸ. ਪ੍ਰਤਾਪ ਸਿੰਘ ਕੈਰੋਂ ਦੀ ਵਜ਼ਾਰਤ ਵਿਚ ਉਹੀਓ ਸਨ। 'ਪੰਜਾਬ ਦੀ ਵੰਡ' ਨਾਂ ਦੀ ਉਨ੍ਹਾਂ ਦੀ ਪੁਸਤਕ ਆਜ਼ਾਦੀ ਤੋਂ ਪਿੱਛੋਂ ਦੇ ਸਿਆਸੀ ਇਤਿਹਾਸ ਦੀ ਮੂੰਹ ਬੋਲਦੀ ਤਸਵੀਰ ਹੈ। ਇਹ ਪੁਸਤਕ ਪੰਡਤ ਜਵਾਹਰ ਲਾਲ ਨਹਿਰੂ ਤੇ ਸ. ਪ੍ਰਤਾਪ ਸਿੰਘ ਕੈਰੋਂ ਦੀ ਕਾਰਜ ਸ਼ੈਲੀ ਉਤੇ ਤਫ਼ਸੀਲ ਨਾਲ ਚਾਨਣਾ ਪਾਉਂਦੀ ਹੈ। ਪੰਡਤ ਮੋਹਲ ਲਾਲ (1905-1999) ਨੇ 1966 ਵਿਚ ਪੰਜਾਬ ਦੂਜੀ ਵਾਰ ਟੁਕੜੇ-ਟੁਕੜੇ ਹੁੰਦੇ ਵੇਖਿਆ। ਉਹ ਇਸ ਟੁੱਟ-ਭੱਜ ਦਾ ਡਟ ਕੇ ਵਿਰੋਧ ਕਰਨ ਵਾਲਾ ਸੀ ਤੇ ਉਹ ਓਨਾ ਹੀ ਡੱਟ ਕੇ ਪੰਜਾਬ ਨੂੰ ਖੇਰੂੰ-ਖੇਰੂੰ ਕਰਨ ਵਾਲੇ ਵਿਅਕਤੀ ਨਾਲ ਨਿਪਟਿਆ ਤੇ ਵਿਚਰਿਆ ਹੈ। ਪੇਸ਼ਾਵਰ ਤੋਂ ਮਥੁਰਾ ਤੱਕ ਫੈਲੇ ਪੰਜਾਬ ਦੇ ਟੁਟਣ ਦਾ ਦੁੱਖ ਇਸ ਪੁਸਤਕ ਦੇ ਪੰਨੇ ਪੰਨੇ ਉਤੇ ਅੰਕਿਤ ਹੈ। ਮਈ 1964 ਵਿਚ ਪੰਡਤ ਨਹਿਰੂ ਦੇ ਅਕਾਲ ਚਲਾਣੇ ਅਤੇ ਫਰਵਰੀ 1965 ਵਿਚ ਕੈਰੋਂ ਦੇ ਕਤਲ ਤੋਂ ਡੇਢ ਸਾਲ ਦੇ ਅੰਦਰ ਪੰਜਾਬ ਲੰਗੜਾ ਹੋ ਗਿਆ। ਮੋਹਨ ਲਾਲ ਦੇ ਸ਼ਬਦਾਂ ਵਿਚ ਪੰਜਾਬ ਨੂੰ ਮਿਲੀ ਇਸ ਸਜ਼ਾ ਦਾ ਮੂਲ ਕਾਰਨ 6 ਫਰਵਰੀ 1965 ਨੂੰ ਦਿੱਲੀ ਨੇੜੇ ਜਰੈਨਲੀ ਸੜਕ ਉਤੇ ਕੈਰੋਂ ਦੇ ਕਤਲ ਦੇ ਰੂਪ ਵਿਚ ਹੋਇਆ ਪਾਪ ਹੈ।

1965 ਤੋਂ ਤੁਰੰਤ ਪਿੱਛੋਂ ਪੰਜਾਬ ਦੀ ਵਾਗਡੋਰ ਸੰਭਾਲਣ ਵਾਲਿਆਂ ਲਈ ਉਨ੍ਹਾਂ ਵਲੋਂ ਵਰਤਿਆ 'ਬੌਂਗਾ' ਸ਼ਬਦ ਉਸ ਸਮੇਂ ਦੇ ਰਾਹਨੁਮਾਵਾਂ ਨੂੰ ਕਮਜ਼ੋਰ ਤੇ ਉਜੱਡ ਹੀ ਨਹੀਂ ਦਸਦਾ, ਕੈਰੋਂ ਦੀ ਦਲੇਰੀ ਉਤੇ ਫੁੱਲ ਵੀ ਚੜ੍ਹਾਉਂਦਾ ਹੈ। ਅਕਾਲੀਆਂ ਵਲੋਂ ਕਾਂਗੜਾ ਤੇ ਹੋਰ ਪਹਾੜੀ ਇਲਾਕਿਆਂ ਦੇ ਨੇਤਾਵਾਂ ਨੂੰ ਇਹ ਇਲਾਕੇ ਹਿਮਾਚਲ ਪ੍ਰਦੇਸ਼ ਨਾਲ ਰਲਾਉਣ ਲਈ ਉਤਸ਼ਾਹਤ ਕਰਨ ਉਤੇ ਲਾਹਨਤਾਂ ਵੀ।

ਪੰਡਤ ਨਹਿਰੂ ਤੇ ਕੈਰੋਂ ਨੇ ਜਿਸ ਸ਼ਕਤੀ ਨਾਲ ਪੰਜਾਬ ਨੂੰ ਟੁੱਟਣ ਤੋਂ ਬਚਾਈ ਰਖਿਆ ਉਹ ਉਸ ਸਮੇਂ ਦੇ ਗ੍ਰਿਹ ਮੰਤਰੀ ਤੋਂ ਵੱਧ ਕੌਣ ਜਾਣ ਸਕਦਾ ਸੀ? ਕੈਰੋਂ ਦੇ ਕਤਲ ਤੋਂ ਦੋ ਦਹਾਕੇ ਪਿੱਛੋਂ ਮੋਹਨ ਲਾਲ ਦੀ ਇਹ ਟਿੱਪਣੀ ਬਹੁਤ ਕੁਝ ਕਹਿ ਜਾਂਦੀ ਹੈ, "ਸ. ਪ੍ਰਤਾਪ ਸਿੰਘ ਕੈਰੋਂ ਦੀ ਸ਼ਖਸੀਅਤ ਬੜੀ ਪ੍ਰਭਾਵਸ਼ਾਲੀ ਸੀ। ਉਹ ਬਹੁਤ ਅਕਲਮੰਦ ਸਨ। ਉਹ ਤੁਰੰਤ ਫੈਸਲੇ ਲੈਂਦੇ ਤੇ ਸਖ਼ਤੀ ਨਾਲ ਉਨ੍ਹਾਂ ਨੂੰ ਲਾਗੂ ਕਰਦੇ। ਉਹ ਕਦੇ ਵੀ ਡਾਵਾਂਡੋਲ ਨਹੀਂ ਹੁੰਦੇ ਤੇ ਨਾ ਹੀ ਕਦੇ ਉਨ੍ਹਾਂ ਆਪਣੇ ਅੰਦਰ ਕੋਈ ਝਿਜਕ ਪੈਦਾ ਹੋਣ ਦਿੱਤੀ। ਬਾਹਰੋਂ ਸਖ਼ਤ ਸੁਭਾਅ ਦੇ ਨਜ਼ਰ ਆਉਣ ਦੇ ਬਾਵਜੂਦ ਅੰਦਰੋਂ ਉਹ ਬੜੇ ਨਰਮ ਚਿਤ ਸਨ। ਉਨ੍ਹਾਂ ਦਾ ਨਜ਼ਰੀਆ ਧਰਮ-ਨਿਰਪਖਤਾ ਵਾਲਾ ਸੀ ਤੇ ਆਪ ਉਹ ਪੂਰੀ ਤਰ੍ਹਾਂ ਰਾਸ਼ਟਰਵਾਦੀ ਸਨ। ਸਮਾਜ ਵਿਚ ਹਿੰਦੂ, ਸਿੱਖਾਂ, ਹਰੀਜਨਾਂ, ਜੱਟਾਂ ਤੇ ਗੈਰ ਜੱਟਾਂ ਦੀਆਂ ਬਰਾਦਰੀਆਂ ਨੂੰ ਉਨ੍ਹਾਂ ਵਿਚ ਇਕੋ ਜਿੰਨਾ ਭਰੋਸਾ ਸੀ। ਉਹ ਫਿਰਕਾਪ੍ਰਸਤੀ ਨਾਲ ਬੜੀ ਸਫਲਤਾ ਨਾਲ ਲੜੇ। ਉਹ ਲੋਕਾਂ ਦੇ ਲੀਡਰ ਸਨ। ਲੋਕ ਉਨ੍ਹਾਂ ਨੂੰ ਪਿਆਰ ਕਰਦੇ ਸਨ ਤੇ ਉਨ੍ਹਾਂ ਤੋਂ ਡਰਦੇ ਵੀ ਸਨ, ਪਸੰਦ ਵੀ ਕਰਦੇ ਸਨ ਤੇ ਨਾ-ਪਸੰਦ ਵੀ। ਪਿੰਡਾਂ ਦੇ ਸੈਂਕੜੇ ਲੋਕ ਰੋਜ਼ਾਨਾ ਉਨ੍ਹਾਂ ਨੂੰ ਦਫ਼ਤਰ ਵਿਚ ਜਾਂ ਕੋਠੀ ਮਿਲਣ ਆਉਂਦੇ। ਉਨ੍ਹਾਂ ਦੇ ਸੌਣ ਕਮਰੇ ਤੱਕ ਵੀ ਪਹੁੰਚ ਜਾਂਦੇ। ਆਪਣੀਆਂ ਮੁਸ਼ਕਿਲਾਂ ਬਾਰੇ ਗੱਲਬਾਤ ਕਰਦੇ ਤੇ ਉਦੋਂ ਮੁੜਦੇ ਜਦੋਂ ਉਨ੍ਹਾਂ ਦੀ ਪੂਰੀ ਤਸੱਲੀ ਹੋ ਜਾਂਦੀ।

"1962 ਵਿਚ ਚੀਨ ਦੇ ਹਮਲੇ ਕਾਰਨ ਜਦੋਂ ਦੇਸ਼ ਨੂੰ ਐਮਰਜੈਂਸੀ ਲਾਉਣੀ ਪਈ, ਉਦੋਂ ਸ. ਕੈਰੋਂ ਨੂੰ ਆਪਣਾ ਅਸਲੀ ਸਾਹਸ ਦਿਖਾਉਣ ਦਾ ਮੌਕਾ ਮਿਲਿਆ। ਪੰਜਾਬ ਨੇ ਆਪਣੇ ਆਪ ਨੂੰ ਭਾਰਤ ਦੀ ਖੜਗ-ਭੁਜਾ ਸਾਬਤ ਕੀਤਾ ਤੇ ਦੇਸ਼ ਦੀਆਂ ਨਜ਼ਰਾਂ ਵਿਚ ਸ. ਕੈਰੋਂ ਪਰਖ ਦੀ ਘੜੀ ਵਿਚ ਇਕ ਸਿਤਾਰੇ ਵਾਂਗ ਚਮਕੇ। ਉਹ ਕਦੇ ਇਕ ਕਦੇ ਦੂਜੇ ਮੁਹਾਜ਼ ਉਤੇ ਗਏ ਤੇ ਜਵਾਨਾਂ ਨੂੰ ਹੱਲਾ ਸ਼ੇਰੀ ਦਿੱਤੀ। ਉਨ੍ਹਾਂ ਨੇ ਸੈਨਿਕਾਂ ਦੇ ਪਰਿਵਾਰਾਂ ਲਈ ਤਰ੍ਹਾਂ-ਤਰ੍ਹਾਂ ਦੀਆਂ ਸਹੂਲਤਾਂ ਦਾ ਐਲਾਨ ਕੀਤਾ ਤੇ ਉਨ੍ਹਾਂ ਦੇ ਮਨੋਬਲ ਨੂੰ ਉਚਾ ਕੀਤਾ।"

"ਪੰਜਾਬੀ ਸੈਨਿਕਾਂ ਦੇ ਵਸੇਬੇ ਲਈ ਮੱਧ ਪ੍ਰਦੇਸ਼ ਅਤੇ ਰਾਜਸਥਾਨ ਵਿਚ 21 ਲੱਖ ਏਕੜ ਜ਼ਮੀਨ ਹਾਸਲ ਕਰਨ ਵਿਚ ਉਹ ਸਫਲ ਹੋ ਗਏ। ਸਾਰੇ ਵਧੀਆ ਮਨੁਖਾਂ ਵਾਂਗ ਕੁਝ ਕਮਜ਼ੋਰੀਆਂ ਪ੍ਰਤਾਪ ਸਿੰਘ ਕੈਰੋਂ ਵਿਚ ਵੀ ਸਨ। ਜਿੰਨੀ ਚੌਕਸੀ ਉਨ੍ਹਾਂ ਨੇ ਜਨਤਕ ਮਾਮਲਿਆਂ ਵੱਲ ਰੱਖੀ, ਜੇ ਏਨੀ ਚੌਕਸੀ ਆਪਣੇ ਪਰਿਵਾਰਕ ਮਾਮਲਿਆਂ ਵੱਲ ਵੀ ਰੱਖੀ ਹੁੰਦੀ ਤਾਂ ਪੰਜਾਬ ਦਾ ਇਤਿਹਾਸ ਕੁਝ ਹੋਰ ਹੁੰਦਾ। ਦੋਸਤ-ਮਿੱਤਰਾਂ ਤੇ ਸਕੇ-ਸਬੰਧੀਆਂ ਵਿਚ ਅੰਨ੍ਹੇ ਵਿਸ਼ਵਾਸ ਨੇ ਹੀ ਉਨ੍ਹਾਂ ਦਾ ਪਤਨ ਲਿਆਂਦਾ।"




'ਪੰਜਾਬ ਦੀ ਵੰਡ' (ਲੋਕਗੀਤ ਪ੍ਰਕਾਸ਼ਨ ਚੰਡੀਗੜ੍ਹ) ਦੇ 318 ਪੰਨਿਆਂ ਉਤੇ ਮਿਤੀਆਂ, ਦਲੀਲਾਂ ਤੇ ਅਖ਼ਬਾਰਾਂ ਦੇ ਸੰਪਾਦਕੀਆਂ ਸਮੇਤ ਅਜਿਹੀ ਸਮਗਰੀ ਮਿਲਦੀ ਹੈ ਜਿਨ੍ਹਾਂ ਬਾਰੇ ਲੋਕ ਮਨਾਂ ਵਿਚ ਅਜੇ ਵੀ ਬੜੀਆਂ ਗੁੰਝਲਾਂ ਹਨ। ਖਾਸ ਕਰ ਕੈਰੋਂ ਦੇ ਕਤਲ ਬਾਰੇ। ਲੇਖਕ ਨੇ ਏਸ ਬਾਰੇ ਵੀ ਵਿਸਥਾਰ ਨਾਲ ਲਿਖਿਆ ਹੈ। ਲੇਖਕ ਦੇ ਸ਼ਬਦਾਂ ਵਿਚ "ਸਾਬਕਾ ਰੱਖਿਆ ਮੰਤਰੀ ਵੀ.ਕੇ. ਕ੍ਰਿਸ਼ਨਾ ਮੈਨਨ ਨੇ ਇਸ ਵਾਰਦਾਤ ਨੂੰ ਦਿਲ ਹਿਲਾ ਦੇਣ ਵਾਲੀ ਦਸਦਿਆਂ ਕਿਹਾ, 'ਕੈਰੋਂ ਨੂੰ ਜ਼ਿਆਦਾਤਰ ਉਨ੍ਹਾਂ ਬੰਦਿਆਂ ਨੇ ਬਦਨਾਮ ਕੀਤਾ ਜਿਹੜੇ ਉਨ੍ਹਾਂ ਬਾਰੇ ਤੇ ਪੰਜਾਬ ਬਾਰੇ ਨਹੀਂ ਸਨ ਜਾਣਦੇ ਤੇ ਸ਼ਾਇਦ ਜਿਨ੍ਹਾਂ ਨੇ ਦਾਸ ਕਮਿਸ਼ਨ ਰਿਪੋਰਟ ਕਦੇ ਪੜ੍ਹੀ ਵੀ ਨਹੀਂ ਸੀ। ਲੱਖਾਂ ਕਿਸਾਨਾਂ ਦੇ ਦਿਲਾਂ ਅੰਦਰ ਉਨ੍ਹਾਂ ਦੀ ਬਣ ਚੁੱਕੀ ਥਾਂ, ਧਰਮ-ਨਿਰਪੱਖਤਾ ਤੇ ਸੰਕਟ ਦੇ ਸਮੇਂ ਸਰਹੱਦਾਂ ਦੀ ਰਾਖੀ ਪ੍ਰਤੀ ਉਨ੍ਹਾਂ ਦੀ ਦੇਣ ਵਰਗੇ ਉਨ੍ਹਾਂ ਦੇ ਕਾਰਨਾਮਿਆਂ ਨੂੰ ਕੋਈ ਛੇਤੀ ਕੀਤੇ ਨਹੀਂ ਮਿਟਾ ਸਕਦਾ।' ਅਚਾਰੀਆ ਵਿਨੋਬਾ ਭਾਵੇ ਨੇ ਬੜੇ ਦੁਖੀ ਮਨ ਨਾਲ ਇਹ ਖ਼ਬਰ ਸੁਣੀ ਤੇ ਸਿਆਸਤ ਵਿਚ ਹਿੰਸਾ ਦੇ ਇਸ ਤਰ੍ਹਾਂ ਦੇ ਪ੍ਰਵੇਸ਼ ਦੀ ਜ਼ੋਰਦਾਰ ਨਿੰਦਾ ਕੀਤੀ।

"ਸ. ਪ੍ਰਤਾਪ ਸਿੰਘ ਕੈਰੋਂ ਦੀ ਮ੍ਰਿਤਕ ਦੇਹ 7 ਫਰਵਰੀ ਨੂੰ ਐਂਬੂਲੈਂਸ ਵਿਚ ਰੱਖ ਕੇ ਉਨ੍ਹਾਂ ਦੇ ਪਿੰਡ ਲਈ ਰਵਾਨਾ ਹੋਈ। ਸੋਨੀਪਤ ਤੋਂ ਕੈਰੋਂ ਪਿੰਡ ਤੱਕ ਦੇ ਸਾਰੇ ਰਾਹ ਲੋਕਾਂ ਨੇ ਉਨ੍ਹਾਂ ਨੂੰ ਸ਼ਹੀਦਾਂ ਜਿੰਨਾ ਸਨਮਾਨ ਦਿੱਤਾ। ਕਰਨਾਲ, ਪਿੱਪਲੀ, ਸ਼ਾਹਬਾਦ, ਅੰਬਾਲਾ, ਰਾਜਪੁਰਾ, ਖੰਨਾ, ਲੁਧਿਆਣਾ, ਫਿਲੌਰ, ਫਗਵਾੜਾ, ਜਲੰਧਰ, ਕਰਤਾਰਪੁਰ ਤੇ ਬਿਆਸ ਆਦਿ ਥਾਵਾਂ ਉਤੇ ਲੋਕਾਂ ਦੀ ਭਾਰੀ ਭੀੜ ਨੇ ਸ. ਕੈਰੋਂ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਦੇ ਬਾਵਜੂਦ ਕਿ ਉਨ੍ਹਾਂ ਦੀ ਮ੍ਰਿਤਕ ਦੇਹ ਅੰਬਾਲੇ ਕੋਈ ਸ਼ਾਮ 6:30 ਵਜੇ ਅਤੇ ਅੰਮ੍ਰਿਤਸਰ ਤੜਕਸਾਰ 3 ਵਜੇ ਪਹੁੰਚੀ, ਹਜ਼ਾਰਾਂ ਲੋਕ ਆਪਣੇ ਵਿਛੜੇ ਨੇਤਾ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਉਥੇ ਇੰਤਜ਼ਾਰ ਕਰਦੇ ਰਹੇ। ਲੁਧਿਆਣਾ ਵਿਚ ਇਕੱਠੇ ਹੋਏ ਤੇ ਸੜਕ ਦੇ ਦੋਹੀਂ ਪਾਸੀਂ ਕਤਾਰਾਂ ਵਿਚ ਮੌਨ ਧਾਰ ਕੇ ਖੜੇ ਲੋਕਾਂ ਦੀ ਗਿਣਤੀ ਕੋਈ ਇਕ ਲੱਖ ਤੋਂ ਵੀ ਵੱਧ ਸੀ। ਰਾਤ 9 ਵਜੇ ਤੋਂ 11 ਵਜੇ ਤੱਕ ਉਨ੍ਹਾਂ ਨੂੰ ਲੰਘਦਿਆਂ ਦੋ ਘੰਟੇ ਲੱਗ ਗਏ। ਅੰਮ੍ਰਿਤਸਰ ਵਿਚੋਂ ਦੀ ਉਨ੍ਹਾਂ ਦੀ ਮ੍ਰਿਤਕ-ਦੇਹ ਜਲ੍ਹਿਆਂ ਵਾਲੇ ਬਾਗ਼ ਦੇ ਰਸਤੇ ਲੰਘਾਈ ਗਈ ਜਿਥੇ ਦੋ ਲੱਖ ਤੋਂ ਵਧੇਰੇ ਲੋਕਾਂ ਨੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਕੋਈ 50 ਹਜ਼ਾਰ ਲੋਕਾਂ ਦੀ ਹਾਜ਼ਰੀ ਵਿਚ ਸ. ਕੈਰੋਂ ਦੀ ਮ੍ਰਿਤਕ ਦੇਹ ਅਗਨ ਭੇਟ ਕੀਤੀ ਗਈ।"

ਪੁਸਤਕ ਵਿਚ ਮਾਸਟਰ ਤਾਰਾ ਸਿੰਘ ਤੇ ਪੰਡਤ ਨਹਿਰੂ ਦਾ ਚਿੱਠੀ ਪੱਤਰ ਵੀ ਪੜ੍ਹਨ ਵਾਲਾ ਹੈ। ਪ੍ਰਤਾਪ ਸਿੰਘ ਕੈਰੋਂ ਦੀ ਤਾਰਾ ਸਿੰਘ ਬਾਰੇ ਇਹ ਟਿੱਪਣੀ ਵੀ, "ਕਾਂਗਰਸ ਸਰਕਾਰ ਨੂੰ ਜ਼ਲੀਲ ਕਰਨ ਲਈ ਮਾਸਟਰ ਤਾਰਾ ਸਿੰਘ ਇਹ ਵਿਕੋਲਿਤਰਾ ਰਾਹ ਅਪਨਾ ਰਹੇ ਹਨ। ਉਸੇ ਧਰਮ ਤੇ ਉਸੇ ਮਿੱਟੀ ਦਾ ਹੁੰਦੇ ਹੋਏ ਮੈਂ ਸਮਝਦਾਂ, ਸਾਨੂੰ ਇਹ ਪੁਰਾਣੇ ਢੰਗ ਹੁਣ ਨਹੀਂ ਅਪਨਾਉਣੇ ਚਾਹੀਦੇ। ਸਾਡਾ ਸੰਵਿਧਾਨ ਸਾਨੂੰ ਹਰ ਧਰਮ ਦਾ ਸਤਿਕਾਰ ਕਰਨ ਦੀ ਹਦਾਇਤ ਕਰਦਾ ਹੈ ਤੇ ਇਸ ਨੂੰ ਅਸਲੀ ਰੂਪ ਦੇਣ ਲਈ ਸਾਨੂੰ ਪੂਰੀ ਖੁਲ੍ਹ ਦਿੰਦਾ ਹੈ।"

ਲੇਖਕ ਆਪਣਾ ਦੁੱਖ ਇੰਜ ਰੋਂਦਾ ਹੈ, "ਪੰਜਾਬ ਨੂੰ ਕਿਸੇ ਵੇਲੇ ਭਾਰਤ ਦਾ ਹੀਰੇ ਜੜਿਆ ਤਾਜ ਕਿਹਾ ਜਾਂਦਾ ਸੀ। ਜਿਨ੍ਹਾਂ ਨੇ ਉਹ ਦਿਨ ਦੇਖੇ ਹਨ ਉਨ੍ਹਾਂ ਲਈ ਪੰਜਾਬ ਦਾ ਘਟ ਕੇ 11 ਜ਼ਿਲ੍ਹਿਆਂ ਵਿਚ ਸਿਮਟ ਜਾਣਾ ਬਹੁਤ ਦੁਖਦਾਈ ਗੱਲ ਸੀ। 1947 ਦੀ ਵੰਡ ਨੇ ਇਸ ਨੂੰ ਅਪੰਗ ਕੀਤਾ ਤੇ 1966 ਨੇ ਇਸ ਨੂੰ ਹਮੇਸ਼ਾ ਲਈ ਅਜਿਹਾ ਬਣਾ ਦਿੱਤਾ ਜਿਹੜਾ ਮੁੜ ਕਦੀ ਵੀ ਚੰਗੇਰਾ ਤੇ ਵਡੇਰਾ ਨਹੀਂ ਬਣ ਸਕਦਾ।"

ਉਸ ਸਮੇਂ ਦੀਆਂ ਸਿਆਸੀ ਗਤੀਵਿਧੀਆਂ ਤੋਂ ਪਰਦਾ ਚੁੱਕਣ ਵਾਲੀ ਇਹ ਪੁਸਤਕ ਇਤਿਹਾਸ ਤੇ ਸਮਾਜ ਦੇ ਵਿਦਿਆਰਥੀਆਂ ਲਈ ਵਧੀਆ ਤੇ ਯਥਾਰਥਕ ਜਾਣਕਾਰੀ ਦੇਣ ਵਾਲੀ ਹੈ। ਅਸ਼ੋਕ ਸ਼ਰਮਾ ਨੂੰ ਪੁਸਤਕ ਦੇ ਪੰਜਾਬੀ ਅਨੁਵਾਦ ਦਾ ਮੁੜ ਛਪਣਾ ਮੁਬਾਰਕ!

**ਅੰਤਿਕਾ:**

ਵੁਹ ਵਕਤ ਭੀ ਦੇਖੇ ਹੈਂ
ਤਵਾਰੀਖ ਕੀ ਘੜੀਓਂ ਨੇ,
ਲਮਹੋਂ ਨੇ ਖਤਾ ਕੀ ਥੀ
ਸਦੀਓਂ ਨੇ ਸਜ਼ਾ ਪਾਈ।

*ਕਹਾਣੀ ਦੇ ਖੇਤਰ ਵਿਚ ਰਚਨਾਕਾਰ ਗੁਲਜ਼ਾਰ ਸਿੰਘ ਸੰਧੂ ਦਾ ਨਾਂ ਬੜਾ ਉਚ ਦਮਾਲੜਾ ਹੈ। ਕਹਾਣੀ ਦਾ ਰਵਾਇਤੀ ਨਖਰਾ ਕਾਇਮ ਰੱਖਦਿਆਂ, ਉਨ੍ਹਾਂ ਵੱਖ-ਵੱਖ ਦੌਰਾਂ ਦੀ ਬਾਤ ਪਾਉਂਦੀਆਂ ਜਾਨਦਾਰ ਕਹਾਣੀਆਂ ਦੀ ਸਿਰਜਣਾ ਕੀਤੀ ਹੈ। 'ਪੈਨਸ਼ਨ' ਨਾਂ ਦੀ ਇਹ ਕਹਾਣੀ, ਮਨੁੱਖ ਦੀ ਇਕ ਖਾਸ ਉਮਰ ਅਤੇ ਅਵਸਥਾ ਨਾਲ ਵਾਬਸਤਾ ਹੈ। ਇਸ ਕਹਾਣੀ ਦੀਆਂ ਨਿੱਕੀਆਂ, ਮਹੀਨ ਪਰਤਾਂ ਜਦੋਂ ਇਕ-ਇਕ ਕਰ ਕੇ ਪਾਠਕ ਅੱਗੇ ਗਲੋਟੇ ਅੱਗੇ ਉਧੜਦੀਆਂ ਹਨ, ਤਾਂ ਨਾਲ ਹੀ ਉਨ੍ਹਾਂ ਹਾਲਾਤ ਦੀਆਂ ਤਹਿਆਂ ਵੀ ਪਾਟਣ ਲਗਦੀਆਂ ਹਨ ਜਿਨ੍ਹਾਂ ਵਿਚੋਂ ਕਹਾਣੀ ਦੀ ਮੁੱਖ ਪਾਤਰ ਲੰਘ ਰਹੀ ਹੈ। ਕਹਾਣੀ ਦੀ ਚਾਲ ਬਜ਼ੁਰਗ ਪਾਤਰ ਦਲੀਪ ਕੁਮਾਰ ਵਾਂਗ ਬੜੀ ਸਹਿਜ ਵਾਲੀ ਹੈ। -ਸੰਪਾਦਕ*

# ਪੈਨਸ਼ਨ

## ਕਹਾਣੀ

**ਗੁਲਜ਼ਾਰ ਸਿੰਘ ਸੰਧੂ**

ਦਲੀਪ ਕੌਰ ਨੂੰ ਆਪਣੇ ਵੱਡੇ ਪੁੱਤਰ ਚਰਨ ਸਿੰਘ ਕੋਲ ਆਇਆਂ ਛੇ ਮਹੀਨੇ ਹੋ ਗਏ ਸਨ। ਚਰਨ ਸਿੰਘ ਦਾ ਇਕੋ ਇਕ ਬੱਚਾ ਵੱਡਾ ਹੋ ਰਿਹਾ ਸੀ। ਮਾਂ ਨੇ ਪ੍ਰਸੂਤੀ ਛੁੱਟੀ ਕੱਟ ਕੇ ਆਪਣੇ ਦਫ਼ਤਰ ਹਾਜ਼ਰ ਹੋਣਾ ਸੀ। ਬੱਚੇ ਨੂੰ ਸਾਂਭਣ ਦਾ ਕੰਮ ਦਲੀਪ ਕੌਰ ਹੀ ਕਰ ਸਕਦੀ ਸੀ। ਬਾਪ ਵੀ ਨੌਕਰੀ ਕਰਦਾ ਸੀ। ਮਾਪੇ ਬੱਚੇ ਦੀ ਜ਼ਿੰਮੇਵਾਰੀ ਘਰ ਵਿਚ ਕੰਮ ਕਰਨ ਵਾਲੀ ਸੇਵਾਦਾਰਨੀ ਨੂੰ ਨਹੀਂ ਸੀ ਦੇਣਾ ਚਾਹੁੰਦੇ। ਵਿਆਹ ਤੋਂ ਦਸ ਸਾਲ ਪਿਛੋਂ ਹੋਇਆ ਇਹ ਉਨ੍ਹਾਂ ਦਾ ਪਹਿਲਾ ਬੱਚਾ ਸੀ। ਮਸਾਂ ਮਸਾਂ ਦੀ ਦਾਤ।

ਬੱਚੇ ਪਾਲਣਾਂ ਦਲੀਪ ਕੌਰ ਲਈ ਔਖਾ ਨਹੀਂ ਸੀ। ਉਸ ਨੇ ਆਪਣੇ ਪੰਜ ਧੀਆਂ-ਪੁੱਤਰਾਂ ਤੋਂ ਬਿਨਾਂ ਪਿੰਡ ਵਿਚ ਰਹਿੰਦਿਆਂ ਆਪਣੀ ਛੋਟੀ ਨੂੰਹ ਦੇ ਦੋ ਬੱਚੇ ਪਾਲ ਕੇ ਵੱਡੇ ਕੀਤੇ ਸਨ। ਛੋਟੀ ਅਧਿਆਪਕਾ ਸੀ ਤੇ ਉਸ ਨੂੰ ਪ੍ਰਸੂਤੀ ਛੁੱਟੀ ਤੋਂ ਬਿਨਾਂ ਹੋਰ ਛੁੱਟੀ ਨਹੀਂ ਸੀ ਮਿਲਦੀ।

ਜਿਥੇ ਛੋਟੀ ਨੂੰਹ ਪਿੰਡ ਦੇ ਸਕੂਲ ਵਿਚ ਅਧਿਆਪਕਾ ਸੀ, ਵੱਡੀ ਸ਼ਹਿਰ ਦੇ ਡਿਗਰੀ ਕਾਲਜ ਵਿਚ ਮਨੋਵਿਗਿਆਨ ਦੀ ਪ੍ਰੋਫੈਸਰ। ਉਸ ਦੀ ਵਿਦਿਆ ਨੇ ਉਸ ਨੂੰ ਵੱਡੀ ਉਮਰ ਵਾਲਿਆਂ ਨੂੰ ਖੁਸ਼ ਕਰਨ ਦੇ ਢੰਗ-ਤਰੀਕੇ ਦੱਸੇ ਹੋਏ ਸਨ। ਉਹ ਉਂਝ ਵੀ ਪੰਜਾਬ ਤੋਂ ਨਹੀਂ, ਦੱਖਣੀ ਭਾਰਤ ਤੋਂ ਸੀ। ਕੇਰਲ ਤੋਂ।

ਦਲੀਪ ਕੌਰ ਨੂੰ ਭਾਵੇਂ ਸ਼ਹਿਰੀ ਜੀਵਨ ਠੀਕ ਨਹੀਂ ਸੀ ਲਗਦਾ, ਪਰ ਉਹ ਆਪਣੇ ਪੁੱਤਰ ਤੇ ਨੂੰਹ ਦੀ ਮਜਬੂਰੀ ਸਮਝਦੀ ਸੀ। ਉਸ ਨੇ ਆਪਣੇ ਆਂਢ-ਗੁਆਂਢ ਵਿਚ ਆਪਣੇ ਵਰਗੀਆਂ ਦੋ ਮਹਿਲਾਵਾਂ ਲੱਭ ਲਈਆਂ ਸਨ ਜਿਨ੍ਹਾਂ ਨਾਲ ਵਕਤ ਮਿਲਣ ਉਤੇ ਆਪਣਾ ਦੁੱਖ-ਸੁੱਖ ਫਰੋਲ ਲੈਂਦੀ ਸੀ।

ਦਾਦੀ ਦੀ ਦੇਖ-ਰੇਖ ਵਿਚ ਭਾਵੇਂ ਬੱਚਾ ਠੀਕ ਪਾਲ ਰਿਹਾ ਸੀ, ਫਿਰ ਵੀ ਬੱਚੇ ਦੀ ਮਾਂ ਆਪਣੇ ਮਸਾਂ ਮਸਾਂ ਪ੍ਰਾਪਤ ਹੋਏ ਬਾਲਕ ਨੂੰ ਆਪਣੇ ਢੰਗ ਨਾਲ ਪਾਲਣਾ ਚਾਹੁੰਦੀ ਸੀ। ਪਿੰਡ ਤੋਂ ਆਈ ਦਲੀਪ ਕੌਰ ਇੰਨੀ ਸਾਂਭ-ਸੰਭਾਲ ਵਿਚ ਯਕੀਨ ਨਹੀਂ ਸੀ ਰੱਖਦੀ।

ਛੇ ਕੁ ਮਹੀਨੇ ਪਿਛੋਂ ਵੱਡੀ ਨੂੰਹ ਨੇ ਬੱਚੇ ਦੀ ਚੰਗੇਰੀ ਦੇਖ-ਭਾਲ ਵਾਸਤੇ ਆਇਆ ਲੱਭ ਲਈ। ਉਹ ਦਿਨ ਵਿਚ ਤਿੰਨ ਵਾਰੀ ਬੱਚੇ ਨੂੰ ਦੇਖਣ ਆਉਂਦੀ ਸੀ। ਸ਼ਹਿਰ ਦੇ ਬੱਚਿਆਂ ਦੀ ਦੇਖ-ਭਾਲ ਦਾ ਅਨੁਭਵ ਰੱਖਣ ਵਾਲੀ ਇਸ ਆਇਆ ਦਾ ਮਾਂ ਦੀ ਦੇਖ-ਭਾਲ ਨਾਲ ਟਕਰਾਅ ਹੋਣਾ ਕੁਦਰਤੀ ਸੀ। ਉਹ ਜਦੋਂ ਵੀ ਸਮਾਂ ਲਗਦਾ, ਨੂੰਹ ਕੋਲ ਦਾਦੀ ਦੀਆਂ ਸ਼ਿਕਾਇਤਾਂ ਲਾਉਣ ਲੱਗੀ।

ਸਮਾਂ ਪਾ ਕੇ, ਆਇਆ ਇਹ ਵੀ ਸੋਚਣ ਲੱਗੀ ਕਿ ਜੇ ਉਸ ਨੂੰ ਇਸ ਘਰ ਵਿਚ ਕੁੱਲਵਕਤੀ ਕੰਮ ਮਿਲ ਜਾਵੇ ਤਾਂ ਬਹੁਤ ਚੰਗਾ ਹੈ। ਉਹ ਇਸ ਘਰ ਵਿਚ ਇਕੱਲੀ ਰਹੇਗੀ ਤਾਂ ਉਸ ਦੀ ਪੂਰੀ ਸਰਦਾਰੀ ਹੋਵੇਗੀ। ਇਹ ਸਰਦਾਰੀ ਬੱਚੇ ਦੀ ਦਾਦੀ ਦੇ ਘਰ ਹੁੰਦਿਆਂ ਨਹੀਂ ਸੀ ਹੋ ਸਕਦੀ। ਦਾਦੀ ਦੇ ਕੰਮ ਵਿਚ ਨੁਕਸ ਕੱਢਣੇ ਔਖੇ ਨਹੀਂ ਸਨ। ਆਇਆ ਆਪਣੇ ਪੈਰ ਜਮਾਉਣ ਵਿਚ ਸਫ਼ਲ ਹੋ ਰਹੀ ਸੀ। ਘਰ ਵਿਚ ਜਿਉਂ ਜਿਉਂ ਆਇਆ ਦੇ ਪੈਰ ਜੰਮਣੇ ਸਨ, ਦਾਦੀ ਦੇ ਉਖੜਨੇ ਹੀ ਸਨ।

ਦਾਦੀ ਨੇ ਇਹ ਸਮੱਸਿਆ ਗੁਆਂਢੀ ਸਹੇਲੀਆਂ ਨੂੰ ਦੱਸੀ ਤਾਂ ਉਨ੍ਹਾਂ ਨੇ ਵੀ ਹੱਥ ਖੜ੍ਹੇ ਕਰ ਦਿੱਤੇ। ਉਹ ਦਲੀਪ ਕੌਰ ਦੀ ਕੀ ਮਦਦ ਕਰ ਸਕਦੀਆਂ ਸਨ! ਉਹ ਖੁਦ ਇਸ ਪੜਾਅ ਵਿਚੋਂ ਲੰਘ ਕੇ ਨੂੰਹਾਂ ਪੁੱਤਰਾਂ ਦੀ ਮੰਨਣ ਲੱਗ ਪਈਆਂ ਸਨ।

ਉਂਝ ਦਲੀਪ ਕੌਰ ਇਕ ਗੱਲੋਂ ਸੁਭਾਗੀ ਸੀ। ਉਹ ਆਪਣੇ ਪਿੰਡ ਵਾਲੇ ਘਰ ਜਾ ਸਕਦੀ ਸੀ। ਪਿੰਡ ਚੇਤੇ ਆਉਣ ਸਾਰ ਉਸ ਦੇ ਮਨ ਉਤੇ ਇਹ ਗੱਲ ਭਾਰੂ ਹੋ ਗਈ ਕਿ ਉਸ ਦੇ ਸ਼ਹਿਰ ਪਹੁੰਚਣ ਤੋਂ ਦੋ ਮਹੀਨੇ ਦੇ ਅੰਦਰ ਅੰਦਰ ਉਸ ਦਾ ਪਤੀ ਚਲਾਣਾ ਕਰ ਗਿਆ ਸੀ। ਉਸ ਵੇਲੇ ਉਸ ਨੂੰ ਪਤੀ ਦੇ ਤੁਰ ਜਾਣਾ ਦਾ ਇੰਨਾ ਗਮ ਨਹੀਂ ਸੀ ਹੋਇਆ, ਕਿਉਂਕਿ ਉਹ ਨਵਜੰਮੇ ਬਾਲ ਨੂੰ ਪਾਲਣ ਵਿਚ ਪੂਰੀ ਤਰ੍ਹਾਂ ਰੁੱਝੀ ਹੋਈ ਸੀ। ਨੂੰਹ ਪੁੱਤਰ ਵੀ ਬੱਚੇ ਵੀ ਸਾਂਭ-ਸੰਭਾਲ ਦੇ ਹਿੱਤ ਵਿਚ ਮਾਂ ਨੂੰ ਵੱਧ ਤੋਂ ਵੱਧ ਆਦਰ ਮਾਣ ਦੇ ਰਹੇ ਸਨ। ਉਹ ਨਹੀ ਸੀ ਜਾਣਦੀ ਕਿ ਇਕ ਦਿਨ ਇਸ ਘਰ ਵਿਚ ਆਇਆ ਦੇ ਪਰਵੇਸ਼ ਕਰਨ ਨਾਲ ਪਾਸਾ ਹੀ ਪਲਟ ਜਾਣਾ ਸੀ।

ਇਨ੍ਹਾਂ ਦਿਨਾਂ ਵਿਚ ਹੀ ਉਸ ਨੇ ਆਪਣੇ ਨੂੰਹ ਨੂੰ ਚਰਨ ਸਿੰਘ ਨਾਲ ਆਇਆ ਨੂੰ ਪੱਕੇ ਤੌਰ 'ਤੇ ਘਰ ਰੱਖਣ ਦੀ ਗੱਲ ਕਰਦੇ ਸੁਣ ਲਿਆ। ਇਸ ਗੱਲਬਾਤ ਵਿਚ ਭਾਵੇਂ ਦਲੀਪ ਕੌਰ ਦਾ ਕੋਈ ਜ਼ਿਕਰ ਨਹੀਂ ਸੀ, ਪਰ ਉਹ ਜਾਣਦੀ ਸੀ ਕਿ ਆਇਆ ਦੇ ਰਾਤ ਦਿਨ ਘਰ ਰਹਿਣ ਦੀ ਸੂਰਤ ਵਿਚ ਇਸ ਘਰ ਵਿਚ ਉਸ ਦੀ ਹੋਂਦ ਫਾਲਤੂ ਹੋ ਜਾਣੀ ਸੀ।


ਇਹ ਗੱਲ ਮਨ ਵਿਚ ਆਉਂਦੇ ਸਾਰ ਉਹ ਆਪਣੇ ਪਿੰਡ ਵਾਲੇ ਘਰ ਪਿਛਲੇ ਇਕ ਸਾਲ ਵਿਚ ਆਈ ਤਬਦੀਲੀ ਬਾਰੇ ਸੋਚਣ ਲੱਗੀ। ਹੁਣ ਉਥੇ ਨਾ ਉਹਦਾ ਪਤੀ ਸੀ ਤੇ ਨਾ ਉਹ ਆਪ। ਨਿਸਚੇ ਹੀ ਉਸ ਘਰ ਹੁਣ ਉਸ ਦੀ ਛੋਟੀ ਨੂੰਹ ਦੀ ਸਰਦਾਰੀ ਸੀ। ਉਹ ਇਹ ਵੀ ਜਾਣਦੀ ਸੀ ਕਿ ਉਸ ਦੇ ਛੋਟੇ ਪੁੱਤਰ ਨੂੰ ਅਜਿਹੀ ਸਰਦਾਰੀ ਦਾ ਕੋਈ ਸ਼ੌਕ ਨਹੀਂ ਸੀ। ਸਹੁਰੇ ਦੇ ਅਕਾਲ ਚਲਾਣੇ ਤੋਂ ਪਿਛੋਂ ਘਰ ਦੀ ਸਾਰੀ ਜ਼ਿੰਮੇਵਾਰੀ ਛੋਟੀ ਨੂੰਹ ਨੇ ਸੰਭਾਲ ਲਈ ਸੀ। ਦਾਣਾ-ਫੱਕਾ, ਦੁੱਧ-ਦਹੀਂ ਤੇ ਘੀ-ਸ਼ੱਕਰ, ਖੁਦ ਹੀ ਸਾਂਭਦੀ ਸੀ। ਭਲੇ ਸਮਿਆਂ ਵਿਚ ਇਨ੍ਹਾਂ ਵਸਤਾਂ ਦੀ ਮਾਲਕ ਦਲੀਪ ਕੌਰ ਸੀ। ਉਸ ਦਾ ਪਤੀ ਭਾਰਤੀ ਸੈਨਾ ਵਿਚ ਨੌਕਰ ਹੋਣ ਕਾਰਨ ਸਾਲ ਵਿਚੋਂ ਕੇਵਲ ਉਦੋਂ ਹੀ ਘਰ ਆਉਂਦਾ ਸੀ ਜਦੋਂ ਉਸ ਨੂੰ ਛੁੱਟੀ ਮਿਲਦੀ ਸੀ। ਜਦੋਂ ਦੂਜੀ ਵੱਡੀ ਜੰਗ ਦੇ ਦਿਨਾਂ ਵਿਚ ਉਸ ਨੂੰ ਤਿੰਨ ਸਾਲ ਛੁੱਟੀ ਨਹੀਂ ਸੀ ਮਿਲੀ, ਤਾਂ ਉਹ ਉਪਜ ਤੇ ਉਸ ਤੋਂ ਪ੍ਰਾਪਤ ਹੋਈ ਆਮਦਨ ਦੀ ਖੁਦ ਮਾਲਕ ਹੁੰਦੀ ਸੀ।

ਪਿੰਡ ਦੀਆਂ ਬਾਕੀ ਮਹਿਲਾਵਾਂ ਦੀ ਹਾਲਤ ਉਹਦੇ ਵਾਲੀ ਨਹੀਂ ਸੀ। ਉਨ੍ਹਾਂ ਵਿਚੋਂ ਬਹੁਤੀਆਂ ਘਰ ਦੇ ਦਾਣੇ ਅਤੇ ਘੀ ਚੋਰੀ ਚੋਰੀ ਵੇਚ ਕੇ ਕੁਝ ਪੈਸੇ ਆਪਣੀ ਮਰਜ਼ੀ ਨਾਲ ਵਰਤਣ ਲਈ ਛੁਪਾ ਕੇ ਰੱਖਦੀਆਂ ਸਨ।

ਵੱਡੀ ਨੂੰਹ ਦੀ ਚਰਨ ਸਿੰਘ ਨਾਲ ਹੋਈ ਗੱਲਬਾਤ ਨੇ ਉਸ ਨੂੰ ਉਦਾਸ ਕਰ ਦਿੱਤਾ ਸੀ। ਹੁਣ ਉਸ ਨੂੰ ਸ਼ਹਿਰ ਵਾਲਾ ਘਰ ਛੱਡ ਕੇ ਆਪਣੇ ਪਿੰਡ ਵਾਲੇ ਘਰ ਜਾਣਾ ਪੈ ਸਕਦਾ ਸੀ। ਉਸ ਘਰ ਜਿਥੇ ਸਾਲ ਭਰ ਗੈਰ-ਹਾਜ਼ਰ ਰਹਿਣ ਕਾਰਨ ਉਸ ਦੀ ਛੋਟੀ ਨੂੰਹ ਪੂਰੀ ਤਰ੍ਹਾਂ ਕਾਬਜ਼ ਹੋ ਚੁੱਕੀ ਸੀ। ਉਸ ਦਿਨ ਜਦੋਂ ਨੂੰਹ ਦਫਤਰੋਂ ਘਰ ਆਈ ਤਾਂ ਬੱਚਾ ਮੂੰਹ ਵਿਚ ਪਾਇਆ ਨਿੱਪਲ ਚੂਸ ਰਿਹਾ ਸੀ। ਨੂੰਹ ਨੇ ਬੱਚੇ ਦੇ ਮੂੰਹ ਵਿਚੋਂ ਨਿੱਪਲ ਕੱਢ ਕੇ ਇਕ ਪਾਸੇ ਵਗਾਹ ਮਾਰਿਆ ਤੇ ਦਲੀਪ ਕੌਰ ਵੱਲ ਇੱਦਾਂ ਘੂਰ ਕੇ ਦੇਖਿਆ ਜਿਵੇਂ ਉਸ ਨੇ ਬੱਚੇ ਦੇ ਮੂੰਹ ਵਿਚ ਜ਼ਹਿਰੀਲੀ ਚੀਜ਼ ਦੇ ਰੱਖੀ ਸੀ। ਨੂੰਹ ਦਾ ਮੱਤ ਸੀ ਕਿ ਨਿੱਪਲ ਚੂਸਣ ਦੀ ਆਦਤ ਪੈ ਗਈ ਤਾਂ ਬੱਚੇ ਦੇ ਦੰਦ ਨਿਕਲਣ ਸਮੇਂ ਉਸ ਦੇ ਦੰਦ ਉਚੇ ਹੋ ਜਾਣਗੇ ਤੇ ਉਹ ਵੇਖਣ ਨੂੰ ਕਰੂਪ ਹੋ ਜਾਵੇਗਾ। ਇਹ ਗੱਲ ਤਾਂ ਦਲੀਪ ਕੌਰ ਵੀ ਜਾਣਦੀ ਸੀ, ਪਰ ਅੱਜ ਵਾਲੀ ਨਿਰਾਸ਼ਤਾ ਕਾਰਨ ਉਹ ਬੱਚੇ ਵਲ ਧਿਆਨ ਨਹੀਂ ਸੀ ਦੇ ਸਕੀ।

"ਜੇ ਤੁਹਾਡਾ ਇਸ ਘਰ ਵਿਚ ਜੀ ਨਹੀਂ ਲਗਦਾ ਤੇ ਪਿੰਡ ਵਾਲਾ ਘਰ ਵਧੇਰੇ ਚੇਤੇ ਆਉਂਦਾ ਹੈ ਤਾਂ ਮੈਂ ਤੁਹਾਨੂੰ ਉਥੇ ਹੀ ਛੱਡ ਆਉਂਦੀ ਹਾਂ।" ਨੂੰਹ ਦੇ ਇਸ ਵਾਕ ਨੇ ਸੱਸ ਦੇ ਪੈਰਾਂ ਥੱਲਿਓਂ ਧਰਤੀ ਖਿੱਚ ਲਈ। ਨਿਸਚੇ ਹੀ ਉਹ ਘੜੀ ਨੇੜੇ ਆ ਗਈ ਸੀ ਜਿਸ ਦਾ ਉਸ ਨੂੰ ਡਰ ਸੀ। ਉਸ ਦੇ ਕੰਨਾਂ ਵਿਚ ਨੂੰਹ ਅਤੇ ਚਰਨ ਸਿੰਘ ਦੀ ਸਵੇਰ ਵਾਲੀ ਘੁਸਰ-ਮੁਸਰ ਵੀ ਗੂੰਜਣ ਲੱਗੀ।

ਦਲੀਪ ਕੌਰ ਆਪਣੇ ਚਿਹਰੇ ਦੀ ਨਮੋਸ਼ੀ ਛੁਪਾਉਣ ਵਾਸਤੇ ਬੱਚੇ ਕੋਲੋਂ ਉਠ ਕੇ ਆਪਣੇ ਕਮਰੇ ਵਿਚ ਚਲੀ ਗਈ। ਉਸ ਨੂੰ ਹੁਣ ਪੱਕਾ ਯਕੀਨ ਹੋ ਗਿਆ ਸੀ ਕਿ ਉਹਦੇ ਲਈ ਇਸ ਘਰ ਵਿਚ ਕੋਈ ਥਾਂ ਨਹੀਂ। ਇਹ ਵੀ ਕਿ ਆਪਣੇ ਵੱਡੇ ਪੁੱਤਰ ਦਾ ਬੱਚਾ ਪਾਲਣ ਦੇ ਸ਼ੌਕ ਵਿਚ ਉਹ ਆਪਣਾ ਪਿੰਡ ਵਾਲਾ ਘਰ ਗਵਾ ਬੈਠੀ ਸੀ। ਇਕ ਸਾਲ ਲੰਘਣ ਨਾਲ ਉਸ ਘਰ ਉਤੇ ਉਸ ਦਾ ਰਹਿੰਦਾ-ਖੂੰਹਦਾ ਹੱਕ ਵੀ ਜਾਂਦਾ ਰਿਹਾ ਸੀ। ਖੇਤੀ ਦੀ ਉਪਜ ਤੋਂ ਆਉਣ ਵਾਲੀ ਆਮਦਨ ਵਿਚੋਂ ਉਸ ਨੂੰ ਜੋ ਕੁਝ ਮਿਲ ਸਕਦਾ ਸੀ, ਮੰਗ ਕੇ ਲੈਣਾ ਪੈਣਾ ਸੀ। ਆਪਣਿਆਂ ਦੀ ਸੇਵਾ ਕਰਨ ਵਾਸਤੇ ਵੀ ਛੋਟੀ ਨੂੰਹ ਦੇ ਮੂੰਹ ਵੱਲ ਤਕਣਾ ਪੈਣਾ ਸੀ।



ਅੰਮ੍ਰਿਤਾ ਸ਼ੇਰਗਿਲ ਦੀ ਮਸ਼ਹੂਰ ਪੇਂਟਿੰਗ: ਦੋ ਔਰਤਾਂ

ਹੁਣ ਉਹਦੇ ਵਾਸਤੇ ਵਾਪਸ ਆਪਣੇ ਪਿੰਡ ਵਾਲੇ ਘਰ ਜਾਣਾ ਇੰਨਾ ਔਖਾ ਲੱਗ ਰਿਹਾ ਸੀ ਕਿ ਉਸ ਨੂੰ ਆਪਣੀ ਵੱਡੀ ਨੂੰਹ ਦੀਆਂ ਚੰਗੀਆਂ ਗੱਲਾਂ ਚੇਤੇ ਆਉਣ ਲੱਗੀਆਂ। ਪਹਿਲੇ ਹੀ ਦਿਨ ਆਪਣਾ ਬੱਚਾ ਉਸ ਨੂੰ ਸੰਭਾਲ ਕੇ ਜਾਣ ਲੱਗਿਆਂ ਵੱਡੀ ਨੂੰਹ ਨੇ ਉਸ ਦੀ ਤਲੀ ਉਤੇ ਜਿਹੜਾ ਸੌ ਰੁਪਏ ਦਾ ਨੋਟ ਰੱਖਿਆ ਸੀ, ਉਹ ਮੁੜ ਮੁੜ ਚੇਤੇ ਆ ਰਿਹਾ ਸੀ; ਖਾਸ ਕਰ ਕੇ ਉਸ ਦਾ ਇਹ ਕਹਿਣਾ, "ਮੈਂ ਕੇਰਲ ਦੇ ਕਾਮਰੇਡਾਂ ਦੀ ਧੀ ਹਾਂ, ਕਿਸੇ ਧਰਮ ਅਸਥਾਨ ਨੂੰ ਨਹੀਂ ਪੂਜਦੀ, ਪਰ ਆਪਣਾ ਦਸਵੰਧ ਕੱਢ ਰਹੀ ਹਾਂ", ਡੇਢ ਹਜ਼ਾਰ ਰੁਪਏ ਮਹੀਨੇ ਕਮਾ ਰਹੀ ਨੂੰਹ ਲਈ ਸੌ ਰੁਪਿਆ ਦੇਣਾ ਕੋਈ ਔਖਾ ਨਹੀਂ ਸੀ।

ਦਸਵੰਧ ਇਕੋ ਇਕ ਸ਼ਬਦ ਸੀ ਜਿਹੜਾ ਕਿਸੇ ਕਾਰਨ ਪਹਿਲੇ ਦਿਨ ਤੋਂ ਹੀ ਉਸ ਦੀ ਨੂੰਹ ਨੂੰ ਭਾ ਗਿਆ ਸੀ। ਉਹ ਭਾਵੇਂ ਰਹੁ-ਰੀਤਾਂ ਨਹੀਂ ਸੀ ਮੰਨਦੀ, ਪਰ ਉਸ ਨੂੰ ਸਿੱਖੀ ਮਰਯਾਦਾ ਅਨੁਸਾਰ ਦਸਵੰਧ ਕੱਢਣ ਦੀ ਰੀਤ ਚੰਗੀ ਲੱਗੀ ਸੀ। ਉਸ ਨੂੰ ਇਸ ਸ਼ਬਦ ਦੀ ਵਰਤੋਂ ਕਰਨੀ ਵੀ ਚੰਗੀ ਲਗਦੀ ਸੀ। ਉਹ ਹਰ ਮਹੀਨੇ ਦਲੀਪ ਕੌਰ ਨੂੰ ਇਹ ਪੈਸੇ ਦੇਣ ਸਮੇਂ ਇਨ੍ਹਾਂ ਨੂੰ ਦਸਵੰਧ ਕੱਢਣਾ ਕਹਿੰਦੀ ਹੁੰਦੀ ਸੀ। ਦਲੀਪ ਕੌਰ ਇਸ ਨੂੰ ਹਰ ਮਹੀਨੇ ਮਿਲਦੀ ਪੈਨਸ਼ਨ ਕਹਿੰਦੀ ਸੀ।

ਪਿੰਡ ਨੂੰ ਵਾਪਸ ਜਾਣ ਦਾ ਖਿਆਲ ਆਉਂਦਿਆਂ ਉਸ ਨੂੰ ਵੱਡੀ ਨੂੰਹ ਹੋਰ ਵੀ ਚੰਗੀ ਲੱਗ ਰਹੀ ਸੀ, ਉਸ ਦਾ ਕਾਮਰੇਡਾਂ ਦੀ ਧੀ ਹੋਣਾ, ਖਾਸ ਕਰ ਕੇ ਆਪਣਾ ਦਸਵੰਧ ਕਿਸੇ ਪੂਜ ਸਥਾਨ ਦੀ ਥਾਂ ਅਪਣੀ ਸੱਸ ਲਈ ਕੱਢਣਾ ਕੋਈ ਛੋਟੀ ਗੱਲ ਨਹੀ ਸੀ ਜਿਸ ਨੂੰ ਦਲੀਪ ਕੌਰ ਪੈਨਸ਼ਨ ਕਹਿੰਦੀ ਸੀ। ਪਹਿਲੇ ਦਿਨ ਤਾਂ ਦਲੀਪ ਕੌਰ ਨੂੰ ਇਹ ਪੈਸੇ ਬਹੁਤ ਓਪਰੇ ਜਾਪੇ ਸਨ, ਪਰ ਜਦੋਂ ਹਰ ਮਹੀਨੇ ਮਿਲਣ ਲੱਗੇ ਤਾਂ ਉਸ ਨੂੰ ਚੰਗੇ ਲੱਗਣ ਲੱਗ ਪਏ। ਇਸ ਪੈਨਸ਼ਨ ਨੇ ਉਸ ਨੂੰ ਉਨ੍ਹਾਂ ਨੂੰਹਾਂ ਧੀਆਂ ਦੇ ਬਰਾਬਰ ਕਰ ਦਿੱਤਾ ਸੀ ਜਿਨ੍ਹਾਂ ਦੀ ਬੱਧੀ ਤਨਖਾਹ ਉਤੇ ਉਸ ਨੂੰ ਰਸ਼ਕ ਆਉਂਦਾ ਸੀ।

ਦਲੀਪ ਕੌਰ ਜਾਣਦੀ ਸੀ ਕਿ ਉਸ ਦੀ ਵੱਡੀ ਨੂੰਹ ਬਹੁਤ ਥੋੜ੍ਹੇ ਸ਼ਬਦ ਬੋਲਣ ਵਾਲਾ ਜੀਵ ਹੈ ਤੇ ਜਦੋਂ ਬੋਲਦੀ ਹੈ, ਉਸ ਉਤੇ ਪਹਿਰਾ ਦਿੰਦੀ ਹੈ। ਜੇ ਉਸ ਨੇ ਕਿਹਾ ਸੀ ਕਿ ਦਲੀਪ ਕੌਰ ਨੂੰ ਪਿੰਡ ਛੱਡ ਆਉਂਦੇ ਹਾਂ ਤਾਂ ਪੁੱਤ ਨੇ ਇਸ ਤਰ੍ਹਾਂ ਕਰ ਹੀ ਦੇਣਾ ਸੀ, ਉਹ ਉਸ ਦਾ ਕਿਹਾ ਮੰਨਦਾ ਸੀ। ਇਹ ਸੋਚ ਉਹ ਹੋਰ ਵੀ ਉਦਾਸ ਹੋ ਗਈ। ਇਸ ਘਰ ਆ ਕੇ ਅੱਜ ਪਹਿਲੀ ਵਾਰ ਸੀ ਕਿ ਉਸ ਦੀ ਰਾਤ ਦੀ ਨੀਂਦ ਉਚਾਟ ਹੋਈ ਸੀ।

ਉਹੀਓ ਹੋਇਆ ਜੋ ਹੋਣਾ ਸੀ। ਸਵੇਰੇ ਦਫਤਰ ਜਾਣ ਤੋਂ ਪਹਿਲਾਂ ਉਸ ਦੇ ਪੁੱਤਰ ਨੇ ਉਸ ਨੂੰ ਕਹਿ ਹੀ ਦਿੱਤਾ ਕਿ ਉਹ ਆਉਂਦੇ ਐਤਵਾਰ ਪੱਕੇ ਤੌਰ 'ਤੇ ਪਿੰਡ ਜਾਣ ਦੀ ਤਿਆਰੀ ਕਰ ਲਵੇ।

ਚਰਨ ਸਿੰਘ ਦੇ ਦੋ-ਟੁੱਕ ਐਲਾਨ ਤੋਂ ਪਿਛੋਂ ਅਗਲਾ ਸਾਰਾ ਦਿਨ ਦਲੀਪ ਕੌਰ ਆਇਆ ਦੇ ਚਿਹਰੇ ਵੱਲ ਤੱਕਦੀ ਰਹੀ। ਉਸ ਦੇ ਜਿੱਤ ਗਈ ਹੋਣ ਦਾ ਪ੍ਰਭਾਵ ਚਿਹਰੇ ਤੋਂ ਸਪਸ਼ਟ ਸੀ। ਉਹ ਘਰ ਵਿਚ ਮਾਲਕਾਂ ਵਾਂਗ ਵਿਚਰ ਰਹੀ ਸੀ।

ਦਲੀਪ ਕੌਰ ਨੂੰ ਆਪਣੇ ਨੂੰਹ ਪੁੱਤ ਦਾ ਫੈਸਲਾ ਬੁਰਾ ਤਾਂ ਲੱਗਿਆ, ਪਰ ਉਹ ਪੀ ਗਈ। ਉਸ ਨੇ ਆਪਣੇ ਹੁਣ ਤੱਕ ਜਮ੍ਹਾਂ ਹੋਏ ਪੈਸੇ ਤੇ ਬਾਕੀ ਦਾ ਸਾਮਾਨ ਬੰਨ੍ਹ ਲਿਆ ਤੇ ਐਤਵਾਰ ਦੀ ਉਡੀਕ ਕਰਨ ਲੱਗੀ। ਅਣਮੰਗੀ ਪੈਨਸ਼ਨ ਦੇ ਪੈਸੇ ਸਾਂਭਦਿਆਂ ਉਸ ਨੂੰ ਜਾਪਿਆ ਕਿ ਅੱਗੇ ਤੋਂ ਇਹ ਪੈਸੇ ਉਸ ਨੂੰ ਨਹੀਂ ਮਿਲਣੇ। ਉਹ ਹੋਰ ਉਦਾਸ ਹੋ ਗਈ।

ਐਤਵਾਰ ਨੂੰ ਵੱਡੇ ਪੁੱਤਰ ਦਾ ਘਰ ਛੱਡਣ ਵੇਲੇ ਪਹਿਲਾਂ ਉਸ ਨੇ ਆਪਣੇ ਪੁੱਤਰ ਨੂੰ ਪਿਆਰ ਦਿੱਤਾ, ਫਿਰ ਨੂੰਹ ਨੂੰ, ਫਿਰ ਬੱਚੇ ਨੂੰ ਗੋਦ ਲੈ ਕੇ ਇੰਝ ਚੁੰਮਿਆ ਜਿਵੇਂ ਕੋਈ ਆਪਣੇ ਕੋਲੋਂ ਜ਼ਬਰਦਸਤੀ ਖੋਹੇ ਗਏ ਬੱਚੇ ਨੂੰ ਚੁੰਮਦਾ ਹੈ।

ਇਸ ਤੋਂ ਪਿਛੋਂ ਉਸ ਨੇ ਉਹ ਵਾਕ ਬੋਲ ਹੀ ਦਿੱਤਾ ਜਿਸ ਨੂੰ ਬੋਲਣ ਤੋਂ ਝਿਜਕਦੀ ਸੀ। ਬੋਲਦੀ ਵੀ ਕਿਉਂ ਨਾ? ਇਹ ਘਰ ਉਸ ਦੇ ਪੁੱਤਰ ਦਾ ਸੀ ਜਿਸ ਨੂੰ ਉਸ ਨੇ ਪਾਲਿਆ ਸੀ। ਉਸ ਦੀ ਪਤਨੀ ਵੀ ਪੁੱਤਰ ਦੇ ਉਸ ਸੁਭਾਅ ਦੇ ਪਿਛੇ ਲੱਗੀ ਸੀ ਜਿਹੜਾ ਉਸ ਨੇ ਜਾਂ ਉਸ ਦੇ ਸੈਨਿਕ ਪਿਤਾ ਨੇ ਉਸ ਦਿੱਤਾ ਸੀ। ਫਿਰ ਵੀ ਉਹ ਪੁੱਤਰ ਦੀ ਥਾਂ ਨੂੰਹ ਨੂੰ ਸੰਬੋਧਨ ਹੋ ਕੇ ਬੋਲੀ: "ਧੀਏ! ਮੈਨੂੰ ਪਿੰਡ ਵਾਲੇ ਘਰ ਹੋਰ ਕਿਸੇ ਚੀਜ਼ ਦਾ ਘਾਟਾ ਨਹੀਂ, ਸਿਵਾਏ ਨਕਦ ਪੈਸਿਆਂ ਦੇ। ਮੇਰੇ ਪਿੰਡ ਗਿਆਂ ਮੇਰੀ ਪੈਨਸ਼ਨ ਨਾ ਬੰਦ ਕਰੀਂ। ਤੇਰਾ ਬੱਚਾ ਭਾਗਾਂ ਵਾਲਾ ਹੋਊ", ਕਹਿ ਕੇ ਉਸ ਨੇ ਉਹ ਬੱਚਾ ਆਪਣੀ ਨੂੰਹ ਨੂੰ ਫੜਾਇਆ ਤੇ ਨੂੰਹ ਦੇ ਸਿਰ ਉਤੇ ਦੁਬਾਰਾ ਪਿਆਰ ਦਿੱਤਾ।

ਨੂੰਹ ਦਾ ਵੀ ਗਲਾ ਭਰ ਆਇਆ, ਖਾਸ ਕਰ ਕੇ ਇਹ ਸੋਚ ਕੇ, ਕਿ ਉਸ ਦੀ ਸੱਸ ਲਈ ਸੌ ਰੁਪਿਆ ਮਹੀਨਾ ਕਿੰਨਾ ਮਹੱਤਵ ਰੱਖਦਾ ਸੀ। ਪੈਸੇ ਦੇ ਮਹੱਤਵ ਬਾਰੇ ਸੋਚ ਕੇ ਉਸ ਦਾ ਗੱਚ ਭਰ ਆਇਆ। ਮਨੋਵਿਗਿਆਨ ਦੀ ਵਿਦਿਆ ਅਤੇ ਪੈਸੇ ਲਈ ਤਰਲੇ ਲੈਂਦੇ ਕਈ ਹੋਰ ਬਜ਼ੁਰਗਾਂ ਤੋਂ ਜਾਣੂ ਹੋਣ ਕਾਰਨ ਉਹ ਇਸ ਦਾ ਮਹੱਤਵ ਆਮ ਲੋਕਾਂ ਨਾਲੋਂ ਵੱਧ ਜਾਣਦੀ ਸੀ। "ਚਿੰਤਾ ਨਾ ਕਰੋ ਮਾਤਾ ਸੀ। ਜੇ ਇਕੱਠੇ ਲੈਣੇ ਹਨ ਤਾਂ ਹੁਣੇ ਲੈ ਜਾਵੋ। ਨਹੀਂ ਤਾਂ ਹਰ ਮਹੀਨੇ ਪਹੁੰਚ ਜਾਇਆ ਕਰਨਗੇ।" ਕਹਿ ਕੇ ਉਸ ਨੇ ਪਰਸ ਆਪਣੀ ਸੱਸ ਵਲ ਵਧਾਇਆ। ਉਹ ਜਾਣਦੀ ਸੀ ਕਿ ਉਸ ਦੀ ਸੱਸ ਦਿਲ ਦੀ ਮਾੜੀ ਨਹੀਂ ਸੀ। ਉਹ ਤਾਂ ਕੇਵਲ ਹਾਲਤ ਦੀ ਸ਼ਿਕਾਰ ਸੀ। ਪੀੜ੍ਹੀ ਪਾੜੇ ਦੀ।

"ਮੈਨੂੰ ਕੋਈ ਬੇਇਤਬਾਰੀ ਐ ਧੀਏ? ਤੁਸੀਂ ਜਿਉਂਦੇ ਵੱਸਦੇ ਰਹੋ", ਕਹਿ ਕੇ ਦਲੀਪ ਕੌਰ ਨੇ ਨੂੰਹ ਦਾ ਪਰਸ ਸੱਜੇ ਹੱਥ ਨਾਲ ਪਰ੍ਹੇ ਕਰਦਿਆਂ ਆਪਣੀ ਨੂੰਹ ਅਤੇ ਪੋਤਰੇ ਨੂੰ ਇਕ ਵਾਰੀ ਫਿਰ ਪਿਆਰ ਦਿੱਤਾ ਤੇ ਨੇੜੇ ਖਲੋਤੀ ਆਇਆ ਵੱਲ ਮੂੰਹ ਕੀਤੇ ਬਿਨਾਂ ਬਾਹਰ ਖੜ੍ਹੀ ਕਾਰ ਵੱਲ ਤੁਰ ਪਈ।

ਪੁੱਤਰ ਦੀ ਕਾਰ ਵਿਚ ਆਪਣੇ ਪਿੰਡ ਨੂੰ ਜਾਂਦਿਆਂ ਉਸ ਦੇ ਮਨ ਵਿਚ ਵੱਡੀ ਨੂੰਹ ਦੀ ਵਡਿਆਈ ਘੁੰਮ ਰਹੀ ਸੀ। ਉਹ ਜਾਣਦੀ ਸੀ ਕਿ ਨੂੰਹ ਬਚਨਾਂ ਦੀ ਪੱਕੀ ਹੈ। ਉਸ ਦੇ ਬੋਲਾਂ ਨੇ ਦਲੀਪ ਕੌਰ ਲਈ ਪਿੰਡ ਵਾਲਾ ਘਰ ਉਨਾ ਹੀ ਪਿਆਰਾ ਬਣਾ ਦਿੱਤਾ ਜਿੰਨਾ ਉਸ ਦੇ ਪਤੀ ਦੇ ਜੀਵਤ ਹੁੰਦਿਆਂ ਸੀ। ਖਾਣ ਪਹਿਨਣ ਦੀ ਤਾਂ ਪਹਿਲਾਂ ਵੀ ਕੋਈ ਦਿੱਕਤ ਨਹੀਂ ਸੀ। ਫੁਟਕਲ ਖਰਚਿਆਂ ਲਈ ਛੋਟੇ ਨੂੰਹ-ਪੁੱਤ ਦੇ ਹੱਥਾਂ ਵੱਲ ਵੇਖਣ ਦੀ ਲੋੜ ਨਹੀਂ ਸੀ ਰਹੀ।

ਮਨ ਹੀ ਮਨ ਵਿਚ ਨੂੰਹ ਦੇ 'ਦਸਵੰਧਾਂ' ਬਾਰੇ ਸੋਚਦਿਆਂ ਉਸ ਨੂੰ ਰਸਤੇ ਦੇ ਸਾਰੇ ਰੁੱਖ ਅਤੇ ਖੇਤ ਆਪਣੇ ਲੱਗ ਰਹੇ ਸਨ।

## ਅੰਦਰ ਦੀ ਗੱਲ

ਆਲੇ-ਭੋਲਿਆਂ ਵੇਚ ਕੇ ਨਸ਼ੇ ਵੇਖੋ,
ਭੰਡੀ ਕਿੰਨੀ ਕਰਵਾਈ ਸੰਸਾਰ ਅੰਦਰ।
ਵਿਕਰੀ ਨਸ਼ੇ ਦੀ ਕਰੀ-ਕਰਵਾਈ ਜਾਂਦਾ,
ਘਾਟਾ ਖਾਧਾ ਨਾ ਏਸ ਵਪਾਰ ਅੰਦਰ।
ਹਿੱਸਾ ਥੋੜ੍ਹਾ ਜਿਹਾ ਦੇ ਕੇ ਵੱਡਿਆਂ ਨੂੰ,
ਚੌੜਾ ਹੋ ਕੇ ਤੁਰੇ ਬਾਜ਼ਾਰ ਅੰਦਰ।
ਵਰਦੀ ਪੁਲਿਸ ਦੀ ਪਾ ਕੇ ਨਸ਼ਾ ਲੈ ਕੇ,
ਬੈਠਾ ਲਾਲ ਬੱਤੀ ਵਾਲੀ ਕਾਰ ਅੰਦਰ।
ਸੁੱਖੇ ਕਾਹਲਵੇਂ ਵਾਲੀ ਨਾ ਘਟੇ ਘਟਨਾ
ਤਾਹੀਂਓ ਪਾਏ ਦੁਹਾਈ ਇਨਸਾਫ ਮੰਦਰ।
'ਗਿੱਲ' ਖਿਸਕਦੀ ਦਿੱਲੀ ਦੀ ਵੇਖ ਕੁਰਸੀ,
ਭੜਥੂ ਪੈ ਗਿਆ ਮੋਦੀ ਸਰਕਾਰ ਅੰਦਰ।

*-ਜੁਗਰਾਜ ਗਿੱਲ, ਸ਼ਾਰਲਟ*
*ਫੋਨ: 704-257-6693*

# ਵਰਤਮਾਨ ਸਮੇਂ ਵਿਚ ਲੰਗਰ ਸੰਸਥਾ ਦਾ ਬਦਲਦਾ ਸਰੂਪ



ਡਾ. ਜਤਿੰਦਰ ਸਿੰਘ
ਫੋਨ: 91-98883-00691

ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਅਗਿਆਨ ਦੇ ਮਹਾਂ ਹਨੇਰੇ ਦੀ ਕੁੱਖ ਵਿਚੋਂ ਉਗਮਿਆ ਸੱਚ ਤੇ ਗਿਆਨ ਦਾ ਤੇਜਮਈ ਸੂਰਜ ਸੀ, ਜਿਸ ਦੇ ਚਹੁੰਕੁੰਟੀ ਪ੍ਰਕਾਸ਼ ਨੇ ਸੰਸਾਰ ਦੇ ਲੋਕਾਂ ਦੀਆਂ ਅੱਖਾਂ ਚੁੰਧਿਆ ਦਿੱਤੀਆਂ, ਜਿਸ ਦੇ ਉਦੈ ਹੋਣ ਨਾਲ ਅੰਧ-ਵਿਸ਼ਵਾਸਾਂ, ਕਰਮਕਾਂਡਾਂ, ਭੇਖਾਂ-ਲਿਬਾਸਾਂ, ਧਾਰਮਿਕ-ਚਿੰਨ੍ਹਾਂ, ਫੋਕਟ ਕਰਮਾਂ-ਧਰਮਾਂ ਦੀ ਅਸਲੀਅਤ ਪ੍ਰਗਟ ਹੋ ਗਈ। ਲੋਕਾਂ ਨੂੰ ਸਿਧਾ-ਸਾਦਾ ਅਤੇ ਨਵਾਂ ਜੀਵਨ-ਮਾਰਗ ਦਿਖਾਈ ਦਿੱਤਾ। ਪ੍ਰਭੂ-ਪ੍ਰੇਮ, ਦੈਵੀ ਤੇ ਨੈਤਿਕ ਗੁਣਾਂ ਨੂੰ ਧਾਰਣ ਕਰਕੇ ਸੇਵਾ, ਕੁਰਬਾਨੀ, ਸਰਬੱਤ ਦਾ ਭਲਾ, ਹੱਥੀਂ ਕਿਰਤ, ਕਿਰਤੀਆਂ ਅਤੇ ਕਿਰਤ-ਫਲ ਨਾਲ ਲੋੜਵੰਦਾਂ ਦੀ ਸੇਵਾ-ਸਹਾਇਤਾ ਦਾ ਸਤਿਕਾਰ ਵਧਿਆ।

ਗੁਰੂ ਨਾਨਕ ਨੇ ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ ਦੇ ਸਿਧਾਂਤ ਨੂੰ ਘਰ-ਘਰ ਪਹੁੰਚਾਇਆ। ਉਨ੍ਹਾਂ ਵਲੋਂ ਸ਼ੁਰੂ ਕੀਤੀਆਂ ਗਈਆਂ ਦੋ ਪ੍ਰਮੁੱਖ ਸੰਸਥਾਵਾਂ- ਸੰਗਤ ਅਤੇ ਲੰਗਰ ਨੇ ਸਿੱਖ ਧਰਮ ਦੇ ਵਿਕਾਸ ਵਿਚ ਮਹੱਤਵਪੂਰਨ ਯੋਗਦਾਨ ਪਾਇਆ। ਮਹਾਨ ਕ੍ਰਾਂਤੀਕਾਰੀ ਅਤੇ ਹੱਕ ਸੱਚ ਦੀ ਆਵਾਜ਼ ਦੇ ਬਾਨੀ, ਗੁਰੂ ਨਾਨਕ ਨੇ ਇਨ੍ਹਾਂ ਦੋਹਾਂ ਸੰਸਥਾਵਾਂ ਰਾਹੀ ਮਨੁੱਖਤਾ ਦੇ ਕਲਿਆਣ ਲਈ ਡੰਕੇ ਦੀ ਆਵਾਜ਼ ਨਾਲ ਨਾਹਰਾ ਬੁਲੰਦ ਕੀਤਾ।

ਸੰਗਤ ਸ਼ਬਦ ਸੰਸਕ੍ਰਿਤ ਭਾਸ਼ਾ ਦੇ ਸ਼ਬਦ ਸੰ-ਗਤ ਤੋਂ ਬਣਿਆ ਹੈ ਜਿਸ ਦਾ ਸ਼ਾਬਦਿਕ ਅਰਥ ਹੈ ਮਜਲਿਸ, ਸਭਾ ਜਾਂ ਇਕੱਠ। ਸਿੱਖੀ ਵਿਚ ਇਸ ਦਾ ਭਾਵ-ਅਰਥ ਗੁਰੂ ਦੇ ਸ਼ਿਸ਼ਾਂ (ਸਿੱਖਾਂ) ਦੀ ਧਾਰਮਿਕ ਸਭਾ ਹੈ। ਭਾਈ ਗੁਰਦਾਸ ਲਿਖਦੇ ਹਨ ਕਿ ਆਪਣੀਆਂ ਉਦਾਸੀਆਂ ਦੌਰਾਨ ਬਾਬਾ ਨਾਨਕ ਜਿੱਥੇ ਵੀ ਗਏ ਉਨ੍ਹਾਂ ਨੇ ਹਰ ਸਥਾਨ ਉਤੇ ਆਪਣੇ ਸ਼ਿਸ਼ਾਂ ਦੀ ਸੰਗਤ ਸਥਾਪਤ ਕੀਤੀ। ਸੰਗਤ ਵਿਚ ਬਿਨਾਂ ਜਾਤ-ਪਾਤ, ਧਰਮ, ਲਿੰਗ ਆਦਿ ਦੇ ਭੇਦ-ਭਾਵ ਦੇ ਹਰ ਵਿਅਕਤੀ ਸ਼ਾਮਿਲ ਹੋ ਸਕਦਾ ਸੀ। ਗੁਰੂ ਸਾਹਿਬ ਆਪਣੀ ਇੱਕ ਰਚਨਾ ਵਿਚ ਕਹਿੰਦੇ ਹਨ ਕਿ ਸੰਗਤ ਧਰਮੀ (ਨੇਕ) ਲੋਕਾਂ ਦੀ ਸਭਾ ਹੈ ਜਿਸ ਵਿਚ ਸਿਰਫ ਇਕ ਈਸ਼ਵਰ ਦਾ ਨਾਮ ਜਪਿਆ ਜਾਂਦਾ ਹੈ।

ਸਤ ਸੰਗਤਿ ਕੈਸੀ ਜਾਣੀਐ॥
ਜਿਥੈ ਏਕੋ ਨਾਮੁ ਵਖਾਣੀਐ॥
(ਗੁਰੂ ਗ੍ਰੰਥ ਸਾਹਿਬ, ਪੰਨਾ 72)

ਜਪਾਂ-ਤਪਾਂ, ਤੀਰਥ-ਇਸ਼ਨਾਨਾਂ, ਤੀਰਥ-ਯਾਤਰਾਵਾਂ ਦੀ ਨਿਰਾਰਥਕਤਾ, ਪੁਜਾਰੀਆਂ ਦੀਆਂ ਚਤੁਰਾਈਆਂ ਤੇ ਮੌਮੋਠਗਣੀਆਂ ਗੱਲਾਂ, ਬ੍ਰਾਹਮਣਾਂ-ਮੌਲਾਣਿਆਂ ਦੇ ਕਰਮਾਂ-ਕੁਕਰਮਾਂ ਅਤੇ ਜਨਤਾ ਦੇ ਅਗਿਆਨ ਤੋਂ ਪਰਦਾ ਲੱਥਣ ਲੱਗਾ। ਸੰਗਤ ਨਾਲ ਸਬੰਧਿਤ ਲੰਗਰ ਨਾਮਕ ਇੱਕ ਹੋਰ ਸੰਸਥਾ ਦੀ ਸ਼ੁਰੂਆਤ ਵੀ ਗੁਰੂ ਨਾਨਕ ਸਾਹਿਬ ਨੇ ਕੀਤੀ ਅਤੇ ਜਿਸ ਦਾ ਵਿਕਾਸ ਉਨ੍ਹਾਂ ਦੇ ਉਤਰਾਧਿਕਾਰੀਆਂ ਦੇ ਸਮੇਂ ਵਿਚ ਹੋਇਆ। ਭਾਰਤ ਵਿਚ ਪ੍ਰਾਚੀਨ ਕਾਲ ਤੋਂ ਹੀ ਕੁਝ ਰਸਮਾਂ ਦੀ ਪੂਰਤੀ ਸਬੰਧੀ ਬਹੁਤ ਸਾਰੇ ਲੋਕਾਂ ਲਈ ਭੋਜਨ ਤਿਆਰ ਕੀਤਾ ਜਾਂਦਾ ਸੀ। ਪਰੰਤੂ ਜਾਤੀ ਪ੍ਰਥਾ ਦੇ ਨਿਯਮਾਂ ਅਨੁਸਾਰ ਭੋਜਨ ਉਚ ਜਾਤੀ ਦੇ ਬ੍ਰਾਹਮਣਾਂ ਰਾਹੀ ਤਿਆਰ ਕੀਤਾ ਜਾਂਦਾ ਸੀ। ਭੋਜਨ ਤਿਆਰ ਕਰਦੇ ਸਮੇਂ ਕਿਸੇ ਵੀ ਦੂਜੀ ਜਾਤੀ ਦੇ ਲੋਕਾਂ ਨੂੰ ਰਸੋਈ ਵਿਚ ਜਾਣ ਦੀ ਮਨਾਹੀ ਹੁੰਦੀ ਸੀ। ਭੋਜਨ ਖਾਣ ਸਮੇਂ ਵੀ ਉਚੀਆਂ ਜਾਤੀਆਂ ਦੇ ਲੋਕ ਨੀਵੀਆਂ ਜਾਤੀਆਂ ਦੇ ਲੋਕਾਂ ਨਾਲ ਨਹੀਂ ਬੈਠਦੇ ਸਨ। ਗੁਰੂ ਨਾਨਕ ਨੇ ਪ੍ਰਚਲਿਤ ਜਾਤੀ ਪ੍ਰਥਾ ਉਤੇ ਸੱਟ ਮਾਰਨ ਅਤੇ ਲੋਕਾਂ ਵਿਚ ਪ੍ਰੇਮ-ਪਿਆਰ, ਸਮਾਨਤਾ, ਸੇਵਾ ਅਤੇ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਉਤਸ਼ਾਹ ਦੇਣ ਲਈ ਲੰਗਰ ਪ੍ਰਥਾ ਅਰੰਭ ਕੀਤੀ।

ਲੰਗਰ ਸ਼ਬਦ ਸੰਸਕ੍ਰਿਤ ਧਾਤੂ 'ਲਗ' ਤੋਂ ਬਣਿਆ ਹੈ ਜਿਸ ਦੇ ਅਰਥ ਹਨ- 'ਨੇੜੇ ਹੋਣਾ'। ਇਸ ਤੋਂ ਇਲਾਵਾ ਇਸ ਦੇ ਅਰਥ ਹਨ- ਪਾਕਸ਼ਾਲਾ, ਰਸੋਈਘਰ ਜਾਂ ਉਹ ਜਗ੍ਹਾ ਜਿੱਥੇ ਅਨਾਥਾਂ, ਗਰੀਬਾਂ ਅਤੇ ਲੋੜਵੰਦਾਂ ਨੂੰ ਭੋਜਨ ਮਿਲੇ। ਫ਼ਾਰਸੀ ਭਾਸ਼ਾ ਵਿਚ 'ਲੰਗਰ' ਲੋਹੇ ਦੇ ਇੱਕ ਵਜ਼ਨਦਾਰ ਕੁੰਡੇ ਦਾ ਨਾਮ ਵੀ ਹੈ ਜਿਸ ਨੂੰ ਪਾਣੀ ਵਿਚ ਸੁੱਟ ਕੇ ਜਹਾਜ਼ ਨੂੰ ਠਹਿਰਾਇਆ ਜਾਂਦਾ ਹੈ। ਖਰੇ ਸੌਦੇ ਦੇ ਸਬੰਧ ਵਿਚ ਗੁਰੂ ਨਾਨਕ ਦੁਆਰਾ ਆਪਣੇ ਪਿਤਾ ਵਲੋਂ ਮਿਲੇ ਵੀਹ ਰੁਪਏ ਲੋੜਵੰਦ ਸਾਧੂਆਂ ਨੂੰ ਭੋਜਨ ਛਕਾਉਣ ਹਿੱਤ ਖਰਚ ਕਰਨੇ ਹੀ ਲੰਗਰ ਦਾ ਅਰੰਭ ਸੀ। ਸਾਈਂ ਬੁੱਲ੍ਹੇ ਸ਼ਾਹ ਨੇ ਗੁਰੂ-ਘਰ ਅਤੇ ਗੁਰੂ-ਘਰ ਦੇ ਲੰਗਰ ਦੀ ਮਹਾਨਤਾ ਨੂੰ ਇਸ ਤਰ੍ਹਾਂ ਵਡਿਆਇਆ ਹੈ,

ਇੱਟ ਖੜੱਕੇ, ਦੁੱਕੜ ਵੱਜੇ,
ਨਾਲੇ ਤਪੇ ਚੁੱਲ੍ਹਾ।
ਇਹਨੀਂ ਗੱਲੀਂ ਰੱਬ ਵੀ ਰਾਜ਼ੀ,
ਨਾਲੇ ਰਾਜ਼ੀ ਬੁੱਲ੍ਹਾ।

ਆਪਣੀਆਂ ਉਦਾਸੀਆਂ ਦੀ ਸਮਾਪਤੀ ਉਪਰੰਤ ਜਦੋਂ ਗੁਰੂ ਨਾਨਕ ਨੇ ਕਰਤਾਰਪੁਰ ਵਿਖੇ ਨਿਵਾਸ ਕਰ ਲਿਆ ਤਾਂ ਉਥੇ ਉਨ੍ਹਾਂ ਨੇ ਸੰਗਤ ਦੇ ਨਾਲ-ਨਾਲ ਲੰਗਰ ਸੰਸਥਾ ਦੀ ਵੀ ਸ਼ੁਰੂਆਤ ਕੀਤੀ। ਜਿੱਥੇ ਬਿਨਾਂ ਕਿਸੇ ਜਾਤ-ਪਾਤ, ਧਰਮ ਅਤੇ ਉਚ-ਨੀਚ ਦੇ ਭੋਜਨ ਤਿਆਰ ਕੀਤਾ ਜਾਂਦਾ ਸੀ ਅਤੇ ਸਭ ਨੂੰ ਬਿਨਾਂ ਕਿਸੇ ਵਿਤਕਰੇ ਦੇ ਪੰਗਤ (ਕਤਾਰ) ਵਿਚ ਬਿਠਾ ਕੇ ਛਕਾਇਆ ਜਾਂਦਾ ਸੀ। ਵਰਤਮਾਨ ਸਮੇਂ ਵਿਚ ਲੰਗਰ ਦਾ ਸਰੂਪ ਦਿਨ ਪ੍ਰਤੀ ਦਿਨ ਬਦਲਦਾ ਜਾ ਰਿਹਾ ਹੈ। ਇਹ ਠੀਕ ਹੈ ਕਿ ਬਦਲਾਅ ਕੁਦਰਤ ਦਾ ਇੱਕ ਅਟੱਲ ਨਿਯਮ ਹੈ ਪਰੰਤੂ ਲੰਗਰ ਵਰਗੀ ਸੰਸਥਾ ਵਿਚ ਆ ਰਿਹਾ ਬਦਲਾਅ ਚਿੰਤਾ ਦਾ ਵਿਸ਼ਾ ਬਣਨ ਲੱਗਾ ਹੈ। ਸਿੱਖੀ ਸਾਦੇਪਨ ਦਾ ਦੂਸਰਾ ਨਾਮ ਹੈ। ਗੁਰੂ ਸਾਹਿਬਾਨ ਨੇ ਪੁਰਾਣੇ, ਰੂੜ੍ਹੀਵਾਦੀ, ਜਟਿਲ ਅਤੇ ਮਨੁੱਖਤਾ ਲਈ ਹਾਨੀਕਾਰਕ ਵਿਚਾਰਾਂ ਨੂੰ ਰੱਦ ਕਰਕੇ ਸਾਦੇ ਵਿਚਾਰ ਅਤੇ ਸਾਦੀ ਰਹਿਣੀ-ਬਹਿਣੀ ਤੋਂ ਲੋਕਾਂ ਨੂੰ ਜਾਣੂ ਕਰਵਾਇਆ ਸੀ। ਗੁਰੂ ਪਾਤਿਸ਼ਾਹਾਂ ਦੇ ਸਮੁੱਚੇ ਜੀਵਨ 'ਤੇ ਝਾਤ ਮਾਰੀ ਜਾਵੇ ਤਾਂ ਇੱਕ ਗੱਲ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਉਨ੍ਹਾਂ ਨੇ ਕੇਵਲ ਨਵੇਂ ਅਤੇ ਸਾਦੇ ਵਿਚਾਰ ਹੀ ਨਹੀਂ ਦਿੱਤੇ ਸਗੋਂ ਇਨ੍ਹਾਂ ਵਿਚਾਰਾਂ 'ਤੇ ਆਪ ਚੱਲ ਕੇ ਅਤੇ ਸਾਦਾ ਜੀਵਨ ਬਤੀਤ ਕਰਕੇ, ਲੋਕਾਂ ਨੂੰ ਵਿਹਾਰਕ ਰੂਪ ਵਿਚ ਅਗਵਾਈ ਦਿੱਤੀ।



ਅਜੋਕੇ ਸਮੇਂ ਵਿਚ ਸਿੱਖੀ ਦੇ ਬਦਲਦੇ ਸਰੂਪ ਦੇ ਨਾਲ-ਨਾਲ, ਖਾਣ-ਪੀਣ, ਖਾਸ ਕਰ ਲੰਗਰ ਦੇ ਮਾਮਲੇ ਵਿਚ ਵੀ ਸਿੱਖਾਂ ਦੀ ਸੋਚ ਬਦਲੀ ਹੈ। ਲੰਗਰ ਦਾ ਸਰੂਪ ਅਤੇ ਪ੍ਰਕਿਰਿਆ ਬਦਲ ਚੁੱਕੀ ਹੈ। ਗੁਰੂ ਸਾਹਿਬਾਨ ਦੁਆਰਾ ਸ਼ੁਰੂ ਕੀਤੇ ਗਏ ਦਾਲ ਅਤੇ ਰੋਟੀ ਦੇ ਸਾਦੇ ਲੰਗਰ ਵਿਚ ਕਈ ਤਰ੍ਹਾਂ ਦੇ ਨਵੇਂ ਅਤੇ ਮਹਿੰਗੇ ਪਕਵਾਨ ਪ੍ਰਵੇਸ਼ ਕਰ ਚੁੱਕੇ ਹਨ। ਅਰੰਭ ਵਿਚ ਲੰਗਰ ਦਾ ਪ੍ਰਮੁੱਖ ਮਕਸਦ ਸਾਦੇ ਭੋਜਨ ਨਾਲ ਹਰ ਉਸ ਲੋੜਵੰਦ, ਗਰੀਬ, ਭੁੱਖੇ, ਨਿਰਧਨ ਅਤੇ ਅਪਾਹਜ (ਜੋ ਕਿਰਤ ਕਰਨ ਦੇ ਸਮਰੱਥ ਨਾ ਹੋਵੇ) ਦੇ ਪੇਟ ਦੀ ਭੁੱਖ ਮਿਟਾਉਣਾ ਸੀ, ਪਰੰਤੂ ਵਰਤਮਾਨ ਸਮੇਂ ਦੌਰਾਨ ਲੰਗਰ ਵਿਚ ਪਕੌੜੇ, ਜਲੇਬੀਆਂ, ਛੋਲੇ-ਪੂਰੀਆਂ, ਆਈਸ-ਕਰੀਮ, ਕੁਲਚੇ-ਛੋਲੇ ਅਤੇ ਫਲ ਆਮ ਵਰਤਦੇ ਦੇਖੇ ਜਾ ਸਕਦੇ ਹਨ। ਅਸੀਂ ਇਹ ਵੀ ਨਹੀਂ ਕਹਿ ਸਕਦੇ ਕਿ ਗੁਰੂ ਸਾਹਿਬਾਨ ਦੇ ਸਮੇਂ ਲੰਗਰ ਵਿਚ ਦਾਲ ਰੋਟੀ ਤੋਂ ਬਿਨਾਂ ਹੋਰ ਕੁਝ ਵੀ ਨਹੀਂ ਸੀ ਵਰਤਾਇਆ ਜਾਂਦਾ। ਦੂਜੇ ਪਾਤਿਸ਼ਾਹ ਗੁਰੂ ਅੰਗਦ ਦੇਵ ਦੀ ਗੁਰਿਆਈ ਸਮੇਂ ਦੌਰਾਨ ਉਨ੍ਹਾਂ ਦੇ ਮਹਲ ਮਾਤਾ ਖੀਵੀ ਜੀ ਦੁੱਧ ਦੀ ਬਣੀ ਖੀਰ ਵਿਚ ਸ਼ੁੱਧ ਦੇਸੀ ਘਿਉ ਪਾ ਕੇ ਆਪ ਵਰਤਾਇਆ ਕਰਦੇ ਸਨ। ਭਾਈ ਸਤਾ ਜੀ ਤੇ ਬਲਵੰਡ ਜੀ ਦੁਆਰਾ ਵੀ ਮਾਤਾ ਖੀਵੀ ਜੀ ਦੇ ਇਸ ਯੋਗਦਾਨ ਦਾ ਜ਼ਿਕਰ ਗੁਰਬਾਣੀ ਵਿਚ 'ਰਾਮਕਲੀ ਕੀ ਵਾਰ' ਵਿਚ ਕੀਤਾ ਗਿਆ ਹੈ,

ਬਲਵੰਡ ਖੀਵੀ ਨੇਕ ਜਨ
ਜਿਸੁ ਬਹੁਤੀ ਛਾਉ ਪਤ੍ਰਾਲੀ॥
ਲੰਗਰ ਦਉਲਤਿ ਵੰਡੀਐ
ਰਸੁ ਅੰਮ੍ਰਿਤੁ ਖੀਰਿ ਘਿਆਲੀ॥
(ਗੁਰੂ ਗ੍ਰੰਥ ਸਾਹਿਬ, ਪੰਨਾ 967)

ਲੰਗਰ ਵਿਚ ਖੀਰ ਵਿਚ ਘਿਉ ਪਾ ਕੇ ਛਕਾਉਣ ਪਿੱਛੇ ਗੁਰੂ ਅੰਗਦ ਸਾਹਿਬ ਦਾ ਮੁੱਖ ਮਨੋਰਥ ਸਿੱਖਾਂ ਨੂੰ ਸਰੀਰਕ ਤੌਰ 'ਤੇ ਤਾਕਤਵਰ ਬਣਾਉਣਾ ਸੀ। ਉਘੇ ਇਤਿਹਾਸਕਾਰ ਖ਼ੁਸ਼ਵੰਤ ਸਿੰਘ ਆਪਣੀ ਪੁਸਤਕ 'ਹਿਸਟਰੀ ਆਫ ਦਾ ਸਿੱਖਸ' ਵਿਚ ਲਿਖਦੇ ਹਨ ਕਿ ਦੂਜੇ ਗੁਰੂ ਨੇ ਖਡੂਰ ਸਾਹਿਬ ਵਿਖੇ ਇੱਕ ਅਖਾੜਾ ਬਣਵਾਇਆ ਸੀ ਜਿੱਥੇ ਉਨ੍ਹਾਂ ਦੇ ਸਿੱਖ ਕਸਰਤ ਕਰਿਆ ਕਰਦੇ ਸਨ ਅਤੇ ਘੋਲ ਘੁਲਦੇ ਰਹਿੰਦੇ ਸਨ। ਉਨ੍ਹਾਂ ਦੀ ਅਜਿਹੀ ਪਰੰਪਰਾ ਕਾਰਨ ਉਨ੍ਹਾਂ ਦੇ ਉਤਰਾਧਿਕਾਰੀਆਂ ਲਈ ਸਿੱਖਾਂ ਵਿਚੋਂ ਬਲਵਾਨ ਪੁਰਸ਼ਾਂ ਦੀ ਸੈਨਾ ਦਾ ਨਿਰਮਾਣ ਕਰਨਾ ਸੌਖਾ ਹੋ ਗਿਆ। ਪਰੰਤੂ ਲੰਗਰ ਵਿਚ ਪ੍ਰਵੇਸ਼ ਕੀਤੇ ਅਜੋਕੇ ਪਕਵਾਨਾਂ ਵਿਚੋਂ ਜ਼ੁਬਾਨ ਦੇ ਚਟਕਾਰਿਆਂ ਤੋਂ ਅੱਗੇ ਕੋਈ ਹੋਰ ਤਰਕ ਜਾਂ ਚੀਜ਼ ਨਜ਼ਰ ਨਹੀਂ ਆਉਂਦੀ। ਲੋਕ ਵੀ ਉਸ ਲੰਗਰ ਨੂੰ ਹੀ ਤਰਜੀਹ ਦਿੰਦੇ ਹਨ ਜਿਸ ਵਿਚ ਸਾਦੀ ਦਾਲ-ਰੋਟੀ ਤੋਂ ਬਿਨ੍ਹਾਂ ਕੁਝ ਹੋਰ ਵਰਤ ਰਿਹਾ ਹੋਵੇ। ਅਤਿ ਅਫਸੋਸਜਨਕ ਦ੍ਰਿਸ਼ ਉਸ ਵੇਲੇ ਸਾਹਮਣੇ ਆਉਂਦਾ ਹੈ ਜਦੋਂ ਸ਼ਹੀਦੀ-ਜੋੜ ਮੇਲਿਆਂ 'ਤੇ ਇਸ ਤਰ੍ਹਾਂ ਦੇ ਵੰਨ-ਸੁਵੰਨੇ ਪਕਵਾਨਾਂ ਦੇ ਲੰਗਰ ਲੱਗੇ ਦੇਖਦੇ ਹਾਂ। ਦਸਵੇਂ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਦੇ ਛੋਟੇ-ਛੋਟੇ ਸਾਹਿਬਜ਼ਾਦਿਆਂ ਨੂੰ ਜੀਉਂਦੇ ਜੀਅ ਨੀਂਹਾਂ ਵਿਚ ਚਿਣਵਾਉਣ ਦੀ ਘਟਨਾ ਨੂੰ ਯਾਦ ਕਰਕੇ, ਹਰ ਵਿਅਕਤੀ ਦਾ, ਚਾਹੇ ਉਹ ਕਿਸੇ ਵੀ ਧਰਮ ਦਾ ਕਿਉਂ ਨਾ ਹੋਵੇ, ਹਿਰਦਾ ਵਲੂੰਧਰਿਆ ਜਾਂਦਾ ਹੈ ਅਤੇ ਅੱਖਾਂ ਨਮ ਹੋ ਜਾਂਦੀਆਂ ਹਨ। ਲੱਖਾਂ ਦੀ ਗਿਣਤੀ ਵਿਚ ਲੋਕ ਉਨ੍ਹਾਂ ਪਵਿੱਤਰ ਰੂਹਾਂ ਨੂੰ ਸ਼ਰਧਾਂਜਲੀ ਦੇਣ ਫਤਿਹਗੜ੍ਹ ਸਾਹਿਬ ਪੁੱਜਦੇ ਹਨ। ਪਰੰਤੂ ਕੀ ਅਸੀਂ ਇਸ ਤਰ੍ਹਾਂ ਦੇ ਪਕਵਾਨਾਂ ਦੇ ਲੰਗਰ ਲਾ ਕੇ ਸਾਹਿਬਜ਼ਾਦਿਆਂ ਨੂੰ ਸੱਚੀ ਸ਼ਰਧਾਂਜਲੀ ਦੇ ਰਹੇ ਹੁੰਦੇ ਹਾਂ? ਜਾਂ ਫਿਰ ਦੇਖਾ-ਦੇਖੀ ਆਪਣੇ ਪਿੰਡ, ਗਲੀ ਜਾਂ ਮੁਹੱਲੇ ਦੀ ਫੋਕੀ ਸ਼ਾਨ ਬਣਾਉਣ ਲਈ ਦਿਖਾਵਾ ਕਰ ਰਹੇ ਹੁੰਦੇ ਹਾਂ। ਖੁਸ਼ੀ ਅਤੇ ਗ਼ਮੀ ਦੇ ਭੋਗਾਂ 'ਤੇ ਵੀ ਲੰਗਰ ਵਿਚ ਇਸ ਤਰ੍ਹਾਂ ਦੇ ਪਕਵਾਨ ਅਕਸਰ ਦੇਖੇ ਜਾ ਸਕਦੇ ਹਨ ਅਤੇ ਲੰਗਰ ਦਾ ਸਾਦਾਪਨ ਖਤਮ ਹੋ ਰਿਹਾ ਹੈ।

ਪੰਜਾਬ ਵਿਚ ਸਰਹਿੰਦ ਦੇ ਸ਼ਹੀਦੀ-ਜੋੜ ਮੇਲੇ 'ਤੇ ਪਿੰਡਾਂ ਅਤੇ ਸ਼ਹਿਰਾਂ ਵਿਚ ਥਾਂ ਥਾਂ ਹਜ਼ਾਰਾਂ ਦੀ ਗਿਣਤੀ ਵਿਚ ਲੰਗਰ ਲਾਏ ਜਾਂਦੇ ਹਨ। ਲੰਗਰ ਪ੍ਰਬੰਧਕਾਂ ਵਲੋਂ ਸੜਕ 'ਤੇ ਜਾਂਦੇ ਹਰ ਰਾਹਗੀਰ ਨੂੰ ਧੱਕੇ ਨਾਲ ਰੋਕ-ਰੋਕ ਕੇ ਲੰਗਰ ਛਕਣ ਲਈ ਬੇਨਤੀ ਕੀਤੀ ਜਾਂਦੀ ਹੈ। ਦੂਸਰੇ ਸ਼ਬਦਾਂ ਵਿਚ ਇਹ ਵੀ ਕਿਹਾ ਜਾ ਸਕਦਾ ਹੈ ਕਿ ਰੱਜੇ ਹੋਏ ਲੋਕਾਂ ਨੂੰ ਹੋਰ ਰਜਾਇਆ ਜਾਂਦਾ ਹੈ। ਪਰੰਤੂ ਇਸ ਦੇ ਉਲਟ ਬਹੁਤ ਲੋਕ ਅਜਿਹੇ ਵੀ ਹਨ ਜਿਨ੍ਹਾਂ ਨੂੰ ਭਰ ਪੇਟ ਰੋਟੀ ਵੀ ਨਸੀਬ ਨਹੀਂ ਹੁੰਦੀ। ਸੜਕ ਦੇ ਫੁੱਟਪਾਥਾਂ, ਫਲਾਈਓਵਰਾਂ ਦੇ ਹੇਠਾਂ, ਗੁਰਦੁਆਰਿਆਂ ਤੇ ਮੰਦਰਾਂ ਦੇ ਬਾਹਰ, ਰੇਲਵੇ ਸਟੇਸ਼ਨਾਂ ਅਤੇ ਬੱਸ ਸਟੈਂਡਾਂ 'ਤੇ ਸੈਂਕੜੇ ਲੋਕ ਅਜਿਹੇ ਪਾਏ ਜਾਂਦੇ ਹਨ ਜਿਹੜੇ ਸਰੀਰਕ ਤੌਰ 'ਤੇ ਰੋਜ਼ੀ-ਰੋਟੀ ਕਮਾਉਣ ਦੇ ਸਮਰੱਥ ਨਹੀਂ ਹੁੰਦੇ, ਇੰਨੇ ਲੰਗਰ ਲੱਗੇ ਹੋਣ ਦੇ ਬਾਵਜੂਦ ਉਹ ਪੇਟ ਦੀ ਭੁੱਖ ਮਿਟਾਉਣ ਲਈ ਵਿਲਕਦੇ ਰਹਿੰਦੇ ਹਨ। ਬਹੁਤੇ ਲੋਕ ਉਨ੍ਹਾਂ ਦੀ ਸਰੀਰਕ ਹਾਲਤ ਨੂੰ ਨਜ਼ਰ-ਅੰਦਾਜ਼ ਕਰਦੇ ਹੋਏ 'ਕੋਈ ਕੰਮ ਧੰਦਾ ਕਰ ਲਿਆ ਕਰ' ਕਹਿ ਕੇ ਚਲਦੇ ਬਣਦੇ ਹਨ। ਗੁਰਬਾਣੀ ਦੇ ਸੰਦੇਸ਼ 'ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥' ਅਨੁਸਾਰ ਅੱਜ ਜ਼ਰੂਰਤ ਭੋਜਨ ਲੋੜਵੰਦਾਂ ਤੱਕ ਪਹੁੰਚਾਉਣ ਦੀ ਹੈ, ਨਾ ਕਿ ਕਾਰਾਂ, ਗੱਡੀਆਂ ਰੋਕ-ਰੋਕ ਕੇ ਰੱਜਿਆਂ ਨੂੰ ਹੋਰ ਰਜਾਉਣ ਦੀ। 'ਗਰੀਬ ਦਾ ਮੂੰਹ ਗੁਰੂ ਕੀ ਗੋਲਕ' ਦਾ ਅਧਿਕਾਰੀ ਬਣਨਾ ਚਾਹੀਦਾ ਹੈ।

ਪੰਗਤ ਨੂੰ ਸੰਗਤ ਨਾਲੋਂ ਜੁਦਾ ਨਹੀਂ ਕੀਤਾ ਜਾ ਸਕਦਾ। ਇਹ ਇਕੋ ਸਿੱਕੇ ਦੇ ਦੋ ਪਹਿਲੂ ਹਨ। ਮਨੁੱਖ ਦੀ ਸਮੱਸਿਆਗ੍ਰਸਤ ਹਸਤੀ ਦਾ ਉਧਾਰ ਕਰਨਾ ਹੀ ਇਨ੍ਹਾਂ ਦਾ ਪ੍ਰਮੁੱਖ ਮਕਸਦ ਹੈ। ਗੁਰੂ ਸਾਹਿਬ ਨੇ ਸੰਗਤ ਨਾਲੋਂ ਪੰਗਤ ਨੂੰ ਪਹਿਲਾ ਦਰਜਾ ਦਿੱਤਾ ਹੈ। ਤੀਜੇ ਪਾਤਿਸ਼ਾਹ ਗੁਰੂ ਅਮਰਦਾਸ ਜੀ ਦਾ ਇਹ ਨੇਮ ਬਣ ਗਿਆ ਸੀ ਕਿ ਜੋ ਕੋਈ ਵਿਅਕਤੀ ਉਨ੍ਹਾਂ ਨੂੰ ਮਿਲਣ ਆਵੇ, ਉਹ ਪਹਿਲਾਂ ਪੰਗਤ ਵਿਚ ਬੈਠ ਕੇ ਲੰਗਰ ਛਕੇ। ਉਨ੍ਹਾਂ 'ਪਹਿਲੇ ਪੰਗਤ ਪਾਛੈ ਸੰਗਤ' ਕਹਿ ਕੇ ਪੰਗਤ ਨੂੰ ਲਾਜ਼ਮੀ ਕਰਾਰ ਦੇ ਦਿੱਤਾ ਸੀ। ਖੁਸ਼ੀ ਜਾਂ ਗ਼ਮੀ ਦੇ ਮੌਕੇ 'ਤੇ ਕਰਵਾਏ ਗਏ ਅਖੰਡ-ਪਾਠ ਤੋਂ ਬਾਅਦ ਗੁਰੂ ਕੇ ਅਤੁੱਟ ਲੰਗਰ ਨੂੰ ਪੰਗਤ ਵਿਚ ਬਿਠਾ ਕੇ ਛਕਾਉਣ ਦੀ ਥਾਂ, ਟੇਬਲਾਂ ਉਤੇ ਲਗਾ ਦਿੱਤਾ ਜਾਂਦਾ ਹੈ। ਇਨ੍ਹਾਂ ਸਮਾਗਮਾਂ ਵਿਚ ਸ਼ਾਮਿਲ ਹੋਣ ਆਏ ਧਾਰਮਿਕ ਆਗੂ ਵੀ ਬਿਨਾ ਕਿਸੇ ਝਿਜਕ ਦੇ ਇਸ ਵਿਚ ਸ਼ਰੀਕ ਹੋ ਜਾਂਦੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵਲੋਂ ਜਾਰੀ ਕੀਤੀ ਗਈ ਸਿੱਖ ਰਹਿਤ ਮਰਿਆਦਾ ਵਿਚ ਵੀ ਲੰਗਰ ਛਕਣ ਜਾਂ ਛਕਾਉਣ ਲਈ ਪੰਗਤ ਨੂੰ ਲਾਜ਼ਮੀ ਕਰਾਰ ਦਿੱਤਾ ਗਿਆ ਹੈ। ਗੁਰੂ ਨਾਨਕ ਸਾਹਿਬ ਆਪਣੇ ਜੀਵਨ ਦੇ ਅੰਤਿਮ ਸਮੇਂ ਦੌਰਾਨ ਕਰਤਾਰਪੁਰ ਵਿਖੇ ਆਪ ਨਿਯਮ ਅਨੁਸਾਰ ਸਮੂਹਿਕ ਪ੍ਰਾਰਥਨਾ ਉਪਰੰਤ ਸੰਗਤ ਨਾਲ ਪੰਗਤ ਵਿਚ ਬੈਠ ਕੇ ਲੰਗਰ ਛਕਦੇ ਸਨ। ਗੁਰੂ ਸਾਹਿਬ ਦੇ ਵਚਨ 'ਏਕ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ' ਅਨੁਸਾਰ ਮਾਨਵ ਜਾਤੀ ਦੀ ਏਕਤਾ ਦੇ ਸਿਧਾਂਤ ਨੂੰ ਅਮਲੀ ਰੂਪ ਦੇਣ ਲਈ ਸੰਗਤ-ਪੰਗਤ ਦੀ ਏਕਤਾ ਦਾ ਹੋਣਾ ਬੇਹੱਦ ਲਾਜ਼ਮੀ ਹੈ।



ਸੇਵਾ ਭਾਵਨਾ ਦੀ ਕਮੀ ਅਤੇ ਸਮੇਂ ਦੀ ਘਾਟ ਕਾਰਨ ਲੰਗਰ ਛਕਾਉਣ ਲਈ ਭਾਂਡਿਆਂ ਦੀ ਥਾਂ ਹੁਣ ਡਿਸਪੋਜ਼ੇਬਲ ਭਾਂਡਿਆਂ ਨੇ ਲੈ ਲਈ ਹੈ। ਗੁਰੂ ਦਾ ਲੰਗਰ ਇੱਕ ਤਰ੍ਹਾਂ ਦੀ ਪ੍ਰਯੋਗਸ਼ਾਲਾ ਹੈ, ਜਿੱਥੇ ਸੇਵਾ ਦੀ ਜਾਚ ਸਿਖਣੀ ਹੁੰਦੀ ਹੈ। ਲੰਗਰ ਦੀ ਸੇਵਾ ਵਿਚ ਲੱਗਾ ਹਰ ਵਿਅਕਤੀ ਕੁਝ ਨਾ ਕੁਝ ਹੱਥੀਂ ਸੇਵਾ ਜ਼ਰੂਰ ਕਰਦਾ ਹੈ, ਜਿਵੇਂ ਝਾੜੂ ਦੇਣਾ, ਜੂਠੇ ਭਾਂਡੇ ਮਾਂਜਣਾ। ਇਹ ਜਿੱਥੇ ਨਿਮਰਤਾ ਸੇਵਾ ਭਾਵ ਉਪਜਾਉਂਦੇ ਹਨ ਉਥੇ ਸੇਵਾ ਦੇ ਕੰਮਾਂ ਨੂੰ ਉਦਮ, ਉਤਸ਼ਾਹ ਤੇ ਲਗਨ ਨਾਲ ਕਰਨ ਦੀ ਆਦਤ ਵੀ ਪਾਉਂਦੇ ਹਨ। ਜਦੋਂ ਗੁਰੂ ਅਮਰਦਾਸ ਜੀ ਪਹਿਲੀ ਵਾਰ ਗੁਰੂ ਅੰਗਦ ਦੇਵ ਜੀ ਦੀ ਸ਼ਰਨ ਵਿਚ ਆਏ ਤਾਂ ਉਨ੍ਹਾਂ ਨੂੰ ਪਹਿਲੀ ਸਿੱਖਿਆ ਹੀ ਇਹ ਦਿੱਤੀ ਗਈ ਸੀ ਕਿ ਉਹ ਹਰ ਰੋਜ਼ 'ਜਪੁ ਜੀ ਸਾਹਿਬ' ਪੜ੍ਹ ਕੇ ਗੁਰਮਤਿ ਵਿਚਾਰਧਾਰਾ ਨੂੰ ਸਮਝ ਕੇ ਅਤੇ ਲੰਗਰ ਦੇ ਭਾਂਡੇ ਮਾਂਜ ਕੇ ਅਮਲੀ ਤੌਰ 'ਤੇ ਭਾਰੇ ਗਉਰੇ ਬਣਨ। ਗੁਰੂ ਸਾਹਿਬ ਦਾ ਵਿਚਾਰ ਸੀ ਕਿ ਉਹ ਭਾਂਡੇ ਮਾਂਜ ਕੇ ਅਤਿ ਨਿਮਰਤਾ ਤੇ ਗਰੀਬੀ ਦੇ ਘਰ ਵਿਚ ਪਰਵੇਸ਼ ਕਰਨ ਅਤੇ ਆਪਣੇ ਅੰਦਰ ਦੀ ਸਾਰੀ ਮੈਲ ਧੋ ਦੇਣ।

ਅੱਜ ਲੰਗਰ ਵਿਚ ਡਿਸਪੋਜ਼ੇਬਲ ਭਾਂਡਿਆਂ ਦਾ ਵਧਦਾ ਰੁਝਾਨ ਲੋਕਾਂ ਵਿਚ ਸੇਵਾ ਭਾਵਨਾ ਦੀ ਕਮੀ ਨੂੰ ਦਰਸਾਉਂਦਾ ਹੈ, ਕਿਉਂਕਿ ਲੰਗਰ ਛਕਣ ਤੋਂ ਬਾਅਦ ਹਰ ਵਿਅਕਤੀ ਦੀ ਇਹੀ ਇੱਛਾ ਹੁੰਦੀ ਹੈ ਕਿ ਉਸ ਦੇ ਜੂਠੇ ਭਾਂਡੇ ਕੋਈ ਹੋਰ ਇਨਸਾਨ ਮਾਂਜ ਦੇਵੇ। ਫੋਮ ਦੇ ਕੱਪ, ਪਲੇਟਾਂ ਜਿੱਥੇ ਕੂੜਾ-ਕਰਕਟ ਫੈਲਾਉਂਦੇ ਹਨ ਉਥੇ ਨਾਲ ਹੀ ਵਾਤਾਵਰਣ ਨੂੰ ਵੀ ਗੰਧਲਾ ਕਰਦੇ ਹਨ।

ਗੁਰੂ ਨਾਨਕ ਸਾਹਿਬ ਦੇ ਸਿਧਾਂਤ ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ ਅਨੁਸਾਰ ਲੰਗਰ ਅਤੇ ਕਿਰਤ ਵਿਚ ਅੰਤਰ-ਅਨੁਸ਼ਾਸਨੀ ਸਬੰਧ ਹੈ। ਗੁਰਮਤਿ ਦ੍ਰਿਸ਼ਟੀ ਅਨੁਸਾਰ ਕਿਰਤ-ਵਿਹੂਣੇ ਲੰਗਰ ਵਿਚੋਂ ਨਾ ਤਾਂ ਰੂਹਾਨੀ ਅਨੰਦ ਪ੍ਰਾਪਤ ਹੁੰਦਾ ਹੈ ਅਤੇ ਨਾ ਹੀ ਇਸ ਦੀ ਸਾਰਥਕਤਾ ਰਹਿੰਦੀ ਹੈ। ਲੰਗਰ ਲਈ ਸੱਚੀ-ਸੁੱਚੀ ਕਿਰਤ ਨਾਲ ਜੁੜਨਾ ਜ਼ਰੂਰੀ ਹੈ। ਇਸ ਲਈ ਹੀ ਗੁਰੂ ਨਾਨਕ ਨੇ ਮਲਿਕ ਭਾਗੋ ਦੇ ਬ੍ਰਹਮ-ਭੋਜ ਨੂੰ ਛੱਡ ਕੇ ਭਾਈ ਲਾਲੋ ਜੀ ਦੇ ਰੁੱਖੇ-ਮਿੱਸੇ ਪਰਸ਼ਾਦੇ ਨੂੰ ਤਰਜੀਹ ਦਿੱਤੀ ਸੀ। ਮਲਿਕ ਭਾਗੋ ਦੇ ਵੰਨ-ਸੁਵੰਨੇ ਪਕਵਾਨ ਲੰਗਰ ਨਹੀਂ ਸਨ ਬਲਕਿ ਭਾਈ ਲਾਲੋ ਦਾ ਪਰਸ਼ਾਦਾ ਹੀ ਇੱਕ ਕਿਰਤੀ ਦੀ ਕਿਰਤ ਕਮਾਈ ਦਾ ਲੰਗਰ ਸੀ।

ਲੰਗਰ ਸੰਸਥਾ ਸਿੱਖ ਧਰਮ ਵਿਚ ਇੱਕ ਨਿਵੇਕਲਾ ਅਤੇ ਉਚ ਸਥਾਨ ਰੱਖਦੀ ਹੈ। ਲੰਗਰ ਕਰਕੇ ਹੀ ਸੰਗਤ ਤੇ ਪੰਗਤ ਦਾ ਸਿਧਾਂਤ ਪਰਪੱਕ ਹੋਇਆ ਹੈ। ਲੰਗਰ ਦੀ ਸਾਰਥਿਕਤਾ ਨੂੰ ਸਮਝਦੇ ਹੋਏ ਸਾਂਝੀ ਪੰਗਤ ਵਿਚ ਬੈਠ ਕੇ ਗੁਰੂ ਕੇ ਲੰਗਰ ਦੀ ਮਹਾਨਤਾ ਨੂੰ ਸਮਝਣ ਦਾ ਯਤਨ ਕਰਨਾ ਚਾਹੀਦਾ ਹੈ। ਲੰਗਰ ਵਿਚ ਜਾ ਕੇ ਸਭ ਪ੍ਰਾਣੀ-ਮਾਤਰ ਰਲ ਕੇ ਭੋਜਨ ਛਕਣ ਤਾਂ ਭਾਈਚਾਰਕ ਅਤੇ ਆਰਥਿਕ ਏਕਤਾ ਦਾ ਇਸ ਤੋਂ ਵੱਧ ਅਤੇ ਚੰਗਾ ਪ੍ਰਗਟਾਵਾ ਹੋਰ ਕੀ ਹੋ ਸਕਦਾ ਹੈ। ਏਕਤਾ ਦੀ ਇਹ ਤਾਲੀਮ ਜੀਵਨ ਵਿਚ ਪੱਕੀ ਹੋ ਕੇ ਸਾਰੇ ਜੀਵਨ ਨੂੰ ਇਸ ਰੰਗ ਵਿਚ ਹੀ ਰੰਗ ਦੇਵੇਗੀ।

ਅਵਲਿ ਅਲਹ ਨੂਰੁ ਉਪਾਇਆ
ਕੁਦਰਤਿ ਕੇ ਸਭ ਬੰਦੇ॥
ਏਕ ਨੂਰ ਤੇ ਸਭੁ ਜਗੁ ਉਪਜਿਆ
ਕਉਨ ਭਲੇ ਕੋ ਮੰਦੇ॥
(ਗੁਰੂ ਗ੍ਰੰਥ ਸਾਹਿਬ, ਪੰਨਾ 1349)

## ਮਿੰਨੀ ਕਹਾਣੀ

### ਭਰੋਸਾ


ਜੈਲਦਾਰਾਂ ਦੇ ਘਰ ਹੋਈ ਚੋਰੀ ਦਾ ਡਰ ਮਨ ਵਿਚ ਹੀ ਸੀ, ਬਾਪੂ ਦੇ ਬੋਲ ਕੰਨੀ ਸਨ ਕਿ ਕਾਲਜ ਜਾਣ ਵੇਲੇ ਸਕੂਟਰ ਵਿਚ ਚਾਕੂ ਲੈ ਕੇ ਜਾਇਆ ਕਰ। ਕੀ ਪਤਾ ਚੋਰ ਕਿਹੜੇ ਵੇਲੇ ਸੁੰਨ-ਸਾਨ ਰਾਹ ਵਿਚੋਂ ਨਿਕਲ ਆਉਣ। ਇਨ੍ਹਾਂ ਸੋਚਾਂ ਵਿਚ ਖੋਈ ਰਾਜੀ ਹਰ ਰੋਜ ਵਾਂਗ ਸਕੂਟਰ ਤੇ ਬੱਸ ਸਟੈਂਡ ਵੱਲ ਜਾ ਰਹੀ ਸੀ ਜੋ ਕਿ ਪਿੰਡ ਤੋਂ 5 ਕਿਲੋਮੀਟਰ ਦੂਰ ਸੀ। ਅਚਾਨਕ ਸਾਹਮਣੇ ਤਿੰਨ ਆਦਮੀ ਪੁਲਿਸ ਦੀ ਵਰਦੀ ਪਾਈ ਹੱਥ ਵਿਚ ਡੰਡਾ ਲੈ ਖੜੇ ਦਿਖੇ ਤੇ ਰਾਜੀ ਨੂੰ ਸਕੂਟਰ ਰੋਕਣ ਦਾ ਇਸ਼ਾਰਾ ਕੀਤਾ। ਘਬਰਾਈ ਹੋਈ ਰਾਜੀ ਨੇ ਪੁੱਛਿਆ, "ਤੁਸੀਂ ਮੈਨੂੰ ਕਿਉਂ ਰੋਕਿਆ ਹੈ?" ਧੁੰਦ ਤੇ ਕੋਈ ਰਾਹਗੀਰ ਨਾ ਦਿਸਣ ਕਰਕੇ ਉਸ ਨੇ ਸਕੂਟਰ ਨਾ ਰੋਕਿਆ ਪਰ ਹੌਲੀ ਕਰ ਲਿਆ। ਉਨ੍ਹਾਂ ਵਿਚੋਂ ਨੌਜਵਾਨ ਬੋਲਿਆ, "ਅਸੀਂ ਪੁਲਿਸ ਵਾਲੇ ਹਾਂ, ਤੇਰੇ ਸਕੂਟਰ ਦੀ ਤਲਾਸ਼ੀ ਲੈਣੀ ਹੈ।"

"ਐਵੇਂ ਕਿਵੇਂ ਤਲਾਸ਼ੀ ਲਵੋਗੇ ਤੁਸੀਂ, ਮੈਨੂੰ ਰੋਕ ਨਹੀਂ ਸਕਦੇ ਤੇ ਮੈਂ ਭਰੋਸਾ ਵੀ ਕਿਵੇਂ ਕਰਾਂ ਤੁਸੀਂ ਪੁਲਿਸ ਵਾਲੇ ਹੋ?" ਰਾਜੀ ਨੇ ਡਰਦਿਆਂ ਕਿਹਾ। ਸਕੂਟਰ ਦੇ ਪਿੱਛੇ ਭੱਜਾ ਆਉਂਦਾ ਇੱਕ ਅੱਧਖੜ ਉਮਰ ਦਾ ਪੁਲਸੀਆ ਬੋਲਿਆ, "ਅਸੀਂ ਪੁਲਿਸ ਵਰਦੀ ਪਾਈ ਹੋਈ ਹੈ। ਤੂੰ ਸਕੂਟਰ ਰੋਕ।"

"ਪੁਲਿਸ ਵਾਲੀ ਵਰਦੀ ਤਾਂ ਹਰ ਕੋਈ ਪਾਈ ਫਿਰਦਾ ਹੈ, ਮੈਂ ਕਿਵੇਂ ਭਰੋਸਾ ਕਰਾਂ", ਇੰਨਾ ਕਹਿੰਦੀ ਹੋਈ ਰਾਜੀ ਨੇ ਸਕੂਟਰ ਤੇਜ ਕਰ ਲਿਆ। ਪੁਲਿਸ ਵਰਦੀ ਤੇ ਲਾਲ ਬੱਤੀ ਵਾਲੀ ਗੱਡੀ ਨੂੰ ਨਕਾਰਦੀ ਹੋਈ ਰਾਜੀ ਆਪਣੇ ਬਾਪੂ ਦੀਆਂ ਗੱਲਾਂ 'ਤੇ ਭਰੋਸਾ ਕਰ ਅੱਗੇ ਵੱਧ ਗਈ।

-ਹਰਕੀਰਤ ਕੌਰ ਕਲਾਮ
ਪਿੰਡ: ਕਾਲੀਆ (ਸੰਗਰੂਰ)

# ਗੁਰੂਦੁਆਰਾ ਗੁਰੂ ਅੰਗਦ ਦਰਬਾਰ
## ਬੇਕਰਸਫ਼ੀਲਡ





ਖਾਲਸਾ ਪੰਥ ਦੇ ਸਿਰਜਨਾ ਦਿਵਸ, ਧੰਨ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਅਤੇ ਧੰਨ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ ਪਾਵਨ ਪ੍ਰਕਾਸ਼ ਦਿਵਸ ਨੂੰ ਮੁੱਖ ਰਖਦੇ ਹੋਏ, ਸਮੂਹ ਸੰਗਤਾਂ ਦੇ ਸਹਯੋਗ ਨਾਲ ਬੜੀ ਧੂਮ ਧਾਮ ਨਾਲ

# ਮਹਾਨ ਨਗਰ ਕੀਰਤਨ

19 ਅਪ੍ਰੈਲ ਦਿਨ ਐਤਵਾਰ ਨੂੰ ਹੋ ਰਿਹਾ ਹੈ । ਜਿਸ ਵਿਚ ਸਿੱਖ ਧਰਮ ਦੇ ਮਹਾਨ ਕੀਰਤਨੀਏ, ਕਥਾਵਾਚਕ,ਢਾਡੀ, ਪ੍ਰਚਾਰਕ ਅਤੇ ਸੂਝਵਾਨ ਬੁਲਾਰੇ ਹਿੱਸਾ ਲੈਣਗੇ ।

## ਪ੍ਰੋਗਰਾਮ

18 ਅਪ੍ਰੈਲ ਦਿਨ ਸ਼ਨੀਵਾਰ ਸ਼ਾਮ ਨੂੰ 6 ਵਜੇ ਤੋਂ ਲੈਕੇ 10 ਵਜੇ ਤੱਕ ਦੀਵਾਨ ਸਜਣਗੇ ਅਤੇ 19 ਅਪ੍ਰੈਲ ਦਿਨ ਐਤਵਾਰ ਸਵੇਰ ਦੇ ਦੀਵਾਨ ਵਿਚ ਆਸਾ ਜੀ ਦੀ ਵਾਰ ਦਾ ਕੀਰਤਨ, ਕੀਰਤਨੀ ਜੱਥੇ, ਕਥਾਕਾਰ, ਢਾਡੀ, ਪੰਥਕ ਬੁਲਾਰੇ ਅਪਣੇ ਵਿਚਾਰਾਂ ਨਾਲ ਸੰਗਤਾਂ ਨੂੰ ਨਿਹਾਲ ਕਰਣਗੇ । ਦੀਵਾਨ ਦੀ ਸਮਾਪਤੀ ਉਪਰੰਤ ਨਗਰ ਕੀਰਤਨ ਦੀ ਅਰੰਭਤਾ ਹੋਵੇਗੀ ਜੀ ।



ਭਾਈ ਹਰਬੰਸ ਸਿੰਘ ਬਿਲਗਾ



ਭਾਈ ਲਖਵਿੰਦਰ ਸਿੰਘ ਜੀ



ਭਾਈ ਹੀਰਾ ਸਿੰਘ (ਹਜ਼ੂਰੀ ਰਾਗੀ ਜੱਥਾ)



ਭਾਈ ਜਸਮੇਰ ਸਿੰਘ ਜੀ

**ਦੀਵਾਨ ਦੀ ਸਮਾਪਤੀ ਉਪਰੰਤ 12:30 ਵਜੇ ਨਗਰ ਕੀਰਤਨ ਦੀ ਅਰੰਭਤਾ ਹੋਵੇਗੀ ਜੀ**

ਨਗਰ ਕੀਰਤਨ ਦਾ ਰੂਟ ਗੁਰਦੁਆਰਾ ਸਾਹਿਬ ਤੋਂ ਹਾਸਕਿੰਗ ਸੱਜੇ, ਐਕਰਸ ਰੋਡ ਤੋਂ ਸੱਜੇ, ਮੈਂਕੀ ਤੋਂ ਸੱਜੇ, ਸਟਾਈਨ ਰੋਡ ਤੋਂ ਸੱਜੇ, ਵਾਪਸ ਗੁਰਦੁਆਰਾ ਸਹਿਬ ਜੀ ।

ਨਗਰ ਕੀਰਤਨ ਬਾਰੇ ਕਿਸੇ ਕਿਸਮ ਦੀ ਜਾਨਕਾਰੀ ਲਈ ਕਾਲ ਕਰੋ
ਜਸਵਿੰਦਰ ਸਿੰਘ 661-345-3088
ਰਸ਼ਪਾਲ ਸਿੰਘ ਮੰਨਣ 661-900-2878

ਕਥਾ ਵਾਚਕ ਭਾਈ ਲਖਵਿੰਦਰ ਸਿੰਘ ਜੀ
ਢਾਡੀ ਜੱਥਾ ਭਾਈ ਹਰਬੰਸ ਸਿੰਘ ਬਿਲਗਾ
ਭਾਈ ਹੀਰਾ ਸਿੰਘ (ਹਜ਼ੂਰੀ ਰਾਗੀ ਜੱਥਾ)
ਭਾਈ ਜਸਮੇਰ ਸਿੰਘ ਜੀ (ਹੈਡ ਗ੍ਰੰਥੀ) 661-889-8613

**ਦੁਕਾਨਾਂ ਦੀ ਸੇਵਾ**
ਸੁਰਿੰਦਰ ਸਿੰਘ ਬਸਰਾ 661-444-7799
ਹਰਜਾਪ ਸਿੰਘ 661-201-8794
ਰਣਵੀਰ ਸਿੰਘ 661-246-8280

**ਫਲੋਟ ਸਜਾਉਣ ਦੀ ਸੇਵਾ**
ਦਲਜਿੰਦਰ ਸਿੰਘ ਚੋਹਾਨ 661-203-8050
ਰਣਜੀਤ ਸਿੰਘ 661-889-8200
ਜਸਵੰਤ ਸਿੰਘ ਮਾਣਕ 661-472-6706

**ਦਾਨੀ ਸੱਜਣ ਸੰਪਰਕ ਕਰਨ**
ਸੇਵਾ ਸਿੰਘ 661-204-3294
ਮਨਦੀਪ ਸਿੰਘ 661-340-6747

**ਫਲੋਟ ਲਗਵਾਉਣ ਦੀ ਸੇਵਾ**
ਸੁਰਿੰਦਰ ਸਿੰਘ ਬਸਰਾ 661-444-7799
ਹਰਜਾਪ ਸਿੰਘ 661-201-8794
ਕਮਲਜੀਤ ਸਿੰਘ ਢਿੱਲੋਂ 661-247-7798

**ਗੁਰੂ ਕੇ ਲੰਗਰ ਦੀ ਸੇਵਾ**
ਰਸ਼ਪਾਲ ਸਿੰਘ ਮੰਨਣ 661-900-2878
ਜਗਪਾਲ ਸਿੰਘ ਲਾਲੀ 661-706-6339
ਅਜਮੇਰ ਸਿੰਘ ਸੰਘਾ 661-340-6747

**ਲੰਗਰ ਸਟਾਲ ਦੀ ਸੇਵਾ**
ਜਗਤਾਰ ਸਿੰਘ ਨੰਬਰਦਾਰ 661-900-2878
ਜਗਪਾਲ ਸਿੰਘ ਲਾਲੀ 661-706-6339
ਸੇਵਾ ਸਿੰਘ 661-204-3294
ਪ੍ਰਿਤਪਾਲ ਸਿੰਘ 661-204-0095

**ਪੰਜ ਪਿਆਰਿਆਂ ਦੀ ਸੇਵਾ**
ਅਮਰਜੀਤ ਸਿੰਘ 661-246-6038
ਦਲਜੀਤ ਸਿੰਘ ਖਾਲਸਾ 661-319-6039
ਬਲਬੀਰ ਸਿੰਘ 661-201-5632

**ਸਹਯੋਗ**
ਸਮੂਹ ਸੰਗਤ ਬੇਕਰਸਫੀਲਡ ਸਿੱਖ ਟੈਂਪਲ । ਗੁਰੂ ਨਾਨਕ ਮਿਸ਼ਨ ਸਿੱਖ ਸੈਂਟਰ,ਬੇਕਰਸਫਲਿਡ।
ਗੁਰਦੁਆਰਾ ਗੁਰੂ ਦਸਮੇਸ਼ ਦਰਬਾਰ,ਬੇਕਰਸਫ਼ੀਲਡ ਅਤੇ ਸ਼ਹੀਦ ਬਾਬਾ ਦੀਪ ਸਿੰਘ ਖਾਲਸਾ ਦਰਬਾਰ।
ਗੁਰੂ ਰਾਮਦਾਸ ਅਕੈਡਮੀ, ਬੇਕਰਸਫ਼ੀਲਡ। ਪੰਜਾਬੀ ਅਮੇਰਿਕਨ ਸੀਨੀਅਰ ਸਿਟੀਜ਼ਨ ਸੈਂਟਰ,ਬੇਕਰਸਫ਼ੀਲਡ।

DESIGNED & PRINTED BY NK SIGNS OF BAKERSFIELD, CA • 661-978-7319

# ਖਿੜਦੀ ਖਾਮੋਸ਼ੀ...

## ਐਨ.ਐਚ.10: ਅਣਖ ਦੇ ਨਾਂ 'ਤੇ ਕਤਲਾਂ ਦਾ ਕਿੱਸਾ


ਅਨੁਸ਼ਕਾ ਸ਼ਰਮਾ

ਹਿੰਦੀ ਫਿਲਮ 'ਐਨ.ਐਚ. 10' ਵਿਚ ਬੁਨਿਆਦੀ ਤੌਰ 'ਤੇ ਮਰਦਾਵੀਂ ਧੌਂਸ ਦੀਆਂ ਕੁਝ ਕੁ ਪਰਤਾਂ ਫਰੋਲੀਆਂ ਗਈਆਂ ਹਨ। ਫਿਲਮ ਦੀ ਕਹਾਣੀ ਅਣਖ ਖਾਤਰ ਕਤਲ ਦੁਆਲੇ ਘੁੰਮਦੀ ਹੈ। ਇਸ ਫਿਲਮ ਵਿਚ ਅਦਾਕਾਰਾ ਅਨੁਸ਼ਕਾ ਸ਼ਰਮਾ ਖੁਦ ਨਿਰਮਾਤਾ ਵੀ ਬਣੀ ਹੈ ਅਤੇ ਇਸ ਫਿਲਮ ਵਿਚ ਉਸ ਦੀ ਅਦਾਕਾਰੀ ਦੀ ਵੀ ਖੂਬ ਪ੍ਰਸ਼ੰਸਾ ਹੋਈ ਹੈ। ਇਸ ਫਿਲਮ ਦਾ ਇਕ ਹੋਰ ਅਹਿਮ ਪੱਖ ਇਹ ਵੀ ਰਿਹਾ ਹੈ ਕਿ ਫਿਲਮ ਰਿਲੀਜ਼ ਕਰਨ ਤੋਂ ਪਹਿਲਾਂ ਇਸ ਦੇ ਪ੍ਰਚਾਰ ਲਈ ਧੂੜਾਂ ਨਹੀਂ ਪੁੱਟੀਆਂ ਗਈਆਂ, ਬਲਕਿ ਇਹ ਫਿਲਮ ਚੰਗੀ ਹੋਣ ਕਰ ਕੇ ਚੱਲੀ ਹੈ। ਫਿਲਮ ਮਿਆਰੀ ਤਾਂ ਹੈ ਹੀ, ਇਸ ਦੀ ਕਹਾਣੀ ਵੀ ਸਮਾਜਕ ਸੁਨੇਹਾ ਦੇਣ ਅਤੇ ਝੰਜੋੜਨ ਵਾਲੀ ਹੈ। ਕੁੱਲ 13 ਕਰੋੜ ਰੁਪਏ ਦੀ ਬਜਟ ਵਾਲੀ ਇਸ ਫਿਲਮ ਨੇ ਬਾਕਸ ਆਫਿਸ ਉਤੇ 30 ਕਰੋੜ ਰੁਪਏ ਤੋਂ ਵੱਧ ਦੀ ਕਮਾਈ ਕੀਤੀ ਹੈ। ਫਿਲਮ ਵਿਚ ਮੁੱਖ ਭੂਮਿਕਾਵਾਂ ਅਨੁਸ਼ਕਾ ਸ਼ਰਮਾ ਤੇ ਨੀਲ ਭੁਪਾਲਮ, ਦੀਪਤੀ ਨਵਲ, ਦਰਸ਼ਨ ਕੁਮਾਰ ਅਤੇ ਦਾਨਿਆ ਪਰੋਹਿਤ ਦੋਭਾਲ ਦੀਆਂ ਹਨ। ਇਹ ਫਿਲਮ ਫਿਲਮਸਾਜ਼ ਨਵਦੀਪ ਸਿੰਘ ਨੇ ਬਣਾਈ ਹੈ ਜੋ ਇਸ ਤੋਂ ਪਹਿਲਾਂ 'ਮਨੋਰਮਾ ਸਿਕਸ ਫੀਟ ਅੰਡਰ' (2007) ਵਰਗੀ ਧੂਹ ਪਾਊ ਫਿਲਮ ਬਣਾ ਚੁੱਕਾ ਹੈ। 'ਮਨੋਰਮਾ ਸਿਕਸ ਫੀਟ ਅੰਡਰ' ਦੀ ਖੂਬ ਚਰਚਾ ਹੋਈ ਸੀ। ਅਣਖ ਖਾਤਰ ਕਤਲ ਮਰਦ ਪ੍ਰਧਾਨ ਸਮਾਜ ਦਾ ਵੱਡਾ ਮੁੱਦਾ ਰਿਹਾ ਹੈ ਅਤੇ ਇਸ ਦੀ ਮਾਰ ਵਧੇਰੇ ਕਰ ਕੇ ਔਰਤ ਨੂੰ ਹੀ ਸਹਿਣੀ ਪੈਂਦੀ ਹੈ। ਵੱਖ-ਵੱਖ ਧਰਮਾਂ ਅਤੇ ਸਭਿਆਚਾਰਾਂ ਵਿਚ ਇਹ ਵਰਤਾਰਾ ਆਮ ਦੇਖਣ ਨੂੰ ਮਿਲਦਾ ਹੈ।




ਸੰਯੁਕਤ ਰਾਸ਼ਟਰ ਦੀ ਰਿਪੋਰਟ ਅਨੁਸਾਰ ਭਾਰਤ, ਪਾਕਿਸਤਾਨ, ਬੰਗਲਾਦੇਸ਼, ਬ੍ਰਾਜ਼ੀਲ, ਇਟਲੀ, ਜੌਰਡਨ, ਤੁਰਕੀ ਤੇ ਯੂਗਾਂਡਾ ਆਦਿ ਵਿਚ ਅਣਖ ਖਾਤਰ ਕਤਲ ਆਮ ਹੁੰਦੇ ਹਨ। ਇਸ ਰਿਪੋਰਟ ਮੁਤਾਬਕ ਹਰ ਸਾਲ 5 ਹਜ਼ਾਰ ਔਰਤਾਂ ਅਣਖ ਦੀ ਭੇਟ ਚੜ੍ਹ ਜਾਂਦੀਆਂ ਹਨ। ਨਾਰੀਵਾਦੀ ਸੰਗਠਨਾਂ ਦੀ ਰਿਪੋਰਟ ਮੁਤਾਬਕ ਇਹ ਗਿਣਤੀ 20 ਹਜ਼ਾਰ ਤੋਂ ਵੀ ਕਿਤੇ ਵੱਧ ਹੈ। ਭਾਰਤ ਦੇ ਉਤਰੀ ਸੂਬਿਆਂ ਪੰਜਾਬ, ਹਰਿਆਣਾ, ਉਤਰ ਪ੍ਰਦੇਸ਼, ਰਾਜਸਥਾਨ ਵਿਚ ਇਹ ਵਰਤਾਰਾ ਆਮ ਹੈ। ਪੰਜਾਬ ਪੁਲਿਸ ਦੀ ਰਿਪੋਰਟ ਦੱਸਦੀ ਹੈ ਕਿ 2008 ਤੋਂ ਲੈ ਕੇ 2010 ਤੱਕ ਅਣਖ ਖਾਤਰ ਕਤਲ ਦੀਆਂ 34 ਵਾਰਦਾਤਾਂ ਰਿਪੋਰਟ ਹੋਈਆਂ ਹਨ। ਜਿਹੜੀਆਂ ਰਿਪੋਰਟਾਂ ਪੁਲਿਸ ਤੱਕ ਨਹੀਂ ਪਹੁੰਚਦੀਆਂ ਉਨ੍ਹਾਂ ਦੀ ਗਿਣਤੀ ਵੱਖਰੀ ਹੈ। 'ਐਨ.ਐਚ 10' ਨੇ ਇਹ ਸਾਰੀਆਂ ਕਹਾਣੀਆਂ ਇਕ ਕਹਾਣੀ ਵਿਚ ਪਰੋ ਕੇ ਸਾਡੇ ਸਾਹਮਣੇ ਪੇਸ਼ ਕੀਤੀਆਂ ਹਨ ਜੋ ਬੰਦੇ ਨੂੰ ਜ਼ਮੀਰ ਨੂੰ ਹਲੂਣਾ ਦਿੰਦੀ ਹੈ।


*-ਕੀਰਤ ਕਾਸ਼ਣੀ*

# ਨੂਰ ਜਹਾਂ ਦੀ ਵਿਰਾਸਤ ਸਿਕੰਦਰ ਰਿਜ਼ਵੀ

### ਮਹਾਨ ਗਾਇਕਾ ਦੇ ਪੋਤੇ ਦਾ ਸ਼ੈੱਫ ਤੋਂ ਅਦਾਕਾਰੀ ਦਾ ਸਫਰ

ਮਿਸਾਲੀ ਗਾਇਕਾ ਨੂਰ ਜਹਾਂ ਦਾ ਪੋਤਾ ਸਿਕੰਦਰ ਰਿਜ਼ਵੀ ਵੀ ਫਿਲਮੀ ਦੁਨੀਆਂ ਦਾ ਸ਼ਾਹ-ਸਵਾਰ ਬਣ ਗਿਆ ਹੈ। ਉਹ ਕਾਮੇਡੀ ਫਿਲਮ 'ਦੇਖ ਮਗਰ ਪਿਆਰ ਸੇ' ਵਿਚ ਹੀਰੋ ਬਣ ਕੇ ਲੋਕਾਂ ਦੇ ਦਿਲਾਂ 'ਤੇ ਦਸਤਕ ਦੇਣ ਆ ਰਿਹਾ ਹੈ। ਇਸ ਫਿਲਮ ਵਿਚ ਉਸ ਦੀ ਜੋੜੀ ਪਾਕਿਸਤਾਨੀ ਅਦਾਕਾਰਾ ਹੁਮੈਮਾ ਮਲਿਕ ਨਾਲ ਬਣੀ ਹੈ। ਇਹ ਫਿਲਮ ਅਸਦ-ਉਲ ਹੱਕ ਵਲੋਂ ਬਣਾਈ ਜਾ ਰਹੀ ਹੈ। ਗੌਰਤਲਬ ਹੈ ਕਿ ਸਿਕੰਦਰ ਰਿਜ਼ਵੀ ਪਾਕਿਸਤਾਨ ਦਾ ਮਸ਼ਹੂਰ ਸ਼ੈਫ਼ ਹੈ। ਫਿਲਮ ਬਾਰੇ ਉਹ ਆਖਦਾ ਹੈ ਕਿ ਉਸ ਨੇ ਤਾਂ ਫਿਲਮੀ ਦੁਨੀਆਂ ਵਿਚ ਪੈਰ ਧਰਨ ਬਾਰੇ ਕਦੇ ਸੋਚਿਆ ਵੀ ਨਹੀਂ ਸੀ। ਉਹਨੇ ਖੁਲਾਸਾ ਕੀਤਾ ਹੈ ਕਿ ਇਸ ਫਿਲਮ ਲਈ ਪਹਿਲਾਂ ਹਿੰਦੀ ਫਿਲਮ 'ਖੂਬਸੂਰਤ' ਦੇ ਹੀਰੋ ਫਵਾਦ ਖਾਨ ਨੂੰ ਪੇਸ਼ਕਸ਼ ਹੋਈ ਸੀ। ਉਸ ਦੇ ਇਨਕਾਰ ਤੋਂ ਬਾਅਦ ਇਸ ਫਿਲਮ ਲਈ ਉਹਨੂੰ ਸਾਇਨ ਕਰ ਲਿਆ ਗਿਆ। ਇਸ ਫਿਲਮ ਦੀ ਸ਼ੂਟਿੰਗ ਅੱਜ ਕੱਲ੍ਹ ਲਾਹੌਰ ਵਿਖ ਚੱਲ ਰਹੀ ਅਤੇ ਇਹ ਫਿਲਮ ਪਾਕਿਸਤਾਨ ਤੋਂ ਇਲਾਵਾ ਭਾਰਤ ਅਤੇ ਹੋਰ ਦੇਸ਼ਾਂ ਵਿਚ ਵੀ ਰਿਲੀਜ਼ ਕੀਤੀ ਜਾਵੇਗੀ। ਆਪਣੀ ਦਾਦੀ ਨੂਰ ਜਹਾਂ ਨੂੰ ਯਾਦ ਕਰਦਾ ਸਿਕੰਦਰ ਰਿਜ਼ਵੀ ਬਹੁਤ ਭਾਵੁਕ ਹੋ ਜਾਂਦਾ ਹੈ ਅਤੇ ਵਾਰ-ਵਾਰ ਉਸ ਵਲੋਂ ਗਾਏ ਗੀਤਾਂ ਦੇ ਹਵਾਲੇ ਦਿੰਦਾ ਹੈ। ਉਹ ਦਾਅਵਾ ਕਰਦਾ ਹੈ ਕਿ ਉਸ ਦੇ ਇੰਨਾ ਵਧੀਆ ਸ਼ੈੱਫ਼ ਬਣਨ ਵਿਚ ਉਸ ਦੀ ਦਾਦੀ ਨੂਰ ਜਹਾਂ ਦਾ ਹੀ ਹੱਥ ਹੈ। ਨੂਰ ਜਹਾਂ ਖਾਣਾ ਬਣਾਉਣ ਦੀ ਬਹੁਤ ਸ਼ੌਕੀਨ ਸੀ। ਸਿਕੰਦਰ ਨੂੰ ਨੂਰ ਜਹਾਂ ਦਾ ਗੀਤ 'ਚਾਂਦਨੀ ਰਾਤੇਂ" ਬਹੁਤ ਪਸੰਦ ਹੈ। ਇਹ ਗੀਤ ਨੂਰ ਜਹਾਂ ਨੇ ਫਿਲਮ 'ਦੁਪੱਟਾ' ਲਈ ਗਾਇਆ ਸੀ। ਸਿਕੰਦਰ ਨੂੰ ਫਿਲਮ ਜੁਗਨੂ ਬਹੁਤ ਪਸੰਦ ਹੈ ਜਿਸ ਵਿਚ ਨੂਰ ਜਹਾਂ ਤੇ ਦਲੀਪ ਕੁਮਾਰ ਦੇ ਮੁੱਖ ਰੋਲ ਸਨ ਅਤੇ ਇਹ ਫਿਲਮ ਉਸ ਦੇ ਦਾਦੇ ਸ਼ੌਕਤ ਹੁਸੈਨ ਰਿਜ਼ਵੀ ਨੇ ਬਣਾਈ ਸੀ। ਉਹ ਕਹਿੰਦਾ ਹੈ, "ਮੈਂ ਇਹ ਫਿਲਮ ਵਾਰ-ਵਾਰ ਦੇਖਦਾ ਹਾਂ।

ਯਾਦ ਰਹੇ, ਇਸ ਯਾਦਗਾਰੀ ਫਿਲਮ ਲਈ ਸੰਗੀਤ ਫਿਰੋਜ਼ ਨਿਜ਼ਾਮੀ ਨੇ ਦਿੱਤਾ ਸੀ ਅਤੇ ਇਹ ਫਿਲਮ 1947 ਵਿਚ ਬਣੀ ਸੀ। ਦਲੀਪ ਕੁਮਾਰ ਦੀ ਇਹ ਪਹਿਲੀ ਵੱਡੀ ਹਿੱਟ ਫਿਲਮ ਸੀ ਅਤੇ ਇਸ ਫਿਲਮ ਤੋਂ ਬਾਅਦ ਦਲੀਪ ਕੁਮਾਰ ਦੀ ਫਿਲਮੀ ਦੁਨੀਆਂ ਵਿਚ ਗੁੱਡੀ ਖੂਬ ਚੜ੍ਹ ਗਈ ਸੀ। ਇਹ ਫਿਲਮ ਰਿਲੀਜ਼ ਹੋਣ ਤੋਂ ਬਾਅਦ ਸ਼ੌਕਤ ਹੁਸੈਨ ਰਿਜ਼ਵੀ ਅਤੇ ਨੂਰ ਜਹਾਂ ਪਾਕਿਸਤਾਨ ਜਾ ਵਸੇ ਹਨ।


ਸਿਕੰਦਰ ਰਿਜ਼ਵੀ


ਹੁਮੈਮਾ ਮਲਿਕ

# 'ਧਰਮ ਸੰਕਟ ਮੇਂ' ਦਾ ਸੰਕਟ


ਫਿਲਮ 'ਧਰਮ ਸੰਕਟ ਮੇਂ' ਵਿਚ ਨਸੀਰੂਦੀਨ ਸ਼ਾਹ

'ਧਰਮ ਸੰਕਟ ਮੇਂ' ਦੇ ਮਾਮਲੇ 'ਤੇ ਸੈਂਸਰ ਬੋਰਡ ਦੀ ਪਹੁੰਚ ਤੋਂ ਫਿਲਮ ਦੇ ਮੁੱਖ ਕਲਾਕਾਰ ਨਸੀਰੂਦੀਨ ਸ਼ਾਹ ਅਤੇ ਪਰੇਸ਼ ਰਾਵਲ ਦੁਖੀ ਹਨ। ਪਰੇਸ਼ ਮੁਤਾਬਕ ਇਹ ਫਿਲਮ ਪਾਸ ਕਰਨ ਤੋਂ ਪਹਿਲਾਂ ਮੌਲਵੀ ਅਤੇ ਪੰਡਿਤ ਨੂੰ ਦਿਖਾਉਣ ਦੀ ਕੋਈ ਤੁਕ ਨਹੀਂ ਬਣਦੀ। ਨਾਲੇ ਕੋਈ ਧਰਮ ਇੰਨਾ ਕਮਜ਼ੋਰ ਕਿਸ ਤਰ੍ਹਾਂ ਹੋ ਸਕਦਾ ਹੈ ਕਿ ਇਸ ਨੂੰ ਇਸ ਦੀ ਆਲੋਚਨਾ ਕਰਨ ਵਾਲੇ ਬੰਦੇ ਤੋਂ ਹੀ ਖਤਰਾ ਖੜ੍ਹਾ ਹੋ ਜਾਵੇ!

ਨਸੀਰੂਦੀਨ ਸ਼ਾਹ ਤਾਂ ਸਗੋਂ ਇਕ ਕਦਮ ਹੋਰ ਅੱਗੇ ਚਲਦਿਆਂ ਕਹਿੰਦਾ ਹੈ ਕਿ ਪੰਡਿਤ ਅਤੇ ਮੌਲਵੀ ਨੂੰ ਫਿਲਮ ਦਿਖਾਉਣ ਦੀ ਗੱਲ ਕਹਿ ਕੇ ਸੈਂਸਰ ਬੋਰਡ ਨੇ ਆਪਣਾ ਦੀਵਾਲਾ ਕੱਢ ਲਿਆ ਹੈ। ਸੈਂਸਰ ਬੋਰਡ ਦੇ ਮੈਂਬਰਾਂ ਨੂੰ ਚਾਹੀਦਾ ਸੀ ਕਿ ਉਹ ਆਪਣੇ ਪੱਧਰ 'ਤੇ ਹੀ ਇਸ ਫਿਲਮ ਬਾਰੇ ਫੈਸਲਾ ਕਰਦੇ।

ਗੌਰਤਲਬ ਹੈ ਕਿ ਇਹ ਕਾਮੇਡੀ ਫਿਲਮ, ਫਿਲਮਸਾਜ਼ ਫਵਾਦ ਖ਼ਾਨ ਨੇ ਬਣਾਈ ਹੈ ਅਤੇ ਇਸ ਵਿਚ ਪਰੇਸ਼ ਰਾਵਲ ਤੇ ਨਸੀਰੂਦੀਨ ਸ਼ਾਹ ਤੋਂ ਇਲਾਵਾ ਅਨੂ ਕਪੂਰ ਅਤੇ ਔਰੀਤਰਾ ਘੋਸ਼ ਦੀਆਂ ਮੁੱਖ ਭੂਮਿਕਾਵਾਂ ਹਨ।


*ਫਿਲਮ 'ਧਰਮ ਸੰਕਟ ਮੇਂ' ਵਿਚ ਨਸੀਰੂਦੀਨ ਸ਼ਾਹ, ਪਰੇਸ਼ ਰਾਵਲ ਤੇ ਅਨੂ ਕਪੂਰ।*

ਕਹਾਣੀ ਇਕ ਹਿੰਦੂ (ਪਰੇਸ਼ ਰਾਵਲ) ਦੁਆਲੇ ਘੁੰਮਦੀ ਹੈ ਪਰ ਪਿਛੋਂ ਉਹਨੂੰ ਪਤਾ ਲਗਦਾ ਹੈ ਕਿ ਸਬੰਧਤ ਹਿੰਦੂ ਪਰਿਵਾਰ ਨੇ ਤਾਂ ਉਸ ਨੂੰ ਗੋਦ ਲਿਆ ਸੀ; ਉਸ ਦਾ ਜਨਮ ਕਿਸੇ ਮੁਸਲਿਮ ਪਰਿਵਾਰ ਵਿਚ ਹੋਇਆ ਸੀ। ਉਹ ਆਪਣੇ ਮਾਪਿਆਂ ਨੂੰ ਲੱਭਣਾ ਸ਼ੁਰੂ ਕਰ ਦਿੰਦਾ ਹੈ।

ਫਿਲਮ ਵਿਚ ਨਸੀਰੂਦੀਨ ਨੇ ਨੀਲਾਨੰਦ ਬਾਬਾ ਦਾ ਕਿਰਦਾਰ ਨਿਭਾਇਆ ਹੈ। ਇਹ ਫਿਲਮ ਕਿਸੇ ਧਰਮ ਦੇ ਖਿਲਾਫ਼ ਨਹੀਂ, ਬਲਕਿ ਧਰਮ ਦੇ ਨਾਂ 'ਤੇ ਆਮ ਬੰਦੇ ਦੀ ਜੋ ਲੁੱਟ-ਖਸੁੱਟ ਕੀਤੀ ਜਾਂਦੀ, ਉਸ ਦੀ ਕਥਾ ਛੇੜੀ ਗਈ ਹੈ। ਪਰੇਸ਼ ਰਾਵਲ ਜੋ ਗੁਜਰਾਤ ਤੋਂ ਭਾਜਪਾ ਦੇ ਲੋਕ ਸਭਾ ਮੈਂਬਰ ਵੀ ਹਨ, ਨੇ ਕਿਹਾ ਹੈ ਕਿ ਇਸ ਫਿਲਮ ਵਿਚ ਕਿਸੇ ਧਰਮ ਨੂੰ ਟਾਰਗੈੱਟ ਨਹੀਂ ਕੀਤਾ ਗਿਆ ਹੈ। ਹਾਸੇ-ਠੱਠੇ ਵਿਚ ਧਰਮ ਦੇ ਨਾਂ 'ਤੇ ਚਲਦੀਆਂ ਦੁਕਾਨਾਂ ਬਾਰੇ ਰਹੱਸ ਖੋਲ੍ਹੇ ਗਏ ਹਨ।

# PCS SACRAMENTO (USA)

Non Profit

Presents

Since 1990

## 26ਵਾਂ ਵਿਸਾਖੀ ਮੇਲਾ

# Visakhi Mela





**Featuring : Songs, Gidha & Bhangra, Dances, Skits and Much More**

**Celebration On Saturday 18th April 2015 at 3:00 P.M.**

## S.E.S. Hall

**10427 E. STOCKTON BLVD. ELK GROVE, CA 95624**

Spcl. Appearance

**Bhangra & Gidda**



ਕੈਲੇਫੋਰਨੀਆ ਦੇ ਉੱਘੇ ਗਾਇਕ ਅਤੇ ਗਿੱਧੇ ਅਤੇ ਭੰਗੜੇ ਦੀਆਂ ਚੋਟੀ ਦੀਆਂ ਟੀਮਾਂ ਭਾਗ ਲੈ ਰਹੀਆਂ ਹਨ।

**ਪ੍ਰਬੰਧਕੀ ਕਮੇਟੀ:** ਰਾਜਿੰਦਰ ਪਾਲ ਸਿੰਘ, ਅਮਰੀਕ ਸਿੰਘ ਪਰਹਾਰ, ਹਰਜਿੰਦਰ ਬਸਰਾ, ਤੀਰਥ ਸਹੋਤਾ, ਪਰਮਜੀਤ ਢਿਲੋਂ, ਸੁਰਿੰਦਰ ਬਿੰਦਰਾ, ਅਜੈਬ ਕਾਹਲੋਂ, ਰਸ਼ਪਾਲ ਫਰਵਾਲਾ, ਜਰਨੈਲ ਸਰਪੰਚ, ਦੇਬੀ ਗਿੱਲ, ਸੁਖਰਾਜ ਸਿੰਘ ਔਲਖ, ਭੁਪਿੰਦਰ ਗੋਹਲ, ਜਸਵਿੰਦਰ ਪੂਨੀ, ਜਸਵੰਤ ਸ਼ਾਦ, ਅਰਜਿੰਦਰ ਕੂੰਕੋ, ਪਵਿੱਤਰ ਨਾਹਲ, ਸਤਵਿੰਦਰ ਰੰਗੀ, ਵਰਿੰਦਰ ਸੰਘੇੜਾ, ਕਮਲ ਬੰਗਾ, ਪਰਮਿੰਦਰ ਵਿਰਕ, ਬਲਵੀਰ ਜੌਹਲ, ਅਵਤਾਰ ਛੋਡ, ਹਰਜਿੰਦਰ ਪੰਧੇਰ, ਸਤਵਿੰਦਰ ਸਰਹੱਦੀ, ਪਾਲ ਸਿੰਘ, ਮਨੋਹਰ ਲਾਲ ਰੱਤੀ, ਜਰਨੈਲ ਮੰਡੇਰ, ਜਗਜੀਤ ਕੰਦੋਲਾ, ਦਲਜੀਤ ਸਿੰਘ ਲੋਪੋਂ, ਡੌਲੀ ਸਿੰਘ, ਯਾਦਵਿੰਦਰ ਗਿੱਲ, ਕਰਮਜੀਤ ਮਿਨਹਾਸ, ਜਤਿੰਦਰ ਸਿੰਘ, ਸਤਨਾਮ ਸਿੰਘ ਤਾਤਲਾ, ਬਖਸ਼ੀਸ਼ ਗਿੱਲ, ਬਲਵੰਤ ਸਿੰਘ ਕੰਦੋਲਾ, ਵਿਜੇ ਪਰਹਾਰ, ਰਾਜ ਬਰਾੜ, ਪ੍ਰੇਮ ਚੁੰਬਰ (ਐਡੀਟਰ ਦੇਸ਼ ਦੋਆਬਾ)

**ਸਪੋਂਸਰ ਕਰਤਾ:** ਹਰਜੀਤ ਸਿੰਘ (ਮਾਊਂਟੇਨ ਮਾਈਕ'ਜ਼ ਪੀਜ਼ਾ ਐਲਕਗ੍ਰੋਵ), ਇੰਦਰਜੀਤ ਸਿੰਘ (ਮਾਊਂਟੇਨ ਮਾਈਕ'ਜ਼ ਪੀਜ਼ਾ ਐਲਕਗ੍ਰੋਵ ਫਲੋਰੀਨ), ਬੰਗਾ ਪੈਲੇਸ, ਇੰਡੀਆ ਹਾਊਸ ਆਫ ਗਰੋਸਰੀ, ਦੇਸੀ ਬਾਜ਼ਾਰ, ਇੰਡੀਆ ਸਪਾਈਸਜ਼ ਐਂਡ ਮਿਊਜ਼ਿਕ ਇਨ ਐਲਕਗ੍ਰੋਵ, ਰਾਜਿੰਦਰ ਸਿੰਘ, ਗੁਰਨੇਕ ਸਿੰਘ, ਜਸਵਿੰਦਰ ਸੰਧੂ, ਅਵਤਾਰ ਅਟਵਾਲ, ਚਰਨ ਬਡਵਾਲ, ਪਿਆਰਾ ਸਿੰਘ ਪਰਹਾਰ, ਜੱਸੀ ਸੰਘਾ (ਪਾਵਰ ਮਾਰਟ), ਏ.ਵੀ. ਸਵੀਟਸ, ਮਨਜੀਤ ਢਿਲੋਂ (ਮੋਡੈਸਟੋ), ਮਨਪ੍ਰੀਤ ਸਿੰਘ, ਪਰਮਿੰਦਰਜੀਤ ਸਿੰਘ, ਜਸਵੰਤ ਸਿੰਘ, ਗੁਰਚੇਤਨ ਸਿੰਘ, ਮਨਜੀਤ ਸਿੰਘ, ਕੁਲਵਿੰਦਰ ਬੱਬੀ, ਮਨਜੀਤ ਸਿੰਘ (ਪੰਜਾਬ ਇੰਸ਼ੋਰੈਂਸ ਐਂਡ ਇੰਮੀਗ੍ਰੇਸ਼ਨ ਟੈਕਸ ਸਰਵਿਸ), ਪਰਮਜੀਤ ਧਾਲੀਵਾਲ (ਫਰਿਜ਼ਨੋ), ਅਮਰਜੀਤ ਦੁਲੇ, ਗੁਰਮੁਖ ਗੋਸਲ (ਸ਼ੈਰੇਟਨ ਹੋਟਲ), Wells Fargo Bank, Money Gram (Fast Trip Florin Road), ਜਸਵਿੰਦਰ ਬੋਪਾਰਾਏ, ਜਸਵੀਰ ਥਾਂਦੀ (World Financial Group), ਸਾਬੀ Cargo Transit, ਅਕਲੇਸ਼ ਸਿੰਘ (ਕੁਆਲਿਟੀ ਵੈਂਡਿੰਗ), ਅਟਵਾਲ ਬ੍ਰਦਰਜ਼ (ਮਰਸਿੰਦ) Shaheed Baba Deep Singh Ji Sports Club ਸੁਖਚੈਨ ਸਿੰਘ ਅਤੇ ਕਿਰਨਜੀਤ ਢੰਡਾ।

*For More Information Please Contact : Participation:* **Rashpal Pharwala (916) 880-0531,** *Stalls:* **Tirath Sahota (916) 271-8382, Amrik Parhar (916) 502-0064,** *Host by:* **Jaswant S. Shad (209) 992-7185**

**ADMISSION FREE** Please No Alcohol, No Food or Drinks Inside the Hall. No Cameras Will Be Will Be Tightly Enforced Allowed Inside The Hall, Security

**Website : www.sacpcs.com**

Printer : Barapind Printing Press (E-mail: barapindpress@gmail.com)


GLOBAL HAWK INSURANCE CO. RRG
GLOBAL HAWK
PROPERTY & CASUALTY
INSURANCE COMPANY
Trucking Is Your Passion, Insurance is Ours!
If You Are a Young Driver Holding a Class-A License And Having Difficulty Purchasing Truck Insurance or Currently Insured with California Assigned Risk Plan Finding it Hard to Comply With Their Paper Work & Inspection
No Problem! We Have A Special Program For Young Drivers Like You!
Call For The Best Insurance Options:
✓ Seasonal Haulers
✓ Local & 48 States
✓ Sand & Gravel
✓ Container Trucks
✓ Tow Trucks
✓ Owner Operators
✓ Trucking Co.(s)
✓ Dump Trucks
✓ Auto Haulers
Mono-line & Package policies & MUCH MORE!
ਕੋਈ ਗੱਲ ਨਹੀਂ__ਜੇਕਰ ਤੁਸੀਂ ਨਵੇਂ ਡਰਾਈਵਰ ਹੋ
ਕੋਈ ਗੱਲ ਨਹੀਂ__ ਜੇਕਰ ਤੁਹਾਡੇ ਕੋਲ ਕਲਾਸ (A) ਡਰਾਈਵਿੰਗ ਲਾਈਸੈਂਸ ਵੀ ਨਵਾਂ ਹੈ।
ਕੋਈ ਗੱਲ ਨਹੀਂ__ ਜੇਕਰ ਤੁਹਾਨੂੰ ਇੰਨਸ਼ੋਰੈਂਸ ਲੈਣ ਚ ਮੁਸ਼ਕਿਲਾਂ ਆ ਰਹੀਆਂ ਹਨ।
ਕੋਈ ਗੱਲ ਨਹੀਂ__ ਜੇਕਰ ਤੁਸੀਂ ਹਾਈ ਰਿਸਕ ਅਤੇ ਅਸਾਂਈਡ ਰਿਸਕ ਉਪਰ ਹੋ
ਅਸੀਂ ਤੁਹਾਨੂੰ ਫਿਕਸ ਅਤੇ ਅਸਾਨ ਕਿਸ਼ਤਾਂ ਵਿੱਚ ਇੰਸ਼ੋਰੈਂਸ ਦੇਵਾਂਗੇ
ਤੁਹਾਡੀਆਂ ਉਮੰਗਾਂ ਤੇ ਖਰਾ ਉਤਰਨ ਲਈ ਅਸੀਂ ਤੁਹਾਨੂੰ ਭਰੋਸੇਯੋਗ ਇੰਨਸ਼ੋਰੈਨਸ ਦੀ ਗਰੰਟੀ ਦਿੰਦੇ ਹਾਂ
ਟਰੱਕਿੰਗ ਦੀ ਹਰ ਤਰਾਂ ਦੀ ਇਨਸ਼ੋਰੈਂਸ ਲਈ ਸਾਨੂੰ ਅੱਜ ਹੀ ਕਾਲ ਕਰੋ ਜੀ
Sarbjit Ext.508
Tiffany Ext.167
Kelly Ext.115
(925)493-7500
www.ghins.com
Download our app "GHINS"
Google play
App Store